
**Worldwide Travel, Inc.**

Special Sale
Oct 1 - Dec 10, 2009
$975*
ਟੈਕਸ ਸਮੇਤ
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ



APPROVED MORTGAGE
THE LENDER YOU CAN TRUST
C.S. Ahluwalia
Mortgage Consultant
916.747.5801 cell
317.423.7000 fax
317.634.4391 office
cgate007@yahoo.com
1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com



Ad Space Available
Call: 847-359-0746

Tenth Year in Publication
ਮਿਡਵੈਸਟ ਐਡੀਸ਼ਨ    Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 51, December 19, 2009    20451 N Plum Grove Rd. Palatine, IL 60074    Ph:847-359-0746, Fax:847-705-9388

## ਸਿਆਸੀ ਖਿੱਚੋਤਾਣ ਦੀ ਭੇਟ ਚੜ੍ਹਿਆ ਕੋਪਨਹੇਗਨ ਸੰਮੇਲਨ

**ਬਿੰਦਰ ਬਸਰਾ**

ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਵਿਚ ਵਾਤਾਵਰਣ ਵਿਚ ਤਬਦੀਲੀ ਦੇ ਮੁੱਦੇ 'ਤੇ ਹੋ ਰਹੇ ਦੁਨੀਆਂ ਦੇ 192 ਦੇਸ਼ਾਂ ਦੇ ਸੰਮੇਲਨ 'ਚ ਵਿਚਾਰ ਵਟਾਂਦਰੇ ਤੋਂ ਬਾਅਦ ਬਣਾਏ ਗਏ ਨਵੇਂ ਮਸੌਦੇ 'ਤੇ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚਾਲੇ ਡੂੰਘੇ ਮਤਭੇਦ ਉਭਰੇ ਹਨ। ਨਵੇਂ ਮਸੌਦੇ 'ਚ ਕਾਰਬਨ ਦੇ ਰਿਸਾਅ ਵਿਚ ਕਟੌਤੀ ਲਈ ਮਿੱਥੀ ਗਈ ਹੱਦ ਨੂੰ ਭਾਰਤ ਅਤੇ ਚੀਨ ਨੇ ਰੱਦ ਕਰਦਿਆਂ ਇਸ ਨੂੰ ਗੈਰ ਅਮਲੀ ਕਰਾਰ ਦਿੱਤਾ ਹੈ। ਵਿਕਸਤ ਦੇਸ ਜਿਥੇ ਕਿਓਟੋ ਸੰਧੀ ਤੋਂ ਹਟ ਕੇ ਇਕ ਸਮਝੌਤਾ ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ ਉਤੇ ਠੋਸ ਰਹੇ ਹਨ ਅਤੇ ਉਨ੍ਹਾਂ ਦੇ ਸਨਅਤੀ ਵਿਕਾਸ ਨੂੰ ਬਰੇਕਾਂ ਲਾਉਣ ਦੇ ਮੂਡ 'ਚ ਹਨ। ਉਥੇ ਵਿਕਾਸਸ਼ੀਲ ਦੇਸ਼ ਕਿਓਟੋ ਸੰਧੀ ਨੂੰ ਬਿਨਾ ਕਿਸੇ ਸੋਧ ਤੋਂ ਲਾਗੂ ਕੀਤੇ ਜਾਣ ਦੇ ਹੱਕ 'ਚ ਹਨ। ਭਾਰਤ ਵਲੋਂ ਨਵੇਂ ਮਸੌਦੇ ਦੇ ਕੀਤੇ ਵਿਰੋਧ ਪਿਛੋਂ ਵਿਕਾਸਸ਼ੀਲ ਦੇਸ਼ਾਂ ਲਈ ਵਾਤਾਵਰਣ ਖੋਜ ਕੇਂਦਰ ਸਥਾਪਤ ਕਰਨ ਅਤੇ ਆਧੁਨਿਕ ਤਕਨੀਕ ਦਾ ਅਦਾਨ-ਪ੍ਰਦਾਨ ਕਰਨ ਸਬੰਧੀ ਉਸਦੇ ਮਤੇ ਨੂੰ ਪਰਵਾਨ ਕਰ ਲਿਆ ਗਿਆ ਹੈ।





ਉਧਰ ਧਰਤੀ ਦੇ ਵਿਗੜਦੇ ਵਾਤਾਵਰਣ ਨੂੰ ਬਚਾਉਣ ਲਈ ਠੋਸ ਕਾਨੂੰਨੀ ਸਮਝੌਤੇ ਦੀ

*(ਬਾਕੀ ਸਫਾ 6 ਉਤੇ)*

## ਸਿੱਖ ਕਤਲੇਆਮ ਦਾ ਮੁੱਦਾ ਸੰਸਦ ਵਿਚ ਇਕ ਵਾਰ ਫਿਰ ਉੱਠਿਆ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਸਣੇ ਤਿੰਨ ਵਿਅਕਤੀਆਂ ਵਿਰੁਧ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਚਾਰ ਮਾਮਲਿਆਂ 'ਚ ਮੁਕੱਦਮਾ ਚਲਾਉਣ ਦੀ ਇਜਾਜ਼ਤ ਮੰਗੀ ਹੈ। ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਰਾਜ ਸਭਾ ਵਿਚ ਸਿੱਖ ਕਤਲੇਆਮ ਬਾਰੇ ਧਿਆਨ ਦਿਵਾਊ ਮਤੇ 'ਤੇ ਦਸਿਆ ਕਿ ਸੀ.ਬੀ.ਆਈ. ਨੂੰ ਧਰਮਦਾਸ ਸ਼ਾਸਤਰੀ, ਟਾਈਟਲਰ ਅਤੇ ਸੱਜਣ ਕੁਮਾਰ ਵਿਰੁਧ ਜਾਂਚ ਜਾਂ ਮੁੜ ਜਾਂਚ ਦਾ ਕੰਮ ਸੌਂਪਿਆ ਗਿਆ ਸੀ। ਸੀ.ਬੀ.ਆਈ. ਨੇ ਇਨ੍ਹਾਂ ਵਿਰੁਧ ਦਰਜ ਸੱਤ ਮਾਮਲਿਆਂ ਦੀ ਜਾਂਚ ਦਾ ਕੰਮ ਪੂਰਾ ਕਰ ਲਿਆ ਹੈ। ਚਿਦੰਬਰਮ ਨੇ ਦਸਿਆ ਕਿ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਨੂੰ ਸੀ.ਬੀ.ਆਈ. ਦੀ ਅਰਜ਼ੀ 'ਤੇ ਇਸ ਮਹੀਨੇ ਦੇ ਅਖ਼ੀਰ ਤਕ ਫ਼ੈਸਲਾ ਲੈਣ ਦੀ ਸਲਾਹ ਦਿਤੀ ਗਈ ਹੈ। ਉਨ੍ਹਾਂ ਕਿਹਾ ਕਿ ਚਾਰ ਮਾਮਲਿਆਂ ਵਿਚ ਸੀ.ਬੀ.ਆਈ. ਨੇ ਸਮਰੱਥ ਅਧਿਕਾਰੀ ਤੋਂ ਆਈ.ਪੀ.ਸੀ. ਦੀ ਧਾਰਾ 196 ਤਹਿਤ ਮੁਲਜ਼ਮਾਂ ਵਿਰੁਧ ਮੁਕੱਦਮਾ ਚਲਾਉਣ ਦੀ ਇਜਾਜ਼ਤ ਮੰਗੀ ਹੈ। ਇਕ ਮਾਮਲਾ ਬੰਦ ਕੀਤੇ ਜਾਣ ਦੀ ਰੀਪੋਰਟ ਪੇਸ਼ ਕੀਤੀ ਗਈ ਅਤੇ ਅਦਾਲਤ ਨੇ ਉਸ ਨੂੰ ਖ਼ਤਮ ਕਰ ਦਿਤਾ। ਉਨ੍ਹਾਂ ਦਸਿਆ ਕਿ ਮਾਮਲੇ ਦੀ ਜਾਂਚ ਪੂਰੀ ਕਰਨ ਤੋਂ ਬਾਅਦ 28 ਸਤੰਬਰ 2007 ਨੂੰ ਦੋਸ਼ ਪੱਤਰ ਦਾਖ਼ਲ ਕੀਤਾ ਗਿਆ। ਬਾਅਦ ਵਿਚ 28 ਮਾਰਚ 2009 ਨੂੰ ਅਦਾਲਤ ਵਿਚ ਅੰਤਮ ਰੀਪੋਰਟ ਪੇਸ਼ ਕੀਤੀ ਗਈ ਜੋ ਵਿਚਾਰ ਅਧੀਨ ਹੈ। ਗ੍ਰਹਿ ਮੰਤਰੀ ਨੇ ਦਸਿਆ ਕਿ ਦਿੱਲੀ ਵਿਚ 1984 ਦੇ ਸਿੱਖ ਕਤਲੇਆਮ ਸਬੰਧੀ ਪੁਲਿਸ ਨੇ 636 ਮਾਮਲੇ ਦਰਜ ਕੀਤੇ। ਦੋਸ਼ੀ ਸਾਬਤ ਹੋਏ 346 ਵਿਅਕਤੀਆਂ ਵਿਚੋਂ 276 ਨੂੰ ਤਿੰਨ ਸਾਲ ਤੋਂ ਲੈ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। 70 ਵਿਅਕਤੀਆਂ ਨੂੰ ਜੁਰਮਾਨਾ ਕੀਤਾ ਗਿਆ। ਸਿੱਖ ਕਤਲੇਆਮ ਬਾਰੇ ਹੋਰਨਾਂ ਸੂਬਿਆਂ ਵਿਚ 1795 ਮਾਮਲੇ ਦਰਜ ਕੀਤੇ ਗਏ ਅਤੇ 66 ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿਤਾ ਗਿਆ। ਚਿਦੰਬਰਮ ਨੇ ਸਿੱਖ ਕਤਲੇਆਮ ਮਾਮਲਿਆਂ ਵਿਚ ਦਿੱਲੀ ਪੁਲਿਸ ਦੇ ਮੁਲਾਜ਼ਮਾਂ ਵਿਰੁਧ ਕਾਰਵਾਈ ਦੇ ਮੁੱਦੇ 'ਤੇ ਕਿਹਾ ਕਿ ਸਾਰੇ ਸਬੰਧਤ ਵਿਅਕਤੀਆਂ ਵਿਰੁਧ ਸਰਕਾਰ ਕਾਨੂੰਨ ਮੰਤਰਾਲੇ ਨਾਲ ਸਲਾਹ-ਮਸ਼ਵਰਾ ਕਰਕੇ ਕਾਨੂੰਨ ਦੇ ਘੇਰੇ ਵਿਚ ਹਰ ਸੰਭਵ ਕਦਮ ਚੁੱਕ ਰਹੀ ਹੈ। ਚਿਦੰਬਰਮ ਨੇ ਕਿਹਾ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਪਹਿਲਾਂ ਹੀ ਸਿੱਖ ਕਤਲੇਆਮ ਲਈ ਮੁਆਫ਼ੀ ਮੰਗ ਚੁੱਕੇ ਹਨ ਪਰ ਨਵੰਬਰ 1984 ਦੇ ਪਹਿਲੇ ਤਿੰਨ ਦਿਨ ਅਸਲ ਵਿਚ ਦੇਸ਼

*ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ*

*(ਬਾਕੀ ਸਫਾ 9 ਉਤੇ)*

## ਕੁੱਟ ਖਾਣ ਤੇ ਲੋਕਾਂ ਦੇ ਕੁੱਟ ਪੁਆਉਣ ਵਾਲੀ ਸਿਆਸੀ ਰਣਨੀਤੀ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਪੰਥਕ ਜਥੇਬੰਦੀਆਂ ਅਤੇ ਆਸ਼ੂਤੋਸ਼ ਦੇ ਸੰਗਠਨ ਵਿਚਾਲੇ ਪਿਛਲੇ ਦਿਨੀਂ ਲੁਧਿਆਣੇ ਵਾਪਰਿਆ ਘਟਨਾਕ੍ਰਮ ਸਿਆਸੀ ਵਿਸ਼ਲੇਸ਼ਕਾਂ ਖਾਸ ਕਰਕੇ ਪੰਜਾਬ ਹਿਤੂ ਸਿਆਸੀ ਵਿਸ਼ਲੇਸ਼ਕਾਂ ਲਈ ਗਹਿਰੇ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ। ਪਿਛਲੇ ਕੁਝ ਹੀ ਸਾਲਾਂ ਵਿਚ ਪੰਥਕ ਜਥੇਬੰਦੀਆਂ ਕਦੀ ਸੱਚੇ ਸੌਦੇ ਵਾਲੇ, ਕਦੀ ਭਨਿਆਰੇ ਵਾਲੇ ਅਤੇ ਕਦੀ ਆਸ਼ੂਤੋਸ਼ ਖਿਲਾਫ਼ ਜਥੇਬੰਦ ਹੁੰਦੀਆਂ ਰਹੀਆਂ ਹਨ। ਸਾਰੀ ਦੁਨੀਆਂ ਵਿਚ ਲੁਧਿਆਣੇ ਵਾਲੀ ਘਟਨਾ ਨੂੰ ਸਿੱਖ ਜਥੇਬੰਦੀਆਂ ਨੇ 1978 ਦੇ ਨਿਰੰਕਾਰੀਆਂ ਵਿਰੁਧ ਸਾਕੇ ਨਾਲ ਤੁਲਨਾ ਦਿੱਤੀ ਹੈ। ਪੂਰੇ ਵਿਸ਼ਵ ਵਿਚ ਇਸ ਘਟਨਾ ਨੂੰ ਲੈ ਕੇ ਪ੍ਰਕਾਸ਼ ਸਿੰਘ ਬਾਦਲ ਦੀ ਘੋਰ ਅਲੋਚਨਾ ਹੋ ਰਹੀ ਹੈ। ਇਸ ਤੋਂ ਵੀ ਅੱਗੇ ਇਸ ਘਟਨਾ ਉਪਰ ਪੰਜਾਬ ਅਤੇ ਦੇਸ਼ ਨਾਲੋਂ ਵਧ ਵਿਦੇਸ਼ੀ ਸਿੱਖਾਂ ਵਲੋਂ ਪ੍ਰਤੀਕਰਮ ਆਏ ਹਨ। ਜਰਮਨੀ ਅਤੇ ਬਰਤਾਨੀਆ ਜਿਹੇ ਕਈ ਮੁਲਕਾਂ ਵਿਚ ਵਸਦੇ ਸਿੱਖਾਂ ਨੇ ਤਾਂ ਸਥਾਪਤ ਸਿੱਖ ਲੀਡਰਸ਼ਿਪ ਖਾਸ ਕਰਕੇ ਬਾਦਲ ਅਕਾਲੀ ਦਲ ਦੇ ਆਗੂਆਂ, ਮੰਤਰੀਆਂ ਅਤੇ ਵਿਧਾਇਕਾਂ ਦਾ ਇਨ੍ਹਾਂ ਮੁਲਕਾਂ ਵਿਚ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ।

ਵਿਦੇਸ਼ੀ ਸਿੱਖਾਂ ਵਲੋਂ ਭਾਵੇਂ ਲੁਧਿਆਣੇ ਵਾਲੀ ਘਟਨਾ ਨੂੰ ਨਿਰੰਕਾਰੀ ਸਾਕੇ ਨਾਲ ਤੁਲਨਾ ਦਿੱਤੀ ਜਾ ਰਹੀ ਹੈ ਪਰ ਪੰਜਾਬ ਵਿਚ ਵਸਦੇ ਸਿੱਖਾਂ ਅੰਦਰ ਇਸਦਾ ਬਹੁਤਾ ਵੱਡਾ ਪ੍ਰਤੀਕਰਮ ਵੇਖਣ ਨੂੰ ਨਹੀਂ ਮਿਲ ਰਿਹਾ। ਇਸਦਾ ਇਕ ਕਾਰਨ ਤਾਂ ਇਹ ਵੀ ਹੋ ਸਕਦਾ ਹੈ ਕਿ ਪਿਛਲੇ ਸਮੇਂ ਵਿਚ ਪੰਜਾਬ ਦੇ ਲੋਕ ਜਿਸ ਕਲੇਸ਼ ਅਤੇ ਤਸ਼ੱਦਦ ਵਿਚੋਂ ਨਿਕਲੇ ਹਨ। ਉਹ ਉਸ ਵਿਚ ਮੁੜ ਕੇ ਜਾਣ ਲਈ ਤਿਆਰ ਨਹੀਂ ਹਨ। ਖਾਸ ਕਰਕੇ ਉਸ ਹਾਲਤ ਵਿਚ ਜਦੋਂ ਇਕ ਲੰਮੀ ਲੜਾਈ ਅਤੇ ਕਤਲੋਗਾਰਤ ਤੋਂ ਬਾਅਦ ਅੰਤ ਕੁਝ ਵੀ ਹੱਥ ਨਾ ਲੱਗਿਆ ਹੋਵੇ। ਉਂਜ ਸਿੱਖ ਜਥੇਬੰਦੀਆਂ ਅਤੇ ਦੇਸ-ਪਰਦੇਸ ਵਿਚ

*(ਬਾਕੀ ਸਫਾ 10 ਉਤੇ)*

ਪੰਜਾਬ ਟਾਈਮਜ਼
ਕੈਲੀਫੋਰਨੀਆ ਅਤੇ ਮਿਡਵੈਸਟ ਤੋਂ ਬਾਅਦ ਹੁਣ ਈਸਟ ਕੋਸਟ ਵਿਚ ਵੀ

**North American Truck Stop**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ
ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ
909-350-3310, 909-697-5808
balwindernats@yahoo.com
14320 Slover Ave., Fontana, CA 92337




**Fast Cargo Inc.**

2330 Enterprise Park Dr., Indianapolis, IN 46218
Phone # 317-472-6420
ਟਰੱਕਿੰਗ ਕੰਪਨੀ ਲਈ ਓਨਰ ਅਪਰੇਟਰਾਂ ਦੀ ਲੋੜ ਹੈ
ਸਾਡੇ ਪਾਸ ਹੇਠ ਲਿਖੇ ਰੂਟ ਹਨ
CA to IN, OH, PA, NJ, MD, VA, TN & Back to CA
CA to OR & WA Back to CA
ਅਤੇ WA to OH and Back to WA
ਡਿਸਪੈਚ ਸੱਤੇ ਦਿਨ 24 ਘੰਟੇ
ਫਿਊਲ ਅਡਵਾਂਸ
*ਰੈਂਟ ਉਤੇ ਟਰੇਲਰ ਵੀ ਦਿੰਦੇ ਹਾਂ *ਵੈਸਟ ਕੋਸਟ ਤੋਂ ਈਸਟ ਕੋਸਟ ਰੂਟ 'ਤੇ ਟਰਾਲੇ ਹੁੱਕ ਐਂਡ ਡਰਾਪ ਉਪਲਬਧ ਹਨ
ਸਹੀ ਪੇਪਰ ਮਿਲਣ 'ਤੇ ਪੈਸੇ ਤੁਰਤ



# ਨਿਊ ਯਾਰਕ ਵਿਚ 'ਬਾਬਾ ਬੋਲਦਾ ਹੈ' ਨਾਟਕ ਦੀ ਸਫਲ ਪੇਸ਼ਕਾਰੀ



















**ਨਿਊ ਯਾਰਕ (ਸਰਵਜੀਤ ਸਿੰਘ):** ਇੰਟਰਨੈਸ਼ਨਲ ਸਕੂਲ ਆਫ਼ ਡਰਾਮਾ ਨਿਊ ਯਾਰਕ ਅਤੇ ਬੇਗੋਵਾਲ ਇੰਟਨੈਸ਼ਨਲ ਵੈਲਫ਼ੇਅਰ ਸੁਸਾਇਟੀ ਵਲੋਂ ਰਿਚਮੰਡ ਹਾਈ ਸਕੂਲ ਕੁਈਨਜ਼ ਵਿਚ ਕਰਵਾਏ ਗਏ ਨਾਟਕ ਮੇਲੇ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ। ਇਸ ਮੇਲੇ ਵਿਚ ਬਜ਼ੁਰਗ ਨਾਟਕਕਾਰ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਦੇ ਲਿਖੇ ਨਾਟਕ 'ਨਵਾਂ ਜਨਮ', 'ਟੋਆ' ਅਤੇ 'ਬਾਬਾ ਬੋਲਦਾ ਹੈ' ਖੇਡੇ ਗਏ। ਇਕ ਸਕਿਟ 'ਮੁੰਡਾ ਜਵਾਨ ਬਾਪੂ ਪ੍ਰੇਸ਼ਾਨ' ਵੀ ਪੇਸ਼ ਕੀਤੀ ਗਈ।

1984 ਵਿਚ ਹੋਈ ਸਿੱਖ ਨਸਲਕੁਸ਼ੀ ਨੂੰ ਸਮਰਪਿਤ ਇਸ ਨਾਟਕ ਮੇਲੇ ਵਿਚ ਅਮਰੀਕਾ ਵਿਚ ਵਸਦੇ ਕਲਾਕਾਰਾਂ ਨੇ ਆਪਣੀ ਪ੍ਰਤਿਭਾ ਦਾ ਭਰਵਾਂ ਮੁਜਾਹਰਾ ਕੀਤਾ। ਕਲਾਕਾਰਾਂ ਵਿਚ ਕ੍ਰਾਂਤੀ, ਮਲਕੀਤ ਨਹਿਲ, ਬਲਜੀਵਨ, ਸ੍ਰੀਮਤੀ ਜਸਵਿੰਦਰ ਬਾਵਾ, ਪ੍ਰੀਤ ਇੰਦਰ ਪੋਪੀ, ਦੀਪਕ ਧੀਮਾਨ, ਮਾਣੋਂ, ਗਗਨ ਸਿੰਘ, ਉਂਕਾਰ ਸਿੰਘ, ਕੁਲਵੰਤ ਬੇਗੋਵਾਲ, ਚੰਨਾ ਬੇਗੋਵਾਲ, ਮਨਦੀਪ ਸਿੰਘ, ਬਿੱਲਾ ਰੋਪੜ, ਵਿਜੇ, ਭਿੰਦਾ ਬੇਗੋਵਾਲੀਆ ਦੇ ਨਾਂ ਵਰਣਨਯੋਗ ਹਨ। ਬਾਲ ਕਲਾਕਾਰ ਵਜੋਂ ਕ੍ਰਾਂਤੀ ਦੀ ਬੇਟੀ ਹਰਕਰਮਨ ਕੌਰ ਨੇ ਵੀ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਨਿਰਦੇਸ਼ਨ ਪੋਪੀ ਤੇ ਕ੍ਰਾਂਤੀ ਦਾ ਸੀ।

ਗੁਰਸ਼ਰਨ ਸਿੰਘ ਨਾਲ ਲੰਮਾ ਸਮਾਂ ਨਾਟਕ ਖੇਡਦਾ ਰਹਿਣ ਕਰਕੇ ਕ੍ਰਾਂਤੀ ਦੀ ਅਦਾਕਾਰੀ ਪੂਰੀ ਤਰ੍ਹਾਂ ਤਰਾਸ਼ੀ ਹੋਈ ਸੀ। ਬਲੀਜਵਨ, ਪ੍ਰੀਤਇੰਦਰ ਪੋਪੀ, ਵਿਜੇ, ਦੀਪਕ ਧੀਮਾਨ, ਸ੍ਰੀਮਤੀ ਜਸਵਿੰਦਰ ਬਾਵਾ ਦੇ ਅੰਦਰਲੇ ਕਲਾਕਾਰ ਏਨੀ ਸ਼ਿੱਦਤ ਨਾਲ ਪੇਸ਼ ਹੋਏ ਕਿ ਦਰਸ਼ਕਾਂ ਲਈ ਇਹ ਨਾਟਕ ਨਾ ਰਹਿ ਕੇ ਸਹਿਜ-ਸੁਭਾਅ ਵਰਤ ਰਿਹਾ ਵਰਤਾਰਾ ਨਜ਼ਰ ਆ ਰਿਹਾ ਸੀ। ਮਾਣੋਂ ਤੇ ਗਗਨ ਸਿੰਘ ਅਸਲੋਂ ਹੀ ਨਵੇਂ ਕਲਾਕਾਰ ਸਨ, ਪਰ ਉਨ੍ਹਾਂ ਨੇ ਰਿਹਰਸਲ ਨਾਲ ਆਪਣੇ ਆਪ ਨੂੰ ਏਨਾ ਪ੍ਰਚੰਡ ਕਰ ਲਿਆ ਸੀ ਕਿ ਸੁਲਝੇ ਹੋਏ ਕਲਾਕਾਰ ਦਾ ਭੁਲੇਖਾ ਪਾਉਂਦੇ ਸਨ।

ਸਵਰਗੀ ਸਰਵਮੀਤ ਦੀ ਪ੍ਰਸਿੱਧ ਕਹਾਣੀ 'ਕਲਾਣ' 'ਤੇ ਆਧਾਰਿਤ ਨਾਟਕ 'ਨਵਾਂ ਜਨਮ' ਦੋ ਪੀੜ੍ਹੀਆਂ ਦੇ ਤਣਾਅ ਨੂੰ ਪੇਸ਼ ਕਰਨ ਵਿਚ ਸਫ਼ਲ ਰਿਹਾ। 'ਟੋਆ' ਸਾਧਾਰਨ ਮਨੁੱਖ ਦੀ ਮਨੋਦਸ਼ਾ ਪੇਸ਼ ਕਰਦਾ ਇਕਾਂਗੀ ਸੀ, ਜਿਹੜਾ ਮਜਬੂਰੀ ਦੇ ਟੋਏ ਵਿਚ ਡਿੱਗ ਚੁੱਕਾ ਹੈ। ਅਖਬਾਰਨਵੀਸ ਵਾਸਤੇ ਉਹ ਮਹਿਜ਼ ਖਬਰ ਹੈ, ਪੁਲਿਸ ਵਾਲੇ ਵਾਸਤੇ ਦੋਸ਼ੀ, ਸਾਧੂ-ਮਹਾਤਮਾ ਵਾਸਤੇ ਸਿਰਫ਼ ਸੇਵਕ, ਕਵੀ ਵਾਸਤੇ ਸਰੋਤਾ। ਟੋਏ ਵਿਚੋਂ ਕੱਢਣ ਦੀ ਥਾਂ ਉਸਦੀ ਮਜਬੂਰੀ ਦਾ ਹਰ ਕੋਈ ਆਪਣੇ ਆਪਣੇ ਹਿਸਾਬ ਨਾਲ ਲਾਭ ਤਾਂ ਉਠਾਉਂਦਾ ਹੈ, ਪਰ ਉਸਨੂੰ ਉਥੋਂ ਕੱਢਣ ਵਿਚ ਸਹਾਈ ਨਹੀਂ ਹੁੰਦਾ। ਸਾਧਾਰਨ ਮਨੁੱਖ ਦੀਆਂ ਸਾਧਾਰਨ ਇੱਛਾਵਾਂ ਇਸ ਡਾਇਲਾਗ ਰਾਹੀਂ ਖੂਬਸੂਰਤੀ ਨਾਲ ਪੇਸ਼ ਹੁੰਦੀਆਂ ਹਨ ਜਦੋਂ ਪੱਤਰਕਾਰ ਉਸਨੂੰ ਪੁੱਛਦਾ ਹੈ-ਤੁਹਾਨੂੰ ਇਰਾਨ ਚੰਗਾ ਲੱਗਾ ਹੈ ਜਾਂ ਅਮਰੀਕਾ?

ਟੋਏ ਵਿਚ ਡਿਗਿਆ ਆਮ ਆਦਮੀ ਆਖਦਾ ਹੈ-ਜਿਹੜਾ ਮੈਨੂੰ ਟੋਏ ਵਿਚੋਂ ਬਾਹਰ ਕੱਢੇ।

'ਬਾਬਾ ਬੋਲਦਾ ਹੈ' 1984 ਵਿਚ ਹੋਈ ਸਿੱਖ ਨਸਲਕੁਸ਼ੀ ਦੀ ਦਰਦਨਾਕ ਝਾਕੀ ਪੇਸ਼ ਕਰਦਾ ਨਾਟਕ ਹੈ। ਹਸਦੇ ਵਸਦੇ ਲੋਕਾਂ 'ਤੇ ਇਕਦਮ ਪਏ ਅਚਿੰਤੇ ਬਾਜਾਂ ਨੇ ਜਦੋਂ ਤਾਂਡਵ ਕੀਤਾ ਉਸਨੂੰ ਦੇਖ ਕੇ ਸਰੋਤੇ ਸੁੰਨ ਹੋ ਗਏ। ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਮਾਰੇ ਗਏ ਲੋਕਾਂ ਦੀ ਯਾਦ ਵਿਚ ਇੱਕ ਮਿੰਟ ਦਾ ਮੌਨ ਰੱਖਿਆ ਗਿਆ। ਇਹ ਮੌਨ ਤੂਫਾਨ ਆਉਣ ਤੋਂ ਪਹਿਲਾਂ ਦਾ ਸੰਨਾਟਾ ਸਾਬਿਤ ਹੋਇਆ। ਮੌਨ ਦੇ ਵਿਚੇ ਹੀ ਜਦੋਂ ਨਾਟਕ ਸ਼ੁਰੂ ਹੋਇਆ ਤਾਂ ਇਨਸਾਨੀਅਤ ਦੀਆਂ ਚੀਕਾਂ ਨਾਲ ਸਰੋਤੇ ਬਰਫ਼ ਬਣ ਗਏ। ਫਸਾਦਾਂ ਨੂੰ ਪੇਸ਼ ਕਰਨ ਲਈ ਵੱਡੇ ਪਰਦੇ 'ਤੇ ਫਿਲਮਾਏ ਗਏ ਦ੍ਰਿਸ਼ ਦਿਲਕੰਬਾਊ ਸਨ। ਨਾਟਕ ਆਪਣਾ ਮਨੋਰਥ ਸਿੱਧ ਕਰ ਗਿਆ ਕਿ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ, ਕਿਸੇ ਵੀ ਕੌਮ 'ਤੇ ਇਹੋ ਜਿਹਾ ਮਾਰੂ ਵਕਤ ਨਾ ਆਵੇ। ਨਾਟਕ ਦਾ ਅੰਤ ਪਰਮਜੀਤ ਸਾਗਰ ਦੀ ਲਿਖੀ ਨਜ਼ਮ ਦੀਆਂ ਸਤਰਾਂ ਨਾਲ ਹੋਰ ਵੀ ਦਰਦਮਈ 'ਤੇ ਪ੍ਰਭਾਵਸ਼ਾਲੀ ਹੋ ਗਿਆ।

ਨਾਟਕਾਂ ਵਿਚ ਆਉਂਦੇ ਵਕਫ਼ੇ ਦੌਰਾਨ ਦਰਸ਼ਕਾਂ ਨੂੰ ਸਰਵਜੀਤ ਸਿੰਘ, ਹਰਬਖਸ਼ ਟਾਹਲੀ, ਦੀਪਕ ਧੀਮਾਨ, ਪਰਮਜੀਤ ਸਾਗਰ ਅਤੇ ਸੁਰਿੰਦਰ ਸੋਹਲ ਨੇ ਸੰਬੋਧਨ ਕੀਤਾ।

ਐਂਕਰ ਦੀ ਸੇਵਾ ਨਿਭਾਉਂਦਿਆਂ ਭਿੰਦੇ ਬੇਗੋਵਾਲੀਏ ਨੇ ਨਾਟਕਾਂ ਵਿਚਲੇ ਵਕਫ਼ੇ ਨੂੰ ਪੰਜਾਬੀ ਸ਼ਾਇਰੀ, ਲਤੀਫ਼ੇਬਾਜ਼ੀ, ਵਿਅੰਗਮਈ ਟਕੋਰਾਂ ਅਤੇ ਹਾਸਰਸ ਫਿਕਰਿਆਂ ਨਾਲ ਬਖੂਬੀ ਪੂਰ ਕੀਤਾ। ਉਸਦੀ ਪੇਸ਼ਕਾਰੀ ਵਿਚ ਲੋਹੜੇ ਦੀ ਤਾਜ਼ਗੀ, ਨਵੀਨਤਾ ਅਤੇ ਮੌਲਿਕਤਾ ਹੈ।

ਇਨ੍ਹਾਂ ਨਾਟਕਾਂ ਨੂੰ ਬਾਵਾ ਰਜਿੰਦਰ ਸਿੰਘ ਲਾਲੀ, ਫੁੰਮਣ ਸਿੰਘ ਇਬਰਾਹੀਮਪੁਰ, ਮਹਿੰਦਰ ਸਿੰਘ ਗਿਲਜ਼ੀਆਂ, ਦੀਪਕ ਭਾਰਦਵਾਜ, ਜਸਵਿੰਦਰ ਸਿੰਘ ਜੌਹਲ, ਪ੍ਰਿਤਪਾਲ ਪਿੱਤਾ, ਸਤੀਸ਼ ਸ਼ਰਮਾ, ਰਜਿੰਦਰ ਜਿੰਦੀ, ਬਿੱਲਾ ਪ੍ਰੇਮਪੁਰੀ, ਬਾਬੂ ਸਿੰਘ, ਬੱਬੀ ਮਿਆਣੀ, ਮਨਜੀਤ ਬੇਗੋਵਾਲ, ਬਲਵਿੰਦਰ ਰੌਕੀ, ਅਵਤਾਰ ਪਨੂੰ, ਗੁਰਦੇਵ ਕੰਗ, ਬੌਬੀ ਨਰੰਗਪੁਰ, ਹਰਦੇਵ ਸਿੰਘ ਪੱਡਾ, ਸਰਵਜੀਤ ਸਿੰਘ ਵਕੀਲ ਆਦਿ ਦਾ ਸਹਿਯੋਗ ਪ੍ਰਾਪਤ ਸੀ। ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ, ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂ ਘਰ, ਸਿੱਖ ਕਲਚਰਲ ਸੁਸਾਇਟੀ, ਸੱਲਾਂ ਵੈਲਫੇਅਰ ਸੁਸਾਇਟੀ, ਮਿਆਣੀ ਵੈਲਫੇਅਰ ਸੁਸਾਇਟੀ, ਸਿੱਧੂ ਵਿਰਸਾ ਸਪੋਰਟਸ ਕਲੱਬ ਤੋਂ ਇਲਾਵਾ ਨਿਊ ਯਾਰਕ ਦੀਆਂ ਹੋਰ ਪ੍ਰਮੁੱਖ ਸੁਸਾਇਟੀ ਦਾ ਸਹਿਯੋਗ ਵਰਣਣਯੋਗ ਹੈ।

# ਸ਼ਾਂਤੀ ਹੀਰਾ ਨੰਦ ਨੇ ਸਜਾਈ ਠੁਮਰੀ ਦੀ ਇਕ ਸ਼ਾਮ

**ਸ਼ਿਕਾਗੋ:** ਪਦਮਸ੍ਰੀ ਸ੍ਰੀਮਤੀ ਸ਼ਾਂਤੀ ਹੀਰਾ ਨੰਦ ਨੇ ਇਥੇ ਇੰਡੀਆ ਹਾਊਸ ਵਿਚ ਇਕ ਸੰਗੀਤਮਈ ਸ਼ਾਮ ਦੌਰਾਨ ਚੋਣਵੇਂ ਸਰੋਤਿਆਂ ਨੂੰ ਰੂਹ ਨੂੰ ਨਸ਼ਿਆ ਦੇਣ ਵਾਲੇ ਸੰਗੀਤ ਨਾਲ ਨਿਹਾਲ ਕੀਤਾ। ਠੁਮਰੀ ਦੀ ਇਕ ਸ਼ਾਮ ਨਾਂ ਉਤੇ ਮਨਾਈ ਗਈ ਇਸ ਸ਼ਾਮ ਦਾ ਪ੍ਰਬੰਧ ਕੌਂਸਲ ਜਨਰਲ ਆਫ ਇੰਡੀਆ, ਇੰਡੀਅਨ ਕੌਂਸਲ ਫਾਰ ਕਲਚਰਲ ਰਿਲੇਸ਼ਨਜ, ਨਵੀਂ ਦਿੱਲੀ ਅਤੇ ਇੰਡੀਆ ਹਾਊਸ ਵਲੋਂ ਰਲ ਕੇ ਕੀਤਾ ਗਿਆ ਸੀ। ਸ੍ਰੀਮਤੀ ਸ਼ਾਂਤੀ ਹੀਰਾ ਨੰਦ ਦਾ ਸਾਥ ਤਬਲੇ ਉਤੇ ਸ੍ਰੀ ਮਨੋਜ ਨਾਗਰ, ਹਾਰਮੋਨੀਅਮ 'ਤੇ ਵਿਨੇ ਮਿਸ਼ਰਾ, ਤਾਨਪੂਰੇ 'ਤੇ ਪ੍ਰਲਾਸ਼ ਕੁਮਾਰ ਠਾਕੁਰ ਅਤੇ ਸਾਰੰਗੀ 'ਤੇ ਘਣਸ਼ਿਆਮ ਸੁਸੋਦੀਆ ਨੇ ਦਿੱਤਾ।

ਸ੍ਰੀਮਤੀ ਸ਼ਾਂਤੀ ਹੀਰਾ ਨੰਦ ਸੁਪ੍ਰਸਿੱਧ ਕਲਾਸੀਕਲ ਗਾਇਕਾ ਬੇਗਮ ਅਖ਼ਤਰ ਦੀ ਸ਼ਾਗਿਰਦ ਹੈ ਅਤੇ ਉਹ ਆਪਣੇ ਗੁਰੂ ਦੀ ਪਰੰਪਰਾ ਉਤੇ ਚੱਲ ਕੇ ਗਜ਼ਲ, ਠੁਮਰੀ, ਦਾਦਰ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਲੈਂਦੀ ਹੈ। ਸੰਨ 2007 ਵਿਚ ਉਸ ਨੂੰ ਪਦਮਸ੍ਰੀ ਐਵਾਰਡ ਮਿਲਿਆ ਸੀ। ਇਸ ਸ਼ਾਮ ਸ੍ਰੀਮਤੀ ਸ਼ਾਂਤੀ ਹੀਰਾ ਨੰਦ ਨੇ ਸਰੋਤਿਆਂ ਨੂੰ ਕ੍ਰਿਸ਼ਨ ਭਗਤੀ ਵਿਚ ਗਾਈ ਜਾਂਦੀ ਠੁਮਰੀ ਨਾਲ ਨਿਹਾਲ ਕੀਤਾ। ਇਸ ਤੋਂ ਇਲਾਵਾ ਉਸ ਨੇ ਕੁਝ ਗਜ਼ਲਾਂ ਅਤੇ ਹੋਰ ਚੀਜ਼ਾਂ ਵੀ ਪੇਸ਼ ਕੀਤੀਆਂ।

ਇਸ ਮੌਕੇ ਹਾਜ਼ਰ ਸਰੋਤਿਆਂ ਵਿਚ ਕੌਂਸਲ ਜਰਨਲ ਇੰਡੀਆ ਸ੍ਰੀ ਅਸ਼ੋਕ ਅਤਰੀ, ਉਨ੍ਹਾਂ ਦੀ ਪਤਨੀ ਸ੍ਰੀਮਤੀ ਊਸ਼ਾ ਕਿਰਨ ਅਤਰੀ ਤੋਂ ਇਲਾਵਾ ਭਾਰਤੀ ਭਾਈਚਾਰੇ ਦੇ ਬਹੁਤ ਸਾਰੇ ਲੋਕ ਵੀ ਸ਼ਾਮਲ ਸਨ ਜਿਨ੍ਹਾਂ ਵਿਚ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਗੁਲਜਾਰ ਸਿੰਘ ਮੁਲਤਾਨੀ, ਪ੍ਰਧਾਨ ਜਗਮੀਤ ਸਿੰਘ, ਬਿਜਨਸਮੈਨ ਨਿੱਕ ਗਾਖਲ, ਬਲਵਿੰਦਰ ਸਿੰਘ ਏ-ਵਨ ਕਾਰਪੈਟਸ ਵੀ ਹਾਜਰ ਸਨ।



# ਵਿਮਨਜ਼ ਅਥਲੈਟਿਕ ਕਲੱਬ ਨੇ ਮਨਾਈ 'ਬੇਮਿਸਾਲ ਭਾਰਤ' ਸ਼ਾਮ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਵਿਮਨਜ਼ ਅਥਲੈਟਿਕ ਕਲੱਬ, ਸ਼ਿਕਾਗੋ ਵਲੋਂ ਲੰਘੀ 10 ਦਸੰਬਰ ਨੂੰ ਇਥੇ ਮਿਸ਼ੀਗਨ ਐਵਨਿਊ ਉਤੇ ਆਪਣੀ ਬਿਲਡਿੰਗ ਵਿਚ 'ਬੇਮਿਸਾਲ ਭਾਰਤ' (ਇਨਕਰੈਡੀਬਲ ਇੰਡੀਆ) ਸ਼ਾਮ ਮਨਾਈ ਗਈ। ਇਹ ਕਲੱਬ 1898 'ਚ ਬਣਿਆ ਸੀ ਅਤੇ ਅਮਰੀਕਾ 'ਚ ਮਹਿਲਾ ਖਿਡਾਰੀਆਂ ਦਾ ਪਹਿਲਾ ਕਲੱਬ ਸੀ।

ਇੰਡੀਆ ਨਾਈਟ ਅਸਲ ਵਿਚ ਵਿਮਨਜ਼ ਅਥਲੈਟਿਕ ਕਲੱਬ ਵਲੋਂ ਮਨਾਏ ਗਏ ਇੰਡੀਆ ਯੀਅਰ 2009 ਦਾ ਸਮਾਪਤੀ ਸਮਾਗਮ ਸੀ। ਇਹ ਸਾਲ ਭਾਰਤ ਨੂੰ ਸਮਰਪਿਤ ਕਰਨ ਦਾ ਫੈਸਲਾ ਸ੍ਰੀਮਤੀ ਊਸ਼ਾ ਕਿਰਨ ਅਤਰੀ ਦੀ ਸਲਾਹ ਨਾਲ ਲਿਆ ਗਿਆ ਸੀ ਜੋ ਕਿ ਇਸ ਕਲੱਬ ਦੇ ਮੈਂਬਰ ਵੀ ਹਨ। ਸ੍ਰੀਮਤੀ ਊਸ਼ਾ ਅਤਰੀ ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀ ਅਸ਼ੋਕ ਅਤਰੀ ਦੀ ਧਰਮਪਤਨੀ ਹਨ। ਇਸ ਵਰ੍ਹੇ ਦੌਰਾਨ ਕਲੱਬ ਦੇ ਮੈਂਬਰਾਂ ਲਈ ਭਾਰਤੀ ਸਭਿਆਚਾਰ ਅਤੇ ਵਿਰਾਸਤ ਬਾਰੇ ਜਾਣਕਾਰੀ ਦੇਣ ਲਈ ਕਈ ਪ੍ਰੋਗਰਾਮ ਕਰਵਾਏ ਗਏ। ਇਨ੍ਹਾਂ ਵਿਚ ਮੈਂਬਰਾਂ ਨੂੰ ਭਾਰਤੀ ਖਾਣੇ, ਕਲਾਵਾਂ ਅਤੇ ਧਰਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।



ਇੰਡੀਆ ਯੀਅਰ ਦੇ ਸਮਾਪਤੀ ਸਮਾਗਮ ਦਾ ਉਦਘਾਟਨ ਕਲੱਬ ਦੀ ਪ੍ਰਧਾਨ ਮੈਰੀ ਐਨ ਲਿਲੀ ਨੇ ਕੀਤਾ। ਇਸ ਮੌਕੇ ਸ਼ਿਕਾਗੋ ਦੇ ਸਥਾਨਕ ਕਲਾਕਾਰਾਂ ਨੇ ਭਾਰਤ ਨਾਟਿਅਮ ਪੇਸ਼ ਕੀਤਾ। ਇਸ ਤੋਂ ਇਲਾਵਾ ਭਾਰਤੀ ਸਭਿਆਚਾਰ ਨੂੰ ਪ੍ਰਗਟਾਉਣ ਵਾਲੇ ਪ੍ਰੋਗਰਾਮ ਪੇਸ਼ ਕੀਤੇ ਗਏ। ਬੁਲਾਰਿਆਂ ਨੇ ਭਾਰਤ ਅਤੇ ਅਮਰੀਕਾ ਵਿਚਾਲੇ ਗੂੜ੍ਹੇ ਸਬੰਧਾਂ ਦਾ ਜ਼ਿਕਰ ਕੀਤਾ। ਇਸ ਮੌਕੇ ਮੁੱਖ ਮਹਿਮਾਨ ਕੌਂਸਲ ਜਨਰਲ ਸ੍ਰੀ ਅਸ਼ੋਕ ਅਤਰੀ ਸਨ ਜਿਨ੍ਹਾਂ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਭਾਰਤ ਵੀ ਪਰਵਾਸੀਆਂ ਦਾ ਇਕ ਦੇਸ਼ ਹੈ ਅਤੇ ਇਸ ਬਾਰੇ ਤੇਰਵੀਂ ਸਦੀ ਵਿਚ ਭਾਰਤ ਦੇ ਦੌਰੇ 'ਤੇ ਗਏ ਮਰਾਕੋ ਦੇ ਇਕ ਯਾਤਰੀ ਇਬਨ ਬਤੂਟਾ ਦਾ ਵੀ ਉਨ੍ਹਾਂ ਜ਼ਿਕਰ ਕੀਤਾ। ਇਸ ਮੌਕੇ ਖਾਣੇ ਦੀ ਇਕ ਖੂਬਸੂਰਤ ਦਾਅਵਤ ਦਿੱਤੀ ਗਈ। ਏਅਰ ਇੰਡੀਆ ਵਲੋਂ ਰਖਿਆ ਗਿਆ ਦੋ ਟਿਕਟਾਂ ਦਾ ਪਹਿਲਾ ਇਨਾਮ ਰੈਫਲ ਰਾਹੀਂ ਸ੍ਰੀਮਤੀ ਮਾਰਸ਼ੀਆ ਇਕਡਾਹਲ ਨੇ ਜਿਤਿਆ ਜੋ ਕਿ ਕੌਂਸਲ ਜਨਰਲ ਸ੍ਰੀ ਅਤਰੀ ਨੇ ਦਿੱਤਾ। ਦੂਜਾ ਇਨਾਮ ਸ੍ਰੀਮਤੀ ਊਸ਼ਾ ਕਿਰਨ ਅਤਰੀ ਨੇ ਦਿੱਤਾ। ਇਸ ਮੌਕੇ ਆਏ ਸਭ ਮਹਿਮਾਨਾਂ ਨੂੰ ਤੋਹਫੇ ਦਿਤੇ ਗਏ।

## ਹੈਲੀਕਾਪਟਰ ਨੂੰ ਹਾਦਸਾ, ਪ੍ਰਤਿਭਾ ਪਾਟਿਲ ਵਾਲ ਵਾਲ ਬਚੀ

**ਭੁਵਨੇਸ਼ਵਰ:** ਰਾਸ਼ਟਰਪਤੀ ਪ੍ਰਤਿਭਾ ਪਾਟਿਲ, ਉਨ੍ਹਾਂ ਦੇ ਪਤੀ ਦੇਵੀ ਸਿੰਘ ਸ਼ੇਖਾਵਤ ਅਤੇ ਉੜੀਸਾ ਦੇ ਰਾਜਪਾਲ ਐਮ ਸੀ ਭੰਡਾਰੀ ਉਸ ਸਮੇਂ ਵਾਲ-ਵਾਲ ਬਚ ਗਏ ਜਦੋਂ ਉਨ੍ਹਾਂ ਨੂੰ ਪੁਰੀ ਤੋਂ ਵਾਪਸ ਲਿਜਾ ਰਹੇ ਹੈਲੀਕਾਪਟਰ ਦੇ ਤਿੰਨ ਪਰ (ਪੰਖੜੀਆਂ) ਭੁਵਨੇਸ਼ਵਰ ਹਵਾਈ ਅੱਡੇ 'ਤੇ ਤਪਸ਼ ਤੋਂ ਬਚਾਉਣ ਵਾਲੇ ਸ਼ੈਡ ਦੀ ਛੱਤ ਨਾਲ ਜਾ ਟਕਰਾਏ। ਤਿੰਨੇ ਅਹਿਮ ਸ਼ਖ਼ਸੀਅਤਾਂ ਪੂਰੀ ਤਰ੍ਹਾਂ ਸੁਰੱਖਿਅਤ ਹਨ।

# ਸਿੱਖਸ ਫਾਰ ਜਸਟਿਸ ਵਲੋਂ ਸਿੱਖ ਇਨਸਾਫ ਲਹਿਰ ਆਰੰਭ

**ਨਿਊ ਯਾਰਕ:** ਸਿੱਖਾਂ ਨਾਲ ਹੋ ਰਹੀ ਨਿਰੰਤਰ ਬੇਇਨਸਾਫੀ ਅਤੇ ਉਤੋੜਿਤੀ ਸਰਕਾਰਾਂ ਵਲੋਂ ਸਮਾਜ ਵਿਰੋਧੀ ਤੱਤਾਂ ਤੋਂ ਸਿੱਖ ਹਿਤਾਂ ਅਤੇ ਸਿੱਖ ਧਰਮ ਦੀ ਰਾਖੀ ਕਰਨ ਵਿਚ ਅਸਫਲਤਾ ਵਿਰੁਧ ਮਨੁਖੀ ਅਧਿਕਾਰ ਜਥੇਬੰਦੀ ਸਿੱਖ ਫਾਰ ਜਸਟਿਸ ਨੇ ਸਿੱਖ ਇਨਸਾਫ ਲਹਿਰ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸ ਲਹਿਰ ਦੀ ਅਗਵਾਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰ ਮੁਹੰਮਦ, ਸੰਤ ਬਲਜੀਤ ਸਿੰਘ ਦਾਦੂਵਾਲ ਅਤੇ ਸੰਤ ਰਣਜੀਤ ਸਿੰਘ ਢਡਰੀਆਂ ਵਾਲਿਆਂ ਵਲੋਂ ਕੀਤੀ ਜਾਏਗੀ।

ਸਿੱਖਸ ਫਾਰ ਜਸਟਿਸ ਦੀ ਕੋਆਰਡੀਨੇਸ਼ਨ ਕਮੇਟੀ ਦੇ ਮੈਂਬਰਾਂ ਅਵਤਾਰ ਸਿੰਘ ਪੰਨੂੰ, ਬਰਜਿੰਦਰ ਸਿੰਘ ਬਰਾੜ, ਚਰਨਜੀਤ ਸਿੰਘ ਹਮਾਮਪੁਰੀਆ, ਡਾ. ਬਲਜੀਤ ਸਿੰਘ ਸੰਧੂ, ਮਾਸਟਰ ਮਹਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਸਿੱਧੂ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 13 ਅਪਰੈਲ 1978 ਤੋਂ ਲੈ ਕੇ ਜਦੋਂ ਨਿਰੰਕਾਰੀਆਂ ਵਲੋਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦੀ ਸ਼ਹਿ ਅਤੇ ਸਮਾਜ ਵਿਰੋਧੀ ਤੱਤਾਂ ਦੇ ਸਹਿਯੋਗ ਨਾਲ ਨਿਰੰਕਾਰੀਆਂ ਨੇ 13 ਸਿੱਖ ਸ਼ਹੀਦ ਕਰ ਦਿੱਤੇ ਸਨ, ਗੁਰਮੀਤ ਰਾਮਰਹੀਮ ਅਤੇ ਹੁਣ ਆਸ਼ੂਤੋਸ਼ ਲਈ ਇਸ ਸਰਕਾਰ ਦੀ ਸ਼ਹਿ ਮਿਲਦੀ ਰਹੀ ਹੈ। ਇਨ੍ਹਾਂ ਸਮਾਜ ਵਿਰੋਧੀ ਤੱਤਾਂ ਨੂੰ ਹਮਾਇਤ ਇਨ੍ਹਾਂ ਡੇਰਿਆਂ ਦੀਆਂ ਵੋਟਾਂ ਹਾਸਲ ਕਰਨ ਦੀ ਗੰਦੀ ਸਿਆਸਤ ਦਾ ਨਤੀਜਾ ਹੈ। ਪੰਜਾਬ ਵਿਚ 1978 ਤੋਂ 1998 ਤਕ ਦੇ 20 ਸਾਲ ਦੇ ਸਮੇਂ ਅੰਦਰ ਹਜਾਰਾਂ ਸਿੱਖ ਨੌਜਵਾਨ ਪੰਜਾਬ ਵਿਚੋਂ ਅੱਤਵਾਦ ਖਤਮ ਕਰਨ ਦੇ ਨਾਂ ਹੇਠ ਖਤਮ ਕਰ ਦਿਤੇ ਗਏ। ਇਹ ਸਾਰੀਆਂ ਚਾਲਾਂ ਸਰਕਾਰ ਵਲੋਂ ਸਿੱਖ ਧਰਮ ਨੂੰ ਖਤਮ ਕਰਨ ਅਤੇ ਸਿੱਖ ਭਾਈਚਾਰੇ ਨੂੰ ਕਮਜੋਰ ਅਤੇ ਨਿਤਾਣਾ ਬਣਾਉਣ ਲਈ ਖੇਡੀਆਂ ਜਾ ਰਹੀਆਂ ਹਨ ਤਾਂ ਜੋ ਸਿੱਖ ਆਪਣੇ ਬੁਨਿਆਦੀ ਹੱਕਾਂ ਲਈ ਆਵਾਜ਼ ਨਾ ਉਠਾ ਸਕਣ।



ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਅਵਤਾਰ ਸਿੰਘ ਪੰਨੂੰ ਨੇ ਬਿਆਨ ਵਿਚ ਆਖਿਆ ਹੈ ਕਿ ਸੰਤ ਦਾਦੂਵਾਲ, ਸੰਤ ਢਡਰੀਆਂ ਵਾਲਿਆਂ, ਦਮਦਮੀ ਟਕਸਾਲ ਜਥਾ ਭਿੰਡਰਾਂ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਤੇ ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਅਤੇ ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਨੇ ਸਿੱਖ ਇਨਸਾਫ ਲਹਿਰ ਦੀ ਹਮਾਇਤ ਕਰਨਗੇ। ਉਨ੍ਹਾਂ ਨੇ ਇਸ ਇਨਸਾਫ ਲਹਿਰ ਲਈ ਸਿੱਖ ਭਾਈਚਾਰੇ ਅਤੇ ਹੇਠਲੇ ਪੱਧਰ ਉਤੇ ਜਾ ਕੇ ਲੋਕਾਂ ਵਿਚ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦਾ ਭਰੋਸਾ ਦਿੱਤਾ ਹੈ।

ਸੰਤ ਦਾਦੂਵਾਲ ਨੇ ਆਖਿਆ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ ਲੋਕਾਂ ਤਕ ਲੈ ਕੇ ਜਾਣ ਦੀ ਲੋੜ ਹੈ। ਉਨ੍ਹਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਨੂੰ ਭਰੋਸਾ ਦਿੱਤਾ ਕਿ ਭਵਿਖ ਦੇ ਸਾਰੇ ਇਨਸਾਫ ਮਾਰਚ ਸਿੱਖਾਂ ਨਾਲ ਕੀਤੀ ਗਈ ਬੇਇਨਸਾਫੀ ਵਿਰੁਧ ਆਵਾਜ਼ ਉਠਾਉਣ ਅਤੇ ਵੱਖਰੀ ਧਾਰਮਕ ਪਛਾਣ ਬਣਾਉਣ ਲਈ ਕੀਤੇ ਜਾਣਗੇ।

ਸੰਤ ਢਡਰੀਆਂ ਵਲਿਆਂ ਨੇ ਆਖਿਆ ਹੈ ਕਿ ਉਨ੍ਹਾਂ ਦੇ ਸਾਰੇ ਧਾਰਮਕ ਦੀਵਾਨ ਸਿੱਖ ਇਨਸਾਫ ਲਹਿਰ ਨੂੰ ਸਮਰਪਿਤ ਹੋਣਗੇ। ਉਨ੍ਹਾਂ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਨੂੰ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਸਾਂਝਾ ਪਲੇਟਫਾਰਮ ਬਣਾਉਣ ਦਾ ਵੀ ਸੱਦਾ ਦਿੱਤਾ।

ਇਸ ਲਹਿਰ ਤਹਿਤ ਗੁਰਮਤਿ ਕੈਂਪ ਲਾਉਣ ਤੋਂ ਇਲਾਵਾ ਸਿੱਖ ਭਾਈਚਾਰੇ ਵਿਚ ਵੱਧ ਰਹੀਆਂ ਨਸ਼ਿਆਂ, ਦਾਜ, ਭਰੂਣ ਹੱਤਿਆ ਅਤੇ ਹੋਰ ਸਮਾਜਕ ਬੁਰਾਈਆਂ ਵਿਰੁਧ ਰਾਜ ਪੱਧਰੀ ਚੇਤਨਾ ਗੋਸ਼ਟੀਆਂ ਕਰਾਉਣ ਅਤੇ ਹੋਰ ਸਿੱਖਿਆ ਪ੍ਰੋਗਰਾਮ ਕਰਾਉਣ ਦਾ ਵੀ ਟੀਚਾ ਮਿਥਿਆ ਗਿਆ ਹੈ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਸ. ਗੁਰਪਤਵੰਤ ਸਿੰਘ ਪੰਨੂੰ ਨੇ ਲੁਧਿਆਣਾ ਵਿਚ 5 ਦਸੰਬਰ ਨੂੰ

*(ਬਾਕੀ ਸਫਾ 4 ਉਤੇ)*



ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

*ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ*



ਅਮਰੀਕ ਸਿੰਘ



*ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ*

Same day service in Chicago and suburbs

Amar Carpets Inc

ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249


# *ਸਿੱਖ ਕਤਲੇਆਮ ਦਾ ਮੁੱਦਾ ਸੰਸਦ ਵਿਚ ਇਕ ਵਾਰ ਫਿਰ ਉੱਠਿਆ*

ਦੇ ਇਤਿਹਾਸ 'ਚ ਕਾਲੇ ਦਿਨ ਮੰਨੇ ਜਾਣਗੇ। ਉਨ੍ਹਾਂ ਕਿਹਾ, ''ਸਾਨੂੰ ਸਾਰਿਆਂ ਨੂੰ ਸਿੱਖ ਕਤਲੇਆਮ ਦਾ ਅਫ਼ਸੋਸ ਹੈ। ਮੈਂ ਸਿੱਖਾਂ ਦੇ ਜ਼ਖ਼ਮਾਂ ਨੂੰ ਭਰਨ ਲਈ ਅਪਣੇ ਵਲੋਂ ਜੋ ਵੀ ਹੋ ਸਕੇਗਾ, ਕਰਾਂਗਾ।'' ਉਨ੍ਹਾਂ ਦਸਿਆ ਕਿ 16 ਜਨਵਰੀ 2006 ਨੂੰ ਸਿੱਖ ਕਤਲੇਆਮ ਦੇ ਪੀੜਤਾਂ ਲਈ ਮੁੜ ਵਸੇਬਾ ਪੈਕੇਜ ਦਾ ਐਲਾਨ ਕੀਤਾ ਗਿਆ ਸੀ। ਹੁਣ ਤਕ 36336 ਦਾਅਵਿਆਂ ਦਾ ਨਿਪਟਾਰਾ ਕਰ ਕੇ 714.76 ਕਰੋੜ ਰੁਪਏ ਦੀ ਮਨਜ਼ੂਰ ਰਕਮ ਵਿਚੋਂ ਸਬੰਧਤ ਸੂਬਾ ਸਰਕਾਰਾਂ ਨੂੰ 462.41 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਅਤੇ ਸੂਬਿਆਂ ਕੋਲ ਅਜੇ ਤਕ 2627 ਦਾਅਵੇ ਬਾਕੀ ਹਨ।


ਅਕਾਲੀ ਦਲ ਦੇ ਨਰੇਸ਼ ਗੁਜਰਾਲ ਨੇ ਗ੍ਰਹਿ ਮੰਤਰੀ ਨੂੰ ਕਿਹਾ ਕਿ ਨਾਨਾਵਤੀ ਕਮਿਸ਼ਨ ਵਲੋਂ ਦੋਸ਼ੀ ਕਰਾਰ ਦਿਤੇ ਗਏ ਸਾਰੇ ਵਿਅਕਤੀਆਂ ਵਿਰੁਧ ਤਿੰਨ ਦਿਨਾਂ ਵਿਚ ਸੀ.ਬੀ.ਆਈ. ਨੂੰ ਮੁਕੱਦਮਾ ਚਲਾਉਣ ਦੀ ਇਜਾਜ਼ਤ ਦਿਤੀ ਜਾਵੇ। ਉਨ੍ਹਾਂ ਕਿਹਾ ਕਿ ਇਕ ਵੀ ਦੋਸ਼ੀ ਪੁਲਿਸ ਅਫ਼ਸਰ ਨੂੰ ਸਜ਼ਾ ਨਹੀਂ ਦਿਤੀ ਗਈ ਸਗੋਂ ਤਰੱਕੀਆਂ ਦੇ ਕੇ ਨਿਵਾਜ਼ਿਆ ਗਿਆ। ਕਤਲੇਆਮ ਦੌਰਾਨ 7 ਹਜ਼ਾਰ ਵਿਅਕਤੀ ਮਰੇ ਪਰ ਕਿਸੇ ਆਗੂ ਵਿਰੁਧ ਮੁਕੱਦਮਾ ਨਹੀਂ ਚਲਿਆ।

1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਵਿਰੁਧ ਕੋਈ ਕਾਰਵਾਈ ਨਾ ਕਰਨ 'ਤੇ ਭਾਜਪਾ ਨੇ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਇਹ ਕਾਰਾ ਸੱਤਾਧਾਰੀ ਪਾਰਟੀ ਦੇ ਸਿਆਸੀ ਆਗੂਆਂ ਅਤੇ ਵਰਕਰਾਂ ਨੇ ਹੀ ਕੀਤਾ। ਰਾਜ ਸਭਾ ਵਿਚ ਧਿਆਨ ਦਿਵਾਊ ਮਤੇ 'ਤੇ ਬਹਿਸ ਵਿਚ ਹਿੱਸਾ ਲੈਂਦਿਆਂ ਵਿਰੋਧੀ ਧਿਰ ਦੇ ਆਗੂ ਅਰੁਣ ਜੇਤਲੀ ਨੇ ਕਿਹਾ ਕਿ ਸਿੱਖਾਂ 'ਤੇ ਹਮਲਾ ਕਰਨ ਵਾਲੀ ਕੋਈ ਭੀੜ ਨਹੀਂ ਸੀ ਸਗੋਂ ਇਹ ਸਿਆਸੀ ਆਗੂਆਂ ਅਤੇ ਵਰਕਰਾਂ ਦਾ ਹੀ ਇਕੱਠ ਸੀ। ਇਥੋਂ ਤਕ ਕਿ ਏਮਜ਼ ਵਿਖੇ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਕਾਫ਼ਲੇ 'ਤੇ ਵੀ ਹਮਲਾ ਕੀਤਾ ਗਿਆ। ਜੇਤਲੀ ਨੇ ਸਿੱਖ ਕਤਲੇਆਮ ਨੂੰ ਸਰਕਾਰ ਦੀ ਸ਼ਹਿ 'ਤੇ ਕੀਤੀ ਗਈ ਕਾਰਵਾਈ ਦਸਦਿਆਂ ਕਿਹਾ ਕਿ ਪੁਲਿਸ ਅਤੇ ਪ੍ਰਸ਼ਾਸਨ ਨੇ ਉਸ ਸਮੇਂ ਅਪਣੇ ਕੰਨ ਅਤੇ ਅੱਖਾਂ ਬੰਦ ਕਰ ਲਈਆਂ ਸਨ। ਉਸ ਸਮੇਂ ਦੇ ਪ੍ਰਧਾਨ ਮੰਤਰੀ ਨੇ ਵੀ ਇਸ 'ਤੇ ਕੋਈ ਇਤਰਾਜ਼ ਨਾ ਕੀਤਾ। ਸਦਨ ਦੀ ਕਾਰਵਾਈ ਚਲਾ ਰਹੇ ਪੀ.ਜੇ. ਕੁਰੀਅਨ ਨੇ ਜਦੋਂ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਨਾਂ ਲਏ ਜਾਣ 'ਤੇ ਇਤਰਾਜ਼ ਕੀਤਾ ਤਾਂ ਭਾਜਪਾ, ਜੇ.ਡੀ.ਯੂ., ਸੀ.ਪੀ.ਐਮ. ਅਤੇ ਸਪਾ ਦੇ ਮੈਂਬਰਾਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ। ਜੇਤਲੀ ਨੇ ਰਾਜੀਵ ਗਾਂਧੀ ਦੇ ਸ਼ਬਦਾਂ 'ਜਦੋਂ ਕੋਈ ਵੱਡਾ ਰੁੱਖ਼ ਡਿਗਦਾ ਹੈ ਤਾਂ ਆਲੇ-ਦੁਆਲੇ ਦੀ ਧਰਤੀ ਹਿਲ ਹੀ ਜਾਂਦੀ ਹੈ' ਨੂੰ ਦੁਹਰਾਇਆ। ਕਾਂਗਰਸ ਦੇ ਪੀ. ਰਾਸ਼ਟਰਪਾਲ ਨੇ ਜਦੋਂ ਗੁਜਰਾਤ ਦੰਗਿਆਂ ਦਾ ਮੁੱਦਾ ਚੁੱਕਿਆ ਤਾਂ ਜੇਤਲੀ ਨੇ ਕਿਹਾ ਕਿ ਉਥੇ 300 ਵਿਅਕਤੀ ਪੁਲਿਸ ਦੀਆਂ ਗੋਲੀਆਂ ਨਾਲ ਮਰੇ ਸਨ ਜਦਕਿ 1984 ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਪੁਲਿਸ ਨੇ ਕਤਲੇਆਮ ਕਰਨ ਵਾਲਿਆਂ ਨੂੰ ਰੋਕਣ ਲਈ ਕੁੱਝ ਨਹੀਂ ਕੀਤਾ।

ਕੌਮੀ ਰਾਜਧਾਨੀ ਸਣੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ 1984 ਦੇ ਸਿੱਖ ਕਤਲੇਆਮ ਨੂੰ ਮਨੁੱਖਤਾ ਦਾ ਘਾਣ ਕਰਾਰ ਦਿੰਦਿਆਂ ਭਾਜਪਾ ਅਤੇ ਹੋਰਨਾਂ ਪਾਰਟੀਆਂ ਦੇ ਮੈਂਬਰਾਂ ਨੇ ਰਾਜ ਸਭਾ ਵਿਚ ਕਿਹਾ ਕਿ ਪੀੜਤਾਂ ਦੇ ਰਿਸ਼ਤੇਦਾਰ ਅਜੇ ਤਕ ਨਿਆਂ ਹਾਸਲ ਕਰਨ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਭਾਜਪਾ ਦੇ ਐਸ.ਐਸ. ਆਹਲੂਵਾਲੀਆ ਨੇ ਸਿੱਖ ਕਤਲੇਆਮ ਬਾਰੇ ਧਿਆਨ ਦਿਵਾਊ ਮਤੇ 'ਤੇ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਕਿ ਉਸ ਸਮੇਂ ਮਾਰੇ ਗਏ ਜਾਂ ਜ਼ਖ਼ਮੀ ਹੋਏ ਲੋਕਾਂ ਦੇ ਪਰਿਵਾਰ ਮੁਆਵਜ਼ਾ ਨਹੀਂ ਚਾਹੁੰਦੇ। ਦੇਸ਼ ਦੇ ਸਿੱਖ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਮਾਣ ਨਾਲ ਜਿਊਣ ਦਾ ਅਧਿਕਾਰ ਮਿਲੇ। ਉਨ੍ਹਾਂ ਕਿਹਾ ਕਿ ਪੁਲਿਸ ਸਣੇ ਪੂਰਾ ਪ੍ਰਸ਼ਾਸਨਿਕ ਢਾਂਚਾ ਉਸ ਸਮੇਂ ਅਸਫ਼ਲ ਹੋ ਗਿਆ ਸੀ। ਜਦੋਂ ਵੀ ਅਨਿਆਂ ਅਤੇ ਜ਼ੁਲਮ ਦਾ ਇਤਿਹਾਸ ਲਿਖਿਆ ਜਾਵੇਗਾ, ਉਸ ਵਿਚ 1984 ਦਾ ਜ਼ਿਕਰ ਜ਼ਰੂਰ ਹੋਵੇਗਾ। ਕਾਂਗਰਸ ਵਲ ਇਸ਼ਾਰਾ ਕਰਦਿਆਂ ਆਹਲੂਵਾਲੀਆ ਨੇ ਕਿਹਾ ਕਿ ਜਦੋਂ ਬਾਬਰੀ ਮਸਜਿਦ ਢਾਹੇ ਜਾਣ ਲਈ ਆਗੂ ਵਾਰ-ਵਾਰ ਮੁਆਫ਼ੀ ਮੰਗ ਸਕਦੇ ਹਨ ਤਾਂ ਸਿੱਖ ਕਤਲੇਆਮ ਲਈ ਮੁਆਫ਼ੀ ਕਿਉਂ ਨਹੀਂ ਮੰਗੀ ਜਾ ਸਕਦੀ?

## ਸੰਤ ਹਰਦੇਵ ਸਿੰਘ ਲੂਲੋਂ ਕੈਂਟਨ ਗੁਰੂਘਰ ਆਉਣਗੇ

**ਕੈਂਟਨ, ਮਿਸ਼ੀਗਨ:** ਗੁਰਦਵਾਰਾ ਸਿੰਘ ਸਭਾ ਮਿਸ਼ੀਗਨ ਵਿਖੇ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਹੋ ਰਹੇ ਕੀਰਤਨ ਦਰਬਾਰ ਵਿਚ ਸ਼ਾਮਲ ਹੋ ਕੇ ਸੰਗਤਾਂ ਨੂੰ ਗੁਰ-ਸ਼ਬਦ ਕੀਰਤਨ ਵਿਆਖਿਆ ਨਾਲ ਨਿਹਾਲ ਕਰਨ ਲਈ ਸੰਤ ਬਾਬਾ ਹਰਦੇਵ ਸਿੰਘ ਲੂਲੋਂ ਵਾਲੇ ਉਚੇਚੇ ਤੌਰ ਤੇ ਪਹੁੰਚ ਰਹੇ ਹਨ।



ਇਹ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਪ੍ਰਧਾਨ ਭਾਈ ਸੁਰਿੰਦਰ ਸਿੰਘ ਗਰਚਾ ਨੇ ਦੱਸਿਆ ਕਿ ਸੰਤ ਹਰਦੇਵ ਸਿੰਘ ਜੀ 31 ਦਸੰਬਰ ਦੇ ਦੀਵਾਨ ਵਿਚ 2 ਘੰਟੇ ਹਾਜਰੀ ਭਰਨਗੇ। ਦੀਵਾਨ ਸ਼ਾਮ 6 ਵਜੇ ਤੋਂ 10 ਵਜੇ ਤਕ ਸਜਣਗੇ। ਸੰਤ ਹਰਦੇਵ ਸਿੰਘ ਇਸ ਗੁਰੂਘਰ 17 ਜਨਵਰੀ ਤਕ ਹਰ ਰੋਜ਼ ਗੁਰਬਾਣੀ ਕਥਾ-ਵਿਆਖਿਆ ਰਾਹੀਂ ਸੰਤਾਂ ਨੂੰ ਹਰੀ ਜਸ ਨਾਲ ਜੋੜਨਗੇ। ਐਤਵਾਰ ਦਾ ਦੀਵਾਨ ਸਵੇਰੇ 10.30 ਤੋਂ 12.15 ਤਕ ਸਜੇਗਾ ਜਦੋਂਕਿ ਬਾਕੀ ਦਿਨ ਸ਼ਾਮੀ 6.30 ਤੋਂ 7.30 ਤਕ ਹੋਵੇਗਾ। ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤਾਂ ਨੂੰ ਇਨ੍ਹਾਂ ਦੀਵਾਨਾਂ ਵਿਚ ਹਾਜਰੀ ਭਰ ਕੇ ਗੁਰੂ-ਸ਼ਬਦ ਦਾ ਲਾਹਾ ਲੈਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਫੋਨ 734-397-7281 ਜਾਂ 734-673-4013 ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਟਾਈਟਲਰ ਵਿਰੁਧ ਕੋਈ ਕੇਸ ਨਹੀਂ ਗ੍ਰਹਿ ਮੰਤਰਾਲਾ

**ਨਵੀਂ ਦਿੱਲੀ:** ਗ੍ਰਹਿ ਮੰਤਰਾਲੇ ਨੇ ਕਿਹਾ ਕਿ 1984 ਵਿਚ ਹੋਏ ਸਿੱਖ ਕਤਲੇਆਮ ਨਾਲ ਸਬੰਧਤ ਚਾਰ ਮਾਮਲੇ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਲਈ ਸਮਰੱਥ ਅਧਿਕਾਰੀ ਕੋਲ ਪਏ ਹਨ ਪਰ ਇਨ੍ਹਾਂ ਵਿਚੋਂ ਕੋਈ ਵੀ ਜਗਦੀਸ਼ ਟਾਈਟਲਰ ਨਾਲ ਸਬੰਧਤ ਨਹੀਂ। ਮੰਤਰਾਲੇ ਨੇ ਜਾਰੀ ਬਿਆਨ ਵਿਚ ਕਿਹਾ ਕਿ ਇਕ ਕੇਸ ਵਿਚ ਪੜਤਾਲ ਪੂਰੀ ਕਰਨ ਮਗਰੋਂ 28 ਸਤੰਬਰ 2008 ਨੂੰ ਦੋਸ਼ ਪੱਤਰ ਦਾਖ਼ਲ ਕੀਤਾ ਗਿਆ ਅਤੇ 28 ਮਾਰਚ 2009 ਨੂੰ ਸੀ.ਆਰ.ਪੀ.ਸੀ. ਦੀ ਧਾਰਾ 173 ਅਧੀਨ ਅੰਤਮ ਰਿਪੋਰਟ ਅਦਾਲਤ ਵਿਚ ਦਾਖ਼ਲ ਕੀਤੀ ਗਈ ਜੋ ਅਦਾਲਤ ਦੇ ਵਿਚਾਰ ਅਧੀਨ ਹੈ।

ਗ੍ਰਹਿ ਮੰਤਰਾਲੇ ਨੇ ਕਿਹਾ ਕਿ ਹੋਰ ਮਾਮਲੇ ਟਾਈਟਲਰ ਨਾਲ ਸਬੰਧਤ ਨਹੀਂ ਹਨ। ਯਾਦ ਰਹੇ ਕੁਝ ਦਿਨ ਪਹਿਲਾਂ ਗ੍ਰਹਿ ਮੰਤਰੀ ਪੀ.ਚਿਦੰਬਰਮ ਨੇ ਰਾਜ ਸਭਾ ਵਿਚ ਕਿਹਾ ਸੀ ਕਿ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਲਈ ਸਿੱਖ ਕਤਲੇਆਮ ਨਾਲ ਸਬੰਧਤ ਚਾਰ ਮਾਮਲੇ ਸਮਰੱਥ ਅਧਿਕਾਰੀ ਕੋਲ ਪਏ ਹਨ।



PANNUN THE LAW FIRM
ATTORNEYS & COUNSELLORS

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ

ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ



NEW YORK
T 718.672.8000
JACKSON HEIGHTS, NY 11370

CALIFORNIA
T 510.796.9000
39300 CIVIC CENTER DR. SUITE 170 FREMONT, CA 94538
FREMONT, CA 94538

# ਆਸੂਤੋਸ਼ੀਆਂ ਅਤੇ ਸਿੱਖ ਜਥੇਬੰਦੀਆਂ ਵਿਚਾਲੇ ਸਵਾਲ-ਜਵਾਬ ਸ਼ੁਰੂ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਸਿੱਖ ਜਥੇਬੰਦੀਆਂ ਅਤੇ ਆਸੂਤੋਸ਼ ਵਿਚਾਲੇ ਲੁਧਿਆਣਾ ਵਿਚ ਵਾਪਰੇ ਘਟਨਾਕਰਮ ਤੋਂ ਬਾਅਦ ਦੋਨਾ ਧਿਰਾਂ ਵਿਚਾਲੇ ਸਵਾਲਾਂ ਜਵਾਬਾਂ ਦਾ ਸਿਲਸਲਾ ਤੁਰ ਪਿਆ ਹੈ। ਆਸੂਤੋਸ਼ ਲਈ ਸਵਾਲ ਉਭਾਰ ਰਹੀ ਸਿੱਖ ਤਾਲਮੇਲ ਕਮੇਟੀ 'ਤੇ ਸ਼ਬਦ ਮਿਜ਼ਾਈਲ ਛੱਡਦਿਆਂ ਆਸੂਤੋਸ਼ ਨਾਲ ਸੰਬੰਧਤ ਯੁਵਾ ਪਰਿਵਾਰ ਸੇਵਾ ਸੰਮਤੀ ਦੇ ਪ੍ਰਧਾਨ ਅਮਰ ਸ੍ਰੀਵਾਸਤਵ ਨੇ ਆਖਿਆ ਕਿ ਆਸੂਤੋਸ਼ ਮਹਾਰਾਜ ਦੀ ਨਿੰਦਾ ਕਰਕੇ ਬਹਿਸ ਦੇ ਪਾਣੀ ਵਿਚੋਂ ਉਹ ਕਿਹੜਾ ਮੱਖਣ ਕੱਢਣਾ ਚਾਹੁੰਦੇ ਹਨ? ਜਦਕਿ ਗੁਰਬਾਣੀ ਵਿਚ ਲਿਖਿਆ ਹੈ ਕਿ ਸੰਤਾ ਦੀ ਨਿੰਦਾ ਨਹੀਂ ਕਰਨੀ ਚਾਹੀਦੀ?

ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਯੁਵਾ ਪਰਿਵਾਰ ਸੇਵਾ ਸੰਮਿਤੀ ਮੁਖੀ ਅਮਰ ਸ੍ਰੀਵਾਸਤਵ ਨੇ ਆਖਿਆ ਕਿ ਆਸੂਤੋਸ਼ ਮਹਾਰਾਜ ਨੇ ਮਨੁੱਖਤਾ ਦੀ ਸੇਵਾ ਲਈ ਮਿਸ਼ਨ ਚਲਾਇਆ ਹੈ। ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਦੇ ਮਿਸ਼ਨ ਨੂੰ ਖਤਰਨਾਕ ਕਹਿਣ ਦਾ ਸਖਤ ਨੋਟਿਸ ਲੈਂਦਿਆਂ ਉਨ੍ਹਾਂ ਆਖਿਆ ਕਿ ਆਸੂਤੋਸ਼ ਮਹਾਰਾਜ ਨੇ ਸੰਨ 1984 ਤੋਂ ਪੰਜਾਬ ਵਿਚ ਆ ਕੇ ਮਨੁੱਖਤਾ ਦੀ ਸੇਵਾ ਲਈ ਦਿਨ ਰਾਤ ਇਕ ਕੀਤਾ ਅਤੇ ਸਾਰੇ ਸਮਾਜ ਨੂੰ ਇਕ ਮੰਚ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਮਹਾਰਾਜ ਨੇ ਨੌਜਵਾਨ ਵਰਗ ਵਿਚ ਨਸ਼ਿਆਂ ਦਾ ਤਿਆਗ ਕਰਵਾ ਕੇ ਦੇਸ਼ ਭਗਤੀ ਦਾ ਜਜ਼ਬਾ ਭਰਿਆ, ਤਿਹਾੜ ਜੇਲ੍ਹ ਸਮੇਤ ਦੇਸ਼ ਦੀਆਂ ਅਨੇਕਾਂ ਜੇਲ੍ਹਾਂ ਵਿਚ ਨੌਜਵਾਨ ਕੈਦੀਆਂ ਨੂੰ ਬਦਲ ਕੇ ਸਮਾਜ ਦੀ ਮੁੱਖ ਧਾਰਾ ਨਾਲ ਜੋੜ ਦਿੱਤਾ। ਉਨ੍ਹਾਂ ਇਹ ਵੀ ਆਖਿਆ ਕਿ ਦਿਵਿਆ ਜੋਤੀ ਜਾਗ੍ਰਿਤੀ ਸੰਸਥਾ ਕੰਮਾਂ ਵਿਚ ਵਿਸ਼ਵਾਸ ਕਰਦਾ ਹੈ ਨਾ ਕਿ ਗੱਲਾਂ ਵਿਚ।

ਤਾਲਮੇਲ ਕਮੇਟੀ ਦੀ ਆਲੋਚਨਾ ਕਰਦਿਆਂ ਉਨ੍ਹਾਂ ਆਖਿਆ ਕਿ ਦਿਵਿਆ ਜੋਤੀ ਜਾਗ੍ਰਿਤੀ ਸੰਸਥਾ ਨੂੰ ਗੁਰੂ ਸਾਹਿਬਾਨਾਂ ਦੇ ਸਤਿਕਾਰ ਲਈ ਕਿਸੇ ਦੀ ਮੋਹਰ ਦੀ ਲੋੜ ਨਹੀਂ। ਸੰਸਥਾ ਅੰਦਰ ਗੁਰੂ ਸਾਹਿਬਾਨ ਦੇ ਨਾਲ-ਨਾਲ ਸਤਿਗੁਰੂ ਰਵਿਦਾਸ ਮਹਾਰਾਜ, ਭਗਵਾਨ ਵਾਲਮੀਕਿ ਜੈਯੰਤੀ, ਕ੍ਰਿਸਮਿਸ, ਬੁੱਧ ਜੈਯੰਤੀ, ਆਜ਼ਾਦੀ ਦਿਵਸ ਦਾ



ਵੀ ਸਤਿਕਾਰ ਕਰਦਾ ਹੈ।

ਯਾਦ ਰਹੇ ਦਿਵਯ ਜਯੋਤੀ ਜਾਗ੍ਰਿਤੀ ਸੰਸਥਾ ਦੇ ਮੁਖੀ ਆਸੂਤੋਸ਼ ਨੂੰ ਬਹਿਸ ਦਾ ਖੁੱਲ੍ਹਾ ਸੱਦਾ ਦਿੰਦਿਆਂ ਸਿੱਖ ਤਾਲਮੇਲ ਕਮੇਟੀ ਦੇ ਆਗੂਆਂ ਨੇ ਕਿਹਾ ਸੀ ਕਿ ਗੁਰਮਤਿ ਅਨੁਸਾਰ ਗਿਆਨੀ ਦਿੱਤ ਸਿੰਘ ਦੀਆਂ ਰਾਹਾਂ 'ਤੇ ਚਲਦਿਆਂ ਅਸੀਂ ਸਵਾਮੀ ਦਇਆਨੰਦ ਦੇ ਚੇਲੇ ਆਸੂਤੋਸ਼ ਨੂੰ ਬਹਿਸ ਲਈ ਅੱਗੇ ਆਉਣ ਦੀ ਚਣੌਤੀ ਦਿੰਦੇ ਹਾਂ। ਉਸ ਦਾ ਇਹ ਭਰਮ ਵੀ ਨਿਕਲ ਜਾਵੇਗਾ ਕਿ ਉਹ ਬਹੁਤ ਵੱਡਾ ਵਿਦਵਾਨ ਹੈ। ਯਾਦ ਰਹੇ ਕੁਝ ਦਿਨ ਪਹਿਲਾਂ ਆਸੂਤੋਸ਼ ਨੇ ਹਿੰਦੋਸਤਾਨ ਟਾਈਮਜ਼ ਅਖਬਾਰ ਵਿਚ ਛਪੇ ਆਪਣੇ ਇਕ ਬਿਆਨ ਵਿਚ ਵੀ ਕਿਹਾ ਸੀ ਕਿ ਉਨ੍ਹਾਂ ਨੇ ਅਕਾਲ ਤਖਤ ਸਮੇਤ ਸਾਰੀਆਂ ਸਿੱਖ ਸੰਸਥਾਵਾਂ ਨੂੰ ਆਪਣਾ ਸਾਹਿਤ ਸੌਂਪਿਆ ਹੈ ਕੋਈ ਵੀ ਉਨ੍ਹਾਂ ਵਿਚ ਨੁਕਸ ਨਹੀਂ ਛਾਂਟ ਸਕਿਆ।ਫਿਰ ਵੀ ਉਨ੍ਹਾਂ ਦੇ ਖਿਲਾਫ ਨਜਾਇਜ਼ ਮੁਹਿੰਮ ਚਲਾਈ ਜਾ ਰਹੀ ਹੈ।ਉਨ੍ਹਾਂ ਇਹ ਵੀ ਕਿਹਾ ਸੀ ਕਿ ਆਮ ਸਿੱਖ ਤੇ ਅਕਾਲ ਤਖਤ ਉਸ ਦੇ ਨਾਲ ਹੈ ਅਤੇ ਸਿੱਖ ਅੱਤਵਾਦੀ ਹੀ ਉਸ ਦਾ ਵਿਰੋਧ ਕਰ ਰਹੇ ਹਨ।

**ਆਸੂਤੋਸ਼ ਤੋਂ ਫੈਡਰੇਸ਼ਨ ਨੇ 6 ਸਵਾਲਾਂ ਦੇ ਜਵਾਬ ਮੰਗੇ :** ਇਸ ਦੌਰਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਡਾ. ਮਨਜੀਤ ਸਿੰਘ ਭੋਮਾ ਨੇ ਨੂਰ ਮਹਿਲੀਏ ਆਸੂਤੋਸ਼ ਤੋਂ ਫੈਡਰੇਸ਼ਨ ਵਲੋਂ 6 ਸਵਾਲਾਂ ਦੇ ਸਪੱਸ਼ਟ ਜਵਾਬ ਮੰਗੇ ਹਨ। ਪਹਿਲਾ ਸਵਾਲ ਇਹ ਹੈ ਕਿ ਤੁਸੀਂ ਪ੍ਰੈੱਸ ਵਿਚ ਦਾਅਵਾ ਕੀਤਾ ਹੈ ਕਿ ਤੁਹਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕਲੀਨ ਚਿੱਟ ਮਿਲ ਚੁੱਕੀ ਹੈ। ਜੇਕਰ ਮਿਲ ਚੁੱਕੀ ਹੈ ਤਾਂ ਉਹ ਲਿਖਤੀ ਦਸਤਾਵੇਜ਼ ਰਿਲੀਜ਼ ਕੀਤਾ ਜਾਵੇ, ਕਿਉਂਕਿ ਅਕਾਲ ਤਖਤ ਸਾਹਿਬ 'ਤੇ ਫੈਸਲੇ ਲਿਖਤੀ ਹੁੰਦੇ ਹਨ, ਜ਼ੁਬਾਨੀ ਨਹੀਂ। ਦੂਸਰਾ ਸਵਾਲ ਇਹ ਹੈ ਕਿ ਤੁਹਾਡੇ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਕਿਸ ਸਿੰਘ ਸਾਹਿਬਾਨ ਨੇ ਖਰੜਾ ਮੰਗਿਆ ਸੀ? ਫਿਰ ਤੁਸੀਂ ਇਕੱਲਾ ਖਰੜਾ ਹੀ ਕਿਉਂ ਭੇਜਿਆ? ਆਪਣੀਆਂ ਕਿਤਾਬਾਂ, ਮੈਗਜ਼ੀਨ, ਕਥਾ ਦੀਆਂ ਸੀ.ਡੀਜ਼, ਪਿਛਲੇ ਸਮੇਂ ਪ੍ਰੈੱਸ ਵਿਚ ਦਿੱਤੇ ਬਿਆਨਾਂ ਦੀ ਕਟਿੰਗ ਤੇ ਡੇਰੇ ਵਲੋਂ ਵਾਦ-ਵਿਵਾਦ ਵਾਲਾ ਛਪਦਾ ਹੋਰ ਲਿਟਰੇਚਰ ਸ੍ਰੀ ਅਕਾਲ ਤਖਤ ਸਾਹਿਬ 'ਤੇ ਕਿਉਂ ਨਹੀਂ ਭੇਜਿਆ? ਤੀਸਰਾ ਸਵਾਲ ਇਹ ਹੈ ਕਿ ਆਪ ਦਾਅਵਾ ਕਰਦੇ ਹੋ ਕਿ ਸਿੱਖ ਧਰਮ ਵਿਚ ਦਖਲਅੰਦਾਜ਼ੀ ਨਹੀਂ ਕਰਦੇ ਫਿਰ ਤੁਹਾਡੇ ਤੋਂ ਬਾਅਦ ਤੁਹਾਡਾ 2 ਨੰਬਰ ਦਾ ਚੇਲਾ ਸ. ਅਮਰਜੀਤ ਸਿੰਘ, ਅਰਵਿੰਦਾ ਨੰਦ ਕਿਵੇਂ ਬਣਾ ਦਿੱਤਾ ਗਿਆ?

ਚੌਥਾ ਸਵਾਲ ਇਹ ਹੈ ਕਿ ਜੇਕਰ ਤੁਸੀਂ ਪੂਰੇ ਗੁਰੂ ਹੋ ਤਾਂ ਤੁਸੀਂ ਗੁਰਬਾਣੀ ਦੀਆਂ ਪੰਗਤੀਆਂ ਦਾ ਸਹਾਰਾ ਆਪਣੇ ਵਿਖਿਆਨਾਂ ਵਿਚ ਕਿਉਂ ਲੈਂਦੇ ਹੋ? ਗੁਰਬਾਣੀ ਦੀਆਂ ਪੰਗਤੀਆਂ ਦੇ ਅਰਥ ਆਪਣੇ ਸੁਆਰਥ ਲਈ ਸਿੱਖਾਂ ਨੂੰ ਗੁੰਮਰਾਹ ਕਰਨ ਲਈ ਕਿਉਂ ਕਰਦੇ ਹੋਏ? ਤੁਸੀਂ ਆਪਣੀਆਂ ਕਿਤਾਬਾਂ ਵਿਚ ਗੁਰਬਾਣੀ ਦੇ ਅੰਗਾਂ ਨੂੰ ਪੰਨਾ ਕਿਉਂ ਲਿਖਿਆ ਹੈ, ਅੰਗ ਕਿਉਂ ਨਹੀਂ ਲਿਖਿਆ? ਜੇਕਰ ਤੁਸੀਂ ਗੁਰਬਾਣੀ ਨੂੰ ਗੁਰੂ ਮੰਨਦੇ ਹੋ ਤਾਂ ਫਿਰ ਤੁਸੀਂ ਆਪਣੇ ਚੇਲਿਆਂ ਨੂੰ ਵੱਖਰਾ ਗੁਰੂ ਮੰਤਰ ਕਿਉਂ ਦਿੰਦੇ ਹੋ? ਗੁਰਬਾਣੀ ਦਾ ਮੰਤਰ ਤਾਂ ਸਿਰਫ ਪੰਜ ਪਿਆਰੇ ਹੀ ਦੇ ਸਕਦੇ ਹਨ।

**ਕਾਂਗਰਸ ਨੇ 8 ਮੈਂਬਰੀ ਕਮੇਟੀ ਬਣਾਈ :** ਪੰਜਾਬ ਵਿਧਾਨ ਸਭਾ ਦੇ ਚਾਰ ਦਿਨਾਂ ਸੈਸ਼ਨ ਵਿਚ ਅਕਾਲੀ-ਭਾਜਪਾ ਸਰਕਾਰ ਉਤੇ ਜ਼ਬਰਦਸਤ ਦਬਾਅ ਪਾਉਣ ਤੋਂ ਬਾਅਦ ਕਾਂਗਰਸ ਨੇ ਹੁਣ ਲੁਧਿਆਣਾ ਦੀਆਂ ਹਿੰਸਕ ਘਟਨਾਵਾਂ ਦੀ ਜਾਂਚ ਕਰਨ ਲਈ 8 ਮੈਂਬਰੀ ਕਮੇਟੀ ਗਠਤ ਕਰ ਦਿਤੀ। ਕਮੇਟੀ ਨੂੰ 15 ਦਿਨਾਂ ਦੇ ਅੰਦਰ-ਅੰਦਰ ਰੀਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ। ਇਹ ਕਮੇਟੀ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਮਹਿੰਦਰ ਸਿੰਘ ਕੇ ਪੀ ਦੀ ਸਲਾਹ ਨਾਲ ਕਾਇਮ ਕੀਤੀ ਗਈ ਹੈ। ਕਮੇਟੀ ਵਿਚ ਸਾਬਕਾ ਸਪੀਕਰ ਹਰਨਾਮ ਦਾਸ ਜੌਹਰ ਤੋਂ ਇਲਾਵਾ ਸਾਬਕਾ ਮੰਤਰੀ ਸ. ਤੇਜ ਪ੍ਰਕਾਸ਼ ਸਿੰਘ, ਸ. ਅਮਰਜੀਤ ਸਿੰਘ ਸਮਰਾ, ਰਾਕੇਸ਼ ਪਾਂਡੇ, ਜੱਸੀ ਖੰਗੂੜਾ, ਸੁਖਪਾਲ ਸਿੰਘ ਖਹਿਰਾ, ਈਸ਼ਰ ਸਿੰਘ ਮਿਹਰਬਾਨ ਅਤੇ ਹਰਮਹਿੰਦਰ ਸਿੰਘ ਪ੍ਰਧਾਨ ਨੂੰ ਸ਼ਾਮਲ ਕੀਤਾ ਗਿਆ ਹੈ।

## *ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ 'ਚ ਨਾਕਾਮੀ ਸਰਕਾਰ ਨੇ ਮੰਨੀ: ਪੰਨੂੰ*

**ਨਿਊ ਯਾਰਕ:** ਇਥੋਂ ਦੇ ਇਕ ਉਘੇ ਵਕੀਲ ਅਤੇ ਮਨੁਖੀ ਅਧਿਕਾਰ ਜਥੇਬੰਦੀ ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਆਖਿਆ ਹੈ ਕਿ ਭਾਰਤ ਸਰਕਾਰ ਨੇ ਆਖਿਰ ਮੰਨ ਲਿਆ ਹੈ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਸਿਆਸੀ ਸਾਜਿਸ਼ਕਾਰ ਅਤੇ ਆਪਣੀ ਡਿਊਟੀ ਤੋਂ ਕੁਤਾਹੀ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਨੂੰ 25 ਸਾਲ ਬੀਤ ਜਾਣ ਤੇ ਵੀ ਸਜ਼ਾਵਾਂ ਨਹੀਂ ਦਿੱਤੀਆਂ ਜਾ ਸਕੀਆਂ।

ਅਟਾਰਨੀ ਪੰਨੂੰ ਸੋਮਵਾਰ ਨੂੰ ਰਾਜ ਸਭਾ ਵਿਚ ਭਾਰਤੀ ਗ੍ਰਹਿ ਮੰਤਰੀ ਸ੍ਰੀ ਪੀ ਚਿੰਦਬਰਮ ਵਲੋਂ ਦਿੱਤੇ ਗਏ ਉਸ ਬਿਆਨ ਉਤੇ ਟਿਪਣੀ ਕਰ ਰਹੇ ਸਨ ਜਿਸ ਵਿਚ ਮੰਤਰੀ ਨੇ ਕਿਹਾ ਸੀ ਕਿ ਮੈਂ ਅਜੇ ਵੀ ਡਿਊਟੀ ਤੋਂ ਕੁਤਾਹੀ ਕਰਨ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਰਾਹ ਲਭ ਰਿਹਾ ਹਾਂ ਅਤੇ ਸਾਨੂੰ ਇਹ ਰਾਹ ਲਭਣਾ ਚਾਹੀਦਾ ਹੈ। ਗ੍ਰਹਿ ਮੰਤਰੀ ਇਕ ਅਜ਼ਾਦ ਮੈਂਬਰ ਤਰਲੋਚਨ ਸਿੰਘ ਵਲੋਂ ਪੇਸ਼ ਕੀਤੇ ਗਏ ਧਿਆਨ ਦਿਵਾਊ ਮਤੇ ਉਤੇ ਜਵਾਬ ਦੇ ਰਹੇ ਸਨ।

ਅਟਾਰਨੀ ਪੰਨੂੰ ਨੇ ਇਥੇ ਜਾਰੀ ਇਕ ਬਿਆਨ ਵਿਚ ਸਵਾਲ ਕੀਤਾ ਹੈ ਕਿ ਇਸ ਨਸਲਕੁਸ਼ੀ ਨੂੰ ਹੁਣ 25 ਵਰ੍ਹੇ ਗੁਜ਼ਰ ਗਏ ਹਨ, 10 ਕਮੇਟੀਆਂ ਅਤੇ ਕਮਿਸ਼ਨ ਕਾਇਮ ਕੀਤੇ ਜਾ ਚੁਕੇ ਹਨ ਪਰ ਇਕ ਜਮੂਹਰੀ ਸਰਕਾਰ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਰਾਹ ਨਹੀਂ ਲਭ ਸਕੀ ਜਾਂ ਫਿਰ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਹੋ ਰਹੀ ਹੈ ਜਿਨ੍ਹਾਂ 'ਚੋਂ ਬਹੁਤੇ ਕਾਂਗਰਸ ਪਾਰਟੀ ਦੇ ਮੈਂਬਰ ਹਨ।

ਅਟਾਰਨੀ ਪੰਨੂੰ ਨੇ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਅਤੇ ਗ੍ਰਹਿ ਮੰਤਰੀ ਪੀ ਚਿੰਦਬਰਮ ਤੋਂ ਜਾਨਣਾ ਚਾਹਿਆ ਹੈ ਕਿ ਭਾਰਤੀ ਨਿਆਂਪਾਲਿਕਾ ਨੂੰ ਸਿੱਖਾਂ ਨੂੰ ਇਨਸਾਫ ਦੇਣ ਜਾਂ ਫਿਰ ਜਾਂਚ ਦਾ ਘੇਰਾ ਵਿਸ਼ਾਲ ਕਰਕੇ ਸਿੱਖ ਨਸਲਕੁਸ਼ੀ ਦੀ ਵਿਊਤ ਬਣਾਉਣ ਵਾਲਿਆਂ ਦਾ ਪਤਾ ਲਾਉਣ ਲਈ ਹੋਰ ਕਿੰਨਾ ਕੁ ਸਮਾਂ ਲਗੇਗਾ?

ਸ. ਤਰਲੋਚਨ ਸਿੰਘ ਨੇ ਧਿਆਨ ਦਿਵਾਊ ਮਤਾ ਪੇਸ਼ ਕਰਦਿਆਂ ਆਖਿਆ ਸੀ ਕਿ 1984 ਦਾ ਸਿੱਖ ਕਤਲੇਆਮ ਦੂਜੀ ਵਿਸ਼ਵ ਜੰਗ ਵਿਚ ਹਿਟਲਰ ਵਲੋਂ ਯਹੂਦੀਆਂ ਦੀ ਕੀਤੀ ਗਈ ਨਸਲਕੁਸ਼ੀ ਦੇ ਬਰਾਬਰ ਹੈ। ਉਨ੍ਹਾਂ ਨੇ ਇਹ ਮਤਾ ਸਿੱਖਸ ਫਾਰ ਜਸਟਿਸ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਵਲੋਂ ਦਿੱਤੇ ਗਏ ਇਕ ਮਤੇ ਨੂੰ ਮੁਖ ਰਖ ਕੇ ਉਠਾਇਆ ਸੀ।

## ਬਾਦਲ ਵਲੋਂ ਫੜੇ ਗਏ ਖਾੜਕੂ ਕਾਂਗਰਸੀ ਏਜੰਟ ਕਰਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੜੇ ਹੀ ਗੰਭੀਰ ਦੋਸ਼ ਲਾਉਂਦਿਆਂ ਸਪੱਸ਼ਟ ਸ਼ਬਦਾਂ 'ਚ ਕਿਹਾ ਹੈ ਕਿ ਪਿਛਲੇ ਦਿਨਾਂ 'ਚ ਪੰਜਾਬ 'ਚ ਹੋਈਆਂ ਕੁਝ ਘਟਨਾਵਾਂ ਨਾਲ ਸਬੰਧਤ ਫੜੇ ਗਏ ਅੱਤਵਾਦੀਆਂ ਦੇ ਕਾਂਗਰਸ ਨਾਲ ਸਬੰਧ ਹਨ। ਉਨ੍ਹਾਂ ਪਰਮਜੀਤ ਸਰਨਾ ਤੇ ਸਿਮਰਨਜੀਤ ਸਿੰਘ ਮਾਨ ਨੂੰ ਵੀ ਇਸ ਦੇ ਕਾਰਿੰਦੇ ਦੱਸਦਿਆਂ ਕਿਹਾ ਕਿ ਇਹ ਵੀ ਇਨ੍ਹਾਂ ਲਈ ਹੀ ਕੰਮ ਕਰਦੇ ਹਨ।

ਵਿਧਾਨ ਸਭਾ ਦੀ ਕਾਰਵਾਈ ਮੁਲਤਵੀ ਹੋਣ ਸਮੇਂ ਵਿਹਲੇ ਸਮੇਂ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਦਲ ਨੇ ਕਿਹਾ ਕਿ ਕਾਂਗਰਸ ਵਲੋਂ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਖਰਾਬ ਹੋਣ ਬਾਰੇ ਲਾਏ ਜਾ ਰਹੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ ਤੇ ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਇਸ ਸਮੇਂ ਦੇਸ਼ ਦੇ ਸਭ ਰਾਜਾਂ 'ਚੋਂ ਸ਼ਾਂਤੀ ਵਾਲਾ ਸੂਬਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ 'ਚ ਪਟਿਆਲਾ 'ਚ ਰੁਲਦਾ ਸਿੰਘ ਤੇ ਮਾਨਸਾ 'ਚ ਲਿਲੀ ਕੁਮਾਰ ਸਮੇਤ ਅਜਿਹੀਆਂ ਕੁਝ ਕੁ ਘਟਨਾਵਾਂ ਹੋਈਆਂ ਹਨ ਤੇ ਅਜਿਹੀਆਂ ਘਟਨਾਵਾਂ ਸਾਰੇ ਰਾਜਾਂ 'ਚ ਹੁੰਦੀਆਂ ਰਹਿੰਦੀਆਂ ਹਨ, ਜਿਸ ਦੇ ਆਧਾਰ 'ਤੇ ਕਿਸੇ ਰਾਜ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਖਰਾਬ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ 'ਚ ਡੇਰਾ ਸੱਚਾ ਸੌਦਾ ਵਿਵਾਦ, ਡੇਰਾ ਬੱਲਾਂ ਤੇ ਹੁਣ ਲੁਧਿਆਣਾ ਵਿਖੇ ਜੋ ਘਟਨਾਵਾਂ ਹੋਈਆਂ ਹਨ, ਉਨ੍ਹਾਂ ਨੂੰ ਪੁਲਿਸ ਨੇ ਕੰਟਰੋਲ ਕੀਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਪਿਛਲੇ ਸਮੇਂ ਅੱਤਵਾਦ ਦੀਆਂ ਸਰਗਰਮੀਆਂ ਨੂੰ ਰੋਕਣ ਲਈ ਸਮੇਂ ਸਿਰ ਕਾਰਵਾਈ ਕਰਕੇ ਕਈ ਗਰੁੱਪਾਂ ਦੇ ਮੈਂਬਰਾਂ ਨੂੰ ਕਾਬੂ ਕੀਤਾ ਹੈ। ਉਨ੍ਹਾਂ ਕਿਹਾ ਕਿ ਰਾਜ 'ਚ ਹੋਈਆਂ ਤਿੰਨ ਚਾਰ ਅੱਤਵਾਦੀ ਘਟਨਾਵਾਂ ਦੇ ਮਸਲੇ ਵੀ ਸੁਲਝਾ ਲਏ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਨਾਲ ਸਬੰਧਤ ਫੜੇ ਗਏ ਦੋਸ਼ੀਆਂ ਦੇ ਸਬੰਧ ਕਾਂਗਰਸ ਨਾਲ ਹੋਣ ਦਾ ਪਤਾ ਲੱਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹੀ ਅੱਤਵਾਦ ਨੂੰ ਸ਼ਹਿ ਦਿੰਦੀ ਹੈ ਤੇ ਪਿਛਲੇ ਸਮੇਂ 'ਚ ਵੀ ਪੰਜਾਬ ਦਾ ਅੱਤਵਾਦ ਕਾਂਗਰਸ ਦੀ ਹੀ ਦੇਣ ਸੀ। ਉਨ੍ਹਾਂ ਕਿਹਾ ਕਿ ਹੁਣ ਫੇਰ ਭੱਠਲ ਤੇ ਕੈਪਟਨ ਦੀਆਂ ਧੜੇਬੰਦਕ ਸਰਗਰਮੀਆਂ ਕਾਰਨ ਅੱਤਵਾਦੀ ਅਨਸਰਾਂ ਨੂੰ ਸ਼ਹਿ ਦਿਤੀ ਜਾ ਰਹੀ ਹੈ।


ਉਨ੍ਹਾਂ ਕਿਹਾ ਕਿ ਕਾਂਗਰਸ ਦੀ ਨੀਤੀ ਹਮੇਸ਼ਾ ਹੀ ਵੰਡੋ ਤੇ ਰਾਜ ਕਰੋ ਦੀ ਰਹੀ ਹੈ ਤੇ ਇਸੇ ਕਾਰਨ ਉਨ੍ਹਾਂ ਦੇ ਲਈ ਕੰਮ ਕਰਨ ਵਾਲੇ ਪਰਮਜੀਤ ਸਿੰਘ ਸਰਨਾ ਵਰਗੇ ਆਗੂ ਇਥੇ ਅੱਗ ਲਾ ਕੇ ਆਪ ਭੱਜ ਜਾਂਦੇ ਹਨ। ਉਨ੍ਹਾਂ ਸਿਮਰਨਜੀਤ ਸਿੰਘ ਮਾਨ ਦਾ ਵੀ ਨਾਂ ਲੈਂਦਿਆਂ ਕਿਹਾ ਕਿ ਇਨ੍ਹਾਂ ਨੇ ਵੀ ਹਮੇਸ਼ਾ ਕਾਂਗਰਸ ਦੀ ਹੀ ਸਹਾਇਤਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਨਾ, ਮਾਨ ਤੇ ਹੋਰ ਅਜਿਹੇ ਨੇਤਾਵਾਂ ਨੂੰ ਹੁਣ ਪੰਜਾਬ 'ਤੇ ਰਹਿਮ ਕਰਨਾ ਚਾਹੀਦਾ ਹੈ ਕਿਉਂਕਿ ਪੰਜਾਬ ਪਹਿਲਾਂ ਹੀ ਬਹੁਤ ਲੰਬਾ ਸਮਾਂ ਸੰਤਾਪ ਭੋਗ ਚੁੱਕਾ ਹੈ।

**ਇਸੇ ਦੌਰਾਨ** ਪ੍ਰਕਾਸ਼ ਸਿੰਘ ਬਾਦਲ ਨੇ ਇਕ ਵਾਰ ਫਿਰ ਸਪੱਸ਼ਟ ਕਰ ਦਿਤਾ ਕਿ ਸੁਖਬੀਰ ਸਿੰਘ ਬਾਦਲ ਹਾਲੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਦੇ ਯੋਗ ਨਹੀਂ ਜਿਸ ਕਰ ਕੇ ਸੁਖਬੀਰ ਸਿੰਘ ਨੂੰ ਹਾਲੇ ਮੁੱਖ ਮੰਤਰੀ ਦੀ ਕੁਰਸੀ ਸੰਭਾਲਣ ਲਈ ਸਬਰ ਕਰਨਾ ਪਵੇਗਾ।

ਸ. ਬਾਦਲ ਨੇ ਕਿਹਾ ਕਿ ਸੁਖਬੀਰ ਦੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਬਣਨ ਨਾਲ ਕੰਮ ਦਾ ਭਾਰ ਤਾਂ ਕੁੱਝ ਜ਼ਰੂਰ ਘਟਿਆ ਪਰ ਜ਼ੁੰਮੇਵਾਰੀਆਂ ਉਨ੍ਹਾਂ 'ਤੇ ਪਹਿਲਾਂ ਨਾਲੋਂ ਵਧੀਆਂ ਹਨ। ਬਾਦਲ ਦੀ ਇਸ ਟਿੱਪਣੀ ਨਾਲ ਕਈ ਸਵਾਲ ਖੜੇ ਹੋ ਗਏ ਹਨ। ਹੋ ਸਕਦਾ ਹੈ ਕਿ ਅਕਾਲੀ ਸਰਕਾਰ 'ਚ ਸ੍ਰੀ ਬਾਦਲ ਖ਼ੁਦ ਹੀ ਸੂਬੇ ਦੇ ਮੁੱਖ ਮੰਤਰੀ ਬਣੇ ਰਹਿਣ। ਦੂਸਰਾ ਸੁਖਬੀਰ ਦੀ ਕਾਰਜਸ਼ੈਲੀ 'ਤੇ ਵੀ ਉਂਗਲ ਉਠਣੀ ਸ਼ੁਰੂ ਹੋ ਗਈ ਹੈ। ਸੁਖਬੀਰ ਜੋ ਕਿ ਉਪ ਮੁੱਖ ਮੰਤਰੀ ਦੇ ਨਾਲ-ਨਾਲ ਸੂਬੇ ਦੇ ਗ੍ਰਹਿ ਮੰਤਰੀ ਵੀ ਹਨ, 'ਤੇ ਵੀ ਬਾਦਲ ਨੂੰ ਕਈ ਤਰ੍ਹਾਂ ਦੇ ਸ਼ੰਕੇ ਹਨ ਜੋ ਇੰਟਰਵਿਊ ਦੌਰਾਨ ਸਪੱਸ਼ਟ ਹੋ ਚੁੱਕੇ ਹਨ।

## ਪਿੰਡ ਜੱਬੋਵਾਲ ਵਿਚ ਕਬੱਡੀ ਮੇਲਾ 24 ਤੋਂ

**ਨਵਾਂ ਸ਼ਹਿਰ:** ਪਿੰਡ ਜੱਬੋਵਾਲ ਵਿਚ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਰਹੂਮ ਹੈਡ ਮਾਸਟਰ ਗਿਆਨ ਸਿੰਘ ਦੀ ਯਾਦ ਵਿਚ ਪਹਿਲਾ ਕਬੱਡੀ ਟੂਰਨਾਮੈਂਟ 24 ਅਤੇ 25 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿਚ ਬੱਚਿਆਂ ਦੀਆਂ ਏ, ਬੀ, ਸੀ ਟੀਮਾਂ ਤੋਂ ਇਲਾਵਾ ਅਕੈਡਮੀਆਂ ਦੇ ਸ਼ੋਅ ਮੈਚ ਵੀ ਕਰਵਾਏ ਜਾਣਗੇ। ਖੇਡ ਲੇਖਕ ਅਤੇ ਇਸੇ ਪਿੰਡ ਦੇ ਵਾਸੀ ਸ੍ਰੀ ਇਕਬਾਲ ਸਿੰਘ ਜੱਬੋਵਾਲੀਆ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟੂਰਨਾਮੈਂਟ ਦਾ ਉਪਰਾਲਾ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਵਾਲੇ ਪਾਸੇ ਲਾਉਣ ਲਈ ਕੀਤਾ ਜਾ ਰਿਹਾ ਹੈ। ਟੂਰਨਾਮੈਂਟ ਵਿਚ ਪਰਵਾਸੀ ਭਾਰਤੀ ਅਤੇ ਹੈਡ ਮਾਸਟਰ ਗਿਆਨ ਸਿੰਘ ਦੇ ਸੰਗੀ-ਸਾਥੀ ਵਧ ਚੜ੍ਹ ਕੇ ਹਿੱਸਾ ਲੈਣਗੇ।



*ਮਾਸਟਰ ਗਿਆਨ ਸਿੰਘ*

ਸ੍ਰੀ ਜੱਬੋਵਾਲ ਨੇ ਦੱਸਿਆ ਕਿ ਹੈਡ ਮਾਸਟਰ ਗਿਆਨ ਸਿੰਘ ਜਲੰਧਰ ਜ਼ਿਲੇ ਦੀਆਂ ਸਕੂਲੀ ਖੇਡਾਂ ਦੇ ਚਾਰ ਸਾਲ ਪ੍ਰਧਾਨ ਰਹਿ ਚੁੱਕੇ ਹਨ ਅਤੇ ਉਨ੍ਹਾਂ ਨੇ ਆਪਣੇ ਜੀਵਨ ਵਿਚ ਖੇਡਾਂ ਨੂੰ ਪ੍ਰਫੁਲਤ ਕਰਨ ਲਈ ਵੱਡਾ ਯੋਗਦਾਨ ਪਾਇਆ। ਹੋਰ ਜਾਣਕਾਰੀ ਲਈ ਸ੍ਰੀ ਇਕਬਾਲ ਜੱਬੋਵਾਲ ਨਾਲ ਫੋਨ 917-375-6395 'ਤੇ ਸੰਪਰਕ ਕੀਤਾ ਜਾ ਸਕਦਾ ਹੈ।


## *ਸਿੱਖਸ ਫਾਰ ਜਸਟਿਸ*

*ਸਫਾ 3 ਦੀ ਬਾਕੀ*

ਹੋਈਆਂ ਘਟਨਾਵਾਂ ਦੀ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਉਚ ਪੱਧਰੀ ਜੁਡੀਸ਼ੀਅਲ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਇਸ ਘਟਨਾ ਵਿਚ ਆਸੂਤੋਸ਼ ਦੇ ਸਮਾਗਮ ਵਿਰੁਧ ਰੋਸ ਪ੍ਰਗਟਾ ਰਹੇ ਸਿੱਖਾਂ ਉਪਰ ਪੁਲਿਸ ਵਲੋਂ ਚਲਾਈ ਗਈ ਗੋਲੀ ਵਿਚ ਦਰਸ਼ਨ ਸਿੰਘ ਨਾਂ ਦਾ ਇਕ ਸਿੱਖ ਮਾਰਿਆ ਗਿਆ ਸੀ, ਜਦੋਂ ਕਿ ਕਈ ਹੋਰ ਸਿੱਖ ਜਖ਼ਮੀ ਹੋ ਗਏ ਸਨ। ਸ. ਪੰਨੂੰ ਨੇ ਇਹ ਵੀ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਤੁਰੰਤ ਭੰਗ ਕਰ ਕੇ ਨਵੀਆਂ ਚੋਣਾਂ ਕਰਵਾਈਆਂ ਜਾਣ ਕਿਉਂਕਿ ਇਹ ਸਰਕਾਰ ਪੰਜਾਬ ਦੇ ਲੋਕਾਂ ਦਾ ਭਰੋਸਾ ਗਵਾ ਚੁਕੀ ਹੈ।

## ਭਾਈ ਜਾਚਕ ਨੂੰ ਸਦਮਾ, ਮਾਤਾ ਸੁਰਗਵਾਸ

**ਨਿਊ ਯਾਰਕ:** ਉਘੇ ਸਿੱਖ ਪ੍ਰਚਾਰਕ ਭਾਈ ਜਗਤਾਰ ਸਿੰਘ ਜਾਚਕ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਸਰਦਾਰਨੀ ਸੁਰਜੀਤ ਕੌਰ ਲਗਭਗ 85 ਸਾਲ ਦੀ ਉਮਰ ਭੋਗ ਕੇ 12 ਦਸੰਬਰ ਨੂੰ ਨਿਊ ਯਾਰਕ ਦੇ ਨਾਸੌ ਯੂਨੀਵਰਸਿਟੀ ਮੈਡੀਕਲ ਸੈਂਟਰ ਹਸਪਤਾਲ ਵਿਖੇ ਅਕਾਲ ਚਲਾਣਾ ਕਰ ਗਏ। ਉਹ ਆਤਮਿਕ ਤੌਰ 'ਤੇ ਬਲਵਾਨ, ਰੱਬੀ ਰਜ਼ਾ ਵਿਚ ਰਾਜ਼ੀ ਰਹਿਣ ਵਾਲੇ, ਦਿਮਾਗੀ ਪੱਖੋਂ ਚੇਤੰਨ, ਮਿਠਬੋਲੜੇ ਅਤੇ ਅਤਿਅੰਤ ਮਿਲਣਸਾਰ ਸਨ। ਤਿੰਨ ਮਹੀਨੇ ਪਹਿਲਾਂ ਹੀ ਉਹ ਲੁਧਿਆਣਾ ਤੋਂ ਨਿਊ ਯਾਰਕ ਆਏ ਸਨ।



ਮਾਤਾ ਸੁਰਜੀਤ ਕੌਰ ਆਪਣੇ ਪਿਛੇ ਭਾਈ ਜਾਚਕ ਤੋਂ ਇਲਾਵਾ ਤਿੰਨ ਬੇਟੀਆਂ ਛੱਡ ਗਏ ਹਨ ਜਿਨ੍ਹਾਂ ਵਿਚੋਂ ਇੱਕ ਸਿਆਟਲ ਹੈ ਅਤੇ ਦੋ ਬਠਿੰਡੇ ਗੁਰੂ ਨਾਨਕ ਥਰਮਲ ਪਲਾਂਟ ਵਿਖੇ ਰਹਿੰਦੀਆਂ ਹਨ। ਮਾਤਾ ਸੁਰਜੀਤ ਕੌਰ ਨਮਿਤ ਸ੍ਰੀ ਸਹਿਜ ਪਾਠ ਦਾ ਭੋਗ, ਕੀਰਤਨ ਸਮਾਗਮ ਅਤੇ ਸ਼ੁਕਰਾਨੇ ਭਰੀ ਅੰਤਮ ਅਰਦਾਸ ਗੁਰਦੁਆਰਾ ਗਲੈਨਕੋਵ, ਨਿਊ ਯਾਰਕ ਵਿਖੇ 19 ਦਸੰਬਰ ਸਨਿਚਰਵਾਰ ਸ਼ਾਮੀ 5 ਤੋਂ 7 ਵਜੇ ਹੋਵੇਗੀ। ਭਾਈ ਜਾਚਕ ਨਾਲ ਸੰਪਰਕ ਫੋਨ 516 761 1853, 631 592 4335 'ਤੇ ਕੀਤਾ ਜਾ ਸਕਦਾ ਹੈ।

# ਕੈਪਟਨ ਦੀ ਫੇਰੀ ਮੌਕੇ ਗੁਰਦਾਸਪੁਰ ਦੀ ਰਾਜਨੀਤੀ 'ਚ ਉਭਰੀ ਧੜੇਬੰਦੀ

**ਗੁਰਦਾਸਪੁਰ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੁਰਦਾਸਪੁਰ ਫੇਰੀ ਨੇ ਇਕ ਵਾਰ ਫਿਰ ਜ਼ਿਲਾ ਕਾਂਗਰਸ ਵਿਚ ਧੜੇਬੰਦੀ ਨੂੰ ਉਜਾਗਰ ਕਰ ਦਿੱਤਾ। ਵਰਣਨਯੋਗ ਹੈ ਕਿ ਕੈਪਟਨ ਦੀ ਗੁਰਦਾਸਪੁਰ ਦੀ ਫੇਰੀ ਸਮੇਂ ਜ਼ਿਲਾ ਗੁਰਦਾਸਪੁਰ ਤੋਂ ਸਾਂਸਦ ਪ੍ਰਤਾਪ ਸਿੰਘ ਬਾਜਵਾ ਦਾ ਕੋਈ ਵੀ ਸਮਰਥਕ ਸ਼ਾਮਲ ਨਹੀਂ ਹੋਇਆ। ਇਸ ਧੜੇਬੰਦੀ ਨੂੰ ਚਾਹੇ ਕੈਪਟਨ ਅਮਰਿੰਦਰ ਸਿੰਘ ਨੇ ਅਸਵੀਕਾਰ ਕਰ ਦਿੱਤਾ ਲੇਕਿਨ ਰਾਜਨੀਤਕ ਹਲਕਿਆਂ ਵਿਚ ਚਰਚਾ ਹੈ ਕਿ ਗੁਰਦਾਸਪੁਰ ਦੀ ਰਾਜਨੀਤੀ ਵਿਚ ਧੜੇਬੰਦੀ ਫਿਰ ਚਰਮ ਸੀਮਾ 'ਤੇ ਪਹੁੰਚ ਚੁੱਕੀ ਹੈ ਅਤੇ ਕੈਪਟਨ ਸਮਰਥਕ ਨੇਤਾ ਤੇ ਪ੍ਰਤਾਪ ਸਿੰਘ ਬਾਜਵਾ ਦੇ ਹਮਾਇਤੀ ਆਪਣੇ ਆਪ ਨੂੰ ਸਹੀ ਸਾਬਿਤ ਕਰਨ ਅਤੇ ਇਕ ਦੂਸਰੇ ਨੂੰ ਨੀਵਾਂ ਵਿਖਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਇਸ ਪੂਰੇ ਘਟਨਾਕ੍ਰਮ ਵਿਚ ਕਾਂਗਰਸ ਟਿਕਟ 'ਤੇ ਗੁਰਦਾਸਪੁਰ ਦੀ ਵਿਧਾਨ ਸਭਾ ਸੀਟ ਪ੍ਰਾਪਤ ਕਰਨ ਦੀ ਹੋੜ ਵੀ ਚਰਚਾ ਦਾ ਵਿਸ਼ਾ ਬਣੀ ਹੈ। ਭਾਵੇਂ ਵਿਧਾਨ ਸਭਾ ਚੋਣ ਹੋਣ ਨੂੰ ਅਜੇ ਲੰਮਾ ਸਮਾਂ ਹੈ ਲੇਕਿਨ ਦੋਵੇਂ ਗੁੱਟਾਂ ਦੇ ਸਰਗਰਮ ਨੇਤਾ ਇਸ ਸੀਟ ਦੇ ਮੱਦੇਨਜ਼ਰ ਆਪਣੇ ਆਪ ਨੂੰ ਭਾਰੂ ਸਾਬਿਤ ਕਰਨ ਲਈ ਇਕ ਦੂਸਰੇ ਦੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਹੁੰਦੇ ਅਤੇ ਆਪਣੀ ਹੋਂਦ ਨੂੰ ਸਾਬਿਤ ਕਰਨ ਨੂੰ ਪਹਿਲ ਰੱਖਦੇ ਹਨ।

ਬੀਤੇ ਦਿਨੀਂ ਕੈਪਟਨ ਦੀ ਫੇਰੀ ਦੇ ਮੁੱਖ ਮੇਜ਼ਬਾਨ ਫਤਿਹਗੜ੍ਹ ਚੂੜੀਆਂ ਹਲਕਾ ਨਾਲ ਸੰਬੰਧਤ ਸਾਬਕਾ ਸੰਸਦੀ ਸਕੱਤਰ ਸੁਖਜਿੰਦਰ ਸਿੰਘ ਰੰਧਾਵਾ ਸਨ, ਜਦਕਿ ਤ੍ਰਿਪਤਰਜਿੰਦਰ ਬਾਜਵਾ ਤੇ ਸਾਬਕਾ ਸਿੱਖਿਆ ਮੰਤਰੀ ਖੁਸ਼ਹਾਲ ਬਹਿਲ ਵੀ ਇਸ ਫੇਰੀ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਸਨ। ਫੇਰੀ ਸਮੇਂ ਦੀਨਾਨਗਰ ਹਲਕੇ ਨਾਲ ਸੰਬੰਧਿਤ ਸਾਬਕਾ ਵਿਧਾਇਕਾ ਅਰੁਣਾ ਚੌਧਰੀ ਸ਼ਾਮਲ ਸੀ ਜੋ ਬਾਜਵਾ ਗੁਟ ਵਿਚ ਹੋਣ ਦੇ ਬਾਵਜੂਦ ਕੈਪਟਨ ਦੀ ਆਮਦ ਸਮੇਂ ਸੈਂਕੜੇ ਵਰਕਰਾਂ ਸਮੇਤ ਸ਼ਾਮਲ ਹੋਈ। ਜਿਸਨੂੰ ਧੜੇਬੰਦੀ ਦੀ ਨਜ਼ਰ ਵਿਚ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ।

ਜ਼ਿਲਾ ਗੁਰਦਾਸਪੁਰ ਦੇ ਜੋ ਸੀਨੀਅਰ ਨੇਤਾ ਕੈਪਟਨ ਦੀ ਫੇਰੀ ਤੋਂ ਗੈਰ ਹਾਜ਼ਰ ਰਹੇ ਉਨ੍ਹਾਂ ਵਿਚ ਅਸ਼ਵਨੀ ਸੇਖੜੀ ਸਾਬਕਾ ਸੰਸਦੀ ਸਕੱਤਰ ਬਟਾਲਾ, ਪ੍ਰੀਤਮ ਸਿੰਘ ਭਿੰਡਰ ਸਾਬਕਾ ਡੀ.ਜੀ.ਪੀ. ਪੰਜਾਬ ਪੁਲਸ ,ਸੁਸ਼ੀਲਾ ਮਹਾਜਨ ਸਾਬਕਾ ਮੰਤਰੀ ਗੁਰਦਾਸਪੁਰ, ਲਖਬੀਰ ਸਿੰਘ ਰੰਧਾਵਾ ਸਾਬਕਾ ਮੰਤਰੀ ਫਤਿਹਗੜ੍ਹ ਚੂੜੀਆਂ, ਰੁਮਾਲ ਚੰਦ ਸਾਬਕਾ ਵਿਧਾਇਕ ਨਰੋਟ ਮੇਹਰਾ, ਰਮਨ ਭੱਲਾ ਸਾਬਕਾ ਮੰਤਰੀ ਪਠਾਨਕੋਟ, ਮਸੀਹ, ਅਜੈ ਵਰਮਾ, ਨੀਰਜ ਸਲਹੋਤਰਾ, ਚੰਦਰਪਾਲ ਸਿੰਘ ਸਾਬਕਾ ਜ਼ਿਲਾ ਪ੍ਰਧਾਨ, ਜੋਗਿੰਦਰ ਸਿੰਘ ਛੀਨਾ, ਫਤਿਹਜੰਗ ਸਿੰਘ ਬਾਜਵਾ, ਬਲਵਿੰਦਰ ਸਿੰਘ ਭਿੰਦਾ ਸਕੱਤਰ ਪੰਜਾਬ ਕਾਂਗਰਸ, ਬਲਵਿੰਦਰ ਸਿੰਘ ਬਿੱਲੂ ਸਾਬਕਾ ਮਾਰਕਿਟ ਕਮੇਟੀ ਚੇਅਰਮੈਨ ਗੁਰਦਾਸਪੁਰ, ਬਲਵਿੰਦਰ ਸਿੰਘ ਲਾਡੀ ਸਾਬਕਾ ਚੇਅਰਮੈਨ ਜ਼ਿਲਾ ਪ੍ਰੀਸ਼ਦ, ਵਿਨੈ ਮਹਾਜਨ ਸਾਬਕਾ ਪ੍ਰਧਾਨ ਨਗਰ ਕੌਂਸਲ ਸੁਜਾਨਪੁਰ, ਅਨਿਲ ਵਿੱਜ ਪ੍ਰਧਾਨ ਨਗਰ ਕੌਂਸਲ ਪਠਾਨਕੋਟ, ਸਵਰਨ ਕੁਮਾਰ ਸਾਬਕਾ ਪ੍ਰਧਾਨ ਨਗਰ ਕੌਂਸਲ ਪਠਾਨਕੋਟ, ਸੁਖਦੇਵ ਵਡੈਹਰਾ ਪਠਾਨਕੋਟ ਦੇ ਨਾਮ ਪ੍ਰਮੁੱਖ ਹਨ।

ਇਸ ਮੌਕੇ ਜਿਹੜੇ ਸ਼ਾਮਲ ਹੋਏ ਉਨ੍ਹਾਂ ਵਿਚ ਪਠਾਨਕੋਟ ਦੇ ਅਸ਼ਵਨੀ ਸਮਰਥਕ ਸਾਬਕਾ ਵਿਧਾਇਕ ਅਸ਼ੋਕ ਸ਼ਰਮਾ, ਰਾਮ ਲਾਲ ਸਾਬਕਾ ਵਿਧਾਇਕ, ਸਤਪਾਲ ਬਾਗੀ ਸਾਬਕਾ ਵਿਧਾਇਕ ਆਦਿ ਪ੍ਰਮੁੱਖ ਹਨ। ਇਸ ਧੜੇਬੰਦੀ ਸੰਬੰਧੀ ਜਦ ਫੇਰੀ ਦੇ ਆਰਗੇਨਾਈਜ਼ਰ ਸਾਬਕਾ ਸੰਸਦੀ ਸਕੱਤਰ ਸੁਖਜਿੰਦਰ ਸਿੰਘ ਰੰਧਾਵਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਧੜੇਬੰਦੀ ਨੂੰ ਅਸਵੀਕਾਰ ਕਰ ਦਿੱਤਾ ਲੇਕਿਨ ਜਦ ਉਨ੍ਹਾਂ ਨਾਲ ਇਸ ਮਹੱਤਵਪੂਰਨ ਫੇਰੀ ਵਿਚ ਜ਼ਿਲਾ ਗੁਰਦਾਸਪੁਰ ਦੇ ਸਾਂਸਦ ਪ੍ਰਤਾਪ ਸਿੰਘ ਬਾਜਵਾ ਦੇ ਸ਼ਾਮਲ ਨਾ ਹੋਣ ਸੰਬੰਧੀ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਪਾਰਲੀਮੈਂਟ ਸ਼ੈਸ਼ਨ ਹੋਣ ਦੇ ਮੱਦੇਨਜ਼ਰ ਪ੍ਰਤਾਪ ਸਿੰਘ ਬਾਜਵਾ ਉਨ੍ਹਾਂ ਵਿਚ ਸ਼ਿਰਕਤ ਕਰਨ ਗਏ ਹਨ। ਇਸ ਲਈ ਉਨ੍ਹਾਂ ਨੂੰ ਪ੍ਰੇਸ਼ਾਨ ਕਰਨਾ ਉਚਿਤ ਨਹੀਂ ਸਮਝਿਆ ਗਿਆ। ਇਸ ਸੰਬੰਧੀ ਪ੍ਰਤਾਪ ਸਿੰਘ ਬਾਜਵਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਇਸ ਜ਼ਿਲੇ ਦੇ ਚੁਣੇ ਗਏ ਸਾਂਸਦ ਹਨ ਅਤੇ ਇਸ ਲਈ ਕੈਪਟਨ ਨੂੰ ਇਥੇ ਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਵਿਸ਼ਵਾਸ ਵਿਚ ਲੈਣਾ ਚਾਹੀਦਾ ਸੀ ਜੋ ਉਨ੍ਹਾਂ ਨੇ ਨਹੀਂ ਲਿਆ ਅਤੇ ਨਾ ਹੀ ਉਨ੍ਹਾਂ ਇਸ ਦੇ ਲਈ ਸੱਦਾ ਦਿੱਤਾ। ਇਸ ਸੰਬੰਧੀ ਜਦ ਪੰਜਾਬ ਕਾਂਗਰਸ ਕਮੇਟੀ ਦੇ ਸਕੱਤਰ ਰਮਨ ਬਹਿਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਕਾਂਗਰਸ ਦੀ ਧੜੇਬੰਦੀ ਦੀ ਜੋ ਗੱਲਾਂ ਕੀਤੀਆਂ ਜਾ ਰਹੀਆਂ ਹਨ ਉਹ ਆਧਾਰਹੀਣ ਹਨ ਜਦਕਿ ਜੋ ਕੈਪਟਨ ਦੀ ਫੇਰੀ ਆਯੋਜਿਤ ਕੀਤੀ ਗਈ ਉਸ ਵਿਚ ਮਾਤਰ ਉਨ੍ਹਾਂ ਦੀ ਡਿਊਟੀ ਲਗਾਈ ਗਈ ਸੀ ਅਤੇ ਕਿਸੇ ਨੂੰ ਸੱਦਾ ਦੇਣਾ ਹੈ ਜਾਂ ਨਹੀਂ ਇਸ ਸੰਬੰਧੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ।

## ਬੁਖਲਾਏ ਹੋਏ ਬਾਦਲ ਪਿਓ ਪੁੱਤ ਲੁਧਿਆਣਾ ਵਰਗੇ ਗੋਲੀ ਕਾਂਡ ਕਰਵਾ ਰਹੇ - ਕੈਪਟਨ ਅਮਰਿੰਦਰ ਸਿੰਘ



ਇਸ ਦੌਰਾਨ ਲੰਘੀ 12 ਦਸੰਬਰ ਨੂੰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਕਾਂਗਰਸੀ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਆਯੋਜਿਤ ਰੈਲੀ ਵਿਚ ਪਾਰਟੀ ਵਰਕਰਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਵਿਕਾਸ ਕਾਰਜ ਕਰਨ ਦੀ ਥਾਂ ਕਾਂਗਰਸੀਆਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ ਅਤੇ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ 'ਤੇ ਪਿਛਲੇ ਤਿੰਨ ਸਾਲਾਂ ਵਿਚ 14 ਹਾਜ਼ਰ ਕਾਂਗਰਸੀ ਆਗੂਆਂ ਤੇ ਵਰਕਰਾਂ ਵਿਰੁਧ ਝੂਠੇ ਮਾਮਲੇ ਦਰਜ ਕੀਤੇ ਗਏ। ਉਨ੍ਹਾਂ ਕਿਹਾ ਕਿ ਜਿਹੜੇ ਸਰਕਾਰੀ ਅਫ਼ਸਰ ਸਰਕਾਰ ਦੇ ਪਿੱਠੂ ਬਣ ਕੇ ਅਹੁਦੇ ਦੀ ਦੁਰਵਰਤੋਂ ਕਰ ਰਹੇ ਹਨ, ਉਨ੍ਹਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ ਅਤੇ ਕਾਂਗਰਸ ਦੀ ਸਰਕਾਰ ਬਣਨ ਪਿਛੋਂ ਧਾਰਾ 311 ਅਧੀਨ ਅਜਿਹੇ ਅਧਿਕਾਰੀਆਂ ਵਿਰੁਧ ਕਾਰਵਾਈ ਕੀਤੀ ਜਾਵੇਗੀ। ਕੈਪਟਨ ਨੇ ਕਿਹਾ ਕਿ ਪੰਜਾਬ ਵਿਚ ਅਕਾਲੀ ਦਲ ਦਾ ਸਾਥ ਦੇ ਰਹੀ ਭਾਰਤੀ ਜਨਤਾ ਪਾਰਟੀ ਦਾ ਆਧਾਰ ਤਾਂ ਬਿਲਕੁਲ ਖ਼ਤਮ ਹੋ ਚੁੱਕਾ ਹੈ ਪਰ ਸ਼੍ਰੋਮਣੀ ਅਕਾਲੀ ਦਲ ਨੂੰ ਫ਼ਿਲਹਾਲ ਕੋਈ-ਕੋਈ ਸਾਹ ਆ ਰਿਹਾ ਹੈ। ਕੁਝ ਹੀ ਦਿਨਾਂ ਵਿਚ ਅਕਾਲੀ ਦਲ ਦੇ ਇਹ ਸਾਹ ਵੀ ਬੰਦ ਹੋ ਜਾਣਗੇ। ਇਸ ਗੱਲ ਦਾ ਪ੍ਰਗਟਾਵਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਕਾਂਗਰਸੀ ਵਰਕਰਾਂ ਅਤੇ ਆਗੂਆਂ ਦੀਆਂ ਦੁਖ-ਤਕਲੀਫ਼ਾ ਸੁਣਦਿਆਂ ਕੀਤਾ। ਉਨ੍ਹਾਂ ਕਿਹਾ ਕਿ ਬਾਦਲ ਅਪਣੀ ਨਾਕਾਮੀ ਤੋਂ ਪੂਰੀ ਤਰ੍ਹਾਂ ਬੁਖਲਾਅ ਚੁੱਕਾ ਹੈ, ਇਸੇ ਲਈ ਲੁਧਿਆਣਾ ਵਰਗੇ ਗੋਲੀ-ਕਾਂਡ ਅੰਜਾਮ ਦੇ ਰਿਹਾ ਹੈ।

## ਐਸ ਜੀ ਪੀ ਸੀ ਚੋਣਾਂ ਦੇ ਮੁੱਦੇ 'ਤੇ ਕਾਂਗਰਸੀ ਪਾਟੋਧਾੜ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਕੈਪਟਨ ਅਮਰਿੰਦਰ ਸਿੰਘ ਤੇ ਰਾਜਿੰਦਰ ਕੌਰ ਭੱਠਲ ਇਕ ਵਾਰ ਫਿਰ ਆਮਣੇ ਸਾਹਮਣੇ ਹਨ। ਇਸ ਵਾਰ ਮੁੱਦਾ ਹੈ ਐਸ ਜੀ ਪੀ ਸੀ ਚੋਣਾਂ ਦਾ। ਕੈਪਟਨ ਨੇ ਜਿੱਥੇ ਚੋਣ ਵਿਚ ਕਾਂਗਰਸ ਦੇ ਸਰਨਾ ਗੁੱਟ ਦੀ ਹਿਮਾਇਤ ਕਰਨ ਦੀ ਗੱਲ ਕਹੀ ਹੈ ਉੱਥੇ ਭੱਠਲ ਇਸ ਨੂੰ ਕੈਪਟਨ ਦਾ ਨਿਜੀ ਫੈਸਲਾ ਦਸ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਾਂਗਰਸ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦੇਂਦੀ। ਉਧਰ, ਕੈਪਟਨ ਦੇ ਬਿਆਨ ਦੇ ਬਾਅਦ ਅਕਾਲੀਆਂ ਨੇ ਕਾਂਗਰਸ ਤੇ ਹੱਲਾ ਬੋਲ ਦਿੱਤਾ ਹੈ। ਰਾਜ ਭਰ ਵਿਚ ਰੋਡ ਸ਼ੋ ਕਰਨ ਨਿਕਲੇ ਅਮਰਿੰਦਰ ਸਿੰਘ ਨੂੰ ਜਦ ਕੁਝ ਪੱਤਰਕਾਰਾਂ ਨੇ ਪੁਛਿਆ ਕਿ ਐਸ ਜੀ ਪੀ ਸੀ ਚੋਣ ਨੂੰ ਲੈ ਕੇ ਕਾਂਗਰਸ ਦੀ ਕੀ ਰਣਨੀਤੀ ਹੈ ਤਾਂ ਉਨ੍ਹਾਂ ਨੇ ਕਿਹਾ ਜੇਕਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਉਨ੍ਹਾਂ ਦੇ ਹਮਾਇਤੀ ਇਸ ਚੋਣ ਵਿਚ ਖੜ੍ਹੇ ਹੋਏ ਤਾਂ ਕਾਂਗਰਸ ਉਨ੍ਹਾਂ ਦਾ ਸਮਰਥਨ ਕਰੇਗੀ। ਬਸ ਫਿਰ ਕੀ ਸੀ। ਕੈਪਟਨ ਦੀ ਕੱਟੜ ਵਿਰੋਧੀ ਭੱਠਲ ਨੂੰ ਉਨ੍ਹਾਂ ਦੀ ਗੱਲ ਕੱਟਣ ਦਾ ਇਕ ਹੋਰ ਮੌਕਾ ਮਿਲ ਗਿਆ। ਅਗਲੇ ਹੀ ਦਿਨ ਉਨ੍ਹਾਂ ਨੇ ਮੀਡੀਆ ਦੇ ਸਾਮ੍ਹਣੇ ਕਿਹਾ, 'ਕਾਂਗਰਸ ਨੇ ਕਦੇ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦਿੱਤਾ ਅਤੇ ਐਸ ਜੀ ਪੀ ਸੀ ਚੋਣ ਵਿਚ ਵੀ ਪਾਰਟੀ ਕਿਸੇ ਗੁੱਟ ਦਾ ਸਮਰਥਨ ਨਹੀਂ ਕਰੇਗੀ। ਹਾਂ, ਪਾਰਟੀ ਦਾ ਕੋਈ ਨੇਤਾ ਜਾਂ ਕਾਰਜਕਰਤਾ ਨਿਜੀ ਰੂਪ ਨਾਲ ਕਿਸੇ ਵਿਅਕਤੀ ਜਾਂ ਗੁਟ ਵਿਸ਼ੇਸ਼ ਦਾ ਸਮਰਥਨ ਕਰ ਸਕਦਾ ਹੈ।' ਉਨ੍ਹਾਂ ਦਾ ਇਸ਼ਾਰਾ ਅਮਰਿੰਦਰ ਸਿੰਘ ਵਲ ਸੀ। ਮਹਿੰਦਰ ਸਿੰਘ ਕੇ ਪੀ ਨੇ ਵੀ ਕਮੇਟੀ ਚੋਣਾਂ ਤੋਂ ਨਿਰਲੇਪ ਰਹਿਣ ਦੀ ਗੱਲ ਕਹੀ ਹੈ। ਇਸੇ ਦੌਰਾਨ ਅਕਾਲੀ ਦਲ ਨੇ ਵੀ ਕਾਂਗਰਸ ਦਾ ਚੇਹਰਾ ਬੇਨਕਾਬ ਹੋਣ ਦਾ ਦੋਸ਼ ਲਾਇਆ ਹੈ।

ਉਨ੍ਹਾਂ ਨੇ ਕਿਹਾ ਕਿ ਇਸ ਨਾਲ ਸਾਬਤ ਹੋ ਗਿਆ ਹੈ ਕਿ ਕਾਂਗਰਸ ਹਮੇਸ਼ਾ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਂਦੀ ਰਹੀ ਹੈ। ਇਸ ਕੁਰਸੀ ਦੀ ਪ੍ਰਮੁੱਖ ਵਜਾਹ ਪੰਜਾਬ ਕਾਂਗਰਸ ਪ੍ਰਧਾਨ ਦੀ ਕੁਰਸੀ ਹੈ ਜਿਸਦੇ ਲਈ ਦੋਨੋ ਗੁੱਟ ਪਿਛਲੇ ਲੰਬੇ ਸਮੇਂ ਵਿਚ ਜੋਰ ਅਜ਼ਮਾਇਸ਼ ਕਰ ਰਹੇ ਹਾਂ। ਇਹੀ ਕਾਰਣ ਹੈ ਕਿ ਦੋਵੇਂ ਗੁਟ ਇਕ ਦੂਜੇ ਨੂੰ ਠਿੱਬੀ ਲਾਉਣ (ਨੀਵਾਂ ਦਿਖਾਉਣ) ਦਾ ਕੋਈ ਵੀ ਅਵਸਰ ਗੁਆਉਣਾ ਨਹੀਂ ਚਾਹੁੰਦੇ।


The Karn Gill Radio Show

TUESDAY(S)
8:00 PM til 9:00 PM
680/690 AM



Karn Gill, Realtor
44644 Ann Arbor Road Suite A
Plymouth, MI 48170
Cell: (734) 612-9984
Email: KarnGill@Hotmail.com
Website: www.KarnGill.com

COLDWELL BANKER
Preferred, Realtors

Serving Michigan's Greater Detroit Communities



Topics:
-Bollywood Movie Songs
-Discussions / Debates
-Community Events
-Every Day Issues
-Interviews

Language:
- Hindi
- English
- Punjabi
- Gujarati
- Urdu

If you want to buy or sell a home in Michigan always go with the winner!



ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States



Law Office of Navdeep S. Jhaj

Immigration Law Attorney

General Legal Practice



Navdeep S. Jhaj
Member, American Immigration Lawyers Association

Estate Planning
Personal Injury
Bankruptcy

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ

- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ

1930 W Hubbard, 2nd Floor, Chicago, IL 60622
Voice: 312.404.8893, Fax: 312.243.2277
email: navjhaj@me.com

**Punjab Times**
**Established in 2000**
**10th Year of Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh
**Business & Media Director**
Sunita Chopra
Ph:773-370-7106
**California Bureau:**
Ashok Bhaura
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
Mandeep Mann
661-889-1927
**Honorary Directors Community Relations:**
Pritam S. Grewal
408-406-0703
Kuljeet Singh
510-284-9580
**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿਆਸੀ ਖਿੱਚੋਤਾਣ ਦੀ ਭੇਟ ਚੜ੍ਹਿਆ ਕੋਪਨਹੇਗਨ ਸੰਮੇਲਨ

ਮੰਗ ਕਰ ਰਹੇ ਮੁਜ਼ਾਹਰਾਕਾਰੀ ਵਾਤਾਵਰਣ ਪ੍ਰੇਮੀਆਂ 'ਚੋਂ 968 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਮੁਜ਼ਾਹਰੇ 'ਚ ਭਾਰਤੀ ਫਿਲਮ ਅਭਿਨੇਤਾ ਰਾਹੁਲ ਬੋਸ ਨੇ ਵੀ ਹਿੱਸਾ ਲਿਆ। ਇਸਦੇ ਨਾਲ ਨਾਲ ਵਿਗਿਆਨਕ ਥਾਪਸ ਸਟੋਕਰ ਦਾ ਮੰਨਣਾ ਹੈ ਕਿ ਜੇ ਜਲਵਾਯੂ ਸੰਮੇਲਨ 'ਚ ਕਾਰਬਨ ਰਿਸਾਵ ਘਟਾਉਣ 'ਤੇ ਸਮਝੌਤਾ ਹੋ ਜਾਂਦਾ ਹੈ ਤਾਂ ਵੀ ਧਰਤੀ ਦੇ ਵਧਦੇ ਤਾਪਮਾਨ ਨੂੰ ਰੋਕ ਸਕਣਾ ਸੰਭਵ ਨਹੀਂ ਹੋਵੇਗਾ।

ਕੋਪਨਹੇਗਨ ਸੰਮੇਲਨ ਦੇ ਪਹਿਲੇ ਮਸੌਦੇ ਨੂੰ ਨਾਮਨਜ਼ੂਰ ਕਰਦਿਆਂ ਭਾਰਤ ਦੇ ਵਾਤਾਵਰਨ ਮੰਤਰੀ ਜੈਰਾਮ ਰਮੇਸ਼ ਨੇ ਕਿਹਾ ਕਿ ਭਾਰਤ ਜਲਵਾਯੂ ਤਬਦੀਲੀ ਦੇ ਮੁੱਦੇ 'ਤੇ ਆਪਣੇ ਬੁਨਿਆਦੀ ਸਟੈਂਡ ਤੋਂ ਨਹੀਂ ਥਿੜਕੇਗਾ, ਹਾਲਾਂਕਿ ਇਹ ਸੰਮੇਲਨ ਵਿਚ ਇਕ ਕਾਰਆਮਦ ਤੇ ਸਮਾਨਤਾਪੂਰਨ ਸੰਧੀ ਉਭਾਰਨ ਲਈ ਉਸਾਰੂ ਭੂਮਿਕਾ ਨਿਭਾਵੇਗਾ। ਆਲਮੀ ਤਪਸ਼ ਨਾਲ ਸਿੱਝਣ ਲਈ ਭਾਰਤ ਵਲੋਂ ਕੀਤੇ ਜਾਣ ਵਾਲੇ ਕੌਮੀ ਉਪਰਾਲਿਆਂ ਦੀ ਕੌਮਾਂਤਰੀ ਨਿਰਖ-ਪਰਖ ਨਹੀਂ ਕੀਤੀ ਜਾ ਸਕੇਗੀ ਅਤੇ ਇਨ੍ਹਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਪ੍ਰਗਤੀ ਦੇਸ਼ ਦੀ ਪਾਰਲੀਮੈਂਟ ਵਲੋਂ ਪਰਖੀ ਜਾਵੇਗੀ। ਉਨ੍ਹਾਂ ਕਿਹਾ ਕਿ ਵਾਰਤਾਵਾਂ ਦਾ ਕੇਂਦਰ ਬਿੰਦੂ ਕਿਓਟੋ ਸੰਧੀ ਬਾਰੇ ਕੰਮਕਾਜੀ ਗਰੁੱਪ, ਅਫਰੀਕੀ ਗਰੁੱਪ ਅਤੇ ਟਾਪੂ ਰਾਜਾਂ ਦੇ ਗਠਜੋੜ ਵਲੋਂ ਸੰਭਾਵੀ ਸੰਧੀ ਬਾਰੇ ਪੇਸ਼ ਕੀਤੇ ਖਰੜੇ ਹਨ। ਉਨ੍ਹਾਂ ਕਿਹਾ ਭਾਰਤ ਹਾਲਾਂਕਿ ਉਸਾਰੂ ਗੱਲਬਾਤ ਵਿਚ ਹਿੱਸਾ ਲਵੇਗਾ, ਪਰ ਕੋਈ ਸੌਦੇਬਾਜ਼ੀ ਨਹੀਂ ਕਰੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਗਰੀਨ ਹਾਊਸ ਗੈਸਾਂ ਦੀ ਵੱਧ ਤੋਂ ਵੱਧ ਖਪਤ ਬਾਰੇ ਸਾਲ ਤੈਅ ਕਰਨ ਦੇ ਸੰਕਲਪ ਨਾਲ ਸਹਿਮਤ ਨਹੀਂ ਹਨ, ਕਿਉਂਕਿ ਇਸ ਨਾਲ ਦਿਹਾਤੀ ਭਾਰਤ ਵਿਚ ਬਿਜਲੀ ਦੇ ਵਿਕਾਸ ਉਤੇ ਅਸਰ ਪਵੇਗਾ ਅਤੇ ਇਸ ਖੇਤਰ ਵਿਚ ਬਿਜਲੀ ਦੀ ਪਹਿਲਾਂ ਹੀ ਬੜੀ ਕਿੱਲਤ ਹੈ।

ਸ੍ਰੀ ਜੈਰਾਮ ਨੇ ਕਿਹਾ ਕਿ ਭਾਰਤ ਦਾ ਇਹ ਨਿਸ਼ਚਾ ਹੈ ਕਿ ਹਰੇਕ ਵਿਅਕਤੀ ਨੂੰ ਇਕ ਸਮਾਨ ਮਾਹੌਲ ਹਾਸਲ ਕਰਨ ਦਾ ਹੱਕ ਹੈ ਅਤੇ ਅਮੀਰ ਦੇਸ਼ ਏਸ਼ੀਆ ਅਤੇ ਅਫਰੀਕਾ ਦੇ ਗਰੀਬ ਦੇਸ਼ਾਂ ਨੂੰ ਇਸ ਹੱਕ ਤੋਂ ਵਾਂਝੇ ਰੱਖਣ ਦੇ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਅਜਿਹੀ ਕੌਮਾਂਤਰੀ ਸੰਧੀ ਨਹੀਂ ਕੀਤੀ ਜਾ ਸਕਦੀ ਜੋ ਰੱਜੇ ਪੁੱਜੇ ਤੇ ਗਰੀਬਾਂ ਦੇ ਵਰਗ ਪੈਦਾ ਕਰਦੀ ਹੋਵੇ।

ਵਾਤਾਵਰਣ ਮੰਤਰੀ ਨੇ ਸਪੱਸ਼ਟ ਕੀਤਾ ਕਿ ਭਾਰਤ ਨੇ ਨਾ ਸਿਰਫ ਕਾਰਬਨ ਗੈਸਾਂ ਦੀ ਘਣਤਾ 2020 ਤੱਕ 2005 ਦੇ ਪੱਧਰ ਤੋਂ 20-25 ਫੀਸਦੀ ਘਟਾਉਣ ਦਾ ਇੱਛੁਕ ਤੌਰ 'ਤੇ ਐਲਾਨ ਕੀਤਾ, ਸਗੋਂ ਕੌਮੀ ਤੌਰ 'ਤੇ ਨਿਰਖ-ਪਰਖਯੋਗ ਠੱਲ੍ਹ ਪਾਊ ਯੋਜਨਾ ਵੀ ਤਿਆਰ ਕੀਤੀ ਹੈ। ਇਸ ਦਾ ਭਾਵ ਹੈ ਕਿ ਘਰੇਲੂ ਪੱਧਰ 'ਤੇ ਕੀਤੇ ਜਾਣ ਵਾਲੇ ਇਨ੍ਹਾਂ ਉਪਰਾਲਿਆਂ ਦੀ ਪਾਰਲੀਮੈਂਟ, ਨਾਗਰਿਕ ਸਮਾਜ ਅਤੇ ਮੀਡੀਆ ਵਲੋਂ ਨਿਰਖ-ਪਰਖ ਹੋ ਸਕੇਗੀ। ਛੋਟੇ ਟਾਪੂ ਦੇਸ਼ਾਂ ਵਲੋਂ ਆਪਣਾ ਵੱਖਰਾ ਖਰੜਾ ਪੇਸ਼ ਕੀਤੇ ਜਾਣ ਨੂੰ ਭਾਰਤ ਵਲੋਂ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਇਕ ਰੱਸੇ ਬੰਨ੍ਹਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

ਵਿਕਾਸਸ਼ੀਲ ਦੇਸ਼ਾਂ ਖਾਸ ਤੌਰ 'ਤੇ ਭਾਰਤ, ਚੀਨ, ਦੱਖਣੀ ਅਫਰੀਕਾ ਅਤੇ ਬਰਾਜ਼ੀਲ ਨੇ ਕਿਓਟੋ ਸੰਧੀ ਬਾਰੇ ਇਕੋ ਜਿਹਾ ਰੁਖ ਅਖਤਿਆਰ ਕੀਤਾ ਹੋਇਆ ਹੈ। ਭਾਰਤ ਨੇ ਕਿਓਟੋ ਸੰਧੀ ਵਿਚ ਕੋਈ ਵੀ ਸੋਧ ਕੀਤੇ ਜਾਣ ਦਾ ਵਿਰੋਧ ਕੀਤਾ ਹੈ ਜਦਕਿ ਯੂਰਪੀ ਯੂਨੀਅਨ ਨੇ 1997 ਦੀ ਇਸ ਵਾਤਾਵਰਣ ਸੰਧੀ ਰਾਹੀਂ ਕਿਸੇ ਵੱਡੇ ਸਮਝੌਤੇ ਲਈ ਦਬਾਅ ਬਣਾਇਆ ਜੋ ਗਰੀਨ ਹਾਊਸ ਗੈਸਾਂ ਦੀ ਕਟੌਤੀ ਲਈ ਵਿਕਾਸਸ਼ੀਲ ਦੇਸ਼ਾਂ 'ਤੇ ਵਧੇਰੇ ਜ਼ਿੰਮੇਵਾਰੀ ਪਾਉਂਦਾ ਹੈ। ਛੋਟੇ ਜਿਹੇ ਟਾਪੂ ਦੇਸ਼ ਤਵਾਲੂ ਨੇ ਇਕ ਵਾਰ ਫਿਰ ਕਿਓਟੋ ਸੰਧੀ ਦੀ ਥਾਂ ਦੂਜੀ ਸੰਧੀ ਲਿਆਉਣ ਦਾ ਮਤਾ ਪਾਸ ਕੀਤਾ। ਭਾਰਤ ਦੇ ਵਾਤਾਵਰਣ ਸਕੱਤਰ ਵਿਜੈ ਸ਼ਰਮਾ ਨੇ ਸੰਮੇਲਨ ਵਿਚ ਕਿਹਾ ਕਿ ਤਵਾਲੂ ਇਕ ਛੋਟਾ ਜਿਹਾ ਟਾਪੂ ਦੇਸ਼ ਹੈ ਜਿਥੇ ਲੋਕ ਸਮੁੰਦਰ ਤਲ ਤੋਂ ਸਿਰਫ ਦੋ ਮੀਟਰ ਦੀ ਉਚਾਈ 'ਤੇ ਰਹਿੰਦੇ ਹਨ। ਸਮੁੰਦਰ ਵਿਚ ਪਾਣੀ ਦਾ ਪੱਧਰ ਵਧ ਜਾਣ 'ਤੇ ਇਸ ਦੇਸ਼ ਦੇ ਡੁੱਬ ਜਾਣ ਦਾ ਖਤਰਾ ਹੈ। ਉਧਰ ਤਵਾਲੂ ਦੇ ਨੁਮਾਇੰਦੇ ਇਆਨ ਫਰਾਹੀ ਨੇ ਕੋਪਨਹੇਗਨ ਸੰਮੇਲਨ ਦੇ ਮੁਖੀ ਕੋਨੀ ਹੇਗਾਰਡ ਨੂੰ ਗੁਜ਼ਾਰਿਸ਼ ਕੀਤੀ ਕਿ ਨਵੀਂ ਸੰਧੀ ਹੋਂਦ ਵਿਚ ਲਿਆਉਣ ਲਈ ਇਕ ਮਤੇ ਤੇ ਵਿਚਾਰ ਕਰਕੇ ਤੁਰੰਤ ਸੰਪਰਕ ਸਮੂਹ ਬਣਾਇਆ ਜਾਵੇ ਜਿਸ ਰਾਹੀਂ ਵਿਕਸਤ ਦੇਸ਼ਾਂ ਅਤੇ ਉਭਰਦੇ ਅਰਥਚਾਰਿਆਂ ਉਪਰ ਗਰੀਨ ਹਾਊਸ ਗੈਸਾਂ ਦੀ ਪੈਦਾਇਸ਼ ਵਿਚ ਕਟੌਤੀ ਨੂੰ ਲਾਜ਼ਮੀ ਤੌਰ 'ਤੇ ਲਾਗੂ ਕਰਨ ਲਈ ਦਬਾਅ ਪਾਇਆ ਜਾਵੇ।

ਉਧਰ ਭਾਰਤ, ਚੀਨ ਅਤੇ ਸਾਊਦੀ ਅਰਬ ਸਮੇਤ ਵਿਕਾਸਸ਼ੀਲ ਅਤੇ ਤੇਲ ਉਤਪਾਦਕ ਦੇਸ਼ਾਂ ਨੇ ਇਸ ਆਧਾਰ ਤੇ ਇਸ ਗੱਲ ਦਾ ਵਿਰੋਧ ਕੀਤਾ ਕਿ ਕਿਓਟੋ ਸੰਧੀ ਤੋਂ ਕਿਸੇ ਵੀ ਤਰ੍ਹਾਂ ਦੀ ਦੂਰੀ ਨਹੀਂ ਬਣਾਈ ਜਾਣੀ ਚਾਹੀਦੀ ਕਿਉਂਕਿ ਉਹੀ ਇਕ ਕਨੂੰਨੀ ਤੌਰ 'ਤੇ ਪਾਬੰਦੀ ਲਾਗੂ ਕਰਨ ਵਾਲੀ ਸੰਧੀ ਹੈ। ਇਹ ਉਦਯੋਗਿਕ ਦੇਸ਼ਾਂ ਉਤੇ ਗੈਸਾਂ ਦੀ ਪੈਦਾਇਸ਼ ਦੇ ਮਾਮਲੇ ਬਾਰੇ ਕਾਨੂੰਨੀ ਪਾਬੰਦੀ ਲਗਾਉਂਦੀ ਹੈ। ਅਮਰੀਕਾ ਜਾਂ ਉਭਰਦੇ ਅਰਥਚਾਰਿਆਂ ਉਪਰ ਇਸ ਸੰਧੀ ਤਹਿਤ ਕੋਈ ਪਾਬੰਦੀ ਨਹੀਂ ਹੈ।

ਭਾਰਤ ਦੇ ਤਿਖੇ ਵਿਰੋਧ ਪਿਛੋਂ ਵੱਖ-ਵੱਖ ਦੇਸ਼ਾਂ ਵਿਚ ਹਰੀ ਟੈਕਨਾਲੋਜੀ ਦੇ ਵਿਕਾਸ ਅਤੇ ਉਸ ਨੂੰ ਸਾਂਝਾ ਕਰਨ ਲਈ ਪੌਣ ਪਾਣੀ ਨਾਲ ਤਬਦੀਲੀ ਕੇਂਦਰਾਂ ਦੇ ਨੈਟਵਰਕ ਬਣਾਉਣ ਦੇ ਭਾਰਤ ਦੇ ਪ੍ਰਸਤਾਵ ਨੂੰ ਮਨਜ਼ੂਰ ਕਰ ਲਿਆ ਗਿਆ ਹੈ ਅਤੇ ਇਹ ਕੋਪਨਹੇਗਨ ਸਮਝੌਤੇ ਦਾ ਆਧਾਰ ਹੋਵੇਗਾ। 12 ਦਿਨਾਂ ਜਲਵਾਯੂ ਸਿਖਰ ਸੰਮੇਲਨ 'ਚ ਇਹ ਤੈਅ ਹੋਇਆ ਕਿ ਪੌਣ-ਪਾਣੀ ਨਵ ਤਬਦੀਲੀ ਕੇਂਦਰਾਂ ਦਾ ਉਦੇਸ਼ ਸਥਾਨਕ ਟੈਕਨਾਲੋਜੀ ਦੀਆਂ ਜ਼ਰੂਰਤਾਂ ਦੀ ਪਛਾਣ ਅਤੇ ਉਨ੍ਹਾਂ ਦਾ ਵਿਕਾਸ ਤੇ ਮੌਜੂਦਾ ਟੈਕਨਾਲੋਜੀ ਦਾ ਪ੍ਰਸਾਰ ਕਰਨਾ ਹੋਵੇਗਾ। ਭਾਰਤ ਦੇ ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਨੇ ਕਿਹਾ ਕਿ ਜਲਵਾਯੂ ਊਰਜਾ ਨਵ ਤਬਦੀਲੀ ਕੇਂਦਰਾਂ ਦੇ ਨੈਟਵਰਕ ਦਾ ਵਿਚਾਰ ਕੌਮਾਂਤਰੀ ਏਜੰਡੇ ਦਾ ਹਿੱਸਾ ਹੈ। ਉਨ੍ਹਾਂ ਸੰਕੇਤ ਦਿੱਤਾ ਕਿ 12 ਦਿਨ ਦੀ ਵਾਰਤਾ ਪਿਛੋਂ ਸਿਆਸੀ ਬਿਆਨ ਜਾਰੀ ਕੀਤਾ ਜਾਵੇਗਾ ਜਿਸ ਦੌਰਾਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੀ ਮੌਜੂਦ ਹੋਣਗੇ।

## ਸੰਯੁਕਤ ਰਾਸ਼ਟਰ ਵਲੋਂ ਨਵਾਂ ਖਰੜਾ ਜਾਰੀ

**ਕੋਪਨਹੇਗਨ:** ਵਾਤਾਵਰਣ ਤਬਦੀਲੀਆਂ ਬਾਰੇ ਸੰਮੇਲਨ ਦੌਰਾਨ ਵਿਸ਼ਵ ਭਰ ਦੇ ਦੇਸ਼ਾਂ ਦੇ ਨੁਮਾਇੰਦੇ ਜਿਥੇ ਸਰਬ ਪ੍ਰਵਾਨਤ ਸਮਝੌਤੇ ਨੂੰ ਅੰਤਿਮ ਰੂਪ ਦੇਣ ਵਿਚ ਲੱਗੇ ਹੋਏ ਹਨ ਉਥੇ ਹੀ ਸੰਯੁਕਤ ਰਾਸ਼ਟਰ ਦੇ ਇਕ ਪੈਨਲ ਨੇ ਲੰਘੀ 15 ਦਸੰਬਰ ਨੂੰ ਸਮੱਸਿਆ ਦੇ ਟਾਕਰੇ ਲਈ ਨਵਾਂ ਖਰੜਾ ਜਾਰੀ ਕਰ ਦਿਤਾ ਪਰ ਇਸ ਵਿਚ ਲੰਬੇ ਸਮੇਂ ਦੌਰਾਨ ਗਰੀਨ ਹਾਊਸ ਗੈਸਾਂ ਦੀ ਪੈਦਾਇਸ਼ ਵਿਚ ਕਟੌਤੀ ਬਾਰੇ ਅੰਕੜਿਆਂ ਅਤੇ ਗਰੀਬ ਦੇਸ਼ਾਂ ਲਈ ਵਿੱਤੀ ਸਹਾਇਤਾ ਦਾ ਕੋਈ ਜ਼ਿਕਰ ਨਹੀਂ ਕੀਤਾ।

ਨਵਾਂ ਖਰੜਾ ਜਿਸ ਵਿਚ ਗਰੀਨ ਹਾਊਸ ਗੈਸਾਂ ਦੀ ਕਟੌਤੀ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ, ਨੂੰ ਸੰਯੁਕਤ ਰਾਸ਼ਟਰ ਦੀ ਵਾਤਾਵਰਣ ਕਮੇਟੀ (ਯੂ.ਐਨ.ਐਫ.ਸੀ.ਸੀ.) ਨੇ ਪੇਸ਼ ਕੀਤਾ। ਵਿਕਾਸਸ਼ੀਲ ਦੇਸ਼ ਇਸ ਖਰੜੇ ਨੂੰ ਅਪਣੀ ਜਿੱਤ ਦੇ ਰੂਪ ਵਿਚ ਵੇਖ ਰਹੇ ਹਨ। ਵੱਖ-ਵੱਖ ਦੇਸ਼ਾਂ ਦੇ ਵਾਤਾਵਰਣ ਮੰਤਰੀ ਇਥੇ ਇਕ ਅਜਿਹੇ ਸਮਝੌਤੇ ਦਾ ਖਰੜਾ ਤਿਆਰ ਕਰਨ ਲਈ ਇਕੱਠੇ ਹੋਏ ਹਨ ਜੋ ਉਨ੍ਹਾਂ ਦੇ ਆਗੂਆਂ ਨੂੰ ਪ੍ਰਵਾਨਤ ਹੋਵੇ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਚੀਨ ਦੇ ਪ੍ਰਧਾਨ ਮੰਤਰੀ ਵੈੱਨ ਜਿਆਬਾਓ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਗਾਰਡਨ ਬਰਾਊਨ ਸਣੇ 110 ਦੇਸ਼ਾਂ ਦੇ ਮੁਖੀ ਵਾਤਾਵਰਣ ਸੰਮੇਲਨ ਦੇ ਅੰਤਲੇ ਦਿਨਾਂ 17 ਅਤੇ 18 ਦਸੰਬਰ ਨੂੰ ਇਥੇ ਆਉਣਗੇ। ਕਲ ਭਾਰਤ ਸਣੇ ਅਫਰੀਕਾ ਦੀ ਅਗਵਾਈ ਵਾਲੇ ਦੇਸ਼ਾਂ ਨੇ ਕਿਓਟੋ ਸੰਧੀ ਨੂੰ ਨਜ਼ਰਅੰਦਾਜ਼ ਕਰਨ ਅਤੇ ਧਰਤੀ ਦੇ ਵਧ ਰਹੇ ਤਾਪਮਾਨ ਨੂੰ ਕਾਬੂ ਕਰਨ ਲਈ ਸੁਹਿਰਦ ਯਤਨ ਨਾ ਕਰਨ ਦਾ ਦੋਸ਼ ਲਗਾਉਂਦਿਆਂ ਸੰਮੇਲਨ ਵਿਚੋਂ ਵਾਕ ਆਊਟ ਕੀਤਾ ਸੀ।

# ਪੰਜਾਬ ਸਰਕਾਰ ਨਿਰਮਲ ਸਿੰਘ ਕਾਹਲੋਂ ਦੇ ਬਚਾਅ 'ਚ ਡਟੀ

**ਚੰਡੀਗੜ੍ਹ :** ਬੀਤੇ ਦਿਨੀਂ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ, ਕਾਂਗਰਸ ਨੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਜ਼ਬਰਦਸਤ ਹੰਗਾਮਾ ਕੀਤਾ ਅਤੇ ਸਦਨ ਦੀ ਕਾਰਵਾਈ ਨਾ ਚੱਲਣ ਦਿੱਤੀ। ਵਿਰੋਧੀ ਧਿਰ ਵਲੋਂ ਨਿਰਮਲ ਸਿੰਘ ਕਾਹਲੋਂ ਵਾਲਾ ਕੇਸ ਸੀ ਬੀ ਆਈ ਨੂੰ ਦੇਣ ਦੀ ਮੰਗ ਵੀ ਕੀਤੀ ਗਈ।

ਇਸ ਹਾਲਤ ਵਿਚ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਕਾਂਗਰਸ ਨੇ ਸ਼ਰਾਰਤ ਨਾਲ ਵਿਧਾਨ ਸਭਾ ਸੈਸ਼ਨ ਮੌਕੇ 'ਤੇ ਉਨ੍ਹਾਂ ਖਿਲਾਫ਼ ਅੱਠ ਸਾਲ ਪੁਰਾਣੇ ਕੇਸ ਨੂੰ ਉਛਾਲਿਆ ਹੈ। ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਕਾਂਗਰਸ, ਸਦਨ ਦੇ ਕੀਮਤੀ ਸਮੇਂ ਅਤੇ ਪੈਸੇ ਨੂੰ ਆਪਣੀ ਅੰਦਰੂਨੀ ਲੜਾਈ ਲਈ ਬਰਬਾਦ ਕਰ ਰਹੀ ਹੈ ਸਪੀਕਰ ਨੇ ਮੀਡੀਆ ਵਿਚ ਆਈਆਂ ਖ਼ਬਰਾਂ ਬਾਰੇ ਟਿੱਪਣੀ ਕਰਦੇ ਹੋਏ ਕਿਹਾ ਕਿ ਕਾਂਗਰਸ ਨੇ ਪਹਿਲਾਂ ਮੀਡੀਆ ਵਿਚ ਉਨ੍ਹਾਂ ਦੇ ਪੁਰਾਣੇ ਕੇਸ ਦੀਆਂ ਖ਼ਬਰਾਂ ਲਵਾਈਆਂ ਅਤੇ ਉਸ ਦੇ ਨਾਲ ਹੀ ਸਦਨ ਵਿਚ ਇਸ ਦਾ ਮੁੱਦਾ ਬਣਾ ਲਿਆ।ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪਹਿਲਾਂ ਹੀ ਰੋਸ ਵਿਖਾਵੇ ਦੀ ਤਿਆਰੀ ਕੀਤੀ ਹੋਈ ਸੀ ਖ਼ਬਰਾਂ ਬਾਅਦ ਵਿਚ ਅਖ਼ਬਾਰਾਂ ਵਿਚ ਆਈਆਂ। ਵਿਰੋਧੀ ਧਿਰ ਦੀ ਮੰਗ 'ਤੇ ਕੇਸ ਵਿਚ ਸੀ. ਬੀ. ਆਈ. ਨੂੰ ਆਗਿਆ ਦੇਣ ਜਾਂ ਨਾ ਦੇਣ ਬਾਰੇ ਉਨ੍ਹਾਂ ਕਿਹਾ ਕਿ ਇਹ ਕੰਮ ਸਰਕਾਰ ਦਾ ਹੈ ਅਤੇ ਕੋਈ ਵੀ ਫੈਸਲਾ ਲੈਣਾ ਸਰਕਾਰ ਦਾ ਹੱਕ ਹੈ, ਪਰ ਇਸ ਮਾਮਲੇ ਵਿਚ ਉਨ੍ਹਾਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ। ਇਹ ਸਾਰਿਆਂ ਨੂੰ ਪਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਰਾਜਸੀ ਬਦਲੇ ਦੀ ਭਾਵਨਾ ਨਾਲ ਰਾਜਸੀ ਆਗੂਆਂ 'ਤੇ ਬਹੁਤ ਸਾਰੇ ਕੇਸ ਬਣੇ ਸਨ ਅਤੇ ਇਥੋਂ ਤਕ ਬੀਬੀ ਭੱਠਲ ਵੀ ਮੰਤਰੀ ਹੁੰਦੇ ਹੋਏ ਕੇਸ ਭੁਗਤ ਰਹੇ ਸਨ।

ਉਧਰ ਸ. ਕਾਹਲੋਂ ਨੂੰ ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਕੇਸ 'ਚ ਰਾਹਤ ਦੇਣ ਦਾ ਸਿਧਾਂਤਕ ਫੈਸਲਾ ਲੈ ਲਿਆ ਹੈ। ਸਰਕਾਰ ਦੇ ਫੈਸਲੇ ਮੁਤਾਬਕ ਕੇਂਦਰੀ ਜਾਂਚ ਬਿਊਰੋ ਨੂੰ ਸਪੀਕਰ ਵਿਰੁਧ ਰਿਸ਼ਵਤ ਦਾ ਕੇਸ ਚਲਾਉਣ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਰਹੀ।



ਸੀ. ਬੀ. ਆਈ. ਨੇ ਭ੍ਰਿਸ਼ਟਾਚਾਰ ਦਾ ਇਹ ਕੇਸ ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਪੰਚਾਇਤ ਵਿਭਾਗ 'ਚ 909 ਪੰਚਾਇਤ ਸਕੱਤਰਾਂ ਦੀ ਭਰਤੀ ਦੇ ਮਾਮਲੇ ਵਿਚ ਤੱਤਕਾਲੀਨ ਪੰਚਾਇਤ ਮੰਤਰੀ ਨਿਰਮਲ ਸਿੰਘ ਕਾਹਲੋਂ ਤੇ ਅੱਧੀ ਦਰਜਨ ਤੋਂ ਵੱਧ ਅਫਸਰਾਂ ਵਿਰੁਧ ਦਰਜ ਕੀਤਾ ਸੀ। ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਦੀ ਮਨਜ਼ੂਰੀ ਦੇਣ ਦੇ ਅਧਿਕਾਰ ਭਾਵੇਂ ਪੰਜਾਬ ਦੇ ਰਾਜਪਾਲ ਕੋਲ ਹਨ ਪਰ ਰਾਜ ਸਰਕਾਰ ਵਲੋਂ ਇਸ ਮਾਮਲੇ 'ਤੇ ਮੰਤਰੀ ਮੰਡਲ ਦੀ ਮੋਹਰ ਲਗਵਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਸੂਤਰਾਂ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਫ਼ਤਰ ਅਤੇ ਮੁੱਖ ਸਕੱਤਰ ਪੰਜਾਬ ਦੇ ਦਫ਼ਤਰ ਵਲੋਂ ਮਿਲੇ ਜ਼ੁਬਾਨੀ ਆਦੇਸ਼ਾਂ ਤੋਂ ਬਾਅਦ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਲੋਂ ਕੈਬਨਿਟ ਨੂੰ ਭੇਜੇ ਜਾਣ ਵਾਲੇ ਮੈਮੋਰੰਡਮ ਦੀ ਤਿਆਰੀ ਕੀਤੀ ਜਾ ਰਹੀ ਹੈ। ਮੰਤਰੀ ਮੰਡਲ ਦੀ 3 ਦਸੰਬਰ ਨੂੰ ਹੋਈ ਮੀਟਿੰਗ 'ਚ ਵੀ ਇਸ ਮਾਮਲੇ 'ਤੇ ਵਿਚਾਰ ਚਰਚਾ ਹੋਈ ਸੀ ਪਰ ਵਿਭਾਗ ਦੇ ਮੈਮੋਰੰਡਮ 'ਤੇ ਮੌਜੂਦਾ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਵਲੋਂ ਸਹੀ ਨਾ ਪਾਏ ਜਾਣ ਕਾਰਨ ਸਪੀਕਰ ਨੂੰ ਰਾਹਤ ਦੇਣ ਦਾ ਮਾਮਲਾ ਇਕ ਵਾਰ ਲਮਕ ਗਿਆ। ਵਿਭਾਗ ਨੂੰ ਮੁੜ ਤੋਂ ਮੈਮੋਰੰਡਮ ਭੇਜਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਪੰਜਾਬ ਸਰਕਾਰ ਵਲੋਂ ਸੀ ਰੋਡਰਿਗਜ਼ ਦੇ ਰਾਜਪਾਲ ਹੁੰਦਿਆਂ ਹੀ ਇਸ ਕੇਸ ਨੂੰ ਨਿਪਟਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਸੀ. ਬੀ. ਆਈ. ਵਲੋਂ ਇਸੇ ਸਾਲ ਮਾਰਚ ਮਹੀਨੇ 'ਚ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਨਿਰਮਲ ਸਿੰਘ ਕਾਹਲੋਂ ਅਤੇ ਹੋਰਨਾਂ ਵਿਰੁਧ ਦਰਜ ਭ੍ਰਿਸ਼ਟਾਚਾਰ ਦੇ ਕੇਸ ਨੂੰ ਚਲਾਉਣ ਦੀ ਮਨਜ਼ੂਰੀ ਮੰਗੀ ਗਈ ਸੀ। ਉਸ ਤੋਂ ਬਾਅਦ ਸਰਕਾਰ ਵਲੋਂ ਇਸ ਮਾਮਲੇ ਨੂੰ ਕਈ ਪੱਧਰ 'ਤੇ ਵਿਚਾਰਿਆ ਗਿਆ। ਸੀ. ਬੀ. ਆਈ. ਵਲੋਂ ਸਰਕਾਰ ਨੂੰ ਲਗਾਤਾਰ ਪੱਤਰ ਲਿਖੇ ਜਾ ਰਹੇ ਹਨ। ਇਸ ਏਜੰਸੀ ਵਲੋਂ ਤਾਜ਼ਾ ਪੱਤਰ ਅਕਤੂਬਰ ਮਹੀਨੇ ਦੌਰਾਨ ਲਿਖਿਆ ਗਿਆ ਸੀ। ਜਾਂਚ ਏਜੰਸੀ ਵਲੋਂ ਪਾਏ ਜਾ ਰਹੇ ਦਬਾਅ ਕਾਰਨ ਸਰਕਾਰ ਨੇ ਇਸ ਕੇਸ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣ ਦਾ ਫੈਸਲਾ ਕਰ ਲਿਆ ਹੈ। ਉਂਝ ਸਪੀਕਰ ਵਿਰੁਧ ਕੇਸ ਨੂੰ ਮਨਜ਼ੂਰੀ ਦੇਣ ਤੋਂ ਨਾਂਹ ਕਰਨ 'ਚ ਮਾਝੇ ਦੀ ਸਿਆਸਤ ਵੀ ਅੜਿੱਕਾ ਬਣਨ ਲੱਗੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਿੱਜੀ ਦਖਲ ਦਿੰਦਿਆਂ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਮਨਾ ਲਿਆ ਹੈ ਕਿ ਮਨਜ਼ੂਰੀ ਨਾ ਦੇਣ ਸਬੰਧੀ ਮੈਮੋਰੰਡਮ 'ਦੇ ਦਸਤਖ਼ਤ ਕਰ ਦੇਣ। ਪ੍ਰਾਪਤ ਜਾਣਕਾਰੀ ਮੁਤਾਬਕ ਸੀ. ਬੀ. ਆਈ. ਵਲੋਂ ਇਹ ਕੇਸ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀਆਂ ਹਦਾਇਤਾਂ 'ਤੇ ਜਾਂਚ ਤੋਂ ਬਾਅਦ ਦਰਜ ਕੀਤਾ ਗਿਆ ਸੀ। ਇਸ ਕੇਸ 'ਚ ਸੀ. ਬੀ. ਆਈ. ਨੇ ਆਈ. ਏ. ਐਸ. ਅਧਿਕਾਰੀ ਮਨਦੀਪ ਸਿੰਘ ਅਤੇ ਸਾਬਕਾ ਆਈ. ਏ. ਐਸ. ਜੇ. ਐਸ ਕੇਸਰ ਨੂੰ ਵੀ ਮੁਲਜ਼ਮ ਬਣਾਇਆ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਪੰਜਾਬ ਸਰਕਾਰ ਨੇ ਇਸੇ ਸਾਲ ਜਨਵਰੀ ਮਹੀਨੇ 'ਚ ਇਨ੍ਹਾਂ ਪੰਚਾਇਤ ਸਕੱਤਰਾਂ ਦੀਆਂ ਸੇਵਾਵਾਂ ਪੱਕੀਆਂ ਕਰ ਦਿੱਤੀਆਂ ਹਨ। ਭਰਤੀ ਦੌਰਾਨ ਰਿਸ਼ਵਤ ਚੱਲਣ ਦੇ ਦੋਸ਼ਾਂ ਕਾਰਨ ਸਾਬਕਾ ਕਾਂਗਰਸ ਸਰਕਾਰ ਨੇ 909 ਪੰਚਾਇਤ ਸਕੱਤਰਾਂ ਨੂੰ ਨੌਕਰੀਆਂ ਤੋਂ ਬਰਖਾਸਤ ਕਰ ਦਿੱਤਾ ਸੀ। ਰਾਜਨੀਤਕ ਦਬਾਅ ਕਾਰਨ ਕੁਝ ਸਾਲ ਬਾਅਦ ਇਹੀ ਪੰਚਾਇਤ ਸਕੱਤਰ ਠੇਕੇ 'ਤੇ ਮੁੜ ਭਰਤੀ ਕਰ ਲਏ ਗਏ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂਤ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਲੁਹਾਰਾ ਦੇ ਭੋਗ ਸਮਾਗਮ ’ਤੇ ਬਾਦਲ ਵਿਰੋਧੀਆਂ ਦਾ ਬੋਲਬਾਲਾ ਰਿਹਾ



ਦਰਸ਼ਨ ਸਿੰਘ ਦੇ ਪਰਿਵਾਰ ਨੂੰ ਸਨਮਾਨਤ ਕਰਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਹੋਰ ਸਿਆਸੀ ਧਾਰਮਿਕ ਆਗੂ

**–ਸੱਤਾਧਾਰੀ ਧਿਰ ਦਰਸ਼ਨ ਸਿੰਘ ਦੇ ਗ੍ਰਹਿ ਵਿਖੇ ਹਾਜ਼ਰੀ ਲਵਾ ਕੇ ਗਈ**

**–ਸ਼ਹੀਦੀ ਸਮਾਗਮ ਬਾਦਲ ਵਿਰੋਧੀਆਂ ਦੇ ਕਬਜੇ ਵਿਚ ਰਿਹਾ।**

**ਲੁਧਿਆਣਾ :** ਆਸ਼ੂਤੋਸ਼ ਗੋਲੀ ਕਾਂਡ ਵਿਚ ਮਾਰੇ ਗਏ ਦਰਸ਼ਨ ਸਿੰਘ ਲੁਹਾਰਾ ਦੀ ਅੰਤਮ ਅਰਦਾਸ ਦਾ ਸਮਾਗਮ ਬੀਤੀ 14 ਦਸੰਬਰ ਨੂੰ ਇਕ ਵਿਸ਼ਾਲ ਪੰਥਕ ਇਕੱਠ ਹੋ ਨਿਬੜਿਆ। ਗੁਰਦਵਾਰਾ ਸਿੰਘ ਸਭਾ ਲੁਹਾਰਾ ’ਚ ਹੋਏ ਇਸ ਸਮਾਗਮ ਵਿਚ ਸੰਤ ਸਮਾਜ ਦੇ ਆਗੂ, ਦਿੱਲੀ ਗੁਰਦਵਾਰਾ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਮੇਤ ਕਈ ਪ੍ਰਮੁੱਖ ਆਗੂਆਂ ਨੇ ਸ਼ਮੂਲੀਅਤ ਕੀਤੀ। ਪੰਥਕ ਸਰਕਾਰ ਦਾ ਕੋਈ ਵੀ ਨੁਮਾਇੰਦਾ ਸ਼ਰਧਾਂਜਲੀ ਭੇਟ ਕਰਨ ਨਾ ਬਹੁੜਿਆ। ਸ਼੍ਰੋਮਣੀ ਕਮੇਟੀ ਨੇ ਵੀ ਇਸ ਸਾਮਗਮ ਤੋਂ ਕਿਨਾਰਾ ਕਰਨਾ ਹੀ ਬਿਹਤਰ ਸਮਝਿਆ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਬਾਦਲ ਦੀ ਸਰਕਾਰ ਜਦੋਂ ਵੀ ਸੱਤਾ ਵਿਚ ਆਈ, ਸਿੱਖਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਜਾਂਦਾ ਰਿਹਾ। ਉਨ੍ਹਾਂ ਕਿਹਾ ਕਿ ਬਾਦਲ ਦੀ ਆਰ.ਐਸ.ਐਸ ਨਾਲ ਸਾਂਝ ਕਿਸੇ ਤੋਂ ਲੁਕੀ ਨਹੀਂ ਹੈ। ਸੰਤ ਸਮਾਜ ‘ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਅਪਣੀ ਦੋਗਲੀ ਨੀਤੀ ਛੱਡ ਕੇ ਸਾਂਝਾ ਪੰਥਕ ਫ਼ਰੰਟ ਕਾਇਮ ਕਰਨਾ ਚਾਹੀਦਾ ਹੈ ਤਾਂ ਕਿ ਬਾਦਲਕਿਆਂ ਦਾ ਸਫ਼ਾਇਆ ਕੀਤਾ ਜਾ ਸਕੇ। ਸ. ਸਰਨਾ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਜਦੋਂ ਮਰਜ਼ੀ ਬੁਲਾ ਲੈਣ, ਉਹ 24 ਘੰਟੇ ਦੇ ਨੋਟਿਸ ‘ਤੇ ਹਾਜ਼ਰ ਹੋ ਜਾਣਗੇ।ਉਨ੍ਹਾਂ ਕਿਹਾ ਕਿ ਰਹਿਤ ਮਰਿਆਦਾ ਦੀ ਗੱਲ ਕਰਨ ਵਾਲੇ ਪਹਿਲਾਂ ਆਪ ਇਸ ਨੂੰ ਮੰਨਣ। ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਗੁਰੂ ਨਿੰਦਕਾਂ ਅਤੇ ਪੰਥ ਦੋਖੀਆਂ ਵਲੋਂ ਥੋੜ੍ਹੇ ਥੋੜ੍ਹੇ ਸਮੇਂ ਪਿਛੋਂ ਸਿੱਖਾਂ ਦੇ ਸਬਰ ਦਾ ਇਮਤਿਹਾਨ ਲਿਆ ਜਾ ਰਿਹਾ ਹੈ। ਹਮੇਸ਼ਾ ਬਾਦਲ ਸਰਕਾਰ ਸਮੇਂ ਹੀ ਸਿੰਘਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਜ਼ਰੂਰਤ ਹੈ ਕਿ ਕੌਮ ਇਨ੍ਹਾਂ ਪੰਥ ਵਿਰੋਧੀ ਤਾਕਤਾਂ ਨੂੰ ਪਛਾਣੇ। ਸਿਮਰਨਜੀਤ ਸਿੰਘ ਮਾਨ ਦੇ ਭਾਸ਼ਣ ਦੌਰਾਨ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਗੂੰਜਦੇ ਰਹੇ ਤੇ ਉਨ੍ਹਾਂ ਨੇ ਅਪਣੇ ਭਾਸ਼ਣ ਨੂੰ ਵੀ ਇਸ ਨਾਹਰੇ ਨਾਲ ਹੀ ਖ਼ਤਮ ਕੀਤਾ। ਭਾਈ ਰਣਜੀਤ ਸਿੰਘ ਨੇ ਅਪਣੀ ਜੋਸ਼ੀਲੀ ਤਕਰੀਰ ਵਿਚ ਸੰਗਤ ਨੂੰ ਸੱਦਾ ਦਿਤਾ ਕਿ ਉਹ ਬਾਦਲ ਪਰਵਾਰ ਦਾ ਸਮਾਜਕ ਬਾਈਕਾਟ ਕਰਨ। ਅਕਾਲ ਤਖ਼ਤ ਨੂੰ ਬਾਦਲ ਪਰਵਾਰ ਦੀ ਜੁੰਡਲੀ ਦੇ ਕਬਜ਼ੇ ’ਚੋਂ ਆਜ਼ਾਦ ਕਰਵਾਉਣਾ ਹਰੇਕ ਸਿੱਖ ਦਾ ਮੁਢਲਾ ਫ਼ਰਜ਼ ਹੈ। ਬਾਦਲ ਸਰਕਾਰ ਨੇ ਸਿਰਫ਼ ਪੰਥਕ ਹੋਣ ਦਾ ਮੁਖੌਟਾ ਪਾਇਆ ਹੋਇਆ ਹੈ ਜਦਕਿ ਇਸ ਦੇ ਕੰਮ ਪੰਥ ਵਿਰੋਧੀ ਹਨ। ਉਨ੍ਹਾਂ ਕਿਹਾ ਕਿ ਬੀਬੀ ਸੁਰਿੰਦਰ ਕੌਰ ਆਸ਼ੂਤੋਸ਼ੀਏ ਦੀ ਚੇਲੀ ਹੈ। ਉਸ ਨੂੰ ਸੱਭ ਤੋਂ ਪਹਿਲਾਂ ਅਕਾਲ ਤਖ਼ਤ ‘ਤੇ ਤਲਬ ਕੀਤਾ ਜਾਵੇ। ਜਿਸ ਦਿਨ ਬਾਦਲ ਦਾ ਖ਼ਾਤਮਾ ਹੋ ਜਾਵੇਗਾ, ਉਸ ਦਿਨ ਹੀ ਪੰਜਾਬ ਚੋਂ ਡੇਰੇ ਖ਼ਤਮ ਹੋ ਜਾਣਗੇ। ਸੰਤ ਸਮਾਜ ਦੇ ਪ੍ਰਧਾਨ ਹਰਨਾਮ ਸਿੰਘ ਧੁੰਮਾ ਨੇ ਕਿਹਾ ਕਿ ਬਾਦਲ ਸਰਕਾਰ ਚਾਹੁੰਦੀ ਤਾਂ ਅਸਾਨੀ ਨਾਲ ਇਹ ਸਮਾਗਮ ਰੋਕ ਸਕਦੀ ਸੀ ਪਰ ਸਮਾਗਮ ਰੋਕਣ ਦੀ ਥਾਂ ਸਿੱਖਾਂ ‘ਤੇ ਗੋਲੀਆਂ ਚਲਾ ਦਿਤੀਆਂ। ਉਨ੍ਹਾਂ ਕਿਹਾ ਕਿ ਇਸ ਕਾਂਡ ਲਈ ਬਾਦਲ ਸਰਕਾਰ ਦੇ ਨਾਲ ਤਖ਼ਤਾਂ ਦੇ ‘ਜਥੇਦਾਰ’ ਵੀ ਜ਼ੁੰਮੇਵਾਰ ਹਨ। ਬਾਦਲ ਨੂੰ ਪਾਪਾਂ ਦੇ ਫੱਲ ਛੇਤੀ ਮਿਲਣਗੇ। ਰਣਜੀਤ ਸਿੰਘ ਢਡਰੀਆਂ ਵਾਲੇ ਨੇ ਕਿਹਾ ਕਿ ਬਾਦਲ ਤੇ ‘ਜਥੇਦਾਰਾਂ’ ‘ਚ ਨਰੇਣੂ ਮਹੰਤ ਦੀ ਆਤਮਾ ਦਾਖ਼ਲ ਹੋ ਚੁੱਕੀ ਹੈ। ਇਨ੍ਹਾਂ ਮਹੰਤਾਂ ਤੋਂ ਗੁਰਦਵਾਰੇ ਆਜ਼ਾਦ ਕਰਵਾਉਣ ਲਈ ਸਾਂਝਾ ਸੰਘਰਸ਼ ਵਿੱਢਣ ਦੀ ਲੋੜ ਹੈ। ਅਖੰਡ ਕੀਰਤਨੀ ਜਥੇ ਦੇ ਮੁਖੀ ਬਲਦੇਵ ਸਿੰਘ ਨੇ ਇਸ ਮੌਕੇ ‘ਤੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬ ਚੋਂ ਬਾਦਲ ਪਰਵਾਰ ਦਾ ਬੋਰੀਆ ਬਿਸਤਰਾ ਗੋਲ ਕਰਨਾ ਹੀ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਆਖ਼ਰ ਕੌਮ ਕਦੋਂ ਤਕ ਕੁਰਬਾਨੀਆਂ ਦਿੰਦੀ ਰਹੇਗੀ? ਅੱਜ ਕੌਮ ਨੂੰ ਇਸ ‘ਤੇ ਵਿਚਾਰ ਕਰਨ ਦੀ ਜ਼ਰੂਰਤ ਹੈ ।

ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਸਰਬੱਤ ਖ਼ਾਲਸਾ ਬੁਲਾ ਕੇ ਕੌਮ ਨੂੰ ਅਕਾਲ ਤਖ਼ਤ ਨੂੰ ਪੰਥ ਦੋਖੀਆਂ ਦੇ ਕਬਜ਼ੇ ਚੋਂ ਛੁਡਾਉਣ ਦਾ ਫ਼ੈਸਲਾ ਲੈਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਭਾਈ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅੱਜ ਕੌਮ ਨੂੰ ਸੱਭ ਤੋਂ ਵੱਡਾ ਖ਼ਤਰਾ ਬਾਦਲ ਅਤੇ ਉਸ ਦੇ ਪਰਵਾਰ ਤੋਂ ਹੈ। ਇਹ ਪਰਵਾਰ ਹਮੇਸ਼ਾ ਗੁਰੂ ਨਿੰਦਕਾਂ ਦੀ ਪੁਸ਼ਤ ਪਨਾਹੀ ਕਰਦਾ ਰਿਹਾ ਹੈ। ਅਕਾਲ ਤਖ਼ਤ ਦੇ ਸਾਬਕਾ ਮੁੱਖ ਸੇਵਾਦਾਰ ਜਸਬੀਰ ਸਿੰਘ ਰੋਡੇ ਨੇ ਕਿਹਾ ਕਿ ਅੱਜ ਅਕਾਲ ਤਖ਼ਤ ਸਿੱਖਾਂ ਨੂੰ ਅਗਵਾਈ ਦੇਣ ਦੇ ਕਾਬਲ ਨਹੀਂ ਹੈ। ਇਸ ਕਰ ਕੇ ਹੀ ਕੌਮੀ ਪ੍ਰਵਾਨੇ ਸ਼ਹੀਦ ਹੋ ਰਹੇ ਹਨ। ਦਲ ਖ਼ਾਲਸਾ ਦੇ ਸਤਨਾਮ ਸਿੰਘ ਪਾਉਂਟਾ ਸਾਹਿਬ ਅਤੇ ਭਾਈ ਕੰਵਰਪਾਲ ਸਿੰਘ ਬਿੱਟੂ ਨੇ ਕਿਹਾ ਕਿ ਜੇ ਸਮੁੱਚੀ ਸਿੱਖ ਕੌਮ ਇਕੱਠੀ ਹੋ ਕੇ ਕੋਈ ਸਖ਼ਤ ਫ਼ੈਸਲਾ ਨਹੀਂ ਲੈਂਦੀ ਤਾਂ ਸਿੱਖਾਂ ਨੂੰ ਇਸ ਤਰ੍ਹਾਂ ਹੀ ਮੁੱਲ ਤਾਰਨਾ ਪਵੇਗਾ। ਵਿਦੇਸ਼ੀ ਸਿੱਖਾਂ ਦੀ ਨੁਮਾਇੰਦਗੀ ਕਰ ਰਹੇ ਪਾਲ ਸਿੰਘ ਫਰਾਂਸ ਨੇ ਕਿਹਾ ਕਿ ਸਿੱਖ ਕੌਮ ਕੁਰਬਾਨੀਆਂ ਦਿੰਦੀ ਆਈ ਹੈ ਪਰ ਕੁਰਬਾਨੀਆਂ ਦਾ ਮੁੱਲ ਕੀ ਪੈ ਰਿਹਾ ਹੈ, ਇਸ ‘ਤੇ ਵਿਚਾਰ ਕਰਨ ਦੀ ਲੋੜ ਹੈ। ਅੱਜ ਦੇ ਸ਼ਰਧਾਂਜਲੀ ਸਮਾਗਮ ਵਿਚ ਸ਼ਹੀਦ ਦਰਸ਼ਨ ਸਿੰਘ ਦੇ ਪਰਵਾਰ ਨੂੰ ਸਿੱਖ ਆਗੂਆਂ ਅਤੇ ਸੰਸਥਾਵਾਂ ਦੇ ਮੁਖੀਆਂ ਨੇ ਸਿਰੋਪੇ ਅਤੇ ਆਰਥਕ ਸਹਾਇਤਾ ਵੀ ਦਿਤੀ। ਅੱਜ ਦੇ ਸਮਾਗਮ ਨੂੰ ਸਰਬਜੋਤ ਸਿੰਘ ਬੇਦੀ, ਮੋਹਕਮ ਸਿੰਘ, ਚਰਨਜੀਤ ਸਿੰਘ ਚੰਨੀ ਖ਼ਾਲਸਾ ਪੰਚਾਇਤ, ਬਲਜੀਤ ਸਿੰਘ ਦਾਦੂਵਾਲ ਨੇ ਵੀ ਸੰਬੋਧਨ ਕੀਤਾ । ਸਮਾਗਮ ਦੀ ਕਾਰਵਾਈ ਆਲ ਇੰਡੀਆ ਮੋਟਰ ਕਾਂਗਰਸ ਦੇ ਪ੍ਰਧਾਨ ਚਰਨ ਸਿੰਘ ਲੁਹਾਰਾ ਨੇ ਚਲਾਈ।

ਸ਼ਹੀਦ ਦਰਸ਼ਨ ਸਿੰਘ ਲੁਹਾਰਾ ਦੇ ਗ੍ਰਹਿ ਵਿਖੇ ਰਖੇ ਸਹਿਜ ਪਾਠ ਦੇ ਭੋਗ ਮੌਕੇ ਸ਼ਰਧਾਂਜਲੀ ਦੇਣ ਲਈ ਅਕਾਲ ਤਖ਼ਤ ਦੇ ਮੁੱਖ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਅਕਾਲੀ ਦਲ (ਬ) ਦੇ ਕਈ ਆਗੂ ਪੁੱਜੇ। ਪਰ ਗੁਰਦੁਆਰਾ ਸਿੰਘ ਸਭਾ ਲੁਹਾਰਾ ਵਿਖੇ ਹੋਏ ਮੁੱਖ ਸਮਾਗਮ ਵਿਚ ਅਕਾਲੀ ਦਲ (ਬ) ਦਾ ਕੋਈ ਨੁਮਾਇੰਦਾ ਨਾ ਪੁੱਜਾ। ਉਨ੍ਹਾਂ ਸ਼ਹੀਦੀ ਸਮਾਗਮ ਦੀ ਸਟੇਜ ਵਿਰੋਧੀਆਂ ਦੇ ਕਬਜੇ ਵਿਚ ਵੇਖ ਕੇ ਚੁੱਪ ਚੁਪੀਤੇ ਗ੍ਰਹਿ ਵਿਖੇ ਹਾਜ਼ਰੀ ਲੁਆ ਕੇ ਖਿਸਕਣ ਵਿਚ ਭਲਾਈ ਸਮਝੀ। ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ, ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਹੀਰਾ ਸਿੰਘ ਗਾਬੜੀਆ, ਡਾ. ਦਲਜੀਤ ਸਿੰਘ ਚੀਮਾ, ਵਿਧਾਇਕ ਦਰਸ਼ਨ ਸਿੰਘ ਸ਼ਿਵਾਲਿਕ ਆਦਿ ਸ਼ਹੀਦ ਦਰਸ਼ਨ ਸਿੰਘ ਲੁਹਾਰਾ ਦੇ ਗ੍ਰਹਿ ਵਿਖੇ ਹਾਜ਼ਰੀ ਲੁਆ ਕੇ ਲੁਆਉਣ ਲਈ ਪਹੁੰਚੇ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੈਂਬਰ ਗੁਰਮੇਲ ਸਿੰਘ ਸੰਗੋਵਾਲ, ਕੰਵਲਇੰਦਰ ਸਿੰਘ ਠੇਕੇਦਾਰ, ਬਲਵਿੰਦਰ ਸਿੰਘ ਬੈਂਸ, ਜਥੇਦਾਰ ਅਮਰਜੀਤ ਸਿੰਘ ਭਾਟੀਆ, ਬਾਬਾ ਅਜੀਤ ਸਿੰਘ ਆਦਿ ਵੀ ਹਾਜ਼ਰ ਸਨ। ਯਾਦ ਰਹੇ ਲੁਧਿਆਣਾ ਵਿਖੇ ਵਾਪਰੇ ਘਟਨਾਕ੍ਰਮ ਦੇ ਰੋਸ ਵਜੋਂ ਦਮਦਮੀ ਟਕਸਾਲ ਅਤੇ ਹੋਰ ਜਥੇਬੰਦੀਆਂ ਵਲੋਂ ਬੀਤੀ 11 ਦਸੰਬਰ ਨੂੰ ਕੱਢੇ ਗਏ ਰੋਸ ਮਾਰਚ ਦੇ ਦੌਰਾਨ ਅਖੀਰਲੇ ਸਮੇਂ ਤਕ ਤਣਾਅ ਵਾਲੀ ਸਥਿਤੀ ਬਣੀ ਰਹੀ ਸੀ । ਸ੍ਰੀ ਅਕਾਲ ਤਖਤ ਸਾਹਿਬ ਤੇ ਅਰਦਾਸ ਕਰਕੇ ਅੱਧੀ ਦਰਜਨ ਤੋਂ ਵਧ ਸਿੱਖ ਜਥੇਬੰਦੀਆਂ ਦੇ ਵਰਕਰ ਆਪਣੇ ਹੱਥਾਂ ਵਿਚ ਤਖ਼ਤੀਆਂ ਲੈ ਕੇ ਨਿਕਲੇ ਤਾਂ ਪੰਜਾਬ ਪੁਲਿਸ ਵਲੋਂ ਉਨ੍ਹਾਂ ਨੂੰ ਅਜਿਹਾ ਘੇਰੇ ਵਿਚ ਲਿਆ ਗਿਆ ਕਿ ਨਾ ਮੁੜ ਉਨ੍ਹਾਂ ਨੂੰ ਘੇਰੇ ‘ਚੋਂ ਛੱਡਿਆ ਗਿਆ ਅਤੇ ਨਾ ਹੀ ਕੋਈ ਵੀ ਨਾਅਰੇਬਾਜ਼ੀ ਕਰਨ ਦਿੱਤੀ ਗਈ ਜਦੋਂ ਤਕ ਉਨ੍ਹਾਂ ਵਲੋਂ ਮਿੱਥੇ ਪ੍ਰੋਗਰਾਮ ਅਨੁਸਾਰ ਡਿਪਟੀ ਕਮਿਸ਼ਨਰ ਸ. ਕਾਹਨ ਸਿੰਘ ਪਨੂੰ ਨੂੰ ਆਪਣਾ ਮੰਗ ਪੱਤਰ ਨਹੀਂ ਦੇ ਦਿੱਤਾ ਗਿਆ।

ਦਮਦਮੀ ਟਕਸਾਲ ਤੋਂ ਇਲਾਵਾ ਸ਼ਬਦ ਗੁਰੂ ਪ੍ਰਚਾਰਕ ਸੰਤ ਸਮਾਜ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ, ਸਿੱਖ ਯੂਥ ਫੈਡਰੇਸ਼ਨ ਦਮਦਮੀ ਟਕਸਾਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਬਾਬਾ ਦੀਪ ਸਿੰਘ ਗੁਰਮਤਿ ਵਿਦਿਆਲਾ ਜਲਾਲਾਬਾਦ, ਧਰਮੀ ਫੌਜੀ ਲੋਕ ਸੰਗਰਾਮ ਸੰਮਤੀ, ਜੋਧਪੁਰ ਮੁੜ ਵਸੇਬਾ ਕਮੇਟੀ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ 1920 ਅਤੇ ਅਕਾਲੀ ਦਲ ਪੰਚ ਪ੍ਰਧਾਨੀ ਵਲੋਂ ਵੀ ਆਪਣੇ ਮੰਗ ਪੱਤਰ ਦਿੱਤੇ ਗਏ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬਾਦਲ ਵਿਰੋਧੀ ਤੱਤ ਖਾਲਸਾ ਵਲੋਂ 13 ਦਸੰਬਰ ਨੂੰ ਵੀ ਇਕ ਸਮਾਗਮ ਲੁਧਿਆਣਾ ਵਿਚ ਕੀਤਾ ਗਿਆ ਸੀ।

## ਲੌਂਗੋਵਾਲ ਦਲ ਵਲੋਂ ਜਥੇਬੰਦਕ ਢਾਂਚੇ ਦਾ ਐਲਾਨ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਨੇ ਇਥੇ ਆਪਣੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦੇ ਜਨਰਲ ਸਕੱਤਰ ਬਲਦੇਵ ਸਿੰਘ ਮਾਨ ਨੇ ਸਰਕਟ ਹਾਊਸ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਇਹ ਐਲਾਨ ਕੀਤਾ। ਹਾਲ ਹੀ ਵਿਚ ਬਾਦਲ ਦਲ ਨੂੰ ਅਲਵਿਦਾ ਆਖਣ ਵਾਲੇ ਮਰਹੂਮ ਕੈਪਟਨ ਕੰਵਲਜੀਤ ਸਿੰਘ ਦੇ ਨਜ਼ਦੀਕੀ ਰਹੇ ਰਣਜੀਤ ਸਿੰਘ ਨਿਕੜਾ ਨੂੰ ਪਾਰਟੀ ਦਾ ਯੂਥ ਵਿੰਗ ਦਾ ਕੌਮੀ ਪ੍ਰਧਾਨ ਐਲਾਨਿਆ ਗਿਆ ਹੈ।

ਇਸੇ ਕੈਪਟਨ ਧੜੇ ਦੇ ਦੂਜੇ ਆਗੂ ਕਰਨੈਲ ਸਿੰਘ ਮਾਜਰੀ ਨੂੰ ਜਨਰਲ ਸਕੱਤਰੀ ਦੇ ਕੇ ਪਾਰਟੀ ਵਿਚ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਪਟਿਆਲਾ ਦੇ ਸਾਬਕਾ ਮੰਤਰੀ ਪ੍ਰੇਮ ਗੁਪਤਾ ਨੂੰ ਪਾਰਟੀ ਦਾ ਮੀਤ ਪ੍ਰਧਾਨ ਬਣਾਇਆ ਗਿਆ ਹੈ। ਜਥੇਬੰਦਕ ਢਾਂਚੇ ਦੇ ਐਲਾਨ ਦੀ ਪਹਿਲੀ ਲਿਸਟ ਵਿਚ ਹਰਬੰਸ ਸਿੰਘ ਗੁਰਦਾਸਪੁਰ, ਪ੍ਰੇਮ ਗੁਪਤਾ, ਹਰਪਾਲ ਸਿੰਘ ਮਿੱਠੂ ਅਤੇ ਕਰਨੈਲ ਸਿੰਘ ਭਾਵੜਾ ਨੂੰ ਮੀਤ ਪ੍ਰਧਾਨ ਐਲਾਨਿਆ ਗਿਆ ਹੈ। ਕਰਨੈਲ ਸਿੰਘ ਮਾਜਰੀ ਤੇ ਸੁਖਵੰਤ ਸਿੰਘ ਧਨੌਲਾ ਨੂੰ ਜਨਰਲ ਸਕੱਤਰ, ਪਰਮਿੰਦਰ ਸਿੰਘ ਇਕਬਾਲ ਬਰਨਾਲਾ ਨੂੰ ਜਥੇਬੰਦਕ ਸਕੱਤਰ, ਸੋਹਣ ਸਿੰਘ ਜਲੂਰ ਨੂੰ ਪ੍ਰਾਪੇਗੰਡਾ ਸਕੱਤਰ ਨਿਯੁਕਤ ਕੀਤਾ ਗਿਆ ਹੈ। ਮੈਂਬਰ ਵਰਕਿੰਗ ਕਮੇਟੀ ਵਿਚ ਹਰਇੰਦਰ ਸਿੰਘ ਦਰਵੇਸ਼ ਨਥਾਣਾ ਬਠਿੰਡਾ, ਅਮਰਜੀਤ ਸਿੰਘ ਵਾਲੀਆ ਅਹਿਮਦਗੜ੍ਹ ਸੰਗਰੂਰ, ਜੇ.ਕੇ.ਸਿੰਗਲਾ ਸੰਗਰੂਰ, ਸਾਬਕਾ ਵਿਧਾਇਕ ਗਗਨਜੀਤ ਸਿੰਘ ਧੂਰੀ, ਭੁਪਿੰਦਰ ਸਿੰਘ ਸੰਧੂ ਐਡਵੋਕੇਟ ਬਰਨਾਲਾ, ਪਰਮਜੀਤ ਸਿੰਘ ਸੰਧੂ ਪਟਿਆਲਾ, ਸ਼੍ਰੋਮਣੀ ਕਮੇਟੀ ਮੈਂਬਰ ਕ੍ਰਿਪਾਲ ਸਿੰਘ ਲਾਡਬੰਜਾਰਾ ਕਲਾਂ ਅਤੇ ਨਿਰਮਲ ਸਿੰਘ ਭੜੋ ਨੂੰ ਸ਼ਾਮਲ ਕੀਤਾ ਗਿਆ ਹੈ। ਰਣਜੀਤ ਸਿੰਘ ਨਿਕੜਾ ਨੂੰ ਯੂਥ ਵਿੰਗ ਦਾ ਕੌਮੀ ਪ੍ਰਧਾਨ ਬਣਾਇਆ ਗਿਆ ਹੈ।

ਬਲਦੇਵ ਮਾਨ ਨੇ ਐਲਾਨ ਕੀਤਾ ਕਿ ਅਗਲੇ ਸਾਲ ਦੇ ਸ਼ੁਰੂ ਵਿਚ ਸਾਰੇ ਵਿੰਗਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਪਾਰਟੀ ਦਾ ਅਗਲਾ ਨਿਸ਼ਾਨਾ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਣਗੀਆਂ ਤਾਂ ਕਿ ਸ਼੍ਰੋਮਣੀ ਕਮੇਟੀ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਈ ਜਾ ਸਕੇ ਅਤੇ ਗੁਰੂ ਘਰਾਂ ਦੀ ਕਮਾਈ ਦੀ ਗਲਤ ਵਰਤੋਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕਿਸੇ ਵੀ ਹਮਖਿਆਲੀ ਪਾਰਟੀ ਨਾਲ ਸਮਝੌਤਾ ਹੋ ਸਕਦਾ ਹੈ।


Freeway Travel Inc

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ

Call Raju

Tel: 773-973-0200

Fax: 773-973-0557

2542 W Devon Ave. Chicago IL 60659



westin travel & tours inc.



Tel:877-256-1971

773-465-4040

e-mail:info@westintravel.com

web:westintravel.com

Air India Lufthansa

Low Fares And Cofirm Seats With Lufthansa, American Ailines, Continental Air, Air India to India, Middle East And Europe

Desi Bazar

916 E. Main Street #118, Greenwood, IN, 46143

Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY

• FRESH GOAT MEAT


10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

R K Carpet & Flooring, Inc.

6346 N. Claremont Ave. Chicago, IL 60659



ਵਾਜ਼ਬ ਭਾਅ, ਭਰੋਸੇਯੋਗ ਸਰਵਿਸ

*Commercial *Installation
*Residential *Cleaning
*Industrial *Repair
*Sales

Ravinder Singh Ravi

Ph:773-761-6888

Fax:773-761-6865

# ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਦੇ ਮੁੱਦੇ 'ਤੇ ਸਿੱਧੂ ਨੂੰ ਵੱਡਾ ਹੁੰਗਾਰਾ

**ਚੰਡੀਗੜ੍ਹ :** ਭਾਜਪਾ ਦੇ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਵਲੋਂ ਲੋਕ ਸਭਾ ਵਿਚ ਕੀਤੀ ਗਈ ਮੰਗ ਨੂੰ ਸਾਰੀਆਂ ਸਿਆਸੀ ਧਿਰਾਂ ਵਲੋਂ ਭਰਵੀਂ ਹਮਾਇਤ ਮਿਲਣ ਕਾਰਨ ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਪ੍ਰਾਪਤ ਹੋਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਭਾਵੇਂ ਫੌਰੀ ਤੌਰ 'ਤੇ ਕੇਂਦਰ ਨੇ ਇਹ ਮੰਗ ਪ੍ਰਵਾਨ ਨਹੀਂ ਕੀਤੀ ਪਰ ਸਾਰੀਆਂ ਧਿਰਾਂ ਵਲੋਂ ਸਿਆਸੀ ਮਾਰਕੇਬਾਜ਼ੀ ਤੋਂ ਉੱਚਾ ਉਠ ਕੇ ਦਬਾਅ ਪਾਉਣ ਕਾਰਨ ਨਾਲ ਕੇਂਦਰ ਸਰਕਾਰ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ ਹੈ।

ਵਰਨਣਯੋਗ ਹੈ ਕਿ ਕੇਂਦਰ ਸਰਕਾਰ ਨੇ ਅੰਮ੍ਰਿਤਸਰ ਸ਼ਹਿਰ ਨੂੰ ਵਿਰਾਸਤੀ ਦਰਜਾ ਦੇਣ ਅਤੇ 'ਸੀ' ਸ਼੍ਰੇਣੀ ਵਿਚ ਲਿਆਉਣ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਹੈ ਕਿ 2001 ਦੀ ਜਨਗਣਨਾ ਅਨੁਸਾਰ ਸ਼ਹਿਰ ਦੀ ਆਬਾਦੀ 'ਸੀ' ਸ਼੍ਰੇਣੀ ਲਈ ਰੱਖੀ ਸ਼ਰਤ ਦਸ ਲੱਖ ਤੋਂ ਤਿੰਨ ਹਜ਼ਾਰ ਵਧ ਗਈ ਹੈ। ਸੰਸਦ ਵਿਚ ਸਾਰੀਆਂ ਹੀ ਧਿਰਾਂ ਨੇ ਕਿਹਾ ਕਿ ਏਨਾ ਵੱਡਾ ਰੁਤਬਾ ਰੱਖਣ ਵਾਲੇ ਸ਼ਹਿਰ ਦੇ ਵਿਕਾਸ ਵਿਚ ਤਿੰਨ ਹਜ਼ਾਰ ਦੀ ਵਧੇਰੇ ਆਬਾਦੀ ਦਾ ਨੁਕਤਾ ਅੜਿੱਕਾ ਨਹੀਂ ਬਣਨ ਚਾਹੀਦਾ। ਇਹੋ ਕਾਰਨ ਸੀ ਕਿ ਸ੍ਰੀ ਸਿੱਧੂ ਦੀ ਮੰਗ ਦਾ ਸਾਰਿਆਂ ਨੇ ਮੇਜ ਥਪਥਪਾ ਕੇ ਸਵਾਗਤ ਕੀਤਾ। ਡਾ. ਮਨਮੋਹਨ ਸਿੰਘ ਨੇ ਅੰਮ੍ਰਿਤਸਰ ਸ਼ਹਿਰ ਨੂੰ ਜਵਾਹਰ ਲਾਲ ਨਹਿਰੂ ਅਰਬਨ ਰਿਨਿਊਅਲ ਮਿਸ਼ਨ ਦੀ ਬੀ ਸ਼੍ਰੇਣੀ ਵਿਚ ਸ਼ਾਮਲ ਕਰਨ ਦਾ ਐਲਾਨ ਕੀਤਾ ਸੀ। ਪ੍ਰਧਾਨ ਮੰਤਰੀ ਦੇ ਸ਼ਹਿਰ ਨਾਲ ਨਿੱਜੀ ਸਬੰਧਾਂ ਦਾ ਪਤਾ ਤਾਂ ਇਸ ਗੱਲ ਤੋਂ ਵੀ ਲਗਦਾ ਹੈ ਕਿ ਉਨ੍ਹਾਂ ਨੇ ਕਿਹਾ ਸੀ ਕਿ ਉਹ ਸ਼ਰਨਾਰਥੀ ਬਣ ਕੇ ਇਸੇ ਸ਼ਹਿਰ ਵਿਚ ਆਏ ਸਨ। ਇਸ ਸ਼ਹਿਰ ਨੇ ਉਨ੍ਹਾਂ ਨੂੰ ਮਾਣ-ਤਾਣ ਬਖ਼ਸ਼ਿਆ। ਉਨ੍ਹਾਂ ਨੇ ਆਪਣੇ ਸ਼ਹਿਰ ਦੇ ਵਿਕਾਸ ਲਈ 3150 ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਐਲਾਨ ਕੀਤਾ ਸੀ। ਇਸ ਵਿਚ ਸੜਕਾਂ, ਪੁਲ, ਸੈਨੀਟੇਸ਼ਨ ਅਤੇ ਕਈ ਹੋਰ ਪ੍ਰਾਜੈਕਟ ਸ਼ਾਮਲ ਹਨ। ਇਹ ਪੈਸਾ ਅੰਮ੍ਰਿਤਸਰ ਨੂੰ ਸੱਤ ਸਾਲਾਂ ਦੌਰਾਨ ਮਿਲਣਾ ਹੈ। ਇਸ ਸਕੀਮ ਦੀ ਸ਼ਰਤ ਇਹ ਹੈ ਕਿ ਅੱਧਾ ਪੈਸਾ ਪੰਜਾਬ ਵਲੋਂ ਪਾਇਆ ਜਾਵੇਗਾ। ਇਸ ਵਿਚੋਂ ਕੁਝ ਰਕਮ ਕਾਰਪੋਰੇਸ਼ਨ ਵਲੋਂ ਅਤੇ ਬਾਕੀ ਦੀ ਰਾਜ ਸਰਕਾਰ ਵਲੋਂ ਦਿਤੀ ਜਾਣੀ ਹੈ। ਪੰਜਾਬ ਦੀ ਆਰਥਿਕ ਹਾਲਤ ਦੇ ਮੱਦੇਨਜ਼ਰ ਕੇਂਦਰ ਦੀ ਸਕੀਮ ਲਈ 50 ਪ੍ਰਤੀਸ਼ਤ ਰਕਮ ਦੇਣਾ ਬਹੁਤ ਵੱਡੀ ਸਮੱਸਿਆ ਹੈ। ਇਸ

**ਅਕਾਲੀ ਸੰਸਦ ਮੈਂਬਰਾਂ ਨੇ ਸਮਰਥਨ ਨਾ ਦੇ ਕੇ ਗੁਰੂਆਂ ਨੂੰ ਪਿੱਠ ਵਿਖਾਈ- ਡਾ.ਰਾਜ ਕੁਮਾਰ**



ਲਈ ਸਿੱਧੂ ਨੇ ਇਹ ਮੰਗ ਉਠਾਈ ਹੈ ਕਿ ਅੰਮ੍ਰਿਤਸਰ ਸ਼ਹਿਰ ਨੂੰ ਵਿਰਾਸਤੀ ਦਰਜਾ ਦੇਣ ਲਈ 'ਬੀ' ਵਿਚੋਂ ਕੱਢ ਕੇ 'ਸੀ' ਸ਼੍ਰੇਣੀ ਵਿਚ ਸ਼ਾਮਲ ਕੀਤਾ ਜਾਵੇ।

ਸ੍ਰੀ ਸਿੱਧੂ ਨੇ ਜਦੋਂ ਅਵਾਜ਼ ਉਠਾਈ ਤਾਂ ਇਸ ਦਾ ਸਾਰੀ ਭਾਰਤੀ ਜਨਤਾ ਪਾਰਟੀ ਤੋਂ ਇਲਾਵਾ ਕਾਂਗਰਸੀ ਮੈਂਬਰਾਂ ਨੇ ਵੀ ਸਮਰਥਨ ਕੀਤਾ। ਬਿਹਾਰ ਦੇ ਭਾਜਪਾ ਮੈਂਬਰ ਉਦੇ ਸਿੰਘ ਇਥੋਂ ਤੱਕ ਆਖ ਗਏ ਕਿ ਜੇਕਰ ਅੰਮ੍ਰਿਤਸਰ ਸ਼ਹਿਰ ਨੂੰ 'ਸੀ' ਸ਼੍ਰੇਣੀ ਵਿਚ ਸ਼ਾਮਲ ਕਰਨ ਲਈ ਤਿੰਨ ਹਜ਼ਾਰ ਦੀ ਸ਼ਹਿਰ ਦੀ ਅਬਾਦੀ ਵਧੇਰੇ ਹੋਣ ਦੀ ਸਮੱਸਿਆ ਹੈ ਤਾਂ ਉਹ ਆਪਣੇ ਬਿਹਾਰੀ ਭਰਾਵਾਂ ਨੂੰ ਆਖ ਦੇਣਗੇ ਕਿ ਤਿੰਨ ਹਜ਼ਾਰ ਬਿਹਾਰੀ ਅੰਮ੍ਰਿਤਸਰ ਤੋਂ ਬਾਹਰ ਆ ਜਾਣ। ਸੁਸ਼ਮਾ ਸਵਰਾਜ ਦਾ ਕਹਿਣਾ ਸੀ ਕਿ ਸ੍ਰੀ ਸਿੱਧੂ ਅੰਮ੍ਰਿਤਸਰ ਲਈ ਪੈਸੇ ਨਹੀਂ ਮੰਗ ਰਹੇ ਸਗੋਂ ਮਨੁੱਖਤਾ ਦੇ ਧੁਰੇ ਵਜੋਂ ਜਾਣੇ ਜਾਂਦੇ ਸ਼ਹਿਰ ਦੇ ਵਿਕਾਸ ਦਾ ਸਵਾਲ ਉਠਾ ਰਹੇ ਹਨ। ਸ੍ਰੀ ਸਿੱਧੂ ਨੇ ਵੀ ਆਪਣੀ ਦਲੀਲ ਵਿਚ ਇਹ ਵੀ ਕਿਹਾ ਹੈ ਕਿ ਅੰਮ੍ਰਿਤਸਰ ਕੇਵਲ ਸਿੱਖ ਭਾਈਚਾਰਾ ਹੀ ਨਹੀਂ ਜਾਂਦਾ ਸਗੋਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਦੇਸ਼ ਵਿਦੇਸ਼ ਵਿਚੋਂ ਲੱਖਾਂ ਲੋਕ ਆਉਂਦੇ ਹਨ, ਜਿਨ੍ਹਾਂ ਵਿਚ ਹਿੰਦੂ ਅਤੇ ਮੁਸਲਮਾਨਾਂ ਸਮੇਤ ਹਰ ਧਰਮ ਦੇ ਲੋਕ ਸ਼ਾਮਲ ਹਨ।

ਇਕ ਅੰਦਾਜ਼ੇ ਅਨੁਸਾਰ ਅੰਮ੍ਰਿਤਸਰ ਸ਼ਹਿਰ ਵਿਚ ਹਰ ਰੋਜ਼ ਡੇਢ ਤੋਂ ਦੋ ਲੱਖ ਲੋਕ ਦਰਸ਼ਨਾਂ ਲਈ ਆਉਂਦੇ ਹਨ। ਮੱਸਿਆ ਤੇ ਪੁੰਨਿਆਂ 'ਤੇ ਤਕਰੀਬਨ ਪੰਜ ਲੱਖ ਲੋਕ ਆਉਂਦੇ ਹਨ। 'ਸੀ' ਸ਼੍ਰੇਣੀ ਵਿਚ ਤਾਂ 80 ਪ੍ਰਤੀਸ਼ਤ ਪੈਸਾ ਕੇਂਦਰ ਦਾ ਹੋਵੇਗਾ ਅਤੇ ਅੰਮ੍ਰਿਤਸਰ ਨਿਗਮ ਤੇ ਪੰਜਾਬ ਸਰਕਾਰ ਨੂੰ ਕੇਵਲ 20 ਫੀਸਦੀ ਹਿੱਸਾ ਪਾਉਣਾ ਪਵੇਗਾ। ਯਾਦ ਰਹੇ ਲੰਘੀ 11 ਦਸੰਬਰ ਨੂੰ ਅੰਮ੍ਰਿਤਸਰ ਤੋਂ ਭਾਜਪਾ ਮੈਂਬਰ ਪਾਰਲੀਮੈਂਟ ਸ. ਨਵਜੋਤ ਸਿੰਘ ਸਿੱਧੂ ਵਲੋਂ ਲੋਕ ਸਭਾ ਵਿਚ ਅੰਮ੍ਰਿਤਸਰ ਨੂੰ ਹੈਰੀਟੇਜ ਸ਼ਹਿਰ ਦਾ ਦਰਜਾ ਦਿਵਾਉਣ ਦੀ ਮੰਗ ਉਠਾਈ ਗਈ ਸੀ। ਆਵਾਜ਼ ਦੀ ਧਮਕ ਅੰਮ੍ਰਿਤਸਰ ਵਿਚ ਵੀ ਸੁਣਾਈ ਦਿੱਤੀ। ਕਾਂਗਰਸੀ ਸੰਸਦ ਮੈਂਬਰਾਂ ਵਲੋਂ ਸਿੱਧੂ ਦਾ ਸਮਰਥਨ ਕਰਨ ਦੀ ਜਿਥੇ ਤਾਰੀਫ ਹੋ ਰਹੀ ਹੈ ਉਥੇ ਅਕਾਲੀ ਸੰਸਦ ਮੈਂਬਰਾਂ ਵਲੋਂ ਸਮਰਥਨ ਨਾ ਕਰਨ ਦੀ ਨਿਖੇਧੀ ਕੀਤੀ ਗਈ। ਸਾਬਕਾ ਪਾਰਲੀਮਾਨੀ ਸਕੱਤਰ ਡਾ. ਰਾਜ ਕੁਮਾਰ ਵੇਰਕਾ ਨੇ ਕਿਹਾ ਹੈ ਕਿ ਸਮੁੱਚੇ ਕਾਂਗਰਸ ਮੈਂਬਰ ਪਾਰਲੀਮੈਂਟ ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਦੇਣ ਦਾ ਸਮਰਥਨ ਹੀ ਨਹੀਂ ਕਰਦੇ ਸਗੋਂ ਉਹ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲਣਗੇ ਅਤੇ ਅਪੀਲ ਕਰਨਗੇ ਕਿ ਗੁਰੂਆਂ ਦੀ ਨਗਰੀ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਦੇ ਕੇ ਗੁਰੂ ਪ੍ਰਤੀ ਸੱਚੀ ਸ਼ਰਧਾ ਪ੍ਰਗਟਾਈ ਜਾਵੇ। ਉਨ੍ਹਾਂ ਕਿਹਾ ਕਿ ਅਕਾਲੀ ਵਿਧਾਇਕਾਂ ਵਲੋਂ ਸਿੱਧੂ ਦਾ ਸਮਰਥਨ ਨਾ ਕਰਕੇ ਅੰਮ੍ਰਿਤਸਰ ਦੇ ਲੋਕਾਂ ਨਾਲ ਹੀ ਧੋਖਾ ਨਹੀਂ ਕੀਤਾ ਗਿਆ ਸਗੋਂ ਗੁਰੂਆਂ ਨੂੰ ਵੀ ਪਿੱਠ ਵਿਖਾਈ ਗਈ ਹੈ। ਉਨ੍ਹਾਂ ਕਿਹਾ ਕਿ ਐੱਮ.ਪੀ. ਮਹਿੰਦਰ ਸਿੰਘ ਕੇ.ਪੀ. ਦੀ ਅਗਵਾਈ ਵਿਚ ਸਾਰੇ ਕਾਂਗਰਸੀ ਵਿਧਾਇਕਾਂ ਨੇ ਸਮਰਥਨ ਕੀਤਾ ਹੈ ਪਰ ਇਕ ਵੀ ਅਕਾਲੀ ਮੈਂਬਰ ਪਾਰਲੀਮੈਂਟ ਦੇ ਸਮਰਥਨ ਵਿਚ ਨਹੀਂ। ਉਨ੍ਹਾਂ ਇਹ ਵੀ ਦੱਸਿਆ ਕਿ ਅੰਮ੍ਰਿਤਸਰ ਦੇ ਵਿਕਾਸ ਲਈ ਪਹਿਲਾਂ ਹੀ ਵੱਖ-ਵੱਖ ਸਕੀਮਾਂ ਤਹਿਤ 500 ਕਰੋੜ ਰੁਪਏ ਦੇ ਵਿਕਾਸ ਕੰਮ ਚਲ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਮਿਲ ਜਾਂਦਾ ਹੈ ਤਾਂ ਅੰਮ੍ਰਿਤਸਰ ਦੇ 'ਵਾਰੇ-ਨਿਆਰੇ' ਹੋ ਜਾਣਗੇ। ਲੋਕ ਸਭਾ ਵਿਚ ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਐਲਾਨਣ ਦੀ ਮੰਗ ਨੂੰ ਸਰਕਾਰ ਨੇ ਇਹ ਕਹਿ ਕੇ ਰੱਦ ਕਰ ਦਿਤਾ ਕਿ ਭਾਰਤ ਜਾਂ ਯੂਨੈਸਕੋ ਦੇ ਨਿਯਮਾਂ ਤਹਿਤ ਅਜਿਹਾ ਕਰਨ ਬਾਰੇ ਕੋਈ ਕਾਨੂੰਨੀ ਵਿਵਸਥਾ ਨਹੀਂ ਹੈ। ਕੇਂਦਰੀ ਸ਼ਹਿਰੀ ਵਿਕਾਸ ਰਾਜ ਮੰਤਰੀ ਸੌਗਤ ਰਾਏ ਨੇ ਸਦਨ ਵਿਚ ਇਸ ਸਬੰਧੀ ਭਾਜਪਾ ਦੇ ਨਵਜੋਤ ਸਿੰਘ ਸਿੱਧੂ ਅਤੇ ਉਦੈ ਸਿੰਘ ਦੇ ਧਿਆਨ ਦਿਵਾਊ ਮਤੇ 'ਤੇ ਬਹਿਸ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਅੰਮ੍ਰਿਤਸਰ ਦੀ ਇਤਿਹਾਸਕ ਧਾਰਮਕ ਜਾਂ ਸੈਰ-ਸਪਾਟੇ ਵਾਲੇ ਸ਼ਹਿਰ ਦੇ ਰੂਪ ਵਿਚ ਅਹਿਮੀਅਤ ਨਹੀਂ ਹੈ। ਇਸ ਦਾ ਇਹ ਵੀ ਮਤਲਬ ਨਹੀਂ ਕਿ ਸ਼ਹਿਰ ਦੀ ਅਹਿਮੀਅਤ ਘੱਟ ਹੈ। ਮੈਂਬਰਾਂ ਨੇ ਅੰਮ੍ਰਿਤਸਰ ਨੂੰ ਜਵਾਹਰ ਲਾਲ ਨਹਿਰੂ ਕੌਮੀ ਸ਼ਹਿਰੀ ਆਧੁਨਿਕੀਕਰਨ ਮਿਸ਼ਨ ਦੇ ਤਹਿਤ ਸ਼ਹਿਰ ਨੂੰ 'ਸੀ.' ਸ਼੍ਰੇਣੀ ਵਿਚੋਂ 'ਬੀ.' ਸ਼੍ਰੇਣੀ 'ਚ ਤਬਦੀਲ ਕਰ ਕੇ ਵਿਰਾਸਤੀ ਦਰਜਾ ਦੇਣ ਦੀ ਮੰਗ ਕੀਤੀ ਸੀ।

ਕੇਂਦਰੀ ਮੰਤਰੀ ਸੌਗਤ ਰਾਏ ਨੇ ਸੰਸਦ ਮੈਂਬਰਾਂ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਤਿਹਾਸਕ ਸ਼ਹਿਰ ਦੇ ਵਿਕਾਸ ਲਈ ਪ੍ਰਸਤਾਵ ਕੇਂਦਰ ਨੂੰ ਭੇਜਣ। ਉਨ੍ਹਾਂ ਦਸਿਆ ਕਿ ਇਸ ਕੰਮ ਲਈ ਮੰਤਰਾਲੇ ਕੋਲ 345 ਕਰੋੜ ਰੁਪਏ ਪਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜਵਾਹਰ ਲਾਲ ਨਹਿਰੂ ਕੌਮੀ ਸ਼ਹਿਰੀ ਆਧੁਨਿਕੀਕਰਨ ਮਿਸ਼ਨ ਤਹਿਤ ਕਿਸੇ ਸ਼ਹਿਰ ਨੂੰ ਇਕ ਸ਼੍ਰੇਣੀ ਵਿਚੋਂ ਕੱਢ ਕੇ ਦੂਜੀ ਸ਼੍ਰੇਣੀ ਵਿਚ ਪਾਉਣ ਦੀ ਕੋਈ ਵਿਵਸਥਾ ਨਹੀਂ। ਇਹ ਸ਼੍ਰੇਣੀਆਂ ਆਬਾਦੀ ਦੇ ਆਧਾਰ 'ਤੇ ਬਣਾਈਆਂ ਗਈਆਂ ਹਨ ਅਤੇ ਇਸ ਦੇ ਲਈ ਸਾਲ 2001 ਦੀ ਮਰਦਮਸ਼ੁਮਾਰੀ ਨੂੰ ਆਧਾਰ ਬਣਾਇਆ ਗਿਆ।

## 'ਆਪਣਾ ਪੰਜਾਬ' ਪ੍ਰੋਗਰਾਮ 3 ਅਪਰੈਲ ਨੂੰ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ ਦਾ ਸਾਲਾਨਾ ਵਿਸਾਖੀ ਪ੍ਰੋਗਰਾਮ 'ਆਪਣਾ ਪੰਜਾਬ-2010' ਆਉਂਦੀ 3 ਅਪਰੈਲ ਸਨਿਚਰਵਾਰ ਨੂੰ ਟੈਫਟ ਹਾਈ ਸਕੂਲ, ਸ਼ਿਕਾਗੋ ਵਿਚ ਸ਼ਾਮੀਂ 7 ਵਜੇ ਤੋਂ ਸ਼ੁਰੂ ਹੋ ਕੇ ਰਾਤ 11 ਵਜੇ ਤੱਕ ਹੋਵੇਗਾ।

ਇਸ ਸਬੰਧੀ ਫੈਸਲਾ ਸੰਸਥਾ ਦੀ ਇਸ ਦੇ ਪ੍ਰਧਾਨ ਜਗਮੀਤ ਸਿੰਘ ਅਤੇ ਮੈਨੇਜਿੰਗ ਡਾਇਰੈਕਟਰ ਗੁਲਜ਼ਾਰ ਸਿੰਘ ਮੁਲਤਾਨੀ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਇਸ ਪ੍ਰੋਗਰਾਮ ਦੌਰਾਨ ਗਿੱਧੇ, ਭੰਗੜੇ ਤੋਂ ਇਲਾਵਾ ਹਾਸਰਸ ਸਕਿੱਟਾਂ ਅਤੇ ਗੀਤ ਸੰਗੀਤ ਦਾ ਪ੍ਰੋਗਰਾਮ ਵੀ ਹੋਵੇਗਾ। ਇਹ ਗੈਰ ਮੁਨਾਫਾ ਸੰਸਥਾ ਅੱਜ ਤੋਂ ਕੋਈ ਛੇ ਸਾਲ ਪਹਿਲਾਂ ਪੰਜਾਬੀ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਬਣਾਈ ਗਈ ਸੀ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਫੋਨ 708-774-0887 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ ਮਸ਼ਕਾਂ ਸ਼ੁਰੂ

## ਵੋਟਰ ਫਾਰਮ ਵੰਡਣ ਦਾ ਕੰਮ 25 ਦਸੰਬਰ ਤੱਕ ਮੁਕੰਮਲ ਹੋਣ ਦੀ ਆਸ

**ਬਠਿੰਡਾ:** ਪੰਜਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣ ਮਸ਼ਕਾਂ ਸ਼ੁਰੂ ਹੋ ਗਈਆਂ ਹਨ। ਭਾਵੇਂ ਚੋਣ ਸੂਚੀਆਂ ਤਿਆਰ ਕਰਨ ਲਈ ਦਿੱਤੇ ਜਾਣ ਵਾਲੇ ਮਤਦਾਤਾ ਫਾਰਮ ਅਜੇ ਸਰਕਾਰ ਕੋਲ ਛਪਾਈ ਅਧੀਨ ਹਨ, ਫਿਰ ਵੀ ਗੁਰਦੁਆਰਾ ਚੋਣਾਂ, ਪੰਜਾਬ ਦੇ ਕਮਿਸ਼ਨਰ ਕੁਲਬੀਰ ਸਿੰਘ ਨੇ ਸਿੱਖ ਗੁਰਦੁਆਰਾ ਬੋਰਡ ਚੋਣਾਂ (ਸੋਧ) ਨਿਯਮ 1996 ਤਹਿਤ ਰਿਟਰਨਿੰਗ ਅਫਸਰ ਲਾਉਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

3 ਦਸੰਬਰ ਦੇ ਇਸ ਨੋਟੀਫਿਕੇਸ਼ਨ ਮੁਤਾਬਕ ਸੂਬੇ 'ਚ ਪੈਂਦੇ ਸ਼੍ਰੋਮਣੀ ਕਮੇਟੀ ਦੇ 110 ਹਲਕਿਆਂ ਲਈ ਰਿਟਰਨਿੰਗ ਅਫਸਰਾਂ ਨੂੰ ਇਹ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੋਣ ਰਾਹੀਂ 170 ਮੈਂਬਰ ਬਣਦੇ ਹਨ। ਇਨ੍ਹਾਂ 'ਚੋਂ 8 ਹਰਿਆਣਾ 'ਚੋਂ ਅਤੇ ਇਕ ਇਕ ਉੱਤਰ ਪ੍ਰਦੇਸ਼ 'ਤੇ ਹਿਮਾਚਲ ਪ੍ਰਦੇਸ਼ 'ਚੋਂ ਚੁਣਿਆ ਜਾਂਦਾ ਹੈ। ਇਨ੍ਹਾਂ 110 ਹਲਕਿਆਂ ਵਿਚ 50 ਹਲਕੇ ਦੋਹਰੇ ਹਨ ਜਿਨ੍ਹਾਂ 'ਚੋਂ 30 ਔਰਤਾਂ ਲਈ ਰਾਖਵੇਂ ਹਨ ਅਤੇ 20 ਅਨੁਸੂਚਿਤ ਜਾਤੀ ਉਮੀਦਵਾਰਾਂ ਲਈ ਰਾਖਵੇਂ ਕੀਤੇ ਹੋਏ ਹੋਣ ਕਾਰਨ ਉਥੋਂ 2-2 ਮੈਂਬਰਾਂ ਦੀ ਚੋਣ ਹੁੰਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਮਹੀਨਿਆਂ ਤੋਂ ਪੰਜਾਬ ਦੇ ਵੋਟਰਾਂ ਦੇ ਵੋਟ ਬਨਾਉਣ ਦੇ ਰੁਕੇ ਪਏ ਵੋਟਰ ਫਾਰਮ ਛਾਪਣ ਦਾ ਕੰਮ ਵੀ ਚਾਲੂ ਹੋ ਗਿਆ ਹੈ। ਹਫ਼ਤੇ ਕੁ ਤੱਕ ਵੋਟਰ ਫਾਰਮਾਂ ਦੀ ਛਪਾਈ ਮੁਕੰਮਲ ਹੋ ਕੇ ਵੋਟਰ ਫਾਰਮਾਂ ਦੀ ਵੰਡ ਪੰਜਾਬ ਦੇ ਜ਼ਿਲ੍ਹਾ ਚੋਣ ਅਫ਼ਸਰਾਂ ਨੂੰ ਕਰ ਦਿੱਤੀ ਜਾਵੇਗੀ ਜਦਕਿ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਵੋਟਰਾਂ ਲਈ ਦੋ ਭਾਸ਼ਾ ਵਾਲੇ ਵੋਟਰ ਫਾਰਮ ਛਾਪ ਕੇ ਉਨ੍ਹਾਂ ਨੂੰ ਵੰਡ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਦੀ ਬਾਡੀ ਦੀ ਮਿਆਦ ਲੰਘੇ ਵਰ੍ਹੇ ਦੇ ਅਗਸਤ ਮਹੀਨੇ ਵਿਚ ਹੀ ਖਤਮ ਹੋ ਗਈ ਸੀ। ਤਦ ਤੋਂ ਹੀ ਗੁਰਦੁਆਰਾ ਚੋਣ ਕਮਿਸ਼ਨ ਵਲੋਂ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਦੇ ਸਿੱਖ ਵੋਟਰ ਆਉਂਦੇ ਹਨ। ਪੰਜ ਸਾਲ ਬਾਅਦ ਕਰਵਾਈਆਂ ਜਾਣ ਵਾਲੀਆਂ ਇਨ੍ਹਾਂ ਚੋਣਾਂ ਲਈ ਹਰ ਵਾਰ ਨਵੇਂ ਵੋਟਰ ਫਾਰਮ ਭਰਵਾਏ ਜਾਂਦੇ ਹਨ ਅਤੇ ਵੋਟਾਂ ਬਣਾਈਆਂ ਜਾਂਦੀਆਂ ਹਨ। ਇਸ ਵਾਰ ਚਾਰਾਂ ਸੂਬਿਆਂ ਦੇ ਗੁਰਦੁਆਰਾ ਚੋਣ ਕਮਿਸ਼ਨਰਾਂ ਦੀ ਮੁੱਖ ਚੋਣ ਕਮਿਸ਼ਨਰ ਦੀ ਰਹਿਨੁਮਾਈ ਹੇਠ ਹੋਈ ਮੀਟਿੰਗ ਵਿਚ ਵੋਟਰ ਫਾਰਮਾਂ ਦੀ ਛਪਾਈ ਦਾ ਕੰਮ ਪੰਜਾਬ ਸਰਕਾਰ ਦੇ ਜ਼ਿੰਮੇ ਹੀ ਲਾਇਆ ਗਿਆ ਸੀ। ਇਸੇ ਤਹਿਤ ਪੰਜਾਬ ਨੇ ਹਿਮਾਚਲ, ਹਰਿਆਣਾ ਅਤੇ ਚੰਡੀਗੜ੍ਹ ਦੇ ਸ਼੍ਰੋਮਣੀ ਕਮੇਟੀ ਚੋਣਾਂ ਦੇ ਵੋਟਰਾਂ ਲਈ ਕਰੀਬ ਪੰਜ ਲੱਖ ਫਾਰਮ ਤਾਂ ਛਾਪ ਦਿੱਤੇ ਸਨ, ਪਰ ਬਾਅਦ ਵਿਚ ਇਹ ਕਹਿ ਕੇ ਪੰਜਾਬ ਦੇ ਵੋਟਰਾਂ ਲਈ ਫਾਰਮ ਛਪਾਈ ਦਾ ਕੰਮ ਬੰਦ ਕਰ ਦਿੱਤਾ ਕਿ ਪੰਜਾਬ ਦੇ ਸਟੇਸ਼ਨਰੀ ਵਿਭਾਗ ਕੋਲ ਕਾਗਜ਼ਾਂ ਦੀ ਕਮੀ ਆ ਗਈ ਹੈ ਜਦਕਿ ਪੰਜਾਬ ਵਿਚ ਲੱਖਾਂ ਫਾਰਮਾਂ ਦੀ ਲੋੜ ਹੈ। ਇਸੇ ਦੌਰਾਨ ਗੁਰਦੁਆਰਾ ਚੋਣਾਂ ਦੇ ਮੁੱਖ ਚੋਣ ਕਮਿਸ਼ਨਰ ਦਾ ਮਾਮਲਾ ਵੀ ਵਿਵਾਦਾਂ 'ਚ ਆਇਆ ਤੇ ਚੋਣਾਂ ਦੇ ਮਾਮਲੇ ਵਿਚ ਖੜੋਤ ਬਣੀ ਰਹੀ। ਪਰ ਗੁਰਦੁਆਰਾ ਮੁੱਖ ਚੋਣ ਕਮਿਸ਼ਨਰ ਸ੍ਰੀ ਵਰਮਾ ਵਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਹੀ ਗੁਰਦੁਆਰਾ ਚੋਣਾਂ ਦੀ ਪ੍ਰਕਿਰਿਆ ਦਾ ਕੰਮ ਅੱਗੇ ਵਧ ਸਕਿਆ।

ਚੋਣਾਂ ਨੂੰ ਲੈ ਕੇ ਪਿਛਲੇ ਹੀ ਹਫ਼ਤੇ ਪੰਜਾਬ ਦੇ ਮੁੱਖ ਸਕੱਤਰ ਵਲੋਂ ਇਕ ਮੀਟਿੰਗ ਕੀਤੀ ਗਈ ਸੀ ਜਿਸ ਵਿਚ ਪੰਜਾਬ ਦੇ ਚੋਣ ਅਫਸਰ, ਗੁਰਦੁਆਰਾ ਚੋਣ ਕਮਿਸ਼ਨ ਦੇ ਨੁਮਾਇੰਦੇ ਆਦਿ ਸ਼ਾਮਿਲ ਹੋਏ।

ਮੀਟਿੰਗ ਵਿਚ ਚੋਣਾਂ ਦੀ ਕਾਰਵਾਈ ਨੂੰ ਛੇਤੀ ਨੇਪਰੇ ਚਾੜ੍ਹਨ ਲਈ ਵਿਚਾਰ ਕੀਤਾ ਗਿਆ। ਇਸ ਦੇ ਲਈ ਪੰਜਾਬ ਦੇ ਸਟੇਸ਼ਨਰੀ ਵਿਭਾਗ ਨੂੰ ਵੋਟਰ ਫਾਰਮਾਂ ਦੀ ਛਪਾਈ ਲਈ ਟੈਂਡਰ ਮੰਗਣ ਦੀ ਥਾਂ ਪਹਿਲਾਂ ਤੋਂ ਹੀ ਵਿਭਾਗ ਨਾਲ ਜੁੜੀਆਂ ਪ੍ਰੈਸਾਂ ਤੋਂ ਕੰਮ ਕਰਵਾਉਣ ਲਈ ਕਿਹਾ ਗਿਆ ਹੈ। ਫਾਰਮਾਂ ਦੀ ਛਪਾਈ ਦਾ ਕੰਮ ਸ਼ੁਰੂ ਹੋ ਗਿਆ ਹੈ ਜੋ ਆਉਣ ਵਾਲੇ 10 ਦਿਨਾਂ ਤੱਕ ਮੁਕੰਮਲ ਹੋ ਜਾਵੇਗਾ ਅਤੇ 25 ਦਸੰਬਰ ਤੱਕ ਫਾਰਮਾਂ ਦੀ ਵੰਡ ਪੂਰੇ ਪੰਜਾਬ ਦੇ ਜ਼ਿਲ੍ਹਿਆਂ ਵਿਚ ਕਰ ਦਿੱਤੀ ਜਾਵੇਗੀ।

ਪੰਜਾਬ ਵਿਚ ਵੋਟਰ ਫਾਰਮ ਇਕ ਸਫੇ ਦੇ ਅਤੇ ਪੰਜਾਬੀ ਭਾਸ਼ਾ ਵਿਚ ਛਾਪੇ ਜਾ ਰਹੇ ਹਨ ਜਦਕਿ ਹੋਰਾਂ ਸੂਬਿਆਂ ਲਈ ਫਾਰਮ ਦੋ ਸਫ਼ਿਆਂ ਵਿਚ ਹਨ ਜੋ ਪੰਜਾਬੀ ਦੇ ਨਾਲ-ਨਾਲ ਹਿੰਦੀ ਭਾਸ਼ਾ ਵਿਚ ਵੀ ਹਨ।

ਵੋਟਰ ਫਾਰਮ ਵੰਡਣ ਅਤੇ ਵੋਟਾਂ ਬਣਾਉਣ ਦੀ ਪ੍ਰਕਿਰਿਆ ਵਿਚ ਕਰੀਬ ਪੰਜ ਮਹੀਨੇ ਲੱਗਣਗੇ ਅਤੇ ਫਿਰ ਹੀ ਸ਼੍ਰੋਮਣੀ ਕਮੇਟੀ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਹੋ ਸਕੇਗਾ। ਚੋਣਾਂ ਮਈ ਅੰਤ ਜਾਂ ਜੂਨ ਵਿਚ ਹੀ ਹੋ ਸਕਦੀਆਂ ਹਨ। ਛਾਪੇ ਜਾ ਰਹੇ ਪ੍ਰਸਤਾਵਿਤ ਫਾਰਮਾਂ ਵਿਚ ਵੋਟਰਾਂ ਲਈ ਪੰਜ ਸ਼ਰਤਾਂ ਹਨ ਜਿਸ ਦੇ ਅਨੁਸਾਰ ਵੋਟਰ ਕੇਸਾਧਾਰੀ ਸਿੱਖ ਹੋਵੇ, ਆਪਣੀ ਦਾਹੜੀ ਨਾ ਕੱਟਦਾ ਹੋਵੇ, ਹਲਾਲ ਦਾ ਮੀਟ ਨਾ ਖਾਂਦਾ ਹੋਵੇ। ਇਸ ਫਾਰਮ ਵਿਚ ਪਤਿਤ ਦਾ ਅਰਥ ਸਪੱਸ਼ਟ ਕੀਤਾ ਗਿਆ ਹੈ ਕਿ ਜੋ ਕੇਸਾਧਾਰੀ ਹੁੰਦੇ ਹੋਏ ਵੀ ਆਪਣੀ ਦਾੜ੍ਹੀ ਜਾਂ ਕੇਸ ਕੱਟਦਾ ਹੈ ਜਾਂ ਜਿਹੜਾ ਅੰਮ੍ਰਿਤ ਛਕਣ ਮਗਰੋਂ ਵੀ ਚਹੁੰ ਕੁਰਹਿਤਾਂ ਵਿਚੋਂ ਕੋਈ ਇਕ ਵੀ ਕੁਰਹਿਤ ਕਰਦਾ ਹੋਵੇ।

# ਸ਼੍ਰੋਮਣੀ ਕਮੇਟੀ ਚੋਣਾਂ ਦੇ ਮੁੱਦੇ 'ਤੇ ਕੈਪਟਨ-ਮੱਕੜ ਵਿਚ ਬਹਿਸ

**ਚੰਡੀਗੜ੍ਹ:** ਐੱਸ.ਜੀ.ਪੀ.ਸੀ. ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਆ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅੰਦਰ ਸ਼੍ਰੋਮਣੀ ਅਕਾਲੀ ਦਲ ਨੂੰ ਹਰਾਉਣ ਲਈ ਆਪਣੇ ਪਿੱਠੂ ਸਰਨਾ ਧੜੇ ਦੀ ਖੁੱਲ੍ਹ ਕੇ ਹਮਾਇਤ ਕਰਨ ਦੇ ਬਿਆਨ ਨਾਲ, ਕਾਂਗਰਸ ਹਾਈਕਮਾਂਡ ਦੀ ਘੱਟ ਗਿਣਤੀ ਸਿੱਖ ਭਾਈਚਾਰੇ ਦੇ ਧਾਰਮਿਕ ਅਸਥਾਨਾਂ ਦੇ ਪ੍ਰਬੰਧ ਉਪਰ ਕਬਜ਼ਾ ਕਰਨ ਦੀ ਸਾਜ਼ਿਸ਼ ਬੇਨਕਾਬ ਹੋ ਗਈ ਹੈ। ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਸੁਪਰੀਮ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਂਗਰਸ ਪਾਰਟੀ ਸ਼ੁਰੂ ਤੋਂ ਹੀ ਕਬਜ਼ਾ ਕਰਨ ਦੀਆਂ ਸਾਜ਼ਿਸ਼ਾਂ ਰਚਦੀ ਰਹੀ ਹੈ ਤਾਂ ਜੋ ਖਾਲਸਾ ਪੰਥ ਦੀ ਧਾਰਮਿਕ ਤੇ ਸਿਆਸੀ ਸੰਸਥਾ ਨੇ ਖੇਰੂੰ-ਖੇਰੂੰ ਕੀਤਾ ਜਾ ਸਕੇ ਪਰ ਹਰ ਵਾਰ ਉਸ ਨੂੰ ਮੂੰਹ ਦੀ ਖਾਣੀ ਪਈ ਤੇ ਇਸ ਵਾਰ ਵੀ ਉਸਦੇ ਮਨਸੂਬੇ ਕਾਮਯਾਬ ਨਹੀਂ ਹੋਣਗੇ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਜਾਰੀ ਕੀਤੇ ਬਿਆਨ ਵਿਚ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੇਸ਼ ਦੇ ਆਜ਼ਾਦ ਹੋਣ ਸਾਰ ਹੀ ਘੱਟ ਗਿਣਤੀਆਂ ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਨੂੰ ਸਿਆਸੀ, ਆਰਥਿਕ ਸਭਿਆਚਾਰਕ ਤੇ ਧਾਰਮਿਕ ਤੌਰ 'ਤੇ ਕਮਜ਼ੋਰ ਬਣਾ ਕੇ ਰੱਖਣ ਦੀਆਂ ਨੀਤੀਆਂ ਤੇ ਸਾਜ਼ਿਸ਼ਾਂ ਨੂੰ ਅਮਲ ਵਿਚ ਲਿਆਉਣ ਲਈ ਯਤਨਸ਼ੀਲ ਹੋ ਗਈ ਸੀ। ਆਪਣੇ ਬਿਆਨ ਵਿਚ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਰਾਜ ਦੌਰਾਨ ਪਾਵਨ ਸ਼ਹਿਰ ਅੰਮ੍ਰਿਤਸਰ ਸਾਹਿਬ ਨੂੰ ਪੁਲਸ ਛਾਉਣੀ ਵਿਚ ਬਦਲ ਕੇ, ਹਰਿਮੰਦਰ ਸਾਹਿਬ ਵਿਚ ਪੁਲਸ ਭੇਜੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਬਜ਼ਾ ਕਰਨ ਲਈ ਪੂਰੀ ਵਾਹ ਲਾਈ ਸੀ।

ਇਥੇ ਜਾਰੀ ਇਕ ਬਿਆਨ ਵਿਚ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਉਸ ਸਮੇਂ ਸ਼ਾਇਦ ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਮੈਂਬਰ ਅਜਿਹਾ ਬਚਿਆ ਹੋਵੇ ਜਿਸ ਉੱਤੇ ਉਦੋਂ ਦੀ ਸਰਕਾਰ ਨੇ ਝੂਠੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲੋਂ ਤੋੜਨ ਦਾ ਯਤਨ ਨਾ ਕੀਤਾ ਹੋਵੇ। ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਮੌਜੂਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਮੂਹ ਮੈਂਬਰਾਂ ਨੂੰ ਇਕ ਚਾਰਟਰਡ ਹਵਾਈ ਜਹਾਜ਼ ਰਾਹੀਂ ਦਿੱਲੀ ਤੋਂ ਸਿੱਧੇ ਅੰਮ੍ਰਿਤਸਰ ਲਿਆ ਕੇ ਅਤੇ ਪ੍ਰੈੱਸ ਦੇ ਸਾਹਮਣੇ ਉਨ੍ਹਾਂ ਨੂੰ ਹਾਜ਼ਰ ਕਰਕੇ ਕੈਪਟਨ ਅਮਰਿੰਦਰ ਸਿੰਘ ਨੂੰ ਨੱਕ ਰਾਹੀਂ ਚਨੇ ਚਬਾਏ ਸਨ। ਜਥੇਦਾਰ ਅਵਤਾਰ ਸਿੰਘ ਨੇ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਦੀ ਜ਼ੋਰਦਾਰ ਨਿਖੇਧੀ ਕਰਨ ਦੇ ਨਾਲ ਹੀ ਕਾਂਗਰਸ ਹਾਈਕਮਾਂਡ ਨੂੰ ਆਪਣੇ ਦਰਬਾਰੀਆਂ ਨੂੰ ਅਜਿਹੀ ਅੱਗ ਨਾਲ ਖੇਡਣ ਤੋਂ ਵਰਜਣ ਦੀ ਸਲਾਹ ਦਿੰਦਿਆਂ ਕਿਹਾ ਹੈ ਕਿ ਖਾਲਸਾ ਪੰਥ ਨੇ ਹਮੇਸ਼ਾ ਹੀ ਕਾਂਗਰਸ ਦੀਆਂ ਅਜਿਹੀਆਂ ਚਾਲਾਂ ਨੂੰ ਮਾਤ ਦਿੱਤੀ ਹੈ ਤੇ ਕੈਪਟਨ ਪਿੱਠੂਆਂ ਦਾ ਹਸ਼ਰ ਵੀ ਸਾਧ ਸੰਗਤ ਬੋਰਡ ਨਾਲੋਂ ਵੀ ਸ਼ਰਮਨਾਕ ਹੋਵੇਗਾ।

**ਹਰਮੋਹਿੰਦਰ ਸਿੰਘ ਚੱਠਾ ਨੇ ਵੀ ਕੈਪਟਨ ਦੇ ਬਿਆਨ ਦਾ ਵਿਰੋਧ ਕੀਤਾ :** ਕਾਂਗਰਸ ਇਕ ਧਰਮ ਨਿਰਪੱਖ ਪਾਰਟੀ ਹੈ, ਜਿਸ ਕਰਕੇ ਹੀ ਧਾਰਮਿਕ ਮਾਮਲਿਆਂ ਵਿਚ ਇਸ ਪਾਰਟੀ ਵਲੋਂ ਸਿੱਧੀ ਜਾਂ ਅਸਿੱਧੀ ਦਖਲਅੰਦਾਜ਼ੀ ਤੋਂ ਹਮੇਸ਼ਾ ਹੀ ਗੁਰੇਜ਼ ਕੀਤਾ ਜਾਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਮੋਹਿੰਦਰ ਸਿੰਘ ਚੱਠਾ ਨੇ ਇਥੇ ਕਿਹਾ ਕਿ ਕਾਂਗਰਸ ਸ਼੍ਰੋਮਣੀ ਕਮੇਟੀ ਦੀਆਂ ਅਗਾਮੀ ਚੋਣਾਂ ਵਿਚ ਦਖਲਅੰਦਾਜ਼ੀ ਨਹੀਂ ਕਰੇਗੀ। ਉਨ੍ਹਾਂ ਇਹ ਵੀ ਆਖਿਆ ਕਿ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕਰਨ ਵਿਚ ਕੋਈ ਸੰਵਿਧਾਨਿਕ ਜਾਂ ਕਾਨੂੰਨੀ ਅੜਚਨ ਨਹੀਂ ਹੈ, ਫਿਰ ਵੀ ਹਰਿਆਣਾ ਸਰਕਾਰ ਦੀ ਕੋਸ਼ਿਸ਼ ਹੋਵੇਗੀ ਕਿ ਸਿੱਖ ਪੰਥ ਵਿਚ ਦਰਾੜ ਪਾਉਣ ਤੋਂ ਗੁਰੇਜ਼ ਕੀਤਾ ਜਾਵੇ ਅਤੇ ਕੋਈ ਵੀ ਕਾਨੂੰਨੀ ਫੈਸਲਾ ਸਰਬਸੰਮਤੀ ਨਾਲ ਲਿਆ ਜਾਵੇ।

# ਜੂਤ-ਪਤਾਣ ਕਰਨ ਦਾ ਇਤਿਹਾਸ ਸਿਰਜਿਆ ਪੰਜਾਬ ਅਸੈਂਬਲੀ ਨੇ

## ਸਮੇਂ ਦੀ ਬਰਬਾਦੀ ਅਤੇ ਵਿਧਾਇਕਾਂ ਦੀ ਪੱਗੋ-ਲੱਥੀ ਨੇ ਨਵਾਂ ਇਤਿਹਾਸ ਬਣਾਇਆ






ਪਤਰਕਾਰਾਂ ਨਾਲ ਗਲਬਾਤ ਕਰਦੇ ਹੋਏ ਬੀਬੀ ਰਜਿੰਦਰ ਕੌਰ ਭੱਠਲ ਅਤੇ ਵਿਖਾਵਾ ਕਰਦੇ ਹੋਏ ਕਾਂਗਰਸੀ

**ਚੰਡੀਗੜ੍ਹ :** 13ਵੀਂ ਪੰਜਾਬ ਵਿਧਾਨ ਸਭਾ ਦਾ ਅੱਠਵਾਂ ਸਰਦ ਰੁੱਤ ਸੈਸ਼ਨ 17 ਸਾਲਾਂ ਦੇ ਅਰਸੇ ਬਾਅਦ ਸਮੇਂ ਦੀ ਬਰਬਾਦੀ ਅਤੇ ਵਿਧਾਇਕਾਂ ਦੇ ਪੱਗੋ-ਲੱਥੀ ਹੋਣ ਦੇ ਮਾਮਲੇ ਵਿਚ ਇਕ ਨਵਾਂ ਇਤਿਹਾਸ ਬਣਾ ਗਿਆ ਹੈ। ਇਸ ਸੈਸ਼ਨ ਵਿਚ ਜਿਥੇ ਲੋਕਤੰਤਰ ਸ਼ਰਮਸਾਰ ਹੋਇਆ, ਉਥੇ ਲੋਕਾਂ ਦੇ ਮੁੱਦੇ ਪੂਰੀ ਤਰ੍ਹਾਂ ਨਜ਼ਰਅੰਦਾਜ਼ ਹੋ ਗਏ। ਸੱਤਾਧਾਰੀ ਤੇ ਵਿਰੋਧੀ ਪਾਰਟੀ ਦੇ ਜ਼ਿੱਦੀ ਰਵੱਈਏ ਕਾਰਨ ਸੈਸ਼ਨ 'ਤੇ ਖਰਚ ਹੋਏ ਸਰਕਾਰੀ ਖਜ਼ਾਨੇ ਦੇ ਕਰੋੜਾਂ ਰੁਪਏ ਵੀ ਬਰਬਾਦ ਹੋਏ। ਪੰਜਾਬ ਵਿਧਾਨ ਸਭਾ ਵਿਚ ਜਿਸ ਤਰ੍ਹਾਂ ਦੀ ਸਥਿਤੀ ਇਸ ਵਾਰ, ਸ਼ਾਇਦ ਹੋਰ ਕਿਸੇ ਅਸੈਂਬਲੀ ਵਿਚ ਅਜਿਹਾ ਨਾ ਹੋਇਆ ਹੋਵੇ। ਆਮ ਤੌਰ 'ਤੇ ਅਸੈਂਬਲੀ ਸੈਸ਼ਨਾਂ ਦੌਰਾਨ ਭੰਨ-ਤੋੜ ਅਤੇ ਹੱਥੋਪਾਈ ਦੀ ਨੌਬਤ ਤਾਂ ਆ ਜਾਂਦੀ ਹੈ ਪਰ ਸੱਤਾਧਾਰੀ ਬੈਂਚਾਂ ਦੇ ਪੂਰੇ ਹੀ ਮੈਂਬਰ ਵਿਰੋਧੀ ਧਿਰ ਵਾਲੇ ਪਾਸੇ ਆ ਕੇ ਉਨ੍ਹਾਂ ਨਾਲ ਸਮੂਹਿਕ ਤੌਰ 'ਤੇ ਉਲਝ ਜਾਣ ਦੀ ਸਥਿਤੀ ਪਹਿਲੀ ਵਾਰ ਦੇਖਣ ਨੂੰ ਮਿਲੀ ਹੈ। ਪੰਜਾਬ ਵਿਧਾਨ ਸਭਾ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਤੀਜੀ ਵਾਰ ਲੜਾਈ ਝਗੜੇ ਦੀ ਕੋਈ ਵੱਡੀ ਘਟਨਾ ਹੋਈ ਹੈ।

ਇਸ ਤੋਂ ਪਹਿਲਾਂ 1985 ਵਿਚ ਬਰਨਾਲਾ ਸਰਕਾਰ ਦੇ ਕਾਰਜਕਾਲ ਵਿਚ ਅਕਾਲੀ ਆਪਸ ਵਿਚ ਹੀ ਉਲਝ ਗਏ ਸਨ ਅਤੇ ਉਸ ਸਮੇਂ ਦੇ ਸਪੀਕਰ ਸੁਰਜੀਤ ਸਿੰਘ ਮਿਨਹਾਸ ਦੀ ਪਗੜੀ ਉਤਾਰ ਦਿੱਤੀ ਗਈ ਸੀ। ਇਸ ਸਮੇਂ ਕੈਪਟਨ ਅਮਰਿੰਦਰ ਸਿੰਘ ਵੀ ਅਕਾਲੀ ਦਲ ਵਿਚ ਹੀ ਸਨ। ਇਸ ਤੋਂ ਬਾਅਦ 1992 ਵਿਚ ਪੰਜਾਬ ਅਸੈਂਬਲੀ ਵਿਚ ਵਿਚ ਮਨਿੰਦਰਜੀਤ ਸਿੰਘ ਬਿੱਟਾ ਅਤੇ ਇਕ ਹੋਰ ਮੈਂਬਰ ਅਤੇ ਵਿਰੋਧੀ ਧਿਰ ਨਾਲ ਸੰਬੰਧਤ ਵਿਧਾਇਕ ਇੰਦਰਜੀਤ ਸਿੰਘ ਜ਼ੀਰਾ, ਵਿਜੇ ਸਾਥੀ ਅਤੇ ਤਰਸੇਮ ਜੋਧਾਂ ਵਿਚਕਾਰ ਮਾਰਕੁਟਾਈ ਹੋ ਗਈ ਸੀ। ਇਸ ਤੋਂ ਬਾਅਦ ਹੁਣ ਲਗਭਗ 17 ਸਾਲ ਦੇ ਅਰਸੇ ਪਿਛੋਂ ਪੰਜਾਬ ਅਸੈਂਬਲੀ 'ਚ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਮੈਂਬਰਾਂ ਵਿਚ ਜੰਮ ਕੇ ਹੋਈ ਘਸੁੰਨ-ਮੁੱਕੀ ਅਤੇ ਇਕ ਦੂਜੇ ਦੀਆਂ ਪੱਗਾਂ ਲਾਉਣ ਦੀ ਘਟਨਾ ਨਾਲ ਨਵਾਂ ਇਤਿਹਾਸ ਬਣਿਆ ਹੈ। ਇਸ ਅਸੈਂਬਲੀ ਸੈਸ਼ਨ ਦੀ ਇਹ ਗੱਲ ਵੀ ਇਤਿਹਾਸਕ ਹੀ ਮੰਨੀ ਜਾਵੇਗੀ ਕਿ ਸਪੀਕਰ ਖਿਲਾਫ਼ ਹੀ ਸਿੱਧਾ ਮੋਰਚਾ ਸਦਨ ਅੰਦਰ ਵਿਰੋਧੀ ਧਿਰ ਵਲੋਂ ਖੋਲ੍ਹ ਦਿੱਤਾ ਹੋਵੇ। ਸਿਰਫ ਗੱਲੀਂ ਬਾਤੀਂ ਵਿਰੋਧ ਹੀ ਨਹੀਂ ਕੀਤਾ ਗਿਆ ਬਲਕਿ ਕਾਂਗਰਸੀ ਮੈਂਬਰਾਂ ਵਲੋਂ ਮਾਰਸ਼ਲਾਂ ਦਾ ਘੇਰਾ ਤੋੜ ਕੇ ਕਈ ਵਾਰ ਸਪੀਕਰ ਦੀ ਕੁਰਸੀ ਵਲ ਵਧ ਕੇ ਸਿੱਧਾ ਧਾਵਾ ਬੋਲਣ ਦਾ ਯਤਨ ਕੀਤਾ ਗਿਆ। ਕੁਝ ਮੈਂਬਰਾਂ ਵਲੋਂ ਸਪੀਕਰ ਪ੍ਰਤੀ ਵਰਤੀ ਗਈ ਸ਼ਬਦਾਵਲੀ ਸ਼ਾਇਦ ਪਹਿਲਾਂ ਕਦੇ ਨਾ ਵਰਤੀ ਹੋਵੇ। ਇਸੇ ਕਾਰਨ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਬੀਬੀ ਭੱਠਲ ਤੇ ਉਸ ਨਾਲ ਹਾਜ਼ਰ ਹੋਰ ਕਾਂਗਰਸੀ ਵਿਧਾਇਕਾਂ ਖਿਲਾਫ਼ ਮਰਿਆਦਾ ਉਲੰਘਣ ਦਾ ਮਤਾ ਪਾਸ ਕਰਕੇ ਕਾਰਵਾਈ ਦੀ ਸਿਫਾਰਸ਼ ਕੀਤੀ ਗਈ ਹੈ। ਇਸੇ ਤਰ੍ਹਾਂ ਪ੍ਰਸ਼ਨ ਕਾਲ ਸ਼ੁਰੂ ਹੁੰਦਿਆਂ ਹੀ ਵਿਰੋਧੀ ਧਿਰ ਵਲੋਂ ਹੰਗਾਮਾ ਸ਼ੁਰੂ ਕਰ ਦੇਣ ਦੀ ਨਵੀਂ ਰਵਾਇਤ ਇਸ ਵਾਰ ਸ਼ੁਰੂ ਕਰ ਦਿੱਤੀ ਗਈ ਹੈ ਜਦਕਿ ਵਿਧਾਨ ਸਭਾ ਦੇ ਪਿਛਲੇ ਇਤਿਹਾਸ ਵਿਚ ਅਜਿਹਾ ਕਦੇ ਨਹੀਂ ਹੋਇਆ ਅਤੇ ਆਮ ਤੌਰ 'ਤੇ ਪ੍ਰਸ਼ਨਕਾਲ ਸ਼ੁਰੂ ਹੋਣ ਤੋਂ ਬਾਅਦ ਜ਼ੀਰੋ ਆਵਰ ਸ਼ੁਰੂ ਹੋਣ ਤੇ ਹੀ ਹੰਗਾਮੇ ਸ਼ੁਰੂ ਹੁੰਦੇ ਸਨ। ਇਸ ਤਰ੍ਹਾਂ ਪ੍ਰਸ਼ਨਕਾਲ ਵਿਚ ਲੋਕ ਮੁੱਦਿਆਂ ਨਾਲ ਸੰਬੰਧਤ ਪੁੱਛੇ ਜਾਣ ਵਾਲੇ ਸੈਂਕੜੇ ਸਵਾਲ ਦੀ ਅਣਸੁਲਝੇ ਹੀ ਰਹਿ ਗਏ ਕਿਉਂਕਿ ਇਹ ਸਵਾਲ ਪੁੱਛੇ ਜਾਣ ਵਾਲੇ ਵਿਰੋਧੀ ਧਿਰ ਨਾਲ ਸੰਬੰਧਤ ਵਿਧਾਇਕਾਂ ਨੇ ਕਾਰਵਾਈ ਵਿਚ ਹਿੱਸਾ ਹੀ ਨਹੀਂ ਲਿਆ। ਵਿਧਾਨ ਸਭਾ ਸਕਤਰੇਤ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਕ ਸਵਾਲ ਤਿਆਰ ਕਰਨ 'ਤੇ ਲਗਭਗ 5 ਲੱਖ ਰੁਪਏ ਦਾ ਖਰਚਾ ਆਉਂਦਾ ਹੈ।

ਪੰਜਾਬ ਵਿਧਾਨਸਭਾ ਦੇ ਇਤਿਹਾਸ ਵਿਚ ਇਹ ਗੱਲ ਵੀ ਸ਼ਾਇਦ ਪਹਿਲੀ ਵਾਰ ਹੋਈ ਕਿ ਮੀਡੀਆ ਚੈਨਲਾਂ ਅਤੇ ਅਖਬਾਰਾਂ ਦੇ ਫੋਟੋਗ੍ਰਾਫਰਾਂ 'ਤੇ ਕਾਰਵਾਈ ਦੀ ਕਵਰੇਜ ਕਰਨ 'ਤੇ ਮੁਕੰਮਲ ਪਾਬੰਦੀ ਲਾਗੂ ਕੀਤੀ ਗਈ ਅਤੇ ਫੋਟੋਗ੍ਰਾਫਰਾਂ ਨੂੰ ਵਿਧਾਨ ਸਭਾ ਕੰਪਲੈਕਸ ਤੋਂ ਵੀ ਬਾਹਰਲੇ ਗੇਟ ਤੋਂ ਵੀ ਦੂਰ ਰੱਖਿਆ ਗਿਆ।

ਵਿਧਾਨ ਸਭਾ ਦਾ ਪਹਿਲਾਂ ਪੰਜ ਦਿਨ ਦਾ ਪ੍ਰੋਗਰਾਮ ਰੱਖਿਆ ਗਿਆ ਸੀ ਪਰ ਬਾਅਦ ਵਿਚ ਇਸ ਨੂੰ ਘਟਾ ਕੇ 4 ਦਿਨ ਕਰ ਦਿੱਤਾ ਗਿਆ ਅਤੇ ਇਸ ਗੱਲ ਨੂੰ ਵੀ ਸਭ ਤੋਂ ਪਹਿਲਾਂ ਵਿਰੋਧੀ ਧਿਰ ਨੇ ਮੁੱਖ ਮੁੱਦਾ ਬਣਾ ਲਿਆ ਅਤੇ ਬਾਅਦ ਵਿਚ ਸਪੀਕਰ ਖਿਲਾਫ਼ ਸੀ. ਬੀ. ਆਈ. ਮਾਮਲੇ ਦੀ ਮੀਡੀਆ ਰਿਪੋਰਟ ਆਉਣ ਤੋਂ ਬਾਅਦ ਉਨ੍ਹਾਂ ਵਲ ਹੀ ਰੁੱਖ ਕਰ ਲਿਆ ਗਿਆ ਜਿਸ ਕਾਰਨ ਹੰਗਾਮਿਆਂ ਤੇ ਸ਼ੋਰ ਸ਼ਰਾਬੇ ਦੇ ਮਾਹੌਲ ਵਿਚ ਹੀ ਆਖਰੀ ਪੰਜ ਦਿਨ ਬਿੱਲ ਵਿਰੋਧੀ ਧਿਰ ਦੀ ਗੈਰਹਾਜ਼ਰੀ ਵਿਚ ਪਾਸ ਕਰ ਦਿੱਤੇ ਗਏ ਪਰ ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਦੀਆਂ ਤਨਖਾਹਾਂ, ਭੱਤਿਆਂ ਤੇ ਪੈਨਸ਼ਨਾਂ 'ਚ ਵਾਧੇ ਸੰਬੰਧੀ ਬਿੱਲ ਵਾਪਸ ਲੈ ਲਏ ਗਏ ਜਦਕਿ ਇਸ ਵਾਰ ਸਰਕਾਰ ਨੇ ਇਹ ਬਿੱਲ ਪਹਿਲਾਂ ਹੀ ਕੈਬਨਿਟ 'ਚ ਮਨਜ਼ੂਰ ਕਰਵਾ ਲਏ ਸਨ ਜੇ ਸੈਸ਼ਨ ਦੀ ਕਾਰਵਾਈ ਬਿਨਾਂ ਕਿਸ ਵਿਘਨ ਦੇ ਚਲਦੀ ਰਹਿੰਦੀ ਤਾਂ ਇਨ੍ਹਾਂ ਨੂੰ ਸਰਬਸੰਮਤੀ ਨਾਲ ਪਾਸ ਕਰਵਾ ਕੇ ਛੇਤੀ ਹੀ ਲਾਗੂ ਕੀਤੇ ਜਾਣ ਦੀ ਸਰਕਾਰ ਵਲੋਂ ਪੂਰੀ ਤਿਆਰੀ ਕੀਤੀ ਗਈ ਸੀ। ਇਸ ਵਾਰ ਸਰਦ ਰੁੱਤ ਸੈਸ਼ਨ ਵਿਚ ਵਿਧਾਇਕ ਦੇ ਤੌਰ 'ਤੇ ਸੁਖਬੀਰ ਬਾਦਲ, ਸੇਵਾ ਸਿੰਘ ਸੇਖਵਾਂ ਅਤੇ ਜਸਜੀਤ ਬੰਨੀ ਉਪ ਚੋਣਾਂ ਜਿੱਤਣ ਤੋਂ ਬਾਅਦ ਸੈਸ਼ਨ ਵਿਚ ਸ਼ਾਮਲ ਹੋਏ ਪਰ ਇਹ ਗੱਲ ਵੀ ਅਫਸੋਸਨਾਕ ਹੀ ਕਹੀ ਜਾ ਸਕਦੀ ਹੈ ਕਿ ਪਹਿਲੀ ਵਾਰ ਵਿਧਾਇਕ ਵਜੋਂ ਸਦਨ 'ਚ ਪਹੁੰਚਣ 'ਤੇ ਇਨ੍ਹਾਂ ਦੀ ਰਸਮੀ ਜਾਣ ਪਛਾਣ ਕਰਵਾਉਣ ਅਤੇ ਸਵਾਗਤ ਦੀ ਰਸਮ ਨਹੀਂ ਹੋਈ। ਇਸ ਸੈਸ਼ਨ ਵਿਚ ਭਾਵੇਂ ਪ੍ਰਸ਼ਨ, ਲੋਕ ਮੁੱਦੇ ਅਤੇ ਪ੍ਰਦੂਸ਼ਣ ਵਰਗੇ ਅਹਿਮ ਮੁੱਦਿਆਂ ਦੇ ਗੈਰ ਸਰਕਾਰੀ ਪ੍ਰਸਤਾਵ 'ਤੇ ਹੋਣ ਵਾਲੀ ਚਰਚਾ ਹੰਗਾਮਿਆਂ ਵਿਚ ਹੀ ਰੁਲ ਗਈ ਪਰ ਇਕ ਅਹਿਮ ਬਿੱਲ ਜ਼ਰੂਰ ਪਾਸ ਹੋ ਗਿਆ। ਇਹ ਬਿੱਲ ਹੁਸ਼ਿਆਰਪੁਰ ਵਿਖੇ ਆਯੁਰਵੈਦਿਕ ਯੂਨੀਵਰਸਿਟੀ ਦੀ ਸਥਾਪਨਾ ਬਾਰੇ ਸੀ।

90 ਮਿੰਟਾਂ ਵਿਚ 5 ਅਹਿਮ ਬਿਲ ਪਾਸ : ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸਮਾਗਮ ਦੇ ਆਖ਼ਰੀ ਦਿਨ ਵਿਰੋਧੀ ਪਾਰਟੀ ਦੀ ਗ਼ੈਰ-ਮੌਜੂਦਗੀ ਵਿਚ ਹੁਕਮਰਾਨ ਧਿਰ ਨੇ ਇਕ ਕੇਂਦਰੀ ਬਿਲ ਦੀ ਪ੍ਰੋੜਤਾ ਦੇ ਮਤੇ ਸਣੇ 5 ਅਹਿਮ ਬਿਲ ਪਾਸ ਕਰ ਦਿਤੇ ਜਦਕਿ ਦੋ ਹੋਰ ਬਿਲ ਵਾਪਸ ਲੈ ਲਏ। ਸਦਨ ਦੀ ਕਾਰਵਾਈ ਸਿਰਫ਼ ਡੇਢ ਘੰਟਾ ਚੱਲੀ ਜਿਸ ਪਿਛੋਂ ਸਦਨ ਅਣਮਿੱਥੇ ਸਮੇਂ ਲਈ ਉਠਾ ਦਿਤਾ ਗਿਆ। ਇਸੇ ਤਰ੍ਹਾਂ ਖੇਤੀਬਾੜੀ ਮੰਤਰੀ ਸ. ਸੁੱਚਾ ਸਿੰਘ ਲੰਗਾਹ ਵਲੋਂ ਪੇਸ਼ ਕੀਤੇ 'ਪੰਜਾਬ ਜਰਾਇਤੀ ਪੈਦਾਵਾਰ ਮੰਡੀਆਂ ਬਿਲ-2009' ਪਾਸ ਕੀਤਾ ਗਿਆ। ਮਾਲ ਮੰਤਰੀ ਅਜੀਤ ਸਿੰਘ ਕੁਹਾੜ ਵਲੋਂ ਪੇਸ਼ ਕੀਤੇ ਬਿਲ ਕੋਰਟ ਫ਼ੀਸ (ਪੰਜਾਬ ਦੂਜੀ ਸੋਧਨਾ) ਨੂੰ ਵੀ ਪਾਸ ਕੀਤਾ ਗਿਆ। ਪੰਜਾਬ ਸਰਕਾਰ ਨੂੰ ਵਧਾਈਆਂ ਗਈਆਂ ਅਦਾਲਤੀ ਫ਼ੀਸਾਂ ਨਾਲ ਸਾਲਾਨਾ 75 ਕਰੋੜ ਰੁਪਏ ਦੀ ਆਮਦਨ ਹੋਵੇਗੀ। ਸਿਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਪੰਜਾਬ ਲੋਕਪਾਲ (ਸੋਧਨਾ) ਬਿਲ-2009 ਪੇਸ਼ ਕੀਤਾ ਜਿਸ ਨੂੰ ਵੀ ਸਦਨ ਨੇ ਪਾਸ ਕਰ ਦਿਤਾ। ਇਸ ਤਰ੍ਹਾਂ ਗੁਰੂ ਰਵੀਦਾਸ ਆਯੁਰਵੈਦਿਕ ਯੂਨੀਵਰਸਿਟੀ ਪੰਜਾਬ ਬਿਲ-2009 ਨੂੰ ਵੀ ਪਾਸ ਕੀਤਾ ਗਿਆ। ਇਹ ਬਿਲ ਸੰਸਦੀ ਮਾਮਲਿਆਂ ਬਾਰੇ ਮੰਤਰੀ ਤੀਕਸ਼ਣ ਸੂਦ ਨੇ ਪੇਸ਼ ਕੀਤਾ। ਇਹ ਯੂਨੀਵਰਸਿਟੀ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਥਾਪਤ ਕੀਤੀ ਗਈ ਹੈ ਅਤੇ ਬਾਕੀ ਯੂਨੀਵਰਸਿਟੀ ਦੇ ਪੈਟਰਨ ਸਬੰਧੀ ਹਰ ਇਕ ਪਹਿਲੂ ਨੂੰ ਕਾਨੂੰਨੀ ਪ੍ਰਵਾਨਗੀ ਮਿਲ ਗਈ ਹੈ। ਸਦਨ ਵਿਚ ਆਖ਼ਰੀ ਬਿਲ ਬਾਬਾ ਫ਼ਰੀਦ ਸਿਹਤ ਵਿਗਿਆਨ ਯੂਨੀਵਰਸਿਟੀ (ਸੋਧਨਾ) ਬਿਲ-2009 ਵੀ ਪਾਸ ਕੀਤਾ ਗਿਆ। ਇਹ ਬਿਲ ਵੀ ਸ੍ਰੀ ਸੂਦ ਨੇ ਪੇਸ਼ ਕੀਤਾ। ਇਸ ਤੋਂ ਪਹਿਲਾਂ ਪ੍ਰਸ਼ਨ ਕਾਲ 26 ਮਿੰਟਾਂ ਵਿਚ ਸਮਾਪਤ ਹੋ ਗਿਆ। ਪ੍ਰਸ਼ਨ ਕਾਲ ਵਿਚ ਸਿਰਫ਼ 7 ਵਿਧਾਇਕਾਂ ਵਲੋਂ ਹੀ ਪ੍ਰਸ਼ਨ ਪੁਛੇ ਗਏ। ਕਿਉਂਕਿ ਕਾਂਗਰਸੀ ਵਿਧਾਇਕ ਵਾਕ-ਆਊਟ ਕਰ ਗਏ ਸਨ। ਇਹ ਸਦਨ 7 ਦਸੰਬਰ ਨੂੰ ਸ਼ੁਰੂ ਹੋਇਆ ਸੀ ਅਤੇ ਸਿਰਫ਼ ਚਾਰ ਬੈਠਕਾਂ ਹੀ ਹੋ ਸਕੀਆਂ।

## ਸੰਤ ਅਜੀਤ ਸਿੰਘ ਆਪਣੀ ਹੀ ਸਰਕਾਰ ਤੋਂ ਦੁਖੀ

**ਨੂਰਪੁਰਬੇਦੀ:**ਅਕਾਲੀ-ਭਾਜਪਾ ਸਰਕਾਰ ਲਈ ਲੰਘੀ 12 ਦਸੰਬਰ ਨੂੰ ਉਸ ਵੇਲੇ ਸਥਿਤੀ ਗੰਭੀਰ ਬਣ ਗਈ ਜਦੋਂ ਉਨ੍ਹਾਂ ਦੀ ਪਾਰਟੀ ਦੇ ਵਿਧਾਇਕ ਸੰਤ ਅਜੀਤ ਸਿੰਘ ਵੀ ਫ਼ਸਲ ਦੀ ਖ਼ਰੀਦ ਨਾ ਹੋਣ ਕਾਰਨ ਖ਼ੁਦ ਧਰਨੇ ਉਤੇ ਬੈਠ ਗਏ। ਮੁੱਖ ਮੰਤਰੀ ਦੇ ਸਲਾਹਕਾਰ ਸ. ਦਲਜੀਤ ਸਿੰਘ ਚੀਮਾ ਨੇ ਵਾਰ-ਵਾਰ ਉਨ੍ਹਾਂ ਨੂੰ ਫ਼ੋਨ ਕੀਤਾ ਕਿ ਉਹ ਧਰਨੇ ਤੋਂ ਉੱਠ ਜਾਣ ਪਰ ਉਹ ਸ਼ਾਮ ਤਕ ਰੋਸ ਵਜੋਂ ਧਰਨੇ ਉਤੇ ਬੈਠੇ ਰਹੇ।

ਮਿਲੀ ਜਾਣਕਾਰੀ ਮੁਤਾਬਕ ਪੰਜਾਬ ਵੇਅਰ ਹਾਊਸ ਖ਼ਰੀਦ ਏਜੰਸੀ ਵਲੋਂ ਇਕ ਮਹੀਨੇ ਤੋਂ ਅਨਾਜ ਮੰਡੀ ਡੂਮੇਵਾਲ ਵਿਚੋਂ ਝੋਨੇ ਦੀ ਫ਼ਸਲ ਨਾ ਖ਼ਰੀਦਣ ਦੇ ਰੋਸ ਵਜੋਂ ਕਿਸਾਨਾਂ ਦੇ ਇਕ ਵੱਡੇ ਸਮੂਹ ਵਲੋਂ ਖ਼ਰੀਦ ਏਜੰਸੀ ਦੇ ਅਧਿਕਾਰੀਆਂ ਦਾ ਘਿਰਾਉ ਕੀਤਾ ਗਿਆ। ਇਥੇ ਸਾਰਾ ਦਿਨ ਸਥਿਤੀ ਤਨਾਅਪੂਰਨ ਬਣੀ ਰਹੀ। ਇਹ ਘਟਨਾ ਉਦੋਂ ਗੰਭੀਰ ਰੂਪ ਧਾਰ ਗਈ ਜਦੋਂ 10 ਨਵੰਬਰ ਤੋਂ ਰੁਲ ਰਹੀਆਂ ਕਰੀਬ 3200 ਬੋਰੀਆਂ ਨੂੰ ਇਸਪੈਕਟਰ ਨੇ ਖ਼ਰੀਦਣ ਤੇ ਸ਼ੈਲਰਾਂ ਵਿਚ ਪਹੁੰਚਾਣ ਤੋਂ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਫ਼ਸਲ ਨਿਸ਼ਚਿਤ ਖ਼ਰੀਦ ਤੋਂ ਵਧੇਰੇ ਫ਼ੀਸਦੀ ਖ਼ਰਾਬ ਹੈ। ਕਿਸਾਨਾਂ ਦਾ ਦੋਸ਼ ਸੀ ਕਿ ਇੰਸਪੈਕਟਰ ਵਲੋਂ ਇਹ ਰਵਈਆ ਆੜਤੀਆਂ ਤੋਂ ਰਿਸ਼ਵਤ ਨਾ ਮਿਲਣ ਕਾਰਨ ਅਪਣਾਇਆ ਜਾ ਰਿਹਾ ਹੈ ਜਦਕਿ ਇਸ ਫ਼ਸਲ ਤੋਂ ਵੀ ਵਧੇਰੇ ਖ਼ਰਾਬ ਫ਼ਸਲ ਖ਼ਰੀਦੀ ਜਾ ਚੁੱਕੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਸ਼ੈਲਰਾਂ ਵਿਚ ਪਈ ਖ਼ਰੀਦੀ ਫ਼ਸਲ ਦੀ ਜਾਂਚ ਕੀਤੀ ਜਾਵੇ ਤਾਂ ਉਸ ਵਿਚ ਇਸ ਫ਼ਸਲ ਤੋਂ ਇਕ ਫ਼ੀ ਸਦੀ ਵੀ ਵਧ ਫ਼ਸਲ ਖ਼ਰਾਬ ਨਿਕਲੀ ਤਾਂ ਉਹ ਮੰਡੀਆਂ ਵਿਚ ਪਏ ਝੋਨੇ ਦੀ ਖ਼ਰੀਦ ਲਈ ਮਹਿਕਮੇ ਨੂੰ ਮਜਬੂਰ ਨਹੀਂ ਕਰਨਗੇ। ਇਸ ਗੱਲ ਨੂੰ ਲੈ ਕੇ ਬੀਤੇ ਦਿਨੀਂ ਕਿਸਾਨਾਂ ਦਾ ਇਕ ਵਫ਼ਦ ਡਿਪਟੀ ਕਮਿਸ਼ਨਰ ਨੂੰ ਮਿਲਿਆ ਸੀ। ਉਨ੍ਹਾਂ ਨੇ ਤਿੰਨ ਮੈਂਬਰੀ ਕਮੇਟੀ ਬਣਾਈ ਸੀ। ਜਦ ਇਹ ਕਮੇਟੀ ਉਕਤ ਮਾਮਲੇ ਦੇ ਹੱਲ ਲਈ ਅਨਾਜ਼ ਮੰਡੀ ਡੂਮੇਵਾਲ ਪਹੁੰਚੀ ਤਾਂ ਗੱਲ ਕਿਸੇ ਕਿਨਾਰੇ ਨਾ ਲੱਗਦੀ ਵੇਖ ਕੇ ਰੋਸ ਵਿਚ ਆਏ ਕਿਸਾਨਾਂ ਨੇ ਉਕਤ ਅਧਿਕਾਰੀਆਂ ਦਾ ਘਿਰਾਉ ਕਰ ਲਿਆ ਅਤੇ ਵਿਗੜਦੀ ਸਥਿਤੀ ਨੂੰ ਵੇਖ ਕੇ ਪ੍ਰਸ਼ਾਸਨ ਤੋਂ ਇਲਾਵਾ ਵਿਧਾਇਕ ਸੰਤ ਅਜੀਤ ਸਿੰਘ ਨੂੰ ਵੀ ਧਰਨੇ ਵਾਲੀ ਥਾਂ ਉਤੇ ਆਉਣਾ ਪਿਆ। ਮਾਮਲਾ ਸੁਲਝਾਉਣ ਆਏ ਸੰਤ ਅਜੀਤ ਸਿੰਘ ਵੀ ਰੋਹ ਵਿਚ ਆ ਗਏ ਤੇ ਖ਼ੁਦ ਧਰਨੇ ਉਤੇ ਬੈਠ ਗਏ। ਮੁੱਖ ਮੰਤਰੀ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਦੇ ਫ਼ੋਨ ਕਰਨ ਦੇ ਬਾਵਜੂਦ ਨਾ ਉਠੇ। ਉਨ੍ਹਾਂ ਕਿਹਾ, ''ਮੈਂ ਸਰਕਾਰ ਦਾ ਬੰਦਾ ਬਾਅਦ ਵਿਚ ਤੇ ਲੋਕਾਂ ਦਾ ਨੁਮਾਇੰਦਾ ਪਹਿਲਾਂ ਹਾਂ।'' ਉਨ੍ਹਾਂ ਦੇ ਇਕ ਵਜੇ ਦੁਪਿਹਰ ਤੋਂ ਲੈ ਕੇ ਸ਼ਾਮ ਪੰਜ ਵਜੇ ਤਕ ਧਰਨੇ ਤੇ ਬੈਠਣ ਤੋਂ ਬਾਅਦ ਸ਼ੈਲਰ ਮਾਲਕਾਂ ਨੇ ਤਿੰਨ ਟਰੱਕ ਝੋਨਾ ਚੁਕਣ ਦਾ ਵਾਅਦਾ ਕੀਤਾ।

## ਅਵਤਾਰ ਹੈਨਰੀ ਉਤੇ ਉਹਦੇ ਮੁੰਡੇ ਦਾ ਦੂਜਾ ਹੱਲਾ



**ਜਲੰਧਰ :** ਸਾਬਕਾ ਕਾਂਗਰਸੀ ਮੰਤਰੀ ਅਵਤਾਰ ਹੈਨਰੀ ਅਤੇ ਉਨ੍ਹਾਂ ਦੇ ਬੇਟੇ ਗੁਰਜੀਤ ਸਿੰਘ ਦਰਮਿਆਨ ਚਲ ਰਹੇ ਪਰਿਵਾਰਿਕ ਵਿਵਾਦ ਵਿਚ ਸ਼ਨੀਵਾਰ ਨੂੰ ਉਦੋਂ ਨਵਾਂ ਮੋੜ ਆ ਗਿਆ ਹੈ ਜਦੋਂ ਉਨ੍ਹਾਂ ਦੇ ਬੇਟੇ ਗੁਰਜੀਤ ਸਿੰਘ ਨੇ ਪੰਜਾਬ ਪੁਲਸ ਦੇ ਮੁਖੀ ਨੂੰ ਇਕ ਹੋਰ ਲਿਖਤੀ ਸ਼ਿਕਾਇਤ ਭੇਜ ਕੇ ਦੋਸ਼ ਲਾਇਆ ਹੈ ਕਿ ਸ੍ਰੀ ਹੈਨਰੀ ਨੇ ਫਰਵਰੀ 1997 ਵਿਚ ਇੰਗਲੈਂਡ ਦਾ ਦੌਰਾ ਭਾਰਤੀ ਪਾਸਪੋਰਟ 'ਤੇ ਕੀਤਾ ਸੀ, ਜੋ ਕਿ ਖੇਤਰੀ ਪਾਸਪੋਰਟ ਦਫਤਰ ਜਲੰਧਰ ਵਲੋਂ ਜਾਰੀ ਕੀਤਾ ਗਿਆ ਸੀ।

ਗੁਰਜੀਤ ਨੇ ਕਿਹਾ ਕਿ ਬਰਤਾਨੀਆ ਜਾਣ ਤੋਂ ਬਾਅਦ ਉਨ੍ਹਾਂ ਨੇ ਆਪਣਾ ਭਾਰਤੀ ਪਾਸਪੋਰਟ ਬਰਤਾਨੀਆ ਸਰਕਾਰ ਨੂੰ ਨਹੀਂ ਵਿਖਾਇਆ ਸਗੋਂ ਆਪਣੇ ਆਪ ਨੂੰ ਇੰਗਲੈਂਡ ਦਾ ਸਥਾਈ ਨਾਗਰਿਕ ਦੱਸਿਆ। ਹੈਨਰੀ ਨੇ ਉਥੇ ਨੈਸ਼ਨਲ ਹੈਲਥ ਸਰਵਿਸ ਮੈਡੀਕਲ ਕਾਰਡ ਯੂ.ਕੇ. ਸਰਕਾਰ ਤੋਂ ਬਣਵਾਇਆ ਸੀ। ਇਸਦੇ ਸਬੂਤ ਗੁਰਜੀਤ ਨੇ ਆਪਣੀ ਸ਼ਿਕਾਇਤ ਦੇ ਨਾਲ ਨੱਥੀ ਕੀਤੇ ਹਨ। ਇਹ ਕਾਰਡ 17 ਫਰਵਰੀ 1997 ਨੂੰ ਬਣਿਆ ਸੀ, ਜਿਸ ਦਾ ਨੰਬਰ 4994282870 ਸੀ। ਇਸ ਕਾਰਡ ਵਿਚ ਹੈਨਰੀ ਨੇ ਆਪਣਾ ਪਤਾ 37, ਵਾਲਥਮ ਕਲਾਜ ਵੈਸਟ ਬ੍ਰਿਜ ਫੋਰਡ, ਨਾਟਿੰਗਮ ਦੱਸਿਆ ਸੀ। ਗੁਰਜੀਤ ਨੇ ਕਿਹਾ ਕਿ ਮੈਡੀਕਲ ਕਾਰਡ ਨਾਟਿੰਗਮ ਕੰਪਨੀ ਐਂਡ ਸਿਟੀ ਐਗਜ਼ੀਕਿਊਟਿਵ ਕੌਂਸਲ 11,2 ਰੌਂਪਵਾਕ ਵਿਖੇ ਤਿਆਰ ਹੋਇਆ ਸੀ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਹੈਨਰੀ ਨੇ ਇੰਗਲੈਂਡ ਵਿਚ ਆਪਣੀ ਦੋਹਰੀ ਸ਼ਖਸੀਅਤ ਦਾ ਸਬੂਤ ਦਿੱਤਾ। ਉਸ ਸਮੇਂ ਉਹ ਕਾਂਗਰਸੀ ਵਿਧਾਇਕ ਸਨ। ਕਾਰਡ ਬਣਾਉਂਦੇ ਸਮੇਂ ਉਨ੍ਹਾਂ ਆਪਣਾ ਪੁਰਾਣਾ ਪਾਸਪੋਰਟ ਵਿਖਾਇਆ।

ਉਨ੍ਹਾਂ ਕਿਹਾ ਕਿ ਮੈਡੀਕਲ ਕਾਰਡ ਵਿਚ ਉਨ੍ਹਾਂ ਆਪਣੀ ਜਨਮ ਮਿਤੀ 17 ਮਈ 1942 ਲਿਖਵਾਈ ਹੈ ਜਦੋਂਕਿ ਪੁਰਾਣੇ ਪਾਸਪੋਰਟ 'ਤੇ ਜੋ ਕਿ ਬਰਤਾਨੀਆ ਵਿਚ ਬਣਿਆ ਸੀ, ਵਿਚ ਉਨ੍ਹਾਂ ਜਨਮ ਮਿਤੀ 16 ਜੁਲਾਈ 1945 ਲਿਖਵਾਈ ਹੈ। ਇੰਝ ਭਾਰਤ ਸਰਕਾਰ ਨੂੰ ਵੀ ਉਨ੍ਹਾਂ ਧੋਖਾ ਦਿੱਤਾ। ਗੁਰਜੀਤ ਨੇ ਡੀ.ਜੀ.ਪੀ. ਤੋਂ ਮੰਗ ਕੀਤੀ ਹੈ ਕਿ ਹੈਨਰੀ ਵਿਰੁੱਧ ਧਾਰਾ 420, 465, 467 ਅਤੇ 468 ਆਈ.ਪੀ.ਸੀ. ਅਧੀਨ ਕੇਸ ਦਰਜ ਕੀਤਾ ਜਾਵੇ।


Easy Travel Inc.

7191 Camelot Drive, Canton, MI 48187 Fax: 866-908-6663
www.easytravelinc.net info@easytravelinc.net

ਸਸਤੀਆਂ ਹਵਾਈ ਟਿਕਟਾਂ



*Please call us for the lowest fare from your city to india*

Tel: 734-451-9526, Toll Free 866-51-INDIA

SUPER TRAVEL
847-676-9090
*E-mail: supertravel2003@yahoo.com*
*Lowest Fares With Excellent Service*



*AMERICAN AIR, CONTINENTAL AIR*
*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250

SYAN VIDEO PRODUCTION, INC.
Professional HD Video & Digital Photo Production




Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)
734-261-0936 / 734-890-1767
E-mail: raj@syanvideo.com
or visit at: www.syanvideo.com

# ਅਸਾਮ ਦੀ ਉਲਫਾ ਸਮੱਸਿਆ ਕਾਂਗਰਸੀ ਸਰਕਾਰਾਂ ਦੀ ਉਪਜ?

**ਬਲਬੀਰ ਪੁੰਜ**

ਖੂਨ-ਖਰਾਬੇ ਦੇ ਰਸਤੇ ਅਸਾਮ ਦੀ ਪ੍ਰਭੂਸੱਤਾ ਲਈ ਲੜ ਰਹੇ ਉਲਫਾ ਦੇ ਹਥਿਆਰਬੰਦ ਦਸਤੇ ਦੇ ਮੁਖੀ ਪਰੇਸ਼ ਬਰੂਆ ਨੂੰ ਛੱਡ ਕੇ ਬਾਕੀ ਦੇ ਵੱਡੀ ਨੇਤਾ ਕਾਨੂੰਨ ਦੀ ਪਕੜ 'ਚ ਹਨ। ਅਰਵਿੰਦ ਰਾਜਖੋਵਾ ਅਤੇ ਰਾਜੂ ਬਰੂਆ ਦੀ ਗ੍ਰਿਫਤਾਰੀ ਦਾ ਸਿਹਰਾ ਬੰਗਲਾਦੇਸ਼ ਸਰਕਾਰ ਨੂੰ ਜਾਂਦਾ ਹੈ। ਕਠਮੁੱਲਿਆਂ ਦੇ ਸਮਰਥਨ 'ਤੇ ਟਿਕੀ ਖਾਲਿਦਾ ਜ਼ਿਆ ਦੀ ਅਗਵਾਈ ਵਾਲੀ ਸਰਕਾਰ ਦੇ ਕਾਰਜਕਾਲ ਵਿਚ ਬੰਗਲਾਦੇਸ਼ ਭਾਰਤ ਵਿਰੋਧੀ ਤਾਕਤਾਂ ਲਈ ਇਕ ਸੁਰੱਖਿਅਤ ਪਨਾਹਗਾਹ ਬਣ ਗਿਆ ਸੀ।

ਉਲਫਾ ਦੇ ਨੇਤਾ ਦੇਸ਼ ਵਿਚ ਅੱਤਵਾਦੀ ਸਾਜ਼ਿਸ਼ਾਂ ਨੂੰ ਅੰਜਾਮ ਦੇ ਕੇ ਬੰਗਲਾਦੇਸ਼ 'ਚ ਜਾ ਕੇ ਲੁਕ ਜਾਂਦੇ ਸਨ। ਸ਼ੇਖ ਹਸੀਨਾ ਨੇ ਸੱਤਾ 'ਚ ਆਉਂਦਿਆਂ ਹੀ ਭਾਰਤ ਵਿਰੋਧੀ ਸਰਗਰਮੀਆਂ ਲਈ ਬੰਗਲਾਦੇਸ਼ ਦੀ ਧਰਤੀ ਦੀ ਵਰਤੋਂ ਨਾ ਹੋਣ ਦੇਣ ਦਾ ਭਰੋਸਾ ਦਿਵਾਇਆ ਸੀ।

ਪਰੇਸ਼ ਬਰੂਆ ਆਪਣੇ ਬੰਗਲਾਦੇਸ਼ੀ ਟਿਕਾਣੇ ਨੂੰ ਛੱਡ ਕੇ ਮਿਆਂਮਾਰ ਵਿਚ ਜਾ ਲੁਕਿਆ ਹੈ ਅਤੇ ਉਥੋਂ ਹੀ ਉਲਫਾ ਨੂੰ ਚਲਾ ਰਿਹਾ ਹੈ। ਉਲਫਾ ਜਥੇਬੰਦੀ ਆਈ.ਐਸ.ਆਈ. ਦੇ ਹੱਥਾਂ 'ਚ ਖੇਡਦੀ ਰਹੀ ਅਤੇ ਬਾਅਦ ਵਿਚ ਬੰਗਲਾਦੇਸ਼ ਅਤੇ ਹੁਣ ਚੀਨ ਉਸ ਨੂੰ ਭਰਪੂਰ ਸਮਰਥਨ ਦੇ ਰਹੇ ਹਨ। ਅਸਾਮ ਦੇ ਮੁੱਖ ਮੰਤਰੀ ਤਰੁਣ ਗਗੋਈ ਕਈ ਵਾਰ ਦੁਹਰਾ ਚੁੱਕੇ ਹਨ ਕਿ ਉਨ੍ਹਾਂ ਦੇ ਸੂਬੇ 'ਚ ਹਿੰਸਾ ਮਚਾ ਰਹੇ ਉਲਫਾ ਦੇ ਅੱਤਵਾਦੀਆਂ ਨੂੰ ਚੀਨ ਤੋਂ ਹੀ ਹਥਿਆਰ ਮਿਲਦੇ ਹਨ।

ਉੱਤਰ-ਪੂਰਬ ਦੇ ਲਗਭਗ ਸਾਰੇ ਸੂਬੇ ਵੱਖਵਾਦ ਦੀ ਲਪੇਟ 'ਚ ਹਨ। ਇਨ੍ਹਾਂ 'ਚ ਮਣੀਪੁਰ ਦੀ ਸਥਿਤੀ ਬਹੁਤ ਚਿੰਤਾਜਨਕ ਹੈ। ਮਣੀਪੁਰ ਵੱਖਵਾਦੀ ਹਿੰਸਾ ਤੋਂ ਸਭ ਤੋਂ ਵਧ ਪੀੜਤ ਸੂਬਾ ਹੈ। ਸਿਰਫ 24 ਲੱਖ ਅਬਾਦੀ ਵਾਲੇ ਇਸ ਸੂਬੇ ਵਿਚ 2008 ਵਿਚ ਵੱਖਵਾਦੀ ਹਿੰਸਾ ਦੀਆਂ 996 ਘਟਨਾਵਾਂ ਹੋਈਆਂ ਜਿਨ੍ਹਾਂ 'ਚ 499 ਮੌਤਾਂ ਹੋਈਆਂ।

15 ਨਵੰਬਰ, 2009 ਤਕ ਹਿੰਸਾ ਦੇ 878 ਮਾਮਲੇ ਦਰਜ ਹੋਏ ਜਿਨ੍ਹਾਂ 'ਚ 369 ਜਾਨਾਂ ਗਈਆਂ। ਦੂਜੇ ਨੰਬਰ 'ਤੇ ਅਸਾਮ ਹੈ ਜਿਥੇ 2009 'ਚ 344 ਨਿਰਦੋਸ਼ ਲੋਕ ਵੱਖਵਾਦੀ ਹਿੰਸਾ ਦਾ ਸ਼ਿਕਾਰ ਹੋਏ ਹਨ। ਇਥੇ ਵੀ ਅੱਤਵਾਦੀਆਂ ਦੇ ਨਿਸ਼ਾਨੇ 'ਤੇ ਹਿੰਦੀ ਅਤੇ ਬੰਗਲਾਦੇਸ਼ੀ ਭਾਸ਼ੀ ਰਾਜਾਂ ਦੇ ਮਜ਼ਦੂਰ ਤੇ ਛੋਟੇ ਵਪਾਰੀ ਹੀ ਹਨ।

ਮਨੀਪੁਰ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਬੇਕਸੂਰ ਹਿੰਦੀ ਭਾਸ਼ੀ (ਬਾਹਰਲੇ ਲੋਕ-ਸਥਾਨਕ ਭਾਸ਼ਾ 'ਚ ਜਿਨ੍ਹਾਂ ਨੂੰ ਮਿਆਂਗ ਕਿਹਾ ਜਾਂਦਾ ਹੈ) ਮਾਰੇ ਜਾਂਦੇ ਹਨ। ਕੁਝ ਮਹਿਲਾ ਸੰਗਠਨਾਂ ਦੀਆਂ ਮੈਂਬਰਾਂ ਨੰਗੀਆਂ ਹੋ ਕੇ ਸੜਕਾਂ 'ਤੇ ਵਿਰੋਧ ਕਰਨ ਲਈ ਆ ਜਾਂਦੀਆਂ ਹਨ। ਬੀਤੀ 23 ਜੁਲਾਈ ਨੂੰ ਪੁਲਸ ਮੁਕਾਬਲੇ 'ਚ ਵੱਖਵਾਦੀ ਸੰਗਠਨ ਦੇ ਵਰਕਰ ਦੀ ਮੌਤ ਹੋ ਗਈ।ਉਦੋਂ ਤੋਂ ਸੂਬੇ ਦੇ ਸਾਰੇ 9 ਜ਼ਿਲ੍ਹਿਆਂ ਵਿਚ ਕਾਨੂੰਨ ਵਿਵਸਥਾ ਠੱਪ ਹੈ।

ਪਿਛਲੇ ਤਿੰਨ ਮਹੀਨਿਆਂ ਤੋਂ ਜੀਵਨ ਦੇ ਅਧਿਕਾਰ ਨੂੰ ਸਿੱਖਿਆ ਦੇ ਅਧਿਕਾਰ ਨਾਲੋਂ ਵੱਡਾ ਦੱਸਦਿਆਂ ਸੂਬੇ ਦੇ ਸਕੂਲ-ਕਾਲਜ ਬੰਦ ਰੱਖੇ ਗਏ ਹਨ। ਕਾਨੂੰਨ ਵਿਵਸਥਾ ਦਾ ਉਥੇ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਇਥੇ ਕਾਨੂੰਨ ਤਾਂ ਦੇਸ਼ ਦਾ ਲਾਗੂ ਹੈ ਪਰ ਹੁਕਮ ਵੱਖਵਾਦੀ ਸੰਗਠਨਾਂ ਦਾ ਚੱਲਦਾ ਹੈ।

ਪਿਛਲੇ ਦਸ ਸਾਲਾਂ ਤੋਂ ਸੂਬੇ ਦੇ ਕਿਸੇ ਵੀ ਸਕੂਲ 'ਚ ਨਾ ਤਾਂ 'ਜਨ ਗਣ ਮਨ' ਅਤੇ ਨਾ ਹੀ 'ਵੰਦੇ ਮਾਤਰਮ' ਗਾਇਆ ਜਾ ਸਕਿਆ ਹੈ। ਇਥੇ ਹਿੰਦੀ ਬੋਲਣ ਦੀ ਸਖਤ ਮਨਾਹੀ ਹੈ। ਹਿੰਦੀ ਚੈਨਲਾਂ ਦੇ ਪ੍ਰਸਾਰਣ ਦੀ ਇਜਾਜ਼ਤ ਨਹੀਂ ਹੈ। ਜੋ ਪੱਤਰਕਾਰ ਜਾਂ ਅਖਬਾਰ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਹਿੰਮਤ ਦਿਖਾਉਂਦੇ ਹਨ ਉਨ੍ਹਾਂ ਦੇ ਦਫਤਰਾਂ ਅਤੇ ਘਰਾਂ ਵਿਚ ਵੱਖਵਾਦੀਆਂ ਦਾ ਹੱਥਗੋਲਾ ਆ ਫਟਦਾ ਹੈ। ਅਰਾਜਕਤਾ ਅਤੇ ਸਰਕਾਰੀ ਲਾਪ੍ਰਵਾਹੀ ਤੋਂ ਤੰਗ ਪੱਤਰਕਾਰਾਂ ਨੇ ਆਪਣੇ ਮਾਨਤਾ ਪੱਤਰ ਸਰਕਾਰ ਨੂੰ ਸੌਂਪ ਦਿੱਤੇ ਹਨ।

ਇਸ ਗੱਲ ਦੇ ਕਾਫੀ ਸਬੂਤ ਹਨ ਕਿ ਵੱਖਵਾਦੀ ਤਾਕਤਾਂ ਨੂੰ ਮਾਲੀ ਸਹਾਇਤਾ ਦੇ ਨਾਲ ਨਾਲ ਮਾਰੂ ਹਥਿਆਰ ਅਤੇ ਉਨ੍ਹਾਂ ਨੂੰ ਚਲਾਉਣ ਦੀ ਟਰੇਨਿੰਗ ਦੇਣ ਦਾ ਕੰਮ ਚੀਨ ਅਤੇ ਪਾਕਿਸਤਾਨ ਆਪੋ-ਆਪਣੇ ਲੁਕੇ ਸਵਾਰਥਾਂ ਕਾਰਨ ਕਰ ਰਹੇ ਹਨ। ਸਮੱਸਿਆ ਇਸ ਲਈ ਵੀ ਗੰਭੀਰ ਹੋ ਜਾਂਦੀ ਹੈ ਕਿ ਦੇਸ਼ ਦੀ ਪ੍ਰਮੁੱਖ ਸਿਆਸੀ ਪਾਰਟੀ ਕਾਂਗਰਸ ਆਪਣੇ ਸੌੜੇ ਸਿਆਸੀ ਉਦੇਸ਼ ਲਈ ਸਮੇਂ-ਸਮੇਂ 'ਤੇ ਇਨ੍ਹਾਂ ਰਾਸ਼ਟਰ ਵਿਰੋਧੀ ਤਾਕਤਾਂ ਨਾਲ ਹੱਥ ਮਿਲਾਉਣ ਤੋਂ ਪ੍ਰਹੇਜ਼ ਨਹੀਂ ਕਰਦੀ।

ਪੰਜਾਬ 'ਚ ਖਾਲਿਸਤਾਨ ਦੀ ਸਮੱਸਿਆ ਨੇ ਉਦੋਂ ਭਿਆਨਕ ਰੂਪ ਅਖਤਿਆਰ ਕਰ ਲਿਆ ਸੀ ਜਦੋਂ ਕਾਂਗਰਸ ਨੇ ਅਕਾਲੀ-ਭਾਜਪਾ ਗਠਜੋੜ ਨੂੰ ਹਾਸ਼ੀਏ 'ਤੇ ਸੁੱਟਣ ਲਈ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਉਭਾਰਿਆ ਸੀ। ਲਿੱਟੇ ਨੂੰ ਵੀ ਮੁਢਲਾ ਸਮਰਥਨ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਤੋਂ ਹੀ ਮਿਲਿਆ ਸੀ। 2004 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਂਧਰਾ ਪ੍ਰਦੇਸ਼ 'ਚ ਕਾਂਗਰਸ ਨੇ ਨਕਸਲੀਆਂ ਨਾਲ ਸੰਧੀ ਕੀਤੀ ਸੀ। ਝਾਰਖੰਡ ਦੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਨਕਸਲੀਆਂ ਨੂੰ ਕੁਚਲ ਦੇਣ ਦਾ ਦਾਅਵਾ ਕਰਨ ਵਾਲੇ ਗ੍ਰਹਿ ਮੰਤਰੀ ਨੇ ਆਪਣੇ ਹੱਥ ਪਿੱਛੇ ਖਿੱਚ ਲਏ ਹਨ ਅਤੇ ਉਨ੍ਹਾਂ ਨੂੰ ਵਾਰਤਾ ਦੀ ਪੇਸ਼ਕਸ਼ ਕੀਤੀ ਹੈ। ਮਣੀਪੁਰ ਵੀ ਇਸੇ ਸੌੜੀ ਮਾਨਸਿਕਤਾ ਦਾ ਸ਼ਿਕਾਰ ਹੈ ਕਿਉਂਕਿ ਉਥੇ ਆਪਣੀ ਪਾਰਟੀ ਨੂੰ ਸੱਤਾ 'ਚ ਬਣਾਈ ਰੱਖਣ ਲਈ ਰਾਜ ਸਰਕਾਰ ਪਰਦੇ ਦੇ ਪਿੱਛਿਓਂ ਇਨ੍ਹਾਂ ਅੱਤਵਾਦੀਆਂ ਨਾਲ ਹੱਥ ਮਿਲਾਈ ਬੈਠੀ ਹੈ।

1978 ਤੋਂ 1985 ਦੇ ਦਰਮਿਆਨ ਚੱਲੀ ਅਸਾਮ ਬਗਾਵਤ ਤੋਂ ਹੀ ਉਲਫਾ ਦਾ ਜਨਮ ਮੰਨਿਆ ਜਾਂਦਾ ਹੈ। ਉਸ ਬਗਾਵਤ ਦਾ ਉਦੇਸ਼ ਅਸਾਮ ਦੇ ਤੇਲ, ਚਾਹ, ਜੰਗਲ ਆਦਿ ਦੀ ਸਬਸਿਡੀ ਦੀ ਵਰਤੋਂ ਅਸਾਮ ਦੇ ਵਿਕਾਸ 'ਤੇ ਨਾ ਕਰ ਕੇ ਦੂਜੇ ਸੂਬਿਆਂ 'ਚ ਖਰਚ ਕੀਤੇ ਜਾਣ ਦਾ ਵਿਰੋਧ ਕਰਨਾ ਸੀ। ਇਸਦੇ ਨਾਲ ਹੀ ਬਗਾਵਤ ਦਾ ਇਕ ਪ੍ਰਮੁੱਖ ਕਾਰਨ ਅਸਾਮੀ ਖੇਤਰ ਵਿਚ ਬਾਹਰਲੇ ਲੋਕਾਂ ਦੀ ਘੁਸਪੈਠ ਨੂੰ ਰੋਕਣਾ ਵੀ ਸੀ ਤਾਂ ਕਿ ਰੋਜ਼ਗਾਰ ਦੇ ਮੌਕਿਆਂ 'ਤੇ ਅਸਾਮੀ ਲੋਕਾਂ ਦਾ ਦਾਅਵਾ ਬਣਿਆ ਰਹਿ ਸਕੇ। ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਸਾਮੀ ਲੋਕਾਂ ਦੀ ਨਰਾਜ਼ਗੀ ਦੂਰ ਕਰਨ 'ਚ ਨਾਕਾਮ ਰਹੀ।

ਉਲਫਾ ਲਗਾਤਾਰ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੈ ਕਿ ਅਸਾਮ ਭਾਰਤ ਨਾਲੋਂ ਵੱਖਰਾ ਹੈ ਅਤੇ ਉਸਦੀ ਇੱਕ ਵੱਖਰੀ ਪਛਾਣ ਹੈ। ਸੰਯੁਕਤ ਰਾਸ਼ਟਰ ਨੇ ਬ੍ਰਿਟੇਨ ਅਤੇ ਬਰਮਾ ਦਰਮਿਆਨ 1826 'ਚ ਕੀਤੀ ਗਈ ਯੰਦਾਬੂ ਸੰਧੀ ਨੂੰ ਜਾਇਜ਼ ਐਲਾਨਦੇ ਹੋਏ ਬ੍ਰਹਮਪੁੱਤਰ ਘਾਟੀ ਨੂੰ ਭਾਰਤ ਦਾ ਹਿੱਸਾ ਮੰਨਿਆ ਹੈ। ਬਾਅਦ ਵਿਚ ਉਲਫਾ ਨੇ ਇਸ ਦੀ ਜਾਇਜ਼ਤਾ 'ਤੇ ਸਵਾਲ ਉਠਾਉਣਾ ਤਾਂ ਛੱਡ ਦਿੱਤਾ ਪਰ ਵੱਖਵਾਦੀ ਸਰਗਰਮੀਆਂ ਨਹੀਂ ਛੱਡੀਆਂ।

ਇੰਦਰਾ ਗਾਂਧੀ ਨੇ 1983 ਦੀਆਂ ਚੋਣਾਂ, ਜਿਨ੍ਹਾਂ 'ਚ ਸਿਰਫ 10 ਫੀਸਦੀ ਹੀ ਪੋਲਿੰਗ ਹੋਈ ਸੀ, 'ਚ ਆਪਣੀ ਜਿੱਤ ਦਾ ਐਲਾਨ ਕਰਨ ਤੋਂ ਬਾਅਦ ਨਜਾਇਜ਼ ਘੁਸਪੈਠੀਆ ਦੀ ਪਛਾਣ ਲਈ ਅਸਾਮ ਵਿਚ ਆਈ.ਐਮ..ਡੀ.ਟੀ.ਐਕਟ ਲਾਗੂ ਕੀਤਾ ਸੀ। ਪੂਰੇ ਭਾਰਤ ਵਿਚ ਲਾਗੂ ਵਿਦੇਸ਼ੀ ਐਕਟ ਦੇ ਉਲਟ ਇਸ ਐਕਟ ਵਿਚ ਵਿਦੇਸ਼ੀ ਦੀ ਪਛਾਣ ਸਿੱਧ ਕਰਨ ਦਾ ਕੰਮ ਸ਼ਿਕਾਇਤਕਰਤਾ 'ਤੇ ਹੀ ਠੋਕ ਦਿੱਤਾ ਗਿਆ। ਇਸ ਐਕਟ ਦੇ ਨਿਯਮਾਂ ਨੂੰ ਇੰਨਾ ਮੁਸ਼ਕਲ ਅਤੇ ਦੁਸ਼ਵਾਰ ਬਣਾਇਆ ਗਿਆ ਤਾਂ ਕਿ ਘੁਸਪੈਠੀਆਂ ਨੂੰ ਬਾਹਰ ਕੱਢਣਾ ਅਸੰਭਵ ਹੋ ਜਾਵੇ। ਸਮੱਸਿਆ ਦੇ ਨਾਸੂਰ ਬਣ ਜਾਣ ਤੋਂ ਬਾਅਦ ਆਖਰ 'ਚ ਸੁਪਰੀਮ ਕੋਰਟ ਨੂੰ ਕੁਝ ਸਮਾਂ ਪਹਿਲਾਂ ਇਹ ਐਕਟ ਰੱਦ ਕਰਨ ਦਾ ਹੁਕਮ ਦੇਣਾ ਪਿਆ ਪਰ ਮੌਕਾਪ੍ਰਸਤੀ ਵਾਲੀ ਸਿਆਸਤ ਨਾਲ ਆਪਣਾ ਉੱਲੂ ਸਿੱਧਾ ਕਰਨ ਵਾਲੀ ਕਾਂਗਰਸ ਨੇ ਪਰਦੇ ਦੇ ਪਿੱਛਿਓਂ ਇਸ ਕਾਨੂੰਨ ਨੂੰ ਲਾਗੂ ਰੱਖਿਆ ਹੋਇਆ ਹੈ।

ਉਲਫਾ ਅਸਾਮ ਪ੍ਰਤੀ ਭਾਰਤ ਦੇ ਉਦਾਸੀਨ ਰਵੱਈਏ ਦੀ ਆਲੋਚਨਾ ਕਰਦਾ ਹੈ। ਇਸ ਵਿਚ ਸੱਚ ਵੀ ਹੈ ਜੋ ਅਸਲ ਵਿਚ ਕਾਂਗਰਸ ਦੀਆਂ ਨੀਤੀਆਂ ਦਾ ਹੀ ਸਿੱਟਾ ਹੈ। ਲਗਭਗ ਚਾਰ ਦਹਾਕਿਆਂ ਤਕ ਕਾਂਗਰਸ ਨੇ ਭਾਰਤੀ ਸਿਆਸਤ 'ਤੇ ਇਕ ਛਤਰ ਰਾਜ ਕੀਤਾ ਹੈ। ਪੰਡਤ ਜਵਾਹਰ ਲਾਲ ਨਹਿਰੂ ਦੀ ਨੀਤੀ ਖੇਤਰੀ ਸਭਿਆਚਾਰਕ ਵਿਸ਼ੇਸ਼ਤਾ ਨੂੰ ਅੱਡਿੱਠ ਕਰ ਕੇ ਅਤੀ ਕੇਂਦਰੀਕਰਨ ਹੀ ਰਹੀ।

ਅਸਾਮ ਦੇ ਦਿਗਬੋਈ ਤੋਂ ਪ੍ਰਾਪਤ ਪੈਟਰੋਲ ਸੋਧਣ ਵਾਲਾ ਪਲਾਂਟ 1964 'ਚ ਬਰਾਊਨੀ 'ਚ ਸਥਾਪਤ ਕੀਤਾ ਗਿਆ ਜਿਸ ਨਾਲ ਬਿਹਾਰ ਵਿਚ ਆਰਥਿਕ ਤਰੱਕੀ ਦੇ ਬੂਹੇ ਤਾਂ ਖੁੱਲ੍ਹੇ ਪਰ ਅਸਾਮ ਉਥੇ ਦਾ ਉਥੇ ਰਹਿ ਗਿਆ। ਦੋਵੇਂ ਹੀ ਸੂਬੇ ਭਾਰਤ ਦੇ ਅਟੁੱਟ ਅੰਗ ਹਨ ਪਰ ਅਸਾਮ ਦੀ ਕੀਮਤ 'ਤੇ ਬਿਹਾਰ ਦਾ ਭਲਾ ਕੀਤਾ ਗਿਆ। 1963 'ਚ ਨਾਗਾਲੈਂਡ ਅਤੇ 1972 'ਚ ਮੇਘਾਲਿਆ, ਅਰੁਣਾਚਲ ਪ੍ਰਦੇਸ਼ ਅਤੇ ਮਿਜ਼ੋਰਮ ਦੇ ਗਠਨ ਕਾਰਨ ਅਸਾਮ ਦੀ ਦੋ ਵਾਰ ਚੀਰ ਫਾੜ ਹੋਈ।

# ਕੁੱਟ ਖਾਣ ਤੇ ਲੋਕਾਂ ਦੇ ਕੁੱਟ ਪੁਆਉਣ ਵਾਲੀ ਸਿਆਸੀ ਰਣਨੀਤੀ

ਵਸਦੇ ਆਮ ਸਿੱਖਾਂ ਲਈ ਵੀ ਇਹ ਸੋਚਣ ਦੀ ਘੜੀ ਹੈ ਕਿ ਕੀ ਰਾਜਨੀਤਕ ਅੰਦੋਲਨ ਅਤੇ ਲੜਾਈਆਂ ਉਸੇ ਰੂਪ ਵਿਚ ਮੁੜ ਦੁਹਰਾਈਆਂ ਜਾਣੀਆਂ ਚਾਹੀਦੀਆਂ ਹਨ, ਜਿਸ ਦੇ ਨਤੀਜੇ ਵਿਚ ਇਕ ਭਿਆਨਕ ਤਸ਼ੱਦਦ ਤੋਂ ਬਾਅਦ ਹਮੇਸ਼ਾ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ?

84ਵਿਆਂ ਵਿਚੋਂ ਗੁਜ਼ਰ ਕੇ ਪੰਜਾਬ ਨੇ ਖੱਟਿਆ ਇਹ ਹੈ ਕਿ ਅਰਬਾਂ ਰੁਪਏ ਦਾ ਕਰਜ਼ਾ ਕੇਂਦਰੀ ਸਰਕਾਰ ਨੇ ਜੰਗੀ ਤਾਵਾਨ ਦੇ ਰੂਪ ਵਿਚ ਪੰਜਾਬ ਸਿਰ ਪਾ ਦਿੱਤਾ ਅਤੇ ਹੁਣ ਇਸ ਦੀਆਂ ਇਸ ਤੋਂ ਕਿਸ਼ਤਾਂ ਵੀ ਮੋੜ ਨਹੀਂ ਹੋ ਰਹੀਆਂ। ਅਗਾਂਹ ਹਾਲਤ ਇਹ ਹੈ ਕਿ ਸੁਰਖਿਆ ਦਸਤਿਆਂ ਦੇ ਤਸ਼ੱਦਦ ਨੇ ਪੰਜਾਬ ਦੀ ਜੁਆਨੀ ਦੀ ਇਕ ਪੂਰੀ ਪੀੜ੍ਹੀ ਕਤਲ ਕੀਤੀ ਅਤੇ ਅੱਗੋਂ ਦੀ ਪੀੜ੍ਹੀ ਪੰਜਾਬ ਵਿਚ ਰਹਿਣ ਨਾਲੋਂ ਪਰਦੇਸਾਂ ਵਲ ਭੱਜਣ ਨੂੰ ਤਰਜੀਹ ਦੇਣ ਲੱਗੀ ਹੈ। ਜਿਹੜੇ ਇੱਥੇ ਬਚੇ ਹਨ ਉਹ ਕਿਸੇ ਪਾਸੇ ਤੁਰਨ ਜੋਗੇ ਨਹੀਂ। ਵਿਦਿਅਕ ਅਤੇ ਮਨੁੱਖੀ ਯੋਗਤਾਵਾਂ ਦੇ ਪੱਖੋਂ ਇਨੇ ਅਸਮਰਥ ਹਨ ਕਿ ਨਸ਼ੇ ਸਮੇਤ ਤਰ੍ਹਾਂ ਤਰ੍ਹਾਂ ਦੀਆਂ ਬੁਰਾਈਆਂ ਵਲ ਤੁਰਨ ਲੱਗੇ ਹਨ। ਇਸਤੋਂ ਵੀ ਅੱਗੇ ਪੰਜਾਬ ਦੇ ਸਿੱਖਾਂ ਦੀ ਰਾਜਨੀਤਕ ਅਗਵਾਈ ਬਾਦਲ ਜਿਹੇ ਸ਼ਖਸ ਦੇ ਹੱਥ ਆ ਗਈ ਹੈ, ਜਿਸਦਾ ਇਕੋ ਇਕ ਮਕਸਦ ਭ੍ਰਿਸ਼ਟਾਚਾਰ ਕਰਨਾ, ਕੇਂਦਰ ਸਰਕਾਰ ਦੀ ਹਰ ਤਰ੍ਹਾਂ ਦੀ ਚਾਪਲੂਸੀ ਕਰਕੇ ਰਾਜਗੱਦੀ 'ਤੇ ਕਾਇਮ ਰਹਿਣਾ ਹੈ। ਗੱਦੀ ਹਾਸਲ ਕਰਨ ਦੇ ਆਪਣੇ ਇਸ ਮਕਸਦ ਲਈ ਉਹ ਪੰਜਾਬ ਅਤੇ ਸਿੱਖਾਂ ਦਾ ਕੁਝ ਵੀ ਵੇਚ-ਵਟ ਸਕਦਾ ਹੈ। ਕੀ ਕਾਰਨ ਹੈ ਕਿ ਚੁਰਾਸੀਵਿਆਂ ਵਾਲੇ ਲੀਡਰ ਅਜੇ ਵੀ ਤੁਰੇ ਫਿਰਦੇ ਹਨ ਤੇ ਮੁੰਡੇ ਸਿਰ ਕੁਟਵਾਉਣ ਤੇ ਮਰਨ ਲੱਗੇ ਹਨ?

ਪੰਜਾਬ ਵਿਚ ਅਜਿਹੇ ਹਾਲਾਤ ਉਂਜ ਹੀ ਪੈਦਾ ਨਹੀਂ ਹੋਏ, ਸਗੋਂ ਪਿਛਲੇ 20-25 ਸਾਲਾਂ ਵਿਚ ਸਿੱਖ ਲੀਡਰਸ਼ਿਪ ਅਤੇ ਕੇਂਦਰ ਸਰਕਾਰ ਨੇ ਜਿਸ ਕਿਸਮ ਦੀ ਰਾਜਨੀਤਕ ਪਹੁੰਚ ਅਪਨਾਈ ਹੈ ਉਸ ਵਿਚੋਂ ਪੈਦਾ ਹੋਏ ਹਨ। ਪੰਜਾਬ ਦੀ ਸਿੱਖ ਲੀਡਰਸ਼ਿਪ ਅਤੇ ਉਨ੍ਹਾਂ ਨੂੰ ਅਗਵਾਈ ਦੇ ਰਹੇ ਕੁਝ ਬੁੱਧੀਜੀਵੀਆਂ ਨੇ ਪੰਜਾਬ ਦੀ ਸਭਿਆਚਾਰਕ ਕੌਮੀਅਤ ਅਤੇ ਸਿੱਖਾਂ ਦੇ ਮਸਲੇ ਹਮੇਸ਼ਾ ਰਲਗੱਡ ਕੀਤੇ ਹਨ। ਅਜਿਹੀ ਹਾਲਤ ਵਿਚ ਕਿਸੇ ਸਮੇਂ ਭਾਵੇਂ ਅਕਾਲੀਆਂ ਨੇ ਪੰਜਾਬ ਦੇ ਮਸਲੇ ਉਠਾਏ ਅਤੇ ਉਨ੍ਹਾਂ ਉਤੇ ਪਹਿਰਾ ਵੀ ਦਿੱਤਾ, ਪਰ ਹਮੇਸ਼ਾ ਇਸ ਲੜਾਈ ਨੂੰ ਉਹ ਸੱਜੀ ਜਾਂ ਖੱਬੀ ਅਤਿ ਵਲ ਧੂੰਹਦੇ ਰਹੇ ਹਨ। ਇਸੇ ਵਿਚੋਂ ਹੀ ਸਾਰੇ ਕੁਰਾਹੇ ਜਨਮ ਲੈਂਦੇ ਹਨ। ਸਿੱਖ ਸਿਆਸੀ ਲੀਡਰਸ਼ਿਪ ਨੇ ਆਪਣੇ ਆਪ ਨੂੰ ਖਾਲਸਾਈ ਫਿਰਕੇ ਤੱਕ ਸੀਮਤ ਕਰ ਲਿਆ ਹੈ। ਆਪਣੀ ਰਾਜਨੀਤਕ ਪਹੁੰਚ ਵੀ ਸਿੱਖਾਂ ਨੇ ਖਾਲਸਾਈ ਧਿਰਾਂ ਤੱਕ ਸੁੰਗੇੜ ਲਈ ਹੈ। ਇਸ ਨਾਲ ਸਿੱਖ ਲੀਡਰਸ਼ਿਪ ਨੇ ਸਿੱਖ ਆਵਾਮ ਦਾ ਵਿਸ਼ਾਲ ਸਭਿਆਚਾਰਕ ਘੇਰਾ ਪੂਰੀ ਤਰ੍ਹਾਂ ਅਲੱਗ-ਥਲੱਗ ਕਰ ਦਿੱਤਾ ਹੈ ਜਿਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਨਾਲ ਜਾਂ ਸਿੱਖਾਂ ਨਾਲ ਜਾਂ ਗੁਰਬਾਣੀ ਨਾਲ ਕਿਸੇ ਨਾ ਕਿਸੇ ਤਰ੍ਹਾਂ ਜੁੜੇ ਗਰੀਬ ਤਬਕੇ ਜਾਂ ਪੰਜਾਬ ਦੀਆਂ ਕੁਝ ਗੈਰ ਸਿੱਖ ਧਿਰਾਂ ਸਿੱਖ ਘੇਰੇ ਤੋਂ ਬਾਹਰ ਚਲੀਆਂ ਗਈਆਂ ਹਨ। ਇਨ੍ਹਾਂ ਘੇਰਿਆਂ ਵਿਚ ਹੀ ਆਸ਼ੂਤੋਸ਼, ਭਨਿਆਰੇ ਵਾਲਾ ਅਤੇ ਸੱਚੇ ਸੌਦੇ ਵਾਲਾ ਆਪਣੇ ਪੈਰ ਪਸਾਰ ਰਹੇ ਹਨ। ਇਨ੍ਹਾਂ ਘੇਰਿਆਂ ਵਿਚ ਸਿੱਖੀ ਨੂੰ ਮੁੜ ਸਥਾਪਤ ਕਰਨ ਲਈ ਚਾਹੀਦਾ ਤਾਂ ਇਹ ਸੀ ਕਿ ਸਿੱਖ ਪ੍ਰਚਾਰਕ, ਸਿੱਖ ਧਾਰਮਿਕ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਾਧਾਂ ਸੰਤਾਂ ਦਾ ਵੱਡਾ ਲਾਮ-ਲਸ਼ਕਰ ਪਰਦੇਸਾਂ ਵਿਚੋਂ ਡਾਲਰ ਬਟੋਰਨ ਦੀ ਥਾਂ ਇਥੇ ਪੰਜਾਬ ਵਿਚ ਅਤੇ ਪੰਜਾਬ ਦੇ ਨਾਲ ਲਗਦੇ ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਦੇ ਇਲਾਕਿਆਂ ਦੇ ਗਰੀਬ-ਗੁਰਬੇ ਵਿਚ ਆਪਣਾ ਪ੍ਰਚਾਰ ਕਰਦਾ, ਪਰ ਅਜਿਹੀ ਭੂਮਿਕਾ ਇਨ੍ਹਾਂ ਧਿਰਾਂ ਨੇ ਨਿਭਾਈ ਨਹੀਂ ਹੈ। ਸਿੱਖ ਲੀਡਰਾਂ ਨਾਲ ਕੋਈ ਅਕਲ ਦੀ ਗੱਲ ਕਰਦਿਆਂ ਵੀ ਡਰ ਲਗਦਾ ਹੈ, ਕਿਉਂਕਿ ਉਹ ਦਲੀਲ ਦਾ ਜੁਆਬ ਗੋਲੀ ਨਾਲ ਦੇਣ ਲਗਦੇ ਹਨ। ਰਾਜਨੀਤਕ ਰਣਨੀਤੀ ਵਿਚ ਇਹੋ ਸਿੱਖ ਲੀਡਰਸ਼ਿਪ ਦੀ ਸਭ ਤੋਂ ਵੱਡੀ ਅਸਫਲਤਾ ਹੈ।

ਆਧੁਨਿਕ ਸਮਾਜ ਅਤੇ ਜੀਵਨ ਜਾਚ ਵਿਚ ਵੱਖ-ਵੱਖ ਖੇਤਰਾਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਿਖਾਰ ਕੇ ਵੱਖ-ਵੱਖ ਕਰ ਲਿਆ ਹੈ। ਇਵੇਂ ਸਮਾਜ ਵਿਚ ਵਿਚਰਦੇ ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਖੇਤਰ ਭਾਵੇਂ ਇਕ ਦੂਜੇ ਨਾਲ ਜੁੜੇ ਹੋਏ ਹਨ ਪਰ ਉਨ੍ਹਾਂ ਦਾ ਕਰਮ ਖੇਤਰ ਵਖਰਾ-ਵਖਰਾ ਹੈ। ਜੇ ਇਹ ਇਕ ਦੂਜੇ ਵਿਚ ਦਖਲ ਦੇਣਗੇ ਤਾਂ ਆਪਣੇ ਆਪ ਲਈ ਹੀ ਸਮੱਸਿਆਵਾਂ ਪੈਦਾ ਕਰਨਗੇ। ਆਸ਼ੂਤੋਸ਼, ਭਨਿਆਰੇ, ਸੱਚੇ ਸੌਦੇ, ਨਿਰੰਕਾਰੀਆਂ ਅਤੇ ਰਾਧਾ ਸੁਆਮੀਆਂ ਖਿਲਾਫ ਸਿੱਖਾਂ ਨੂੰ ਹਥਿਆਰਬੰਦ ਲੜਾਈ ਲੜਨ ਦੀ ਲੋੜ ਨਹੀਂ ਹੈ, ਸਗੋਂ ਇਨ੍ਹਾਂ ਨਾਲ ਭਿੜਨਾ ਸਿੱਖ ਪ੍ਰਚਾਰਕਾਂ, ਸਿੱਖ ਧਾਰਮਿਕ ਸ਼ਖਸੀਅਤਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੀ ਧਰਮ ਪ੍ਰਚਾਰ



ਕਮੇਟੀ, ਸਿੱਖ ਸਾਧਾਂ-ਸੰਤਾਂ ਅਤੇ ਸਿੱਖ ਵਿਦਵਾਨਾਂ ਦਾ ਕੰਮ ਹੈ। ਇਨ੍ਹਾਂ ਧਿਰਾਂ ਨੂੰ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਦੂਜਿਆਂ ਉਪਰ ਦੋਸ਼ ਲਾਉਣ ਦੀ ਬਜਾਏ ਸਿੱਖਾਂ ਨੂੰ ਇਹ ਸਵਾਲ ਆਪਣੇ ਆਪ ਨੂੰ ਵੀ ਕਰਨਾ ਚਾਹੀਦਾ ਹੈ ਕਿ ਆਖਿਰ ਕਿਉਂ ਸਿੱਖ ਅਤੇ ਗੈਰ ਸਿੱਖ ਡੇਰੇ ਪੰਜਾਬ ਵਿਚ ਪਸਰ ਰਹੇ ਹਨ? ਪੰਜਾਬ ਵਿਚ ਵਿਚਰ ਰਹੇ ਗੈਰ ਸਿੱਖ ਧਾਰਮਿਕ ਫਿਰਕਿਆਂ ਨਾਲ ਉਲਝ ਕੇ ਸਿੱਖ ਕਰੋੜ ਸਾਲ ਲੜ ਸਕਦੇ ਹਨ, ਬਹਾਦਰੀ ਵਿਖਾ ਸਕਦੇ ਹਨ, ਜਾਨਾਂ ਵਾਰ ਸਕਦੇ ਹਨ, ਬਹਾਦਰੀ ਦੇ ਕਿੱਸੇ ਗਾ ਸਕਦੇ ਹਨ, ਪਰ ਜਿੱਤ ਨਹੀਂ ਸਕਦੇ। ਜਿੱਤ ਵਲ ਵਧਣ ਲਈ ਲੜਾਈ ਦਾ ਮੈਦਾਨ ਸਿਆਸੀ ਖੇਤਰ ਨੂੰ ਹੀ ਬਣਾਉਣਾ ਪਏਗਾ।

ਸਿੱਖ 1850 ਤੋਂ ਬਾਅਦ, ਸਮੇਤ ਅੰਗਰੇਜ਼ਾਂ ਨਾਲ ਹੋਈਆਂ ਲੜਾਈਆਂ ਦੇ ਹਮੇਸ਼ਾ ਸਿਰੇ ਦੀ ਆਪਾ ਵਾਰੂ ਬਹਾਦਰੀ ਨਾਲ ਲੜਦੇ ਅਤੇ ਹਾਰਦੇ ਆਏ ਹਨ। ਪਿਛੋਂ ਲੜਾਈ ਵਿਚ ਵਿਖਾਈ ਬਹਾਦਰੀ ਦੇ ਕਿੱਸੇ ਗਾ ਗਾ ਕੇ ਆਪਣੀ ਪਿੱਠ ਥਾਪੜੀ ਜਾਂਦੀ ਰਹੀ ਹੈ। ਕਿਸੇ ਵੀ ਲੜਾਈ ਦਾ ਮਕਸਦ ਸਿਰਫ ਬਹਾਦਰੀ ਵਿਖਾਉਣਾ ਨਹੀਂ, ਸਗੋਂ ਇਸਦੇ ਜ਼ਰੀਏ ਤੁਸੀਂ ਕਿਸੇ ਨਿਸ਼ਾਨੇ ਤੇ ਪਹੁੰਚਣਾ ਹੁੰਦਾ ਹੈ। ਜੇ ਕਥਿਤ ਬਹਾਦਰੀ ਵਿਚ ਤੁਹਾਡੇ ਨਿਸ਼ਾਨੇ ਰੁਲ ਜਾਂਦੇ ਹਨ, ਅਜਿਹੀ ਬਹਾਦਰੀ ਦਾ ਕੋਈ ਮਤਲਬ ਨਹੀਂ ਨਿਕਲਦਾ। ਇਹ ਰਾਜਨੀਤਕ ਅਸਫਲਤਾ ਦੀ ਵੱਡੀ ਨਿਸ਼ਾਨੀ ਹੈ। ਅਸਲ ਵਿਚ ਸਿੱਖ ਲੀਡਰਸ਼ਿਪ ਨੂੰ ਧਾਰਮਿਕ ਸਾਧਾਂ ਨਾਲ ਉਲਝਣ ਦੀ ਥਾਂ ਰਾਜਨੀਤਕ ਲੜਾਈ ਵਲ ਆਉਣਾ ਚਾਹੀਦਾ ਹੈ। ਪੰਜਾਬ ਵਿਚ ਵਸਦੇ ਸਿੱਖਾਂ ਦੇ ਮਸਲੇ ਅਸਲ ਵਿਚ ਪੰਜਾਬੀ ਸਭਿਆਚਾਰਕ ਕੌਮੀਅਤ ਨਾਲ ਸਾਂਝੇ ਹਨ ਅਤੇ ਇਹ ਮਸਲੇ ਜਿਥੇ 1984ਵਿਆਂ ਵਿਚ ਖੜ੍ਹੇ ਸਨ, ਅੱਜ ਵੀ ਉਥੇ ਹੀ ਖੜੇ ਹਨ। ਪੰਜਾਬ ਦੀ ਰਾਜਧਾਨੀ, ਦਰਿਆਈ ਪਾਣੀਆਂ, ਪੰਜਾਬੀ ਭਾਸ਼ਾ ਅਤੇ ਸਿੱਖੀ ਅਤੇ ਸਿੱਖਾਂ ਸਮੇਤ ਪੰਜਾਬ ਦੇ ਸਭਿਆਚਾਰਕ ਬਚਾਓ ਦੇ ਮਸਲੇ ਅੱਜ ਵੀ ਉਵੇਂ ਜਿਵੇਂ ਹਨ। ਸਿੱਖ ਇਨ੍ਹਾਂ ਮਸਲਿਆਂ ਲਈ ਇਤਿਹਾਸ ਵਿਚ ਵਕਤ-ਬ-ਵਕਤ ਅਗਵਾਈ ਕਰਦੇ ਰਹੇ ਹਨ। ਹੁਣ ਉਹ ਇਨਾਂ ਮਸਲਿਆਂ ਨੂੰ ਛੱਡ ਛਡਾ ਕੇ ਆਪਣੇ ਖਾਲਸਾਈ ਫਿਰਕੇ ਤੱਕ ਮਹਿਦੂਦ ਹੁੰਦੇ ਵਿਖਾਈ ਦੇ ਰਹੇ ਹਨ। ਅਜਿਹੀ ਸਥਿਤੀ ਵਿਚ ਪੰਜਾਬ ਦੇ ਸਭਿਆਚਾਰਕ ਅਤੇ ਕੌਮੀ ਮਸਲੇ ਚੁੱਕਣ ਲਈ ਕੋਈ ਹੋਰ ਰਾਜਨੀਤਕ ਧਿਰਾਂ ਵੀ ਮੈਦਾਨ ਵਿਚ ਆ ਸਕਦੀਆਂ ਹਨ। ਅਜਿਹੇ ਹਾਲਾਤ ਵਿਚ ਪੰਜਾਬ ਵਿਚੋਂ ਸਿੱਖ ਲੀਡਰਸ਼ਿਪ ਦੇ ਅਪ੍ਰਸੰਗਿਕ ਹੋਣ ਨੂੰ ਦੇਰ ਨਹੀਂ ਲੱਗੇਗੀ। ਪੰਜਾਬ ਵਿਚ ਆਪਣੀ ਹੋਂਦ ਅਤੇ ਪ੍ਰਸੰਗਿਕਤਾ ਬਣਾਈ ਰੱਖਣ ਲਈ ਸਿੱਖ ਲੀਡਰਸ਼ਿਪ ਨੂੰ ਅਸਲ ਵਿਚ ਆਪਣੀ ਖਾਲਸਾਈ ਫਿਰਕੇ ਤਕ ਸੀਮਤ ਪਹੁੰਚ ਵਿਚੋਂ ਬਾਹਰ ਆਉਣਾ ਚਾਹੀਦਾ ਹੈ (ਇਸ ਦਾ ਮਤਲਬ ਇਹ ਨਹੀਂ ਹੈ ਕਿ ਅੰਮ੍ਰਿਤਧਾਰੀ ਸਿੱਖ ਅਤੇ ਖਾਲਸਾਈ ਸਿੱਖ ਪੰਜਾਬ ਅਤੇ ਸਿੱਖ ਧਰਮ ਦਾ ਹਿੱਸਾ ਨਹੀਂ ਹਨ। ਇਹ ਧਿਰ ਸਿੱਖ ਧਰਮ ਦਾ ਬਹੁਤ ਹੀ ਜਾਨਦਾਰ ਹਿੱਸਾ ਹੈ, ਪਰ ਸਿੱਖੀ ਨੂੰ ਸਿਰਫ ਇਥੋਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ।) ਅਤੇ ਪੰਜਾਬ ਵਿਚ ਵਸਦੇ ਸਮੂਹ ਤਬਕਿਆਂ ਅਤੇ ਇਨ੍ਹਾਂ ਨਾਲ ਸੰਬੰਧਤ ਪੰਜਾਬ ਦੀਆਂ ਵੱਖ-ਵੱਖ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਸਮੱਸਿਆਵਾਂ ਨੂੰ ਸੰਬੋਧਨ ਹੋਣਾ ਚਾਹੀਦਾ ਹੈ।

ਚਿੱਤੋਂ ਸਿੱਖ ਪੰਜਾਬ ਦੇ ਹਾਕਮ ਬਣਨਾ ਚਾਹੁੰਦੇ ਹਨ, ਪਰ ਸਮੱਸਿਆ ਇਹ ਹੈ ਕਿ ਉਨ੍ਹਾਂ ਦੀ ਲੀਡਰਸ਼ਿਪ ਦੀ ਮਾਨਸਿਕਤਾ ਹਾਕਮ ਹੋਣ ਵਾਲੀ ਨਹੀਂ ਹੈ। ਹਾਕਮ ਹੋਣ ਲਈ ਪਹਿਲੀ ਸ਼ਰਤ ਇਹ ਹੈ ਕਿ ਆਪਣੀ ਫਿਰਕੂ ਮਾਨਸਿਕਤਾ ਤਿਆਗੀ ਜਾਵੇ ਅਤੇ ਫਿਰਕੇ ਤੱਕ ਸੀਮਤ ਮਾਨਸਿਕਤਾ ਵਿਚੋਂ ਬਾਹਰ ਆਇਆ ਜਾਵੇ। (ਆਪਣੀਆਂ ਹਜ਼ਾਰਾਂ ਕਮਜ਼ੋਰੀਆਂ ਦੇ ਬਾਵਜੂਦ ਮਾਹਾਰਾਜਾ ਰਣਜੀਤ ਸਿੰਘ ਕੋਲ ਇਹ ਮਾਨਸਿਕਤਾ ਮੌਜੂਦ ਸੀ, ਜੰਜੂ ਰੱਦ ਕਰਕੇ ਅਤੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦੇ ਸੁਨੇਹੇ ਰਾਹੀਂ ਗੁਰੂ ਨਾਨਕ ਸਾਹਿਬ ਪਹਿਲੇ ਦਿਨ ਹੀ ਫਿਰਕਿਆਂ ਤੱਕ ਵੱਡੀ ਮਾਨਸਿਕਤਾ ਵਿਚੋਂ ਬਾਹਰ ਆ ਗਏ ਸਨ।) ਅਜਿਹੀ ਸਥਿਤੀ ਵਿਚ ਪੰਜਾਬ ਵਿਚ ਵਸਦੇ ਦੂਜੇ ਤਬਕਿਆਂ ਦੀ ਮਾਨਸਿਕਤਾ ਨੂੰ ਸਮਝਣਾ ਅਤੇ ਉਨ੍ਹਾਂ ਦੀਆਂ ਲੋੜਾਂ ਨੂੰ ਸਮਝਣਾ ਵੀ ਜ਼ਰੂਰੀ ਹੈ। ਆਪਣੇ ਤੋਂ ਵੱਖ ਵਿਸ਼ਵਾਸ ਰੱਖਣ ਵਾਲੇ ਨਾਲ ਰਿਲੇਟ ਕਰਨ ਦੇ ਮੁੱਦੇ 'ਤੇ ਹੀ ਅੱਜ ਦਾ ਸਾਰਾ ਰਾਜਨੀਤਕ ਚਿੰਤਨ ਸਿਰ ਖਪਾ ਰਿਹਾ ਹੈ। ਸਿੱਖਾਂ ਦਾ ਰਾਜਨੀਤਕ ਨਿਸ਼ਾਨਾ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ 'ਤੇ ਆਧਾਰਤ ਅਜਿਹਾ ਰਾਜਨੀਤਕ ਪ੍ਰਬੰਧ (ਪੰਜਾਬ) ਸਿਰਜਣਾ ਹੋਣਾ ਚਾਹੀਦਾ ਹੈ ਜਿਸ ਵਿਚ ਵਿਰੋਧੀ ਵਿਸ਼ਵਾਸ ਵੀ ਆਸਾਨੀ ਨਾਲ ਰਹਿ ਸਕਣ। ਜਿਵੇਂ ਬਾਬਾ ਫਰੀਦ ਗੁਰੂ ਗ੍ਰੰਥ ਸਾਹਿਬ ਵਿਚ ਨਿਵਾਸ ਕਰਦੇ ਹਨ। ਸਿੱਖ ਸਿਆਸੀ ਲੀਡਰਸ਼ਿਪ ਦੀ ਦਿਸ਼ਾ ਇਸ ਪ੍ਰਬੰਧ ਨੂੰ ਸਿਰਜਣ ਵਲ ਹੋਣੀ ਚਾਹੀਦੀ ਹੈ, ਨਾ ਕਿ ਅਖੌਤੀ ਸਾਧਾਂ ਸੰਤਾਂ ਨਾਲ ਉਲਝਣ ਵੱਲ।

# ਆਦਿਵਾਸੀਆਂ ਪ੍ਰਤੀ ਭਾਰਤੀ ਸੱਤਾ ਦਾ ਰਵੱਈਆ ਤੇ ਮਾਓਵਾਦੀ

**-ਮਨਮੋਹਨ ਬਾਵਾ**



ਬੀਤੇ ਦਿਨੀਂ ਇਕ ਪੰਜਾਬੀ ਅਖਬਾਰ 'ਚ ਹਿੰਦੋਸਤਾਨ ਦੇ ਆਦਿਵਾਸੀਆਂ ਤੇ ਜੰਗਲ ਵਾਸੀਆਂ ਦੇ ਹੱਕ 'ਚ ਗੱਲ ਕੀਤੀ ਗਈ ਹੈ। ਇਹ ਆਦਿਵਾਸੀ ਜੋ ਇਸ ਧਰਤੀ ਦੇ ਮੂਲ ਵਾਸੀ ਹਨ ਨੂੰ, ਸਾਡੀ ਸੱਭਿਅਤਾ ਅਤੇ ਇਤਿਹਾਸ ਨੇ ਹਾਸ਼ੀਏ ਦੇ ਵੀ ਬਾਹਰ ਸੁੱਟਿਆ ਹੋਇਆ ਹੈ। ਆਪਣੇ ਅਧਿਕਾਰਾਂ, ਆਪਣੀ ਧਰਤੀ, ਆਪਣੇ ਜੀਵਨ ਦੇ ਸਾਧਨਾਂ, ਪ੍ਰੰਪਰਾਵਾਂ ਲਈ ਲੜਦਿਆਂ ਅਤੇ ਸੱਤਾਧਾਰੀ ਜਮਾਤ ਦੀਆਂ ਜ਼ਿਆਦਾਤੀਆਂ ਅਤੇ ਜ਼ੁਲਮ ਸਹਿੰਦਿਆਂ ਇਹਨਾਂ ਨੂੰ ਕਿੰਨੇ ਸੌ ਵਰ੍ਹੇ ਹੋ ਗਏ, ਅਸਾਂ ਆਪਣੇ ਸ਼ਹਿਰਾਂ, ਘਰਾਂ ਦੀ ਮਹਿਫੂਜ਼ੀਅਤ 'ਚ ਰਹਿੰਦਿਆਂ,ਜੀਵਨ ਦੇ ਸਾਰੇ ਸੁੱਖ ਭੋਗਦਿਆਂ ਕਦੀ ਆਪਣੀ ਸੋਚ ਅਤੇ ਫਿਕਰ ਦਾ ਹਿੱਸਾ ਨਹੀਂ ਬਣਾਇਆ।

ਅੱਜ ਸਾਡਾ ਮੀਡੀਆ, ਅਖ਼ਬਾਰਾਂ ਇਹਨਾਂ ਨੂੰ ਮਾਓਵਾਦੀ, ਨਕਸਲਵਾਦੀ ਜਾਂ ਅੱਤਵਾਦੀ ਦੇ ਨਾਂਅ ਨਾਲ ਜ਼ਿਕਰ ਕਰਕੇ ਯਾਦ ਕਰਦੀਆਂ ਹਨ, ਪਰ ਵਾਸਤਵਿਕਤਾ ਕੀ ਹੈ? ਸੱਚ ਕੀ ਹੈ? ਜਾਂ ਤੇ ਉਹ ਬਿਲਕੁਲ ਹੀ ਨਹੀਂ ਜਾਣਦੇ ਅਤੇ ਜਾਂ ਫੇਰ ਸਭ ਕੁਝ ਜਾਣਦਿਆਂ ਹੋਇਆਂ ਵੀ ਅਣਜਾਣ ਬਣੇ ਹੋਏ ਹਨ। ਆਦਿਵਾਸੀਆਂ ਨਾਲ ਇਹ ਜ਼ਿਆਦਤੀਆਂ ਅੱਜ ਤੋਂ ਨਹੀਂ ਬਲਕਿ ਮਹਾਂਭਾਰਤ ਜਾਂ ਉਸ ਤੋਂ ਪਹਿਲਾਂ ਤੋਂ ਹੀ ਚੱਲਦੀਆਂ ਆ ਰਹੀਆਂ ਹਨ। ਮਹਾਂਭਾਰਤ 'ਚ ਬੜੇ ਸਾਫ ਤੌਰ ਤੇ ਲਿਖਿਆ ਮਿਲਦਾ ਹੈ ਕਿ ਪਾਂਡਵਾਂ ਨੂੰ 'ਇੰਦਰਪ੍ਰਸਤ' ਦੇ ਵਸਾਇਆਂ ਕੁਝ ਵਰ੍ਹੇ ਬੀਤ ਗਏ ਤਾਂ ਉਹਨਾਂ ਨੂੰ ਆਪਣੀਆਂ ਚਰਾਂਦਾਂ ਅਤੇ ਖੇਤੀ ਲਈ ਹੋਰ ਜ਼ਮੀਨ ਦੀ ਲੋੜ ਪਈ। ਆਪਣੀ ਇਸ ਲੋੜ ਨੂੰ ਮੁੱਖ ਰੱਖਦਿਆਂ ਪਾਂਡਵ ਪੁੱਤਰ ਅਰਜਨ ਅਤੇ ਕ੍ਰਿਸ਼ਨ ਨੇ ਇੱਕ ਗਿਣੀ ਮਿੱਥੀ ਵਿਉਂਤ ਅਨੁਸਾਰ ਆਪਣੇ ਗੁਆਂਢ ਦੇ ਖਾਂਡਵ ਬਣ ਨੂੰ ਅੱਗ ਲਾ ਦਿੱਤੀ। ਇਹੀ ਨਹੀਂ, ਜਿਹੜਾ ਵੀ ਆਦਿਵਾਸੀ ਇਸ ਦਾਵਾਨਵਲ ਤੋਂ ਬਚਣ ਲਈ ਬਾਹਰ ਨਿਕਲਿਆ, ਅਰਜਨ, ਕ੍ਰਿਸ਼ਨ ਤੇ ਯਾਦਵਾਂ ਦੇ ਤੀਰਾਂ ਦਾ ਨਿਸ਼ਾਨਾ ਬਣ ਗਿਆ।

ਇਸ ਵੇਲੇ ਇਹਨਾਂ ਆਦਿਵਾਸੀਆਂ ਦਾ ਇਹ ਵਿਦਰੋਹ ਬੰਗਾਲ ਤੋਂ ਲੈ ਕੇ ਝਾਰਖੰਡ, ਉੜੀਸਾ, ਛੱਤੀਸਗੜ੍ਹ ਤੇ ਆਂਧਰਾ ਆਦਿ ਦੇ ਜੰਗਲਾਂ 'ਚ ਫੈਲਿਆ ਹੋਇਆ ਹੈ। ਅੱਜ ਤੋਂ ਪਹਿਲਾਂ, ਯਾਨੀ ਉਨ੍ਹੀਵੀਂ, ਵੀਹਵੀਂ ਸਦੀ ਤੋਂ ਪਹਿਲਾਂ ਸੱਤਾਧਾਰੀ ਜਮਾਤ ਤੋਂ ਬਚਣ ਲਈ ਇਹਨਾਂ ਨੇ ਕਦੋਂ ਕਦੋਂ ਵਿਦਰੋਹ ਕੀਤੇ, ਇਸ ਬਾਰੇ ਇਤਿਹਾਸ ਚੁੱਪ ਹੈ। ਪਰ ਫੇਰ ਵੀ ਅਲਾਉ ਦੀਨ ਖਿਲਜੀ ਅਤੇ ਹੋਰ ਰਾਜਿਆਂ ਸੁਲਤਾਨਾਂ ਦੇ ਸਮੇਂ ਕਿਤੇ ਕਿਤੇ ਇਹਨਾਂ ਦੇ ਵਿਦਰੋਹ ਦੀਆਂ ਝਲਕੀਆਂ ਜਿਹੀਆਂ ਜ਼ਰੂਰ ਮਿਲਦੀਆਂ ਹਨ। ਅੱਜ ਤੋਂ ਸੌ ਸਾਲ ਤੋਂ ਵੀ ਪਹਿਲਾਂ ਝਾਰਖੰਡ ਦੇ 'ਬਿਰਸਾ-ਮੁੰਡਾ' ਦਾ ਅੰਗਰੇਜ਼ਾਂ ਵਿਰੁਧ ਵਿਦਰੋਹ ਅਨੇਕਾਂ ਨਾਟਕਾਂ, ਕਹਾਣੀਆਂ ਅਤੇ ਗੀਤਾਂ ਦਾ ਵਿਸ਼ਾ ਬਣਿਆ ਹੋਇਆ ਹੈ।

ਮੈਂ ਇਥੇ ਸਿਰਫ ਛੱਤੀਸਗੜ੍ਹ ਦੇ ਬਸਤਰ ਖੇਤਰ ਦੇ ਆਦਿਵਾਸੀਆਂ ਦੀ ਜੱਦੋਜਹਿਦ ਬਾਰੇ ਗੱਲ ਕਰਕੇ ਆਪਣੀ ਗੱਲ ਸਪੱਸ਼ਟ ਕਰਨ ਦਾ ਯਤਨ ਕਰਦਾ ਹਾਂ। ਅੰਗਰੇਜ਼ਾਂ ਦੇ ਸਮੇਂ ਇਹਨਾਂ ਦਾ ਪਹਿਲਾ ਵਿਦਰੋਹ ਸੰਨ 1876 ਵਿਚ ਹੋਇਆ ਜਿਸ ਵੇਲੇ ਇਹਨਾਂ ਦੀਆਂ ਜਮੀਨਾਂ ਖੋਹ ਕੇ ਫਾਰੈਸਟ ਰਿਜ਼ਰਵੇਸ਼ਨ ਦੀ ਗੱਲ ਸ਼ੁਰੂ ਹੋਈ। ਪਰ ਇਸਦੇ 34 ਸਾਲ ਬਾਅਦ ਸੰਨ 1910 ਦਾ ਵਿਦਰੋਹ ਇਕ ਜਵਾਲਾਮੁਖੀ ਦੇ ਫਟਣ ਵਾਂਗ ਸੀ। ਅੱਜ ਦੇ ਵਿਦਰੋਹ ਵਾਂਗ ਇਹ ਲੜਾਈ ਸ਼ਹਿਰੀ ਸੱਭਿਅਤਾ, ਸਕੂਲਾਂ, ਜੰਗਲਾਂ ਦੇ ਸੰਦਰਭ 'ਚ ਪਾਬੰਦੀਆਂ ਅਤੇ ਇਹਨਾਂ ਦੇ ਜੰਗਲਾਂ ਨੂੰ 'ਬਾਹਰਲੇ ਹਿੰਦੂਆਂ' ਲਈ ਖੋਲ੍ਹ ਦੇਣ ਬਾਰੇ ਸੀ। ਜੇ ਇਸ ਵਿਦਰੋਹ ਦੀ ਤੁਲਨਾ ਕਰਨੀ ਹੋਵੇ ਤਾਂ ਦੱਖਣੀ ਅਫਰੀਕਾ ਦੇ ਯੱਲੂ ਵਿਦਰੋਹ ਜਾਂ ਭਾਰਤ ਦੇ 1857 ਦੇ ਵਿਦਰੋਹ ਨਾਲ ਕੀਤੀ ਜਾ ਸਕਦੀ ਹੈ। ਇਸ ਵਿਦਰੋਹ 'ਚ ਆਮ ਆਦਿਵਾਸੀ ਨੇ ਵੀ ਭਾਗ ਲਿਆ ਅਤੇ ਰਾਜਿਆਂ ਨੇ ਵੀ। ਇਸ ਵਿਦਰੋਹ ਨੂੰ 'ਭੂਮਕਲ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਵਿਦਰੋਹ ਦੇ ਸਮੇਂ ਅੰਬ ਦੀ ਟਾਹਣੀ ਪਿੰਡ ਪਿੰਡ ਫੇਰੀ ਗਈ। ਸਾਡੇ ਪੰਜਾਬੀਆਂ ਲਈ ਇਕ ਦਿਲਚਸਪੀ ਦੀ ਗੱਲ ਇਹ ਕਿ ਉਸ ਵੇਲੇ ਦੇ ਇਕ ਆਦਿਵਾਸੀ ਰਾਜਾਂ ਦੀ ਮਤਰੇਈ ਮਾਂ ਦਾ ਨਾਂਅ ਸਵਰਨ ਕੌਰ ਸੀ ਜਿਸ ਨੇ ਆਪ ਅਤੇ ਉਸਦੇ ਦੋ ਪੁੱਤਰਾਂ ਕੁਵੰਰ ਬਹਾਦਰ ਸਿੰਘ ਅਤੇ ਅਰਜੁਨ ਸਿੰਘ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਹਨਾਂ ਆਦਿਵਾਸੀਆਂ ਦੀਆਂ ਸੱਤਾਧਾਰੀ ਜਮਾਤ ਨਾਲ ਜਗਦਲਪੁਰ ਕਾਂਕੇਰ, ਦਾਂਤੇਵਾੜਾ, ਕੁਆਕੌਂਡਾ ਆਦਿ ਸਥਾਨਾਂ ਤੇ ਜਬਰਦਸਤ ਮੁੱਠਭੇੜਾਂ ਹੋਈਆਂ। ਜਗਦਲਪੁਰ 'ਚ ਵੀਹ ਆਦਿਵਾਸੀ ਮਾਰੇ ਗਏ ਅਤੇ ਸੌ ਤੋਂ ਵਧ ਜ਼ਖਮੀ ਹੋਏ। ਕਈ ਥਾਵਾਂ 'ਤੇ, ਜਿਵੇਂ ਕਿ ਅੱਜ ਦੇ ਦਿਨਾਂ 'ਚ ਵੀ ਹੋ ਰਿਹਾ ਹੈ, ਬੇਹਥਿਆਰ ਆਦਿਵਾਸੀਆਂ ਤੇ ਗੋਲੀਆਂ ਚਲਾਈਆਂ ਗਈਆਂ ਅਤੇ ਉਹਨਾਂ ਦੇ ਪਿੰਡਾਂ ਨੂੰ ਅੱਗਾਂ ਲਾਈਆਂ ਗਈਆਂ।

ਇਥੇ ਮੈਂ ਛੱਤੀਸਗੜ੍ਹ ਦੇ ਬਸਤਰ ਨਾਂਅ ਦੇ ਇਕ ਖਾਸ ਖੇਤਰ ਬਾਰੇ ਗੱਲ ਕਰ ਰਿਹਾ ਹਾਂ। ਜੋ ਇਥੇ ਵਾਪਰਦਾ ਰਿਹਾ, ਤਕਰੀਬਨ ਉਹੀ ਕੁਝ ਕਿਸੇ ਨਾ ਕਿਸੇ ਸ਼ਕਲ 'ਚ ਦੂਜੇ ਖੇਤਰਾਂ ਵਿਚ ਵੀ ਵਾਪਰਦਾ ਰਿਹਾ। ਬਸਤਰ ਦੀ ਰਿਆਸਤ ਜਿਸ ਦਾ ਕੇਂਦਰ ਜਗਦਲਪੁਰ ਸੀ, ਇਸੇ ਤਰ੍ਹਾਂ ਹੈ ਜਿਵੇਂ ਪੰਜਾਬ 'ਚ ਪਟਿਆਲੇ ਜਾਂ ਨਾਭੇ ਦੀਆਂ ਰਿਆਸਤਾਂ।

ਉਪਰ ਮੈਂ ਜੋ ਕੁਝ ਬਿਆਨ ਕੀਤਾ, ਉਹ ਅੰਗਰੇਜ਼ਾਂ ਦੀ ਹਕੂਮਤ ਦੌਰਾਨ ਵਾਪਰਿਆ। ਹੁਣ ਵੇਖਦੇ ਹਾਂ ਕਿ ਸਾਡੇ ਮੁਲਕ ਨੂੰਆਜਾਦੀ ਹਾਸਲ ਹੋਣ ਤੋਂ ਬਾਅਦ ਇਹਨਾਂ ਆਦਿਵਾਸੀਆਂ ਨਾਲ ਕੀ ਕੁਝ ਵਾਪਰਦਾ ਰਿਹਾ।

ਉਸ ਵੇਲੇ ਜਗਦਲਪੁਰ (ਬਸਤਰ) ਦੇ ਰਾਜੇ ਦਾ ਨਾਂਅ 'ਪ੍ਰਵੀਨ ਚੰਦਰ ਭਾਂਜਦੇਵ' ਸੀ। ਹਿੰਦੋਸਤਾਨ ਦੇ ਬਾਕੀ ਰਾਜਿਆਂ ਦੀ ਮਾਨਸਿਕਤਾ ਦੇ ਵਿਪਰੀਤ, ਇਸ ਦੀ ਹਮਦਰਦੀ ਵਪਾਰੀਆਂ, ਠੇਕੇਦਾਰਾਂ, ਸਰਕਾਰੀ ਅਫਸਰਾਂ ਨਾਲ ਨਾ ਹੋ ਕੇ ਆਦਿਵਾਸੀਆਂ ਨਾਲ ਸੀ। ਜਦੋਂ ਲੋਕ ਸਭਾ ਲਈ ਚੋਣਾਂ ਹੋਈਆਂ ਤਾਂ ਕਾਂਗਰਸ ਕੈਂਡੀਡੇਟਾਂ ਨੂੰ ਬੁਰੀ ਤਰ੍ਹਾਂ ਹਰਾ ਕੇ ਇਸ ਨੂੰ ਅਤੇ ਇਸ ਦੀ ਪਾਰਟੀ ਦੇ ਸਾਰੇ ਉਮੀਦਵਾਰਾਂ ਨੂੰ ਜਿੱਤ ਪ੍ਰਾਪਤ ਹੋਈ। ਭਾਂਜਦੇਵ ਦੀ ਕਾਂਗਰਸ ਸਰਕਾਰ ਪ੍ਰਤਿ ਵਿਰੋਧਤਾ ਅਤੇ ਆਦਿਵਾਸੀਆਂ ਨਾਲ ਹਮਦਰਦੀ ਵਾਲੀ ਰਾਜਨੀਤੀ ਦਿੱਲੀ ਦੀ ਕਾਂਗਰਸ ਸਰਕਾਰ ਦੇ ਗਲੇ ਭਲਾ ਕਿਵੇਂ ਉਤਰ ਸਕਦੀ ਸੀ? ਦਿੱਲੀ 'ਚ ਬੈਠੇ ਮੰਤਰੀ ਕਚੀਚੀਆਂ ਵੱਟਣ ਲੱਗੇ। ਫੇਰ ਉਹਨਾਂ ਉਹੀ ਕੁਝ ਕੀਤਾ ਜੋ 1857 ਤੋਂ ਪਹਿਲਾਂ ਫਰੰਗੀ ਸਰਕਾਰ ਕਰਿਆ ਕਰਦੀ ਸੀ। ਸਰਕਾਰ ਨੇ ਭਾਂਜਦੇਵ ਨੂੰ ਗੱਦੀ ਤੋਂ ਹਟਾ ਕੇ ਉਸਦੇ (ਮਤਰੇਏ) ਭਰਾ ਨੂੰ ਗੱਦੀ 'ਤੇ ਬਿਠਾ ਦਿੱਤਾ। ਨਾਲ ਹੀ ਉਸਦੀ ਜਾਇਦਾਦ, ਘਰ ਬਾਰ ਕਿਸੇ ਨਾ ਕਿਸੇ ਬਹਾਨੇ ਖੋਹ ਲਿਆ। ਕਾਂਗਰਸ ਸਰਕਾਰ ਨੇ ਉਸਦੀ ਹਾਲਤ ਇਹ ਕਰ ਦਿੱਤੀ ਕਿ ਉਸ ਕੋਲ ਇੰਨੇ ਪੈਸੇ ਵੀ ਨਹੀਂ ਸਨ ਕਿ ਗੁਜਰਾਤ ਤੋਂ ਆਪਣੀ ਨਵ ਵਿਆਹੁਤਾ ਪਤਨੀ ਨੂੰ ਘਰ ਲੈ ਕੇ ਆ ਸਕਦਾ।

ਇਸੇ ਵਿਚਕਾਰ ਆਦਿਵਾਸੀਆਂ ਦੀ ਸੁਰੱਖਿਆ ਲਈ ਭਾਂਜਦੇਵ ਨੇ ਇੱਕ ਸੇਵਾ ਦਲ ਬਣਾਇਆ ਅਤੇ ਕਾਂਗਰਸ ਦੀਆਂ ਆਦਿਵਾਸੀਆਂ ਵਿਰੁਧ ਪਾਲਸੀਆਂ ਦੇ ਖਿਲਾਫ ਮੋਰਚੇ ਲਾਉਂਦਾ ਰਿਹਾ। ਫੇਰ ਫਰਵਰੀ 1966 'ਚ ਬਸਤਰ 'ਚ ਕਾਲ ਪੈ ਗਿਆ। ਰੋਟੀ ਚੌਲ ਮੰਗਣ ਵਾਲੇ ਜਲੂਸ 'ਤੇ ਲਾਠੀਆਂ ਦੀ ਵਰਖਾ ਨਾਲ ਕਾਫੀ ਸਾਰੀਆਂ ਤੀਵੀਆਂ ਦੀ ਮੌਤ ਹੋ ਗਈ। ਪ੍ਰਵੀਨ ਚੰਦਰ ਭਾਂਜਦੇਵ ਨੇ 48 ਦਿਨ ਦਾ ਮਰਨ ਵਰਤ ਵੀ ਰੱਖ ਲਿਆ। ਪਰ ਉਹ ਕਿਉਂਕਿ ਕਾਂਗਰਸ ਦਾ ਮਹਾਤਮਾ ਗਾਂਧੀ ਨਾ ਹੋ ਕੇ ਸਿਰਫ ਆਦਿਵਾਸੀਆਂ ਦਾ ਸੀ, ਇਸ ਲਈ ਭਾਂਜਦੇਵ ਦੇ ਘਰ ਦੁਆਲੇ ਇਕੱਠੇ ਹੋ ਗਏ ਆਦਿਵਾਸੀਆਂ ਦੁਆਲੇ ਕਾਂਗਰਸ ਦੀ ਪੁਲਸ ਨੇ ਘੇਰਾ ਪਾ ਲਿਆ। ਦਫਾ 144 ਲਾ ਦਿੱਤੀ। ਜਿਵੇਂ ਕਿ ਇਸ ਤਰ੍ਹਾਂ ਦੀਆਂ ਸਥਿਤੀਆਂ ਦੌਰਾਨ ਹੁੰਦਾ ਹੈ, ਇਕ ਬਹਾਨਾ ਲੱਭ ਕੇ ਪੁਲਸ ਦੀਆਂ ਬੰਦੂਕਾਂ ਨੇ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਇਸ ਫਾਇਰਿੰਗ 'ਚ ਬਹੁਤ ਸਾਰੇ ਆਦਿਵਾਸੀ ਅਤੇ ਪ੍ਰਵੀਨ ਚੰਦਰ ਭਾਂਜਦੇਵ ਮਾਰੇ ਗਏ।

ਜਿਵੇਂ ਕਿ ਜੱਲ੍ਹਿਆਂਵਾਲਾ ਬਾਗ ਦੇ ਸਾਕੇ ਤੋ ਬਾਅਦ ਸਰਕਾਰੀ ਆਂਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 78-79 ਸੀ, ਇਸੇ ਤਰ੍ਹਾਂ ਸਰਕਾਰੀ ਆਂਕੜਿਆਂ 'ਚ 112 ਆਦਿਵਾਸੀ ਮਰੇ ਅਤੇ 200 ਦੇ ਕਰੀਬ ਜ਼ਖਮੀ ਹੋਏ । ਪਰ ਜੋ 'ਸਹੀ ਸੂਚਨਾ' ਇਸ ਸਾਕੇ ਬਾਰੇ ਪ੍ਰਵੀਨ ਚੰਦਰ ਭਾਂਜਦੇਵ ਦੇ ਅੱਜ ਦੇ ਪਰਵਾਰ ਦੁਆਰਾ ਅਤੇ ਉਸ ਸਾਕੇ ਦਾ ਵਰਨਣ ਕਰਨ ਵਾਲੀਆਂ ਫੋਟੋਆਂ ਅਤੇ ਸਥਾਨਕ ਅਖਬਾਰਾਂ ਦੀਆਂ ਕਾਤਰਾਂ ਦੁਆਰਾ ਪ੍ਰਾਪਤ ਹੋਈ, ਉੱਥੇ ਮਰਨ ਵਾਲਿਆਂ ਦੀ ਗਿਣਤੀ ਜੱਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਤੋਂ ਕਿਤੇ ਵਧ ਹੈ। ਫਰਕ ਸਿਰਫ ਇਹ ਹੈ ਕਿ ਜੱਲ੍ਹਿਆਂਵਾਲਾ ਬਾਗ 'ਚ ਮਰਨ ਵਾਲੇ ਭਾਰਤ ਵਰਸ਼ ਦੇ ਸ਼ਹਿਰੀ ਲੋਕ, ਮੇਨ ਸਟਰੀਮ ਨਾਲ ਸੰਬੰਧ ਰੱਖਣ ਵਾਲੇ ਸਨ ਅਤੇ ਉਹ ਵਿਚਾਰੇ ਆਦਿਵਾਸੀ ।

ਤਿੰਨ ਕੁ ਵਰ੍ਹੇ ਪਹਿਲਾਂ ਜਦੋਂ ਮੈਂ ਛੱਤੀਸਗੜ੍ਹ ਅਤੇ ਬਸਤਰ ਦੇ ਖੇਤਰ 'ਚ ਘੁੰਮਣ ਫਿਰਨ ਜਾ ਰਿਹਾ ਸੀ ਤਾਂ ਲੋਕਾਂ ਨੇ ਮੈਨੂੰ ਡਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਉਹ ਖਤਰਨਾਕ ਇਲਾਕਾ ਹੈ। ਬਿਨਾਂ ਕੁਝ ਪੁੱਛਗਿੱਛ ਕੀਤਿਆ ਬਾਹਰਲੇ ਬੰਦੇ ਨੂੰ ਮਾਰ ਦੇਂਦੇ ਹਨ। ਦਿੱਲੀ ਦੇ ਲੋਕ ਹੀ ਨਹੀਂ ਬਲਕਿ ਰਾਏਪੁਰ (ਛੱਤੀਸਗੜ੍ਹ ਦੀ ਰਾਜਧਾਨੀ ਦੇ ਹਿੰਦੂ) ਵਪਾਰੀ ਜਮਾਤ ਦੇ ਲੋਕ ਵੀ ਇਹ ਕਹਿੰਦੇ ਸਨ। ਪਰ ਜਦੋਂ ਮੈਂ ਉਹਨਾਂ ਦੇ ਇਹਨਾਂ ਤਥਾ ਕਥਿਤ ਖੇਤਰ ਦਾਂਤੇਵਾੜਾ ਬਸਤਰ, ਕਾਂਕੇਰ ਆਦਿ ਦੇ ਜੰਗਲੀ ਰਸਤਿਆਂ, ਪਿੰਡਾਂ, ਹਫਤਾਵਾਰ ਹਾਟ-ਬਾਜ਼ਾਰ 'ਚ ਘੁੰਮਦਾ ਫਿਰਦਾ ਰਿਹਾ ਤਾਂ ਮੈਨੂੰ ਇਸ ਤਰ੍ਹਾਂ ਦਾ ਕੋਈ ਡਰ ਜਾਂ ਖਤਰਾ ਮਹਿਸੂਸ ਨਹੀਂ ਹੋਇਆ। ਇਹ ਮਾਓਵਾਦੀ ਉਨ੍ਹਾਂ ਉੱਤੇ ਹੀ ਵਾਰ ਕਰਦੇ ਹਨ ਜੋ ਸਰਕਾਰੀ ਕਰਿੰਦੇ, ਸੱਤਾ ਦੀਆਂ ਅਤੇ ਸਰਮਾਏਦਾਰੀ ਦੀਆਂ ਬਾਹਾਂ ਬਣ ਕੇ ਇਹਨਾਂ ਦੇ ਇਲਾਕੇ 'ਚ ਆਉਂਦੇ ਹਨ ਯਾਨੀ ਪੁਲਸ ਦੇ ਅਤੇ ਜੰਗਲਾਤ ਮਹਿਕਮੇ ਦੇ ਬੰਦੇ। ਜਾਂ ਫੇਰ ਪਟਵਾਰੀਆਂ, ਤਹਿਸੀਲਦਾਰਾਂ, ਠੇਕੇਦਾਰਾਂ ਦੀ ਲੁੱਟਮਾਰ ਤੋਂ ਵੀ ਇਹ ਮਾਓਵਾਦੀ ਆਦਿਵਾਸੀਆਂ ਦੀ ਰੱਖਿਆ ਲਈ ਆਉਂਦੇ ਹਨ। ਅਖ਼ਬਾਰਾਂ 'ਚ ਇਹ ਤੇ ਛਪ ਜਾਂਦਾ ਹੈ ਅਤੇ ਟੀ ਵੀ ਚੈਨਲਾਂ ਵਾਲੇ ਵੀ ਰੌਲਾ ਪਾਉਂਦੇ ਹਨ ਕਿ ਫਲਾਂ ਥਾਵੇਂ ਮਾਓਵਾਦੀਆਂ ਨੇ ਐਵੇਂ ਪੁਲਸ ਵਾਲੇ ਜਾਂ ਜੰਗਲਾਤ ਵਾਲੇ ਮਾਰ ਦਿੱਤੇ, ਪਰ ਇਹ ਨਹੀਂ ਦੱਸਦੇ ਕਿ ਇਹਨਾਂ ਪੁਲਸ ਵਾਲਿਆਂ ਨੇ ਆਦਿਵਾਸੀ ਬਸਤੀਆਂ 'ਚ ਜਾ ਕੇ ਉਹਨਾਂ ਦੀਆਂ ਕਿੰਨੀਆਂ ਬਕਰੀਆਂ ਅਤੇ ਕੁਕੜੀਆਂ ਹਾਲਾਕ ਕੀਤੀਆਂ ਅਤੇ ਕਿੰਨੀਆਂ ਤੀਵੀਆਂ ਨੂੰ ਮਾਓਵਾਦੀਆਂ ਦਾ ਹਮਦਰਦ ਕਹਿ ਕੇ ਪੁਲਸ ਚੌਂਕੀਆਂ 'ਚ ਲਿਆ ਕੇ ਬਲਾਤਕਾਰ ਕੀਤਾ।

'ਨਿਆਂ' ਦਾ ਸ਼ਬਦ, ਕਾਨੂੰਨ, ਲਾਅ ਐਂਡ ਆਰਡਰ, ਰਾਸ਼ਟਰਵਾਦ, ਦੇਸ਼ ਦੀ ਤਰੱਕੀ, ਇਹ ਸਾਰੇ ਬਹੁਤ ਭੁਲੇਖੇ ਪਾਉਣ ਵਾਲੇ ਤੇ ਸੱਚ, ਜ਼ੁਲਮ ਤੇ ਬੇਇਨਸਾਫੀ ਉੱਤੇ ਪਰਦਾ ਪਾਉਣ ਵਾਲੇ ਸ਼ਬਦ ਹਨ। ਪਰ ਜੇ ਪੂਰੀ ਦੀ ਪੂਰੀ ਕਾਨੂੰਨ-ਵਿਵਸਥਾ ਹੀ ਅਪਰਾਧੀ ਹੋ ਗਈ ਹੋਵੇ ਤਾਂ ਕੀ ਆਖਾਂਗੇ? ਕੌਣ ਨਹੀਂ ਜਾਣਦਾ ਕਿ ਲੋਕ ਸਭਾ ਦੇ ਇਕ ਤਿਹਾਈ ਮੈਂਬਰਾਂ 'ਤੇ ਕੋਈ ਨਾ ਕੋਈ ਜੁਰਮ, ਕਤਲ ਦੇ ਮੁਕੱਦਮੇ ਚੱਲ ਰਹੇ ਹਨ। ਪ੍ਰਾਂਤਾਂ ਦੀਆਂ ਅਸੰਬਲੀਆਂ ਤੇ, ਕਿਤੇ-ਕਿਤੇ ਅਧੇ ਤੋਂ ਵਧ ਮੈਂਬਰ ਮੁਜ਼ਰਮ ਹਨ।

ਕੁਝ ਵਰ੍ਹੇ ਪਹਿਲਾਂ ਹੀ ਛੱਤੀਸਗੜ੍ਹ ਦੀ ਸਰਕਾਰ ਨੇ (ਤਕਰੀਬਨ) 100 ਏਕੜ ਮਨਜ਼ੂਰ ਹੋ ਗਈ ਜ਼ਮੀਨ ਦੇ ਬਦਲੇ 4500 ਏਕੜ ਜ਼ਮੀਨ ਟਾਟਾ ਨੂੰ ਦੇ ਦਿੱਤੀ, ਯਾਨੀ ਜੰਗਲ ਵਾਸੀਆਂ ਨੂੰ ਬੇਘਰ ਕਰਕੇ। ਕੁਝ ਮਹੀਨੇ ਪਹਿਲਾਂ ਕਿਸੇ ਸਰਮਾਏਦਾਰ ਨੂੰ ਵੀਹ ਵਰਗ ਮੀਲ ਜੰਗਲ ਕੱਟਣ ਦੀ ਮਨਜ਼ੂਰੀ ਮਿਲਣ 'ਤੇ 80 ਵਰਗ ਮੀਲ ਜੰਗਲ ਕੱਟ ਕੇ ਸਾਰੀ ਜਮੀਨ ਹੀ ਨਹੀਂ ਸੰਭਾਲੀ, ਬਲਕਿ ਸਾਰੀ ਲੱਕੜੀ ਵੀ ਹਜਮ ਕਰ ਲਈ।ਇਹ ਕਿਸ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ? ਕੀ ਇਹ ਜ਼ੁਰਮ ਨਹੀਂ। ਵਾਤਾਵਰਣ ਦੇ ਵਿਰੁਧ ਨਹੀਂ ?

ਇਕ ਬੜਾ ਕੌੜਾ ਤਰੀਕਾ ਕੱਢ ਲਿਆ ਹੋਇਆ ਹੈ ਇਹ ਕੁਝ ਕਰਨ ਦਾ, ਸੱਤਾਧਾਰੀਆਂ ਨੇ। ਇਕ ਪ੍ਰਾਈਵੇਟ ਸੰਸਥਾ ਬਣਾ ਦਿੱਤੀ ਗਈ, 'ਸਾਲਵਾ ਜੂਡਮ' ਦੇ ਨਾਂਅ 'ਤੇ। ਇਹ ਸੰਸਥਾ ਨਹੀਂ ਪ੍ਰਾਈਵੇਟ ਆਰਮੀ ਹੈ ਜਿਸਨੂੰ ਪ੍ਰਾਂਤਕ ਸਰਕਾਰ ਨੇ ਬਹੁਤ ਸਾਰੇ ਅਧਿਕਾਰ ਅਤੇ ਹਥਿਆਰ ਦਿੱਤੇ ਹੋਏ ਹਨ। ਸਰਕਾਰ ਜੋ ਕੋਝੇ ਅਤੇ ਗੈਰ ਕਾਨੂੰਨੀ ਕੰਮ ਆਪ ਸਿੱਧੇ ਤੌਰ 'ਤੇ ਨਹੀਂ ਕਰ ਸਕਦੀ, ਇਹਨਾਂ ਦੁਆਰਾ ਕਰਾਉਂਦੀ ਹੈ। ਉਦਾਹਰਣ ਦੇ ਤੌਰ ਤੇ ਕਿਸੇ ਸਰਮਾਏਦਾਰ ਦੀ ਲੋੜ ਪੂਰੀ ਕਰਨ ਲਈ ਤਕਰੀਬਨ ਸੱਠ ਹਜ਼ਾਰ ਆਦਿਵਾਸੀਆਂ ਦੇ ਪਿੰਡ ਇਹ ਕਹਿ ਕੇ ਖਾਲੀ ਕਰਵਾ ਦਿੱਤੇ ਕਿ ਉਹ ਇਹਨਾਂ ਦੀ ਮਾਓਵਾਦੀਆਂ ਤੋਂ ਰੱਖਿਆ ਕਰ ਰਹੀ ਹੈ। ਸਾਰਿਆਂ ਨੂੰ ਕੈਂਪਾਂ 'ਚ ਲਿਆ ਸੁੱਟਿਆ ਅਤੇ ਉਹਨਾਂ ਦੇ ਜੰਗਲ ਜ਼ਮੀਨ ਸਰਮਾਏਦਾਰਾਂ ਦੇ ਕਬਜ਼ੇ 'ਚ । ਸਾਲਵਾ ਜੂਡਮ ਦੀਆਂ ਕੁਝ ਕੁ ਕਰਤੂਤਾਂ ਇਸ ਪ੍ਰਕਾਰ ਹਨ।

1. ਉਹ ਆਦਿਵਾਸੀ ਬਸਤੀਆਂ 'ਚ ਜਾ ਕੇ ਆਖਦੇ ਹਨ ਕਿ ਤੁਸੀਂ ਸਾਡੇ ਨਾਲ ਆਵੋ। ਜਦ ਆਦਿਵਾਸੀ, ਉਹਨਾਂ ਦੀ ਗੱਲ ਨਹੀਂ ਮੰਨਦੇ ਤਾਂ ਉਹਨਾਂ ਦੀ ਬਸਤੀ ਸਾੜ ਦਿੰਦੇ ਹਨ।

2. ਪੰਜਾਹ ਸਾਲਵਾ ਜੂਡਮ ਵਾਲੇ ਸੀ ਆਰ ਪੀ ਐੱਫ ਦੇ ਜਵਾਨਾਂ ਨਾਲ ਇਕ ਪਿੰਡ 'ਚ ਆਏ। ਉਹ 40 ਕਿਲੋ ਚੌਲ, ਪੱਚੀ ਤੀਹ ਮੁਰਗੀਆਂ, ਸੂਰ ਅਤੇ ਬੱਕਰੀਆਂ ਜੋ ਵੀ ਹੱਥ ਲੱਗੀਆਂ ਲੈ ਕੇ ਚਲੇ ਗਏ।

3. ਇਕ ਪਿੰਡ 'ਚ ਨਾਗਾ ਬਟਾਲੀਅਨ ਨਾਲ ਆ ਵੜੇ ਅਤੇ ਦੋ ਜਣਿਆਂ ਦੇ ਗਲ ਵੱਢ ਕੇ ਅਤੇ ਲੁੱਟਮਾਰ ਕਰ ਕੇ ਚਲੇ ਗਏ।

ਇਹ ਸਾਲਵਾ ਜੂਡਮ ਵਾਲੇ ਕੌਣ ਲੋਕ ਹਨ? ਸ਼ਹਿਰਾਂ ਦੇ ਆਲੇ ਦੁਆਲੇ ਦੇ ਪਿੰਡਾਂ ਜਾਂ ਸ਼ਹਿਰਾਂ, ਕਸਬਿਆਂ ਦਾ ਲੁਪੰਨ ਤਬਕਾ, ਵਿਹਲੜ ਬਦਮਾਸ਼।

ਇਕ ਪਾਸੇ ਇਹ ਕੁਝ ਹੋ ਰਿਹਾ ਹੈ, ਦੂਜੇ ਪਾਸੇ ਆਰ ਐਸ ਐਸ ਨੇ ਬਨਵਾਸੀ ਕਲਿਆਣ ਆਸ਼ਰਮ ਕੇਂਦਰ ਬਣਾਏ ਹੋਏ ਹਨ।ਇਹ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਕੰਮ ਅਗੇ ਵਧਾ ਰਹੇ ਹਨ। ਆਦਿਵਾਸੀਆਂ ਨੂੰ ਉਨ੍ਹਾਂ ਦੀਆਂ ਪੁਰਾਣੀਆਂ ਆਸਥਾਵਾਂ, ਪ੍ਰੰਪਰਾਵਾਂ, ਵਿਸ਼ਵਾਸਾਂ ਨੂੰ ਖਤਮ ਕਰਕੇ ਉਹਨਾਂ ਦੇ ਪੂਜਾ ਘਰਾਂ ਦੀ ਥਾਂ ਕਾਲੀ, ਹਨੂਮਾਨ ਦੀਆਂ ਵੱਡੀਆਂ-ਵੱਡੀਆਂ ਮੂਰਤੀਆਂ ਅਤੇ ਮੰਦਰ ਉਸਾਰ ਰਹੇ ਹਨ।

ਭਾਰਤ ਦਾ ਸੰਵਿਧਾਨ ਬਨਾਉਣ ਵਾਲਿਆਂ 'ਚ ਕੁਝ ਬਹੁਤ ਸਿਆਣੇ ਅਤੇ ਦੂਰ ਅੰਦੇਸ਼ ਲੋਕ ਵੀ ਸਨ। ਉਸ ਵਿਚ ਲਿਖਿਆ ਹੈ, 'ਪਾਰਲੀਮੈਂਟ ਦਾ ਕੋਈ ਐਕਟ ਕਿਸੇ ਵੀ ਜਨਜਾਤੀ 'ਤੇ ਉਹਨਾਂ ਦੀ ਸਹਿਮਤੀ ਤੋਂ ਬਿਨਾਂ ਲਾਗੂ ਨਹੀਂ ਕੀਤਾ ਜਾ ਸਕਦਾ।'' ਪਰ ਕੌਣ ਪਰਵਾਹ ਕਰਦਾ ਹੈ ਇਸ ਦੀ?

''ਹੁਣ ਸਵਾਲ ਇਹ ਉੱਠਦਾ ਹੈ ਕਿ ਇਹਨਾਂ ਆਦਿਵਾਸੀਆਂ ਨੂੰ ਭਾਰਤ ਦਾ ਅੰਗ ਬਣਾਉਂਦਿਆਂ ਇਹਨਾਂ ਨੂੰ ਕਿਵੇਂ ਭਾਰਤੀ ਕਾਨੂੰਨ ਦੇ ਦਾਇਰੇ 'ਚ ਲਿਆਂਦਾ ਜਾਏ? ਉਨ੍ਹਾਂ ਖੋਜੀਆਂ, ਵਿਦਵਾਨਾਂ ਅਤੇ ਐਂਥਰੋਪੋਲੋਜਿਸਟ ਮਾਨਵ ਵਿਗਿਆਨੀਆਂ ਦੇ ਅਨੁਸਾਰ ਇਸ ਵਾਸਤੇ ਅਸਿੱਧੇ ਢੰਗ ਨਾਲ ਸ਼ਾਸਨ ਦੀ ਲੋੜ ਹੈ ਜੋ ਕਬੀਲਿਆ ਦੀਆਂ ਪਿੰਡਾਂ ਵਰਗੀਆਂ ਨਿੱਕੀਆਂ ਇਕਾਈਆਂ ਉੱਤੇ ਅਧਾਰਤ ਹੋਵੇ, ਜਿਨ੍ਹਾਂ ਨੂੰ ਮਾਨਵ ਵਿਗਿਆਨੀ ਸਮਾਜਕ ਬਣਤਰ ਦੀ ਮੁੱਢਲੀ ਇੱਟ ਮੰਨਦੇ ਹਨ।

ਇਸ ਵਾਸਤੇ ਕਬਾਇਲੀ ਜਨਜਾਤੀਆਂ ਲਈ ਇਕ ਵਿਸ਼ੇਸ਼ ਕਿਸਮ ਦਾ ਖੇਤਰ ਹੋਣਾ ਚਾਹੀਦਾ ਹੈ ਜਿਸਦੇ ਕਾਨੂੰਨਾਂ ਦਾ ਚੌਖਟਾ ਬਾਕੀ ਦੇਸ਼ ਦੇ ਕਾਨੂੰਨਾਂ ਦੇ ਚੌਖਟੇ ਨਾਲੋਂ ਅੱਡਰਾ ਹੋਵੇ।''

ਅਖੀਰ ਵਿਚ ਆਪਣੀ ਗੱਲ ਨੂੰ ਦੁਹਰਾਉਂਦਿਆਂ ਮੈਂ ਕਹਾਂਗਾ ਕਿ ਇਹਨਾਂ ਜੰਗਲ ਵਾਸੀਆਂ ਦਾ ਇਹ ਉਬਾਲ ਇਹਨਾਂ ਦੇ ਦਿਲਾਂ, ਇਹਨਾਂ ਦੀ ਰੂਹ 'ਚ ਵਸਿਆ ਹੋਇਆ ਵਿਦਰੋਹ ਹੈ, ਸਕੂਲਾਂ ਦੇ, ਜੰਗਲਾਤ ਦੇ ਮਹਿਕਮੇ ਦੇ, ਜੰਗਲਾਂ ਨੂੰ ਕੱਟਣ ਅਤੇ ਹਥਿਆਉਣ ਵਾਲਿਆਂ ਦੇ ਵਿਰੁਧ, ਆਪਣੀਆਂ ਔਰਤਾਂ ਨਾਲ ਬਲਾਤਕਾਰ ਕਰਨ ਵਾਲਿਆਂ ਦੇ ਵਿਰੁਧ ਬਾਹਰਲੇ ਹਿੰਦੂ ਵਪਾਰੀਆਂ ਅਤੇ ਸੱਤਾ ਦੀਆਂ ਕਰੁਸੀਆਂ ਤੇ ਬੈਠੇ ਹਰ ਪਾਰਟੀ ਦੇ ਨੇਤਾਵਾਂ ਦੇ ਵਿਰੁਧ। ਝਾਰਖੰਡ, ਉੜੀਸਾ, ਆਂਧਰਾ ਤੇ ਛੱਤੀਸਗੜ੍ਹ 'ਚ ਬੈਠੇ ਚੀਫ ਮਨਿਸਟਰ, ਸਰਮਾਏਦਾਰ ਜਮਾਤ ਅਤੇ ਬਿਊਰੋਕਰੇਟ ਆਪਸ 'ਚ ਮਿਲਕੇ ਇਕ ਬਹੁਤ ਵੱਡਾ ਛੜਯੰਤਰ ਰਚ ਰਹੇ ਹਨ, ਤਥਾ ਕਥਿਤ ਮਾਓਵਾਦੀਆਂ ਦੇ ਵਿਰੁਧ ਅਭਿਆਨ ਲਈ ਦਿੱਲੀ ਸਰਕਾਰ ਵਲੋਂ ਭੇਜੀ ਧੰਨ ਰਾਸ਼ੀ 'ਚੋਂ ਕਰੋੜਾਂ ਰੁਪਏ ਕਮਾ ਰਹੇ ਹਨ ਨਾਲ ਹੀ ਦਿੱਲੀ 'ਚ ਬੈਠੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਚਿਦੰਬਰਮ ਨੂੰ ਗਲਤ ਰਿਪੋਰਟਾਂ ਦੇ ਕੇ ਮੂਰਖ ਬਣਾ ਰਹੇ ਹਨ। ਅਸੀਂ ਲੋਕ ਵੀ ਉਹੀ ਕੁਝ ਜਾਣਦੇ ਹਾਂ ਜੋ ਅਖਬਾਰਾਂ ਲਿਖਦੀਆਂ ਅਤੇ ਟੀ ਵੀ 'ਚ ਵੇਖਦੇ ਹਾਂ।

## ਵਿਸ਼ਵ ਧਰਮਾਂ ਦੀ ਪਾਰਲੀਮੈਂਟ 'ਚ ਸਿੱਖ ਸ਼ਮੂਲੀਅਤ

**ਅੰਮ੍ਰਿਤਸਰ:** ਮੈਲਬੌਰਨ (ਆਸਟ੍ਰੇਲੀਆ) ਵਿਚ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਦੇ 9 ਦਸੰਬਰ ਨੂੰ ਹੋਏ ਸਮਾਪਤੀ ਸਮਾਰੋਹ ਵਿਚ ਅਕਾਲ ਤਖਤ ਸਾਹਿਬ ਦੇ ਪ੍ਰਤੀਨਿਧ ਵਜੋਂ ਸ਼ਾਮਲ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਡੀਸ਼ਨਲ ਸਕੱਤਰ ਰੂਪ ਸਿੰਘ ਨੇ ਸਿੱਖ ਧਰਮ ਦੇ ਮਾਨਵਤਾ ਦੀ ਭਲਾਈ ਅਤੇ ਸਰਬ ਧਰਮਾਂ ਦੇ ਆਦਰ-ਮਾਣ ਦਾ ਸੰਕਲਪ ਪੇਸ਼ ਕੀਤਾ। ਉਨ੍ਹਾਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਸੰਦੇਸ਼ ਪੰਜਾਬੀ ਵਿਚ ਪੜ੍ਹਿਆ। ਵਿਸ਼ਵ ਧਰਮਾਂ ਦੀ ਪਾਰਲੀਮੈਂਟ ਦਾ ਇਹ ਸੰਮੇਲਨ 3 ਦਸੰਬਰ ਤੋਂ 9 ਦਸੰਬਰ ਤੱਕ ਮੈਲਬੌਰਨ ਵਿਚ ਹੋਇਆ ਅਤੇ ਇਸ ਵਿਚ ਦੁਨੀਆਂ ਨੂੰ ਵਿਲੱਖਣ ਬਣਾਓ, ਸਭ ਨੂੰ ਸੁਣੋ, ਧਰਤੀ ਦਾ ਉਪਕਾਰ ਕਰੋ ਵਿਸ਼ੇ ਨੂੰ ਕੇਂਦਰਿਤ ਕੀਤਾ ਗਿਆ ਸੀ। ਇਸ ਸੰਮੇਲਨ ਵਿਚ ਦਰਜਨ ਤੋਂ ਵਧ ਅਕੀਦਿਆਂ 'ਤੇ ਸੌ ਤੋਂ ਵਧ ਧਾਰਮਿਕ ਗੁੱਟਾਂ ਦੇ ਪੰਜ ਹਜ਼ਾਰ ਧਾਰਮਿਕ ਆਗੂਆਂ ਨੇ ਹਿੱਸਾ ਲਿਆ। ਧਾਰਮਿਕ ਆਗੂਆਂ ਨੇ ਸੰਮੇਲਨ ਵਿਚ ਗਰੀਬੀ, ਅਗਿਆਨਤਾ, ਨੈਤਿਕ ਪਤਨ ਅਤੇ ਚੌਗਿਰਦੇ ਦੀਆਂ ਸਮੱਸਿਆਵਾਂ ਜਿਹੇ ਅਹਿਮ ਮੁੱਦਿਆਂ 'ਤੇ ਵਿਚਾਰ ਪ੍ਰਗਟਾਏ। ਦਲਾਈਲਾਮਾ, ਦਾਦੀ ਜਾਨਕੀ ਅਤੇ ਆਰਕਬਿਸ਼ਪ ਤੇ ਫਿਲਿਪ ਫਰੀਅਰ ਵੀ ਇਸ ਸੰਮੇਲਨ ਵਿਚ ਹਾਜ਼ਰ ਹੋਏ।

ਸੰਮੇਲਨ ਵਿਚ ਹਿੱਸਾ ਲੈਣ ਮਗਰੋਂ ਦੇਸ਼ ਪਰਤੇ ਰੂਪ ਸਿੰਘ ਨੇ ਦੱਸਿਆ ਕਿ ਇਸ ਸੰਮੇਲਨ ਵਿਚ ਭਾਰਤ, ਅਮਰੀਕਾ, ਕੈਨੇਡਾ, ਯੂਰਪ ਅਤੇ ਅਸਟ੍ਰੇਲੀਆ ਤੋਂ ਆਏ ਸਿੱਖੀ ਸਰੂਪ ਵਾਲੇ 200 ਤੋਂ ਵੱਧ ਸਿੱਖ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਪਰਸਪਰ ਧਾਰਮਿਕ ਅਕੀਦਿਆਂ ਬਾਰੇ ਹੋਈ ਵਿਚਾਰ-ਚਰਚਾ ਵਿਚ ਸਿੱਖਾਂ ਦੀ ਭਾਵ-ਪੂਰਤ ਸ਼ਮੂਲੀਅਤ ਰਹੀ।

ਉਨ੍ਹਾਂ ਕਿਹਾ ਕਿ ਅਜਿਹਾ ਸੰਮੇਲਨ ਹਰ ਪੰਜ ਸਾਲ ਬਾਅਦ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸੰਮੇਲਨ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਕੌਂਸਲ ਵਲੋਂ ਸੱਦਿਆ ਗਿਆ ਸੀ। ਉਨ੍ਹਾਂ ਕਿਹਾ ਕਿ ਵਿਸ਼ਵ ਸਿੱਖ ਕੌਂਸਲ ਦੇ ਪ੍ਰਤੀਨਿਧ ਵਜੋਂ ਡਾ. ਤਰੁਨਜੀਤ ਸਿੰਘ ਟਰਸਟੀ ਵਜੋਂ ਕਾਰਜਸ਼ੀਲ ਹਨ।

# ਪੰਜਾਬ ਟਾਈਮਜ਼

ਸਨਿਚਰਵਾਰ, 19 ਦਸੰਬਰ, 2009


ਧੋਖੇਬਾਜ਼ ਵਕੀਲ ਅਤੇ ਦੁਸ਼ਟ ਸਿਆਸਤਦਾਨ ਸਭ ਤੋਂ ਖ਼ਤਰਨਾਕ ਖਲਨਾਇਕ ਹਨ -ਅਲੈਗਜ਼ੈਂਡਰ ਪੋਪ

## ਸੰਪਾਦਕੀ

## *ਤਿਲੰਗਾਨਾ ਨੂੰ ਨਵੇਂ ਰਾਜ ਦਾ ਮੁੱਦਾ*

ਤਿਲੰਗਾਨਾ ਨੂੰ ਨਵੇਂ ਰਾਜ ਦਾ ਦਰਜਾ ਦੇਣ ਦਾ ਮੁੱਦਾ ਇਕ ਵਾਰ ਫਿਰ ਸਿਆਸੀ ਸੰਕਟ ਦੀ ਭੇਟ ਚੜ੍ਹਦਾ ਵਿਖਾਈ ਦੇ ਰਿਹਾ ਹੈ। ਬੀਤੇ ਹਫਤੇ ਕੇਂਦਰੀ ਗ੍ਰਹਿ ਮੰਤਰੀ ਵਲੋਂ ਤਿਲੰਗਾਨਾ ਨੂੰ ਨਵਾਂ ਰਾਜ ਬਣਾਏ ਜਾਣ ਦਾ ਐਲਾਨ ਕਰਨ ਪਿਛੋਂ ਇਕ ਪਾਸੇ ਤਾਂ ਇਸ ਮੁੱਦੇ ਨੂੰ ਲੈ ਕੇ ਮਰਨ ਵਰਤ 'ਤੇ ਬੈਠੇ ਟੀ.ਆਰ.ਐਸ. ਦੇ ਆਗੂ ਚੰਦਰ ਸ਼ੇਖਰ ਰਾਓ ਨੇ ਵਰਤ ਤੋੜ ਦਿੱਤਾ ਤੇ ਦੂਜੇ ਪਾਸੇ ਇਸ ਰਾਜ ਦੀਆਂ ਤਕਰੀਬਨ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਅੰਦਰ ਖਲਬਲੀ ਮੱਚ ਗਈ। ਨਵੇਂ ਰਾਜ ਦਾ ਦਰਜਾ ਦੇਣ ਦੇ ਮੁੱਦੇ ਨੂੰ ਲੈਂਦਿਆਂ ਵੱਖ-ਵੱਖ ਪਾਰਟੀਆਂ ਦੇ ਵਿਧਾਇਕਾਂ ਨੇ ਵੱਡੀ ਗਿਣਤੀ ਵਿਚ ਅਸਤੀਫੇ ਦਿੱਤੇ ਹਨ। ਇਸ ਪਿਛੋਂ ਆਂਧਰਾ ਪੱਖੀ ਨੌਜਵਾਨਾਂ ਵਲੋਂ ਵਿਖਾਵੇ ਵੀ ਕੀਤੇ ਗਏ ਹਨ ਅਤੇ ਕਈ ਥਾਵਾਂ ਉਪਰ ਹਿੰਸਾ ਵੀ ਹੋਈ। ਇਸ ਸਿਆਸੀ ਉਥਲ-ਪੁਥਲ ਨੂੰ ਵੇਖਦਿਆਂ ਕੇਂਦਰ ਸਰਕਾਰ ਨੇ ਇਕ ਵਾਰ ਫਿਰ ਆਪਣਾ ਮਨ ਬਦਲ ਲਿਆ ਲੱਗਦਾ ਹੈ ਅਤੇ ਪ੍ਰਧਾਨ ਮੰਤਰੀ ਦਾ ਉਹ ਬਿਆਨ ਇਸੇ ਦਾ ਸੂਚਕ ਹੈ, ਜਿਸ ਵਿਚ ਉਨ੍ਹਾਂ ਕਿਹਾ ਕਿ ਜਲਦਬਾਜ਼ੀ ਵਿਚ ਕੋਈ ਕਦਮ ਨਹੀਂ ਚੁੱਕਿਆ ਜਾਵੇਗਾ ਅਤੇ ਸਾਰੇ ਮਸਲੇ ਨੂੰ ਸੋਚ-ਸਮਝ ਕੇ ਨਜਿੱਠਿਆ ਜਾਵੇਗਾ।

ਇਸ ਮੁੱਦੇ ਨੂੰ ਲੈ ਕੇ ਨਵੇਂ ਰਾਜ ਦੀ ਸਥਾਪਤੀ ਦਾ ਵਿਰੋਧ ਕਰ ਰਹੇ ਆਂਧਰਾ ਪ੍ਰਦੇਸ਼ ਦੇ ਕੁਝ ਅਸੈਂਬਲੀ ਮੈਂਬਰਾਂ ਨੇ ਪ੍ਰਧਾਨ ਮੰਤਰੀ ਨਾਲ ਵਾਰਤਾ ਵੀ ਕੀਤੀ ਅਤੇ ਉਨ੍ਹਾਂ ਕਿਹਾ ਕਿ ਉਹ ਆਂਧਰਾ ਪ੍ਰਦੇਸ਼ ਨੂੰ ਇਕਜੁਟ ਹੀ ਵੇਖਣਾ ਚਾਹੁੰਦੇ ਹਨ। ਭਾਵੇਂ ਕਿ ਇਸ ਮੁੱਦੇ ਉਪਰ ਤਣਾਅ ਤਿੱਖਾ ਹੋ ਰਿਹਾ ਸੀ ਪਰ ਫਿਰ ਵੀ ਕੇਂਦਰੀ ਗ੍ਰਹਿ ਸਕੱਤਰ ਨੇ ਆਪਣੀ ਸੁਰਲੀ ਛੱਡ ਦਿੱਤੀ। ਉਨ੍ਹਾਂ ਕਿਹਾ ਕਿ ਨਵੇਂ ਰਾਜ ਦੀ ਰਾਜਧਾਨੀ ਵੀ ਹੈਦਰਾਬਾਦ ਹੋਵੇਗੀ। ਇਸ ਮੁੱਦੇ ਨੂੰ ਲੈ ਕੇ ਉਠ ਰਹੇ ਰਾਜਨੀਤਕ ਦਬਾਅ ਦਾ ਸਾਹਮਣਾ ਕਰਦਿਆਂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਕੇ. ਰੋਜ਼ਈਆ ਨੂੰ ਵੀ ਬਿਆਨ ਦੇਣਾ ਪਿਆ। ਉਨ੍ਹਾਂ ਆਪਣੇ ਬਿਆਨ ਵਿਚ ਕਿਹਾ ਕਿ ਵੱਖਰੇ ਰਾਜ ਦੀ ਸਥਾਪਤੀ ਸਬੰਧੀ ਵਿਧਾਨ ਸਭਾ ਵਿਚ ਲਿਆਂਦਾ ਜਾਣ ਵਾਲਾ ਮਤਾ ਢੁਕਵੇਂ ਸਮੇਂ 'ਤੇ ਲਿਆਂਦਾ ਜਾਵੇਗਾ ਪਰ ਇਸ ਮੰਤਵ ਵਾਸਤੇ ਹਾਲੇ ਕੋਈ ਸਪੱਸ਼ਟ ਸਮਾਂ ਸੀਮਾ ਤੈਅ ਨਹੀਂ ਕੀਤੀ ਗਈ।

ਸਪੱਸ਼ਟ ਹੈ ਕਿ ਟੀ.ਆਰ.ਐਸ. ਦੇ ਦਬਾਅ ਅਧੀਨ ਕੇਂਦਰ ਸਰਕਾਰ ਨੇ ਇਕ ਵਾਰ ਵੱਖਰਾ ਤੇਲੰਗਾਨਾ ਰਾਜ ਬਣਾਉਣ ਦਾ ਬਿਆਨ ਤਾਂ ਦਾਗ ਦਿੱਤਾ ਪਰ ਇਸ ਨਾਲ ਉਠਣ ਵਾਲੀ ਰਾਜਨੀਤਕ ਉਥਲ-ਪੁਥਲ ਨੇ ਵੀ ਉਸ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਸਥਿਤੀ ਵਿਚ ਜਾਪਦਾ ਹੈ ਕਿ ਨਵੇਂ ਰਾਜ ਦੀ ਸਥਾਪਨਾ ਦਾ ਮਸਲਾ ਇੰਨੀ ਸੌਖੀ ਤਰ੍ਹਾਂ ਹੱਲ ਹੋਣ ਵਾਲਾ ਨਹੀਂ ਹੈ ਅਤੇ ਟੀ.ਆਰ.ਐਸ. ਨੂੰ ਆਉਣ ਵਾਲੇ ਦਿਨਾਂ ਵਿਚ ਤਕੜੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਯਾਦ ਰਹੇ, ਨਵੇਂ ਰਾਜ ਦੇ ਖਿਲਾਫ਼ ਅਸਤੀਫੇ ਦੇਣ ਵਾਲੇ ਵਿਧਾਇਕਾਂ ਦੀ ਗਿਣਤੀ ਸਵਾ ਸੌ ਤੋਂ ਟੱਪ ਗਈ ਹੈ। ਇਨ੍ਹਾਂ ਵਿਚ ਕਾਂਗਰਸ ਦੇ 76, ਟੀ.ਡੀ.ਪੀ. ਦੇ 40 ਅਤੇ ਪਰਜਾਰਾਜਯਮ ਦੇ 40 ਵਿਧਾਇਕ ਸ਼ਾਮਲ ਹਨ। ਵਿਧਾਇਕਾਂ ਤੋਂ ਇਲਾਵਾ ਪੰਚਾਇਤ ਮੈਂਬਰਾਂ, ਸਰਪੰਚਾਂ, ਮੰਡਲ ਪਰਿਸ਼ਦਾਂ ਦੇ ਮੈਂਬਰਾਂ ਤੇ ਮਿਊਂਸਪਲ ਕੌਂਸਲਰਾਂ ਆਦਿ ਨੇ ਵੀ ਵਿਆਪਕ ਪੱਧਰ 'ਤੇ ਅਸਤੀਫ਼ੇ ਦਿੱਤੇ ਹਨ। ਨਵੇਂ ਰਾਜ ਦਾ ਮੁੱਦਾ ਸਿਰਫ ਆਂਧਰਾ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਇਸ ਦੇ ਅਸਰ ਦੂਜੇ ਰਾਜਾਂ ਦੀ ਸਿਆਸਤ ਉਪਰ ਵੀ ਪੈਣੇ ਸ਼ੁਰੂ ਹੋਏ ਹਨ। ਆਂਧਰਾ ਪ੍ਰਦੇਸ਼ ਵਿਚ ਬਣਨ ਜਾ ਰਹੇ ਇਸ ਨਵੇਂ ਰਾਜ ਨੂੰ ਵੇਖਦਿਆਂ ਪੱਛਮੀ ਯੂ.ਪੀ. ਵਿਚ ਹਰਿਤ ਪ੍ਰਦੇਸ਼ ਨੇ ਵੀ ਵੱਖਰੇ ਪ੍ਰਦੇਸ਼ ਵਜੋਂ ਮੰਗ ਉਠਾਉਣੀ ਸ਼ੁਰੂ ਕਰ ਦਿੱਤੀ। ਇਸ ਮੰਗ ਦੀ ਅਗਵਾਈ ਰਾਸ਼ਟਰੀ ਲੋਕ ਦਲ ਦੇ ਆਗੂ ਅਜੀਤ ਸਿੰਘ ਕਰ ਰਹੇ ਹਨ।

ਇਸ ਦੇ ਨਾਲ ਹੀ ਦੱਖਣੀ ਉਤਰ ਪ੍ਰਦੇਸ਼ ਅਤੇ ਉਤਰੀ ਮੱਧ ਪ੍ਰਦੇਸ਼ ਨੂੰ ਮਿਲਾ ਕੇ ਕੁਝ ਲੋਕਾਂ ਵਲੋਂ ਬੁੰਦੇਲਖੰਡ ਦੀ ਮੰਗ ਵੀ ਕੀਤੀ ਜਾ ਰਹੀ ਹੈ। ਇਵੇਂ ਪੱਛਮੀ ਬੰਗਾਲ ਵਿਚ ਦਾਰਜਲਿੰਗ ਖੇਤਰ ਦੇ ਲੋਕਾਂ ਨੇ ਗੋਰਖਾਲੈਂਡ ਦੀ ਮੰਗ ਮੁੜ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਇਸੇ ਤਰ੍ਹਾਂ ਪੂਰਬੀ ਮਹਾਰਾਸ਼ਟਰ ਦੇ ਵਿਧਰਬਾ ਖੇਤਰ ਨੇ ਵੱਖਰੇ ਰਾਜ ਦੀ ਮੰਗ ਉਠਾਉਣੀ ਸ਼ੁਰੂ ਕੀਤੀ ਹੈ। ਰਾਸ਼ਟਰੀ ਲੋਕ ਦਲ ਦੇ ਆਗੂ ਸ੍ਰੀ ਅਜੀਤ ਸਿੰਘ ਤੋਂ ਸਿਵਾਏ ਮਾਇਆਵਤੀ, ਸ੍ਰੀ ਜਸਵੰਤ ਸਿੰਘ ਜਿਹੇ ਵੱਡੇ ਆਗੂ ਵੀ ਛੋਟੇ ਰਾਜਾਂ ਦੀਆਂ ਮੰਗਾਂ ਦੇ ਹੱਕ ਵਿਚ ਨਿੱਤਰ ਆਏ ਹਨ। ਬਹੁਜਨ ਸਮਾਜ ਪਾਰਟੀ ਦੀ ਆਗੂ ਨੇ ਉਤਰ ਪ੍ਰਦੇਸ਼ ਨੂੰ 3 ਰਾਜਾਂ ਵਿਚ ਵੰਡਣ ਦੀ ਮੰਗ ਕਰਦਿਆਂ ਕਿਹਾ ਕਿ ਛੋਟੇ ਰਾਜਾਂ ਦਾ ਵਿਕਾਸ ਤੇਜ਼ੀ ਨਾਲ ਹੋ ਸਕਦਾ ਹੈ। ਜਸਵੰਤ ਸਿੰਘ ਨੇ ਗੋਰਖਾਲੈਂਡ ਦੀ ਮੰਗ ਦੀ ਜ਼ੋਰਦਾਰ ਹਮਾਇਤ ਕਰ ਦਿੱਤੀ। ਲੋਕ ਦਲ ਦੇ ਆਗੂ ਸ੍ਰੀ ਅਜੀਤ ਸਿੰਘ ਨੇ ਕਿਹਾ ਹੈ ਕਿ ਉਹ ਪੱਛਮੀ ਉਤਰ ਪ੍ਰਦੇਸ਼ ਨੂੰ ਹਰਿਤ ਪ੍ਰਦੇਸ਼ ਨਾਂ ਦਾ ਵੱਖਰਾ ਰਾਜ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰਨਗੇ।

ਇਸੇ ਦੌਰਾਨ ਗੋਰਖਾ ਮੁਕਤੀ ਮੋਰਚਾ ਦੇ ਆਗੂਆਂ ਨੇ ਬੀਤੇ ਦਿਨੀਂ ਗ੍ਰਹਿ ਮੰਤਰੀ ਪੀ. ਚਿਦੰਬਰਮ ਨਾਲ ਮੁਲਾਕਾਤ ਕਰਕੇ ਵੱਖਰਾ ਗੋਰਖਾਲੈਂਡ ਬਣਾਉਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਝਾਰਖੰਡ ਦੇ ਇਕ ਆਗੂ ਅਸ਼ੋਕ ਮੁਰਪੂ ਨੇ ਇਸ ਰਾਜ ਵਿਚੋਂ ਸੰਥਾਲ ਪਰਗਨਾ ਨਾਂ ਦੇ ਨਵੇਂ ਰਾਜ ਨੂੰ ਕਾਇਮ ਕੀਤੇ ਜਾਣ ਦੀ ਮੰਗ ਕੀਤੀ ਹੈ। ਅਸੀਂ ਵੇਖ ਸਕਦੇ ਹਾਂ ਕਿ ਟੀ.ਆਰ.ਐਸ. ਦੀ ਮੰਗ ਉਪਰ ਵੱਖਰੇ ਤੇਲੰਗਾਨਾ ਰਾਜ ਦੀ ਮੰਗ ਨੂੰ ਸਵੀਕ੍ਰਿਤੀ ਦਾ ਹੁੰਗਾਰਾ ਮਿਲਣ ਦੇ ਨਾਲ ਹੀ ਦੇਸ਼ ਵਿਚ ਵੱਖੋ-ਵੱਖਰੇ ਨਵੇਂ ਰਾਜ ਬਣਾਉਣ ਦੀਆਂ ਕਿਸ ਕਦਰ ਮੰਗਾਂ ਉਠਣ ਲੱਗੀਆਂ ਹਨ। ਉਭਰ ਰਹੀ ਇਸ ਸਥਿਤੀ ਦੇ ਕਈ ਸਾਰੇ ਪਹਿਲੂ ਹੋ ਸਕਦੇ ਹਨ। ਇਕ ਹਕੀਕਤ ਤਾਂ ਇਹ ਹੈ ਕਿ ਭਾਰਤ ਵੰਨ-ਸੁਵੰਨਤਾਵਾਂ ਭਰਪੂਰ ਦੇਸ਼ ਹੈ। ਇਥੇ ਬਹੁਤ ਸਾਰੇ ਨਸਲੀ ਭਾਈਚਾਰੇ, ਕਬੀਲੇ ਅਤੇ ਭਾਸ਼ਾਈ ਗਰੁੱਪ ਵਸਦੇ ਹਨ। ਉਨ੍ਹਾਂ ਦੇ ਆਪੋ-ਆਪਣੇ ਸਭਿਆਚਾਰ ਅਤੇ ਜ਼ਿੰਦਗੀ ਪ੍ਰਤੀ ਵੱਖੋ-ਵੱਖਰੀਆਂ ਮਾਨਤਾਵਾਂ ਹਨ। ਕੁਝ ਦੇ ਤਾਂ ਆਪਣੇ ਵਿਲੱਖਣ ਰਾਜਨੀਤਕ ਇਤਿਹਾਸ ਵੀ ਹਨ। ਕਈਆਂ ਨੇ ਆਪੋ-ਆਪਣੀਆਂ ਭਾਸ਼ਾਵਾਂ ਅਤੇ ਸੱਭਿਆਚਾਰਾਂ ਨੂੰ ਕਾਫੀ ਸਾਰਾ ਵਿਕਸਿਤ ਵੀ ਕਰ ਲਿਆ। ਇਸ ਸਥਿਤੀ ਵਿਚ ਉਹ ਆਪੋ-ਆਪਣੇ ਸੱਭਿਆਚਾਰਾਂ ਦੇ ਵਿਕਾਸ ਅਤੇ ਰਾਖੀ ਲਈ ਰਾਜਾਂ ਦੀ ਕਾਇਮੀ ਚਾਹੁੰਦੇ ਹਨ ਪਰ ਇਸ ਹਕੀਕਤ ਦਾ ਦੂਜਾ ਅਤੇ ਖ਼ਤਰਨਾਕ ਪਹਿਲੂ ਇਹ ਵੀ ਹੈ ਕਿ ਸਿਆਸਤਦਾਨ ਸਿਰਫ ਆਪਣੀ ਚੌਧਰ ਅਤੇ ਰਾਜ ਕਰਨ ਦੀ ਇੱਛਾ ਪੂਰੀ ਕਰਨ ਲਈ ਹੀ ਨਵੇਂ ਰਾਜਾਂ ਦੀ ਵਕਾਲਤ ਕਰਨ ਲੱਗਦੇ ਹਨ।

ਇਹ ਗੱਲ ਤਾਂ ਸਾਫ ਹੀ ਹੈ ਕਿ ਹਰ ਇਕ ਨਵੇਂ ਰਾਜ ਲਈ ਇਕ ਵੱਖਰੀ ਅਸੈਂਬਲੀ, ਰਾਜਧਾਨੀ ਅਤੇ ਵੱਖਰਾ ਮੁੱਖ ਮੰਤਰੀ ਵੀ ਹੋਵੇਗਾ ਅਤੇ ਇਸ ਮਕਸਦ ਲਈ ਉਸ ਕੋਲ ਸੰਬੰਧਤ ਰਾਜ ਵਿਚ ਰਾਜ ਕਰਨ ਦੀਆਂ ਤਾਕਤਾਂ ਵੀ ਹੋਣਗੀਆਂ। ਇਨ੍ਹਾਂ ਤਾਕਤਾਂ ਨੂੰ ਭੋਗਣ ਲਈ ਬਹੁਤੇ ਰਾਜਨੀਤਕ ਵੱਖਰੇ ਰਾਜਾਂ ਦੀਆਂ ਮੰਗਾਂ ਉਠਾ ਸਕਦੀਆਂ ਹਨ। ਨਵੇਂ ਰਾਜਾਂ ਦੀ ਕਾਇਮੀ ਬਹੁਤ ਸੋਚ-ਸਮਝ ਕੇ ਹੋਣੀ ਚਾਹੀਦੀ ਹੈ। ਇਸ ਵਿਚ ਪ੍ਰਸ਼ਾਸਨਿਕ ਅਤੇ ਸੱਭਿਆਚਾਰਕ ਦੋਵੇਂ ਪਹਿਲੂ ਧਿਆਨ ਵਿਚ ਰੱਖੇ ਜਾਣੇ ਚਾਹੀਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲਾਂਬੂ ਲਾਉਣਿਆਂ ਦਾ ਫਲੂਹਾ!*

ਲੁੱਟਿਆ ਅਮਨ ਚੈਨ ਖੂਨ ਦੇ ਪਿਆਸੇ ਕੀਤੇ, ਹਰਾ ਭਰਾ ਬਾਗ ਕੌਮੀ ਈਰਖਾ ਨੇ ਲੁੱਟਿਆ।
ਟੁੱਟਿਆ ਨਾ ਦਿਲ ਜੁੜੇ ਕਿਹਾ ਏ ਸਿਆਣਿਆਂ ਨੇ, ਗੁਰੂ ਨਾਲ ਜੁੜੂ ਕਿੱਦਾਂ ਪਿਆਰ ਸਾਡਾ ਟੁੱਟਿਆ।
ਫੁੱਟਿਆ ਭੜੋਲਾ ਦੁੱਧ ਵਾਲਾ ਕਾਂਜੀ ਚੁੱਭ ਨਾਲ, ਪਾੜੇ ਨੂੰ ਮਿਟਾਈਏ ਯਾਰੋ ਮੂੰਹੋਂ ਕੋਈ ਨਾ ਫੁੱਟਿਆ।
ਪੁੱਟਿਆ ਨਾ ਕੋਈ ਪੈਰ ਏਕੇ ਵਾਲੀ ਗੱਲ ਵੱਲ, ਸੁਲਾਹ ਤੇ ਸਫਾਈ ਵਾਲਾ ਬੂਟਾ ਜੜੋਂ ਪੁੱਟਿਆ।
ਸੁੱਟਿਆ ਫਲੂਹਾ ਲਾਂਬੂ ਲਾਉਣਿਆਂ ਨੇ ਕੌਮ ਵਿਚ, ਪੰਥ ਨੂੰ ਦੁਫਾੜ ਤੇ ਚੁਫਾੜ ਕਰ ਸੁੱਟਿਆ।

# ਪਰਵਾਸੀ ਕਿਰਤੀਆਂ ਦੀ ਸਮੱਸਿਆ ਤੇ ਪੰਜਾਬ

**ਐਡਵੋਕੇਟ ਹਰਬਿੰਦਰ ਸਿੰਘ ਭੁਪਾਲ**

ਕੋਈ ਵੀ ਵਿਅਕਤੀ ਆਪਣਾ ਸੂਬਾ, ਆਪਣਾ ਦੇਸ਼ ਛੱਡ ਕੇ ਦੂਸਰੇ ਸੂਬੇ ਜਾਂ ਦੇਸ਼ ਵਿਚ ਕੇਵਲ ਤਰੱਕੀ ਅਤੇ ਖੁਸ਼ਹਾਲੀ ਹਾਸਲ ਕਰਨ ਲਈ ਹੀ ਜਾਂਦਾ ਹੈ ਅਤੇ ਵਿਅਕਤੀਆਂ ਦਾ ਤਬਾਦਲਾ ਕੋਈ ਗਲਤ ਪ੍ਰਵਿਰਤੀ ਨਹੀਂ। ਜਿਵੇਂ ਪੰਜਾਬੀ ਤਰੱਕੀ ਅਤੇ ਖੁਸ਼ਹਾਲੀ ਲਈ ਯੋਰਪੀਅਨ ਦੇਸ਼ਾਂ ਵਿਚ ਆਉਂਦੇ ਹਨ, ਠੀਕ ਇਸੇ ਤਰ੍ਹਾਂ ਉੱਤਰ ਭਾਰਤ ਦੇ ਹਿੰਦੀ ਭਾਸ਼ੀ ਰਾਜਾਂ ਦੇ ਬਾਸ਼ਿੰਦੇ ਪਰਵਾਸੀ ਮਜ਼ਦੂਰਾਂ ਦੀ ਸ਼ਕਲ ਵਿਚ ਪੰਜਾਬ ਵਿਚ ਆਉਂਦੇ ਹਨ। ਜਿਵੇਂ ਪੰਜਾਬੀ ਵਿਦੇਸ਼ਾਂ ਵਿਚ ਤਰੱਕੀਆਂ ਕਰ ਕੇ ਕਾਫੀ ਖੁਸ਼ਹਾਲ ਬਣ ਗਏ ਹਨ ਅਤੇ ਬਣ ਰਹੇ ਹਨ, ਠੀਕ ਉਸੇ ਤਰ੍ਹਾਂ ਦੀ ਸਥਿਤੀ ਪਰਵਾਸੀ ਮਜ਼ਦੂਰਾਂ ਦੀ ਪੰਜਾਬ 'ਚ ਹੈ।

ਇਹ ਸਰਵਜਨਕ ਸੱਚਾਈ ਹੈ ਕਿ ਤੁਸੀਂ ਜਿੱਥੇ ਵੀ ਰੋਜ਼ੀ-ਰੋਟੀ ਲਈ ਜਾਂਦੇ ਹੋ, ਤੁਹਾਨੂੰ ਉਥੋਂ ਦੇ ਮਾਹੌਲ ਅਨੁਸਾਰ ਢਲਣ ਪੈਂਦਾ ਹੈ। ਉਥੋਂ ਦੀ ਸੱਭਿਅਤਾ, ਰਹਿਣੀ-ਬਹਿਣੀ, ਬੋਲ-ਚਾਲ ਦੀ ਭਾਸ਼ਾ ਅਤੇ ਕੁਝ ਹੱਦ ਤੱਕ ਆਦਤਾਂ ਵੀ ਅਪਨਾਉਣੀਆਂ ਪੈਂਦੀਆਂ ਹਨ। ਵਰਨਾ ਪਰਵਾਸੀਆਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਦੂਸਰੇ ਮੁਲਕ ਵਿਚ ਜਦੋਂ ਅਸੀਂ ਪਰਵਾਸ ਕਰ ਕੇ ਜਾਂਦੇ ਹਾਂ ਤਾਂ ਸਾਡਾ ਪਾਸਪੋਰਟ ਅਤੇ ਕਾਗਜ਼-ਪੱਤਰ ਉਸ ਮੁਲਕ ਦੇ ਸੰਬੰਧਤ ਵਿਭਾਗ ਪਾਸ ਪੁੱਜ ਜਾਂਦੇ ਹਨ ਅਤੇ ਸਾਡਾ ਰਿਕਾਰਡ ਉਨ੍ਹਾਂ ਪਾਸ ਜਮ੍ਹਾਂ ਹੋ ਜਾਂਦਾ ਹੈ, ਪਰ ਜਦੋਂ ਇੱਕ ਸੂਬੇ ਦੇ ਲੋਕ ਦੂਸਰੇ ਸੂਬੇ ਵਿਚ ਪਰਵਾਸ ਕਰਦੇ ਹਨ ਤਾਂ ਉਨ੍ਹਾਂ ਦਾ ਰਿਕਾਰਡ ਨਵੇਂ ਸੂਬੇ ਦੀ ਸਰਕਾਰ ਜਾਂ ਪ੍ਰਸ਼ਾਸਨ ਪਾਸ ਹੁੰਦਾ ਹੀ ਨਹੀਂ। ਇਥੋਂ ਹੀ ਇੱਕ ਨਵੀਂ ਸਮੱਸਿਆ ਉੱਭਰਦੀ ਹੈ ਅਤੇ ਕਈ ਵਾਰ ਅਪਰਾਧੀ ਪ੍ਰਵਿਰਤੀ ਵਾਲੇ ਲੋਕ ਵੀ ਪਰਵਾਸੀ ਮਜ਼ਦੂਰਾਂ ਦੀ ਸ਼ਕਲ ਵਿਚ ਦੂਜੇ ਰਾਜਾਂ ਵਿਚ ਪਨਾਹ ਲੈ ਲੈਂਦੇ ਹਨ।

ਹੁਣ ਸਿੱਧੀ ਅਤੇ ਸਪੱਸ਼ਟ ਗੱਲ ਕਰਦੇ ਹਾਂ। ਪੰਜਾਬ ਵਿਚ ਆਉਣ ਵਾਲੇ ਪਰਵਾਸੀ ਮਜ਼ਦੂਰਾਂ ਨਾਲ ਸੰਬੰਧਤ ਪੈਦਾ ਹੋਣ ਵਾਲੀ ਸਮੱਸਿਆ ਦੀ। ਕਾਫ਼ੀ ਸਮੇਂ ਤੋਂ ਇਹ ਬਹਿਸ ਚੱਲ ਰਹੀ ਸੀ ਕਿ ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਪੰਜਾਬੀਆਂ ਦੇ ਰੁਜ਼ਗਾਰ 'ਤੇ ਅਸਰ ਪਵੇਗਾ ਅਤੇ ਜਿਵੇਂ ਕੁਝ ਸੂਬਿਆਂ ਵਿਚ ਬਾਹਰੀ ਸੂਬੇ ਦੇ ਲੋਕ ਜ਼ਮੀਨ ਨਹੀਂ ਖ਼ਰੀਦ ਸਕਦੇ, ਠੀਕ ਇਸੇ ਤਰ੍ਹਾਂ ਪੰਜਾਬ ਵਿਚ ਹੋਣਾ ਚਾਹੀਦਾ ਹੈ। ਪਰ ਮੇਰੀ ਸੋਚ ਕੁਝ ਵੱਖਰੀ ਹੈ। ਠੀਕ ਹੈ ਕਿ ਪਰਵਾਸੀ ਮਜ਼ਦੂਰਾਂ ਨੇ ਪੰਜਾਬ ਵਿਚ ਕਾਫੀ ਤਰੱਕੀ ਕਰ ਕੇ ਕੇਵਲ ਮਜ਼ਦੂਰੀ ਦੀ ਲਾਈਨ ਨੂੰ ਹੀ ਨਹੀਂ ਅਪਨਾਈ ਰੱਖਿਆ। ਸ਼ਹਿਰਾਂ ਵਿਚ ਉਨ੍ਹਾਂ ਰਿਕਸ਼ਾ, ਆਟੋ-ਰਿਕਸ਼ਾ, ਰੇਹੜੀਆਂ 'ਤੇ ਫਲ-ਸਬਜ਼ੀਆਂ, ਫਾਸਟ ਫੂਡ ਵੇਚਣ ਦਾ ਧੰਦਾ ਅਪਨਾ ਲਿਆ ਹੈ। ਇਹੋ ਨਹੀਂ, ਵੱਡੀਆਂ ਬਿਲਡਿੰਗਾਂ ਦੀ ਉਸਾਰੀ ਵਿਚ ਮਿਸਤਰੀਆਂ ਅਤੇ ਠੇਕੇਦਾਰਾਂ ਦੀ ਭੂਮਿਕਾ ਵੀ ਉਨ੍ਹਾਂ ਨੇ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ। ਛੋਟਾ ਜਿਹਾ ਖੇਤ ਕਿਸਾਨਾਂ ਤੋਂ ਪਟੇ 'ਤੇ ਲੈ ਕੇ ਉਸ ਵਿਚ ਸਬਜ਼ੀਆਂ ਦੀ ਕਾਸ਼ਤ ਕਰ ਕੇ ਸਬਜ਼ੀਆਂ ਦੇ ਕਾਰੋਬਾਰ ਨੂੰ ਵੀ ਉਨ੍ਹਾਂ ਨੇ ਅਪਨਾ ਲਿਆ ਹੈ।

ਇਸ ਤਰ੍ਹਾਂ ਹੋਣ ਨਾਲ ਕੁਝ ਵਿਦਵਾਨਾਂ ਦੀ ਦ੍ਰਿਸ਼ਟੀ ਅਨੁਸਾਰ ਇਹ ਸਹੀ ਹੈ ਕਿ ਉਨ੍ਹਾਂ ਨੇ ਪੰਜਾਬੀਆਂ ਦੇ ਰੋਜ਼ਗਾਰ ਦੇ ਅਵਸਰਾਂ ਨੂੰ ਖੋਹ ਲਿਆ ਹੈ। ਪਰ ਇਹ ਹੋਇਆ ਕਿਵੇਂ ਤੇ ਕਿਉਂ? ਸਾਡੇ ਪੰਜਾਬੀ ਕਿਰਤੀ ਭਰਾ ਨਾ ਤਾਂ ਮਜ਼ਦੂਰੀ ਕਰਨ ਨੂੰ ਤਿਆਰ ਹਨ ਅਤੇ ਨਾ ਹੀ ਮਿਹਨਤ ਕਰ ਕੇ ਤਰੱਕੀ ਕਰਨ ਨੂੰ। ਉਹ ਸਾਰਾ ਦਿਨ ਵਿਹਲਿਆਂ ਤਾਸ਼ ਖੇਡ ਕੇ ਬਿਤਾਉਣਾ ਪਸੰਦ ਕਰਨਗੇ ਤਾਂ ਉਨ੍ਹਾਂ ਦਾ ਕੋਈ ਨਾ ਕੋਈ ਬਦਲ ਤਾਂ ਆ ਹੀ ਜਾਵੇਗਾ। ਸਾਡੇ ਕਿਸਾਨ ਭਰਾ ਕਣਕ ਅਤੇ ਝੋਨੇ ਦੀ ਖੇਤੀ ਤੱਕ ਹੀ ਸੀਮਤ ਰਹਿਣਗੇ ਤਾਂ ਉਹ ਮਿਹਨਤੀ ਪਰਵਾਸੀ ਮਜ਼ਦੂਰਾਂ ਦੀ ਉਗਾਈ ਸਬਜ਼ੀ ਅਤੇ ਸਾਗ ਖ਼ਰੀਦਣ ਲਈ ਮਜਬੂਰ ਹੋਣਗੇ ਹੀ ਹੋਣਗੇ।

ਸਾਨੂੰ ਸ਼ਹਿਰਾਂ ਦੀਆਂ ਮੰਡੀਆਂ ਵਿਚ ਖ਼ੁਦ ਕਾਸ਼ਤਕਾਰ ਕਿਸਾਨ ਆਲੂ, ਪਿਆਜ਼, ਟਮਾਟਰ, ਸਬਜ਼ੀਆਂ, ਛੱਲੀਆਂ ਅਤੇ ਹੁਣ ਸਾਗ ਅਤੇ ਮੂਲੀਆਂ ਵੀ ਪਰਵਾਸੀ ਮਜ਼ਦੂਰਾਂ ਦੀਆਂ ਰੇਹੜੀਆਂ ਤੋਂ ਖ਼ਰੀਦਦਾ ਦਿੱਸਦਾ ਹੈ ਅਤੇ ਭਾਅ ਸੁਣ ਕੇ ਜਦੋਂ ਉਸਦੀ ਭਿਆਂ ਨਿਕਲਦੀ ਹੈ ਤਾਂ ਮਨ ਉਸਨੂੰ ਕੋਸਣ ਲਈ ਮਜਬੂਰ ਹੋ ਜਾਂਦਾ ਹੈ। ਜੇਕਰ ਕਾਸ਼ਤਕਾਰ ਖ਼ੁਦ ਆਪਣੇ ਪਰਿਵਾਰ ਲਈ ਦਾਲਾਂ, ਸਬਜ਼ੀਆਂ, ਛੱਲੀਆਂ, ਕਾਲੇ ਛੋਲਿਆਂ, ਸਾਗ, ਮੂਲੀਆਂ, ਆਲੂ ਅਤੇ ਪਿਆਜ਼ਾਂ ਦਾ ਬੰਦੋਬਸਤ ਕਰ ਲਵੇ ਤਾਂ ਬਾਕੀ ਬਚੇ ਬੇਜ਼ਮੀਨੇ ਲੋਕਾਂ ਨੂੰ ਵੀ ਇਹ ਸਭ ਕੁਝ ਸਸਤੇ ਭਾਅ 'ਤੇ ਮਿਲਣ ਲੱਗ ਜਾਵੇਗਾ। ਕਿਉਂਕਿ ਪੰਜਾਬ ਵਿਚ ਕਿਸਾਨਾਂ ਦੀ ਗਿਣਤੀ ਜ਼ਿਆਦਾ ਹੈ ਅਤੇ ਜਦੋਂ ਉਹ ਬਾਜ਼ਾਰ ਵਿਚ ਗਾਹਕ ਹੀ ਨਹੀਂ ਰਹਿਣਗੇ ਤਾਂ ਬਾਜ਼ਾਰ 'ਚ ਇਨ੍ਹਾਂ ਵਸਤਾਂ ਦੀ ਮੰਗ ਘਟ ਜਾਏਗੀ। ਮੰਗ ਘਟਣ ਨਾਲ ਚੀਜ਼ਾਂ ਦੀਆਂ ਕੀਮਤਾਂ ਆਪਣੇ ਆਪ ਘਟਣਗੀਆਂ। ਕਿਸਾਨਾਂ ਕੋਲ ਜੇਕਰ ਵਕਤ ਨਹੀਂ ਤਾਂ ਉਹ ਜ਼ਿਆਦਾ ਸਬਜ਼ੀਆਂ, ਸਾਗ, ਮੂਲੀਆਂ, ਆਲੂ, ਪਿਆਜ਼, ਦਾਲਾਂ, ਕਾਲੇ ਛੋਲੇ, ਛੱਲੀਆਂ ਨਾ ਬੀਜਣ, ਪਰ ਆਪਣੇ ਜੋਗੀ ਤਾਂ ਇਸ ਸਭ ਦੀ ਕਾਸ਼ਤ ਕਰ ਲੈਣ। ਫਿਰ ਪਰਵਾਸੀ ਮਜ਼ਦੂਰ ਜੇ ਜ਼ਮੀਨਾਂ ਲੈ ਕੇ ਇਹਨਾਂ ਚੀਜ਼ਾਂ ਦੀ ਕਾਸ਼ਤ ਕਰਨਗੇ ਤਾਂ ਬਾਕੀ ਬਚੇ ਲੋਕਾਂ ਨੂੰ ਉਹ ਘਟ ਕੀਮਤ 'ਤੇ ਵੇਚਣ ਲਈ ਮਜਬੂਰ ਹੋ ਜਾਣਗੇ।

ਇਸੇ ਤਰ੍ਹਾਂ ਰਿਕਸ਼ਾ, ਆਟੋ-ਰਿਕਸ਼ਾ ਅਤੇ ਰੇਹੜੀਆਂ ਦੇ ਕਾਰੋਬਾਰ ਵਿਚ ਜਿੰਨੀ ਦੇਰ ਪੰਜਾਬੀ ਮਜ਼ਦੂਰ ਅੱਗੇ ਨਹੀਂ ਆਉਣਗੇ ਅਤੇ ਇਸ ਗੱਲ ਨੂੰ ਸ਼ਰਮ ਮੰਨਣਗੇ, ਓਨੀ ਦੇਰ ਪਰਵਾਸੀ ਮਜ਼ਦੂਰਾਂ ਦਾ ਇਧਰ ਵੀ ਏਕਾ-ਅਧਿਕਾਰ ਬਣਿਆ ਰਹੇਗਾ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਰੇਗਾ ਸਕੀਮ ਸਬੰਧੀ ਸਰਕਾਰ ਦੀ ਅਸਫਲਤਾ ਨੂੰ ਇਹ ਕਹਿ ਕੇ ਛੁਪਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬ 'ਚ ਕਿਰਤੀ ਦੀ ਦਿਹਾੜੀ 150 ਰੁਪਏ ਪ੍ਰਤੀ ਦਿਨ ਹੈ ਅਤੇ ਉਹ ਨਰੇਗਾ ਦੀ 100 ਰੁਪਏ ਦਿਹਾੜੀ ਕਿਉਂ ਕਰਨਗੇ। ਪਰ ਮੁੱਖ ਮੰਤਰੀ ਜੀ, ਕੀ ਸਾਰੇ ਪੰਜਾਬੀ ਮਜ਼ਦੂਰਾਂ ਨੂੰ ਦਿਹਾੜੀ ਮਿਲ ਰਹੀ ਹੈ? ਲੇਬਰ ਚੌਕਾਂ 'ਚ ਜਾ ਕੇ ਦੇਖੋ, ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਵਿਚ ਹਰ ਸ਼ਹਿਰ 'ਚ ਮਜ਼ਦੂਰਾਂ ਨੂੰ ਦਿਹਾੜੀ ਲੱਗਣ ਲਈ ਉਡੀਕਦੇ ਮਿਲ ਜਾਣਗੇ ਅਤੇ ਹਰ ਮਜ਼ਦੂਰ ਨੂੰ ਦਿਹਾੜੀ ਨਹੀਂ ਮਿਲਦੀ। ਸਾਡੇ ਮਜ਼ਦੂਰਾਂ ਨੂੰ ਮਹਿੰਗਾ ਦੱਸ ਕੇ ਤੁਸੀਂ ਹੋਰ ਇਨ੍ਹਾਂ ਦੀਆਂ ਬੇੜੀਆਂ ਵਿਚ ਵੱਟੇ ਪਾ ਦਿੱਤੇ ਹਨ ਕਿਉਂ? ਪਰਵਾਸੀ ਮਜ਼ਦੂਰਾਂ ਦੀ ਪੰਜਾਬ ਵਿਚ ਸਫਲਤਾ ਦਾ ਰਾਜ਼ ਹੀ ਇਹੀ ਹੈ ਕਿ ਉਹ ਸਸਤੇ ਹਨ ਅਤੇ ਪੰਜਾਬੀ ਵੀ ਸਸਤੇ ਮਜ਼ਦੂਰਾਂ ਨੂੰ ਤਰਜੀਹ ਦਿੰਦੇ ਹਨ। ਲੇਬਰ ਚੌਕਾਂ 'ਚ ਪਰਵਾਸੀ ਮਜ਼ਦੂਰ ਵਿਹਲਾ ਬੈਠਾ ਘੱਟ ਹੀ ਮਿਲੇਗਾ, ਵਿਹਲੇ ਬਹੁਤੇ ਪੰਜਾਬੀ ਮਜ਼ਦੂਰ ਬੈਠੇ ਦਿੱਸਣਗੇ।

ਹੁਣ ਸਸਤੀ ਮਜ਼ਦੂਰੀ ਦੇ ਚੱਕਰ ਵਿਚ ਪੰਜਾਬੀ ਆਪਣੇ ਖੇਤਾਂ ਵਿਚ, ਘਰਾਂ ਵਿਚ ਅਤੇ ਉਦਯੋਗਾਂ ਵਿਚ ਜ਼ਿਆਦਾਤਰ ਪਰਵਾਸੀ ਮਜ਼ਦੂਰਾਂ ਨੂੰ ਹੀ ਤਰਜੀਹ ਦੇ ਰਿਹਾ ਹੈ। ਮੁੱਖ ਮੰਤਰੀ ਦੇ ਕਹਿਣ ਅਨੁਸਾਰ ਫਿਰ ਪੰਜਾਬੀਆਂ ਦੀ ਤਾਂ ਦਿਹਾੜੀ ਹੀ ਬੜੀ ਹੈ। ਇਹ ਫੋਕੀ ਬੱਲੇ ਬੱਲੇ ਕਿਉਂ? ਸਸਤੀ ਮਜ਼ਦੂਰੀ ਕਾਰਨ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਹੁਣ ਪੰਜਾਬ ਵਿਚ ਲੱਖਾਂ ਤੋਂ ਵੀ ਟੱਪਣ ਦੇ ਆਸਾਰ ਹਨ, ਪ੍ਰੰਤੂ ਪਰਵਾਸੀ ਮਜ਼ਦੂਰਾਂ ਦਾ ਪੰਜਾਬ ਸਰਕਾਰ ਨੇ ਰਿਕਾਰਡ ਰੱਖਣ ਦੀ ਕੋਈ ਵਿਵਸਥਾ ਨਹੀਂ ਕੀਤੀ। ਇਸ ਲਈ ਉਨ੍ਹਾਂ ਵਿਚ ਕੁਝ ਅਪਰਾਧੀ ਪ੍ਰਵਿਰਤੀ ਵਾਲੇ ਲੋਕ ਵੀ ਆ ਸ਼ਾਮਲ ਹੁੰਦੇ ਹਨ।

ਹੋਇਆ ਇਉਂ ਕਿ ਲੁਧਿਆਣਾ ਦੇ ਉਦਯੋਗਿਕ ਖੇਤਰ ਵਿਚ ਪਰਵਾਸੀ ਮਜ਼ਦੂਰਾਂ ਨੂੰ ਲੁੱਟਣ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਸੀ। ਇਨ੍ਹਾਂ ਘਟਨਾਵਾਂ ਤੋਂ ਦੁਖੀ ਪਰਵਾਸੀ ਮਜ਼ਦੂਰਾਂ ਨੇ ਆਪਣੀ ਪ੍ਰਵਿਰਤੀ ਮੁਤਾਬਕ ਰੋਸ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿਚ ਸ਼ਾਮਲ ਕੁਝ ਅਪਰਾਧੀ ਕਿਸਮ ਦੇ ਲੋਕਾਂ ਨੇ ਦੰਗਾ ਕਰਨਾ ਸ਼ੁਰੂ ਕਰ ਦਿੱਤਾ। ਜੀ.ਟੀ. ਰੋਡ 'ਤੇ ਆ ਰਹੇ ਵਾਹਨਾਂ ਨੂੰ ਰੋਕ ਕੇ ਸਾੜਨਾ ਸ਼ੁਰੂ ਕਰ ਦਿੱਤਾ ਤੇ ਪੁਲਿਸ ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਖੜਾ ਦਿਖਾਈ ਦਿੱਤਾ। ਉਨ੍ਹਾਂ ਨੂੰ ਰੋਕਣ ਲਈ ਸਥਾਨਕ ਲੋਕਾਂ ਨੂੰ ਅੱਗੇ ਆਉਣਾ ਪਿਆ ਤੇ ਫਿਰ ਪੁਲਿਸ ਨੇ ਹੌਸਲਾ ਕੀਤਾ ਉਨ੍ਹਾਂ ਨੂੰ ਰੋਕਣ ਦਾ। ਸਭ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਜਿਸ ਖੇਤਰ ਵਿਚ ਵੀ ਪਰਵਾਸੀ ਮਜ਼ਦੂਰ ਰਹਿ ਰਹੇ ਹਨ ਜਾਂ ਨਵੇਂ ਆ ਰਹੇ ਹਨ, ਉਨ੍ਹਾਂ ਦਾ ਰਿਕਾਰਡ ਜ਼ਿਲ੍ਹਾ ਪ੍ਰਸ਼ਾਸਨ ਰੱਖੇ ਅਤੇ ਅਜਿਹੇ ਪਰਵਾਸੀ ਮਜ਼ਦੂਰਾਂ ਨੂੰ ਸ਼ਨਾਖ਼ਤੀ ਕਾਰਡ ਜਾਰੀ ਕੀਤੇ ਜਾਣ, ਤਾਂ ਜੁ ਅਪਰਾਧੀ ਪ੍ਰਵਿਰਤੀ ਵਾਲੇ ਪਰਵਾਸੀ ਮਜ਼ਦੂਰਾਂ 'ਤੇ ਰੋਕ ਲੱਗ ਸਕੇ।

ਇਸਤੋਂ ਇਲਾਵਾ ਕੋਈ ਜੋ ਵੀ ਹਿੰਸਕ ਧਰਨੇ-ਪ੍ਰਦਰਸ਼ਨ ਕਰੇ, ਉਸ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਹੋਵੇ। ਰਿਕਸ਼ਾ, ਆਟੋ ਰਿਕਸ਼ਾ ਅਤੇ ਰੇਹੜੀਆਂ 'ਤੇ ਕਾਰੋਬਾਰ ਕਰਨ ਵਾਲੇ ਪਰਵਾਸੀ ਮਜ਼ਦੂਰਾਂ ਦਾ ਰਿਕਾਰਡ ਨਗਰ ਕੌਂਸਲਾਂ, ਨਗਰ ਨਿਗਮਾਂ ਅਤੇ ਪੰਚਾਇਤਾਂ ਪਾਸ ਹੋਣਾ ਜ਼ਰੂਰੀ ਕਰਾਰ ਦਿੱਤਾ ਜਾਵੇ। ਪੁਲਿਸ ਪ੍ਰਸ਼ਾਸਨ ਨੂੰ ਵੀ ਇਸ ਗੱਲੋਂ ਚੌਕਸ ਕੀਤਾ ਜਾਵੇ ਕਿ ਉਹ ਸ਼ਿਕਾਇਤ ਮਿਲਣ 'ਤੇ ਫੌਰੀ ਕਾਰਵਾਈ ਕਰੇ, ਤਾਂ ਜੁ ਸੁਰੱਖਿਆ ਦੀ ਭਾਵਨਾ ਕਾਇਮ ਰਹਿ ਸਕੇ।

## ਨਗਾਰਾ

-ਸੰਤ ਸੰਧੂ

**ਮਨਮੋਹਨ ਸਿੰਘ :** ਅੰਬਰਸਰੀਆ ਮੁੰਡਿਆ, ਵੇ ਕੱਚੀਆਂ ਕਲੀਆਂ ਨਾ ਤੋੜ।
**ਅਰੂਸਾ ਆਲਮ :** ਪਹਿਲੇ ਰੋਜ਼ ਮੈਂ ਇਸ਼ਕ ਦੇ ਲੜ ਲੱਗੀ, ਰੱਬ ਬਖ਼ਸ਼ਿਆ ਸਭ ਗੁਨਾਹ ਮੇਰਾ।
**ਲੱਚਰ ਗਾਇਕੀ :** ਵਾਰਿਸ ਸ਼ਾਹ ਨੂੰ ਹਾਲ ਹਵਾਲ ਸਾਰਾ, ਕੁੱਲ ਪੜਤਣੇ ਖੋਲ੍ਹ ਵਿਖਾਉਂਦੀਆਂ ਨੇ।
**ਗੁਰਦਾਸ ਮਾਨ :** ਕੱਢੇ ਵੰਝਲੀ, ਕੰਨਾਂ ਦੇ ਵਿਚ ਵਾਲੇ, ਜ਼ੁਲਫ ਮੁੱਖੜੇ 'ਤੇ ਪ੍ਰੇਸ਼ਾਨ ਹੋਈ।
**ਵਣ-ਮਹੋਤਵ :** ਉਚੀਆਂ ਲੰਮੀਆਂ ਟਾਹਲੀਆਂ, ਕੋਈ ਵਿਚ ਗੁਜਰੀ ਦੀ ਪੀਂਘ ਵੇ ਮਾਹੀਆ।
**ਪਰਵਾਸ :** ਭਾਵੇਂ ਹਿਜਰ ਤੇ ਭਾਵੇਂ ਵਸਾਲ ਹੋਵੇ, ਵੱਖੋ-ਵੱਖ ਦੋਹਾਂ ਦੀਆਂ ਲੱਜਤਾਂ ਨੇ।
**ਨਸ਼ੇ :** ਮਾਪੇ ਕਹਿੰਦੇ ਜੱਜ ਬਣਨਾ, ਮੁੰਡਾ ਹਵਾਲਾਤ ਗਿਆ ਕਈ ਵਾਰੀ।
**ਬੱਬੂ ਮਾਨ :** ਬੜੀ ਮਾਨ ਨੇ ਮਰ ਜਾਣੇ, ਰਹਿੰਦੇ ਮੁੱਲ ਲੜਾਈਆਂ ਲੈਂਦੇ।
**ਪੰਜਾਬੀ ਸੱਥ ਲਾਂਬੜਾ :** ਬੁੱਕਲ ਦੇ ਵਿਚ ਇੰਝ ਲੱਗਦਾ, ਜਿਵੇਂ ਕੂੰਜ ਲੁਕੋਈ ਆ।
**ਤਰਲੋਚਨ ਸਿੰਘ ਦੁਪਾਲਪੁਰ :** ਸੂਰਜ ਵਲ ਪਿੱਠ ਭੁਆ ਕੁੜੀਏ, ਤੇਰੇ ਮੁਖੜੇ ਤੋਂ ਲਿਸ਼ਕੋਰ ਪਵੇ।
**ਮਿਸ ਪੂਜਾ :** ਲੰਮੀ ਦੇਖ ਨਾ ਡਰ ਵੇ, ਉਮਰ ਦੀ ਨਿਆਣੀ ਐ।

# ਦਰਜਨਾਂ ਕਮਿਸ਼ਨ ਸਥਾਪਤ ਕਰਨ ਦਾ ਨਤੀਜਾ ਸਿਫਰ ਨਿਕਲਿਆ

**ਰਾਮ ਪੁਨਿਆਨੀ**

ਲਿਬਰਹਾਨ ਕਮਿਸ਼ਨ ਦੀ ਰਿਪੋਰਟ ਦੇ ਨਾਲ ਇਕ ਪਾਸੇ ਤਾਂ ਅਸੀਂ ਦੇਖਿਆ ਕਿ ਮਹੱਤਵਪੂਰਨ ਸੱਚ ਨੂੰ ਨਿਆਇਕ ਸਮਰਥਨ ਮਿਲਿਆ ਹੈ। ਜੋ ਕੁਝ ਅਸੀਂ ਪਹਿਲਾਂ ਤੋਂ ਜਾਣਦੇ ਸੀ, ਉਸ 'ਤੇ ਕਾਨੂੰਨੀ ਸਮਝ ਦਾ ਇਕ ਠੱਪਾ ਲੱਗ ਗਿਆ ਪਰ ਦੂਜੇ ਪਾਸੇ ਇਸਦੇ ਨਾਲ ਜਾਂਚ ਆਯੋਗ ਦੇ ਦੋ ਬਹੁਤ ਕਮਜ਼ੋਰ ਪੱਖ ਸਾਹਮਣੇ ਆਏ। ਪਹਿਲਾ ਪੱਖ ਇਹ ਕਿ ਲਿਬਰਹਾਨ ਆਯੋਗ ਦੀ ਜੋ ਰਿਪੋਰਟ ਛੇ ਮਹੀਨੇ ਵਿਚ ਦੇਣੀ ਚਾਹੀਦੀ ਸੀ, ਉਸ ਨੂੰ ਦੇਣ ਵਿਚ ਉਸ ਨੇ 17 ਸਾਲ ਲਗਾ ਦਿੱਤੇ। ਕਿਸੇ ਨਾ ਕਿਸੇ ਬਹਾਨੇ ਇਸਦੀ ਮਿਆਦ ਵਧਦੀ ਗਈ। ਕਮਿਸ਼ਨ ਨੇ ਆਪਣੇ ਵਿਧੀ ਸਲਾਹਕਾਰ ਅਨੁਪਮ ਗੁਪਤਾ ਅਤੇ ਰਾਜਨੀਤਕ ਨੇਤਾਵਾਂ ਦੇ ਅਸਹਿਯੋਗ ਨੂੰ ਇਸ ਨੂੰ ਦੇਰੀ ਦਾ ਕਾਰਨ ਦਸਿਆ। ਪੱਕੇ ਤੌਰ 'ਤੇ ਲਿਬਰਹਾਨ ਕਮਿਸ਼ਨ ਦੁਆਰਾ ਲਏ ਗਏ ਵਕਤ ਨੂੰ ਕਿਸੇ ਹਾਲਾਤਾਂ ਦੇ ਨਾਮ 'ਤੇ ਨਿਆਪੂਰਨ ਨਹੀਂ ਠਹਿਰਾਇਆ ਜਾ ਸਕਦਾ।

ਇਵੇਂ ਲੱਗਦਾ ਹੈ ਕਿ ਜੱਜ ਸਾਹਿਬ ਰਾਸ਼ਟਰ ਦੀਆਂ ਅੱਖਾਂ ਵਿਚ ਮਿੱਟੀ ਪਾ ਰਹੇ ਸਨ। ਦੂਜੇ ਪਾਸੇ ਇਹ ਕਿ ਬੇਦਾਗ ਅਤੇ ਸਹੀ ਰਾਇ ਤੇ ਟਿੱਪਣੀਆਂ ਦੇ ਬਾਵਜੂਦ ਕਮਿਸ਼ਨ ਸਮੁੱਚੇ ਤੌਰ 'ਤੇ ਇਨਸਾਫ ਕਰਨ ਵਿਚ ਅਸਫਲ ਰਿਹਾ। ਕਮਿਸ਼ਨ ਨੇ 68 ਲੋਕਾਂ ਨੂੰ ਕਤਲੇਆਮ ਦੇ ਲਈ ਉੱਤਰਦਾਈ ਠਹਿਰਾਇਆ ਪਰ ਜਿੱਥੋਂ ਤੱਕ ਸਜ਼ਾ ਦਾ ਸਵਾਲ ਹੈ ਤਾਂ ਉਸ ਨੇ ਇਹਦੇ ਬਾਰੇ ਕੁਝ ਨਹੀਂ ਕਿਹਾ। ਇਸ ਸਭ ਤੋਂ ਵਧ ਕੇ ਇਹ ਕਿ ਗ੍ਰਹਿ ਮੰਤਰਾਲੇ ਦੀ ਕਾਰਵਾਈ ਰਿਪੋਰਟ ਹੋਰ ਜ਼ਿਆਦਾ ਨਿਰਾਸ਼ਾਜਨਕ ਹੈ, ਜੋ ਕਮਿਸ਼ਨ ਦੀ ਰਿਪੋਰਟ 'ਤੇ ਕੋਈ ਕਾਰਵਾਈ ਨਹੀਂ ਕਰ ਰਹੀ ਅਤੇ ਇਕ ਤਰ੍ਹਾਂ ਨਾਲ ਉਸਨੂੰ ਨਿਸ਼ਪ੍ਰਭਾਵੀ ਕਰ ਰਹੀ ਹੈ। ਇਸ ਕਮਿਸ਼ਨ ਨੇ ਰਾਸ਼ਟਰੀ ਆਮਦਨ ਦੇ ਕਰੋੜਾਂ ਰੁਪਏ ਖਰਚ ਕੀਤੇ ਹਨ ਅਤੇ ਹੁਣ ਉਸ ਨੇ ਜੋ ਨਤੀਜੇ ਸਾਹਮਣੇ ਰੱਖੇ ਹਨ, ਉਸ ਦਾ ਇਸ ਦੇਸ਼ ਦੀ ਰਾਜਨੀਤੀ 'ਤੇ ਕੋਈ ਗੰਭੀਰ ਪ੍ਰਭਾਵ ਨਹੀਂ ਪੈ ਰਿਹਾ ਹੈ। ਇਸ ਲਈ ਇਹ ਸਵਾਲ ਇਕ ਵਾਰ ਫਿਰ ਤੋਂ ਉੱਠ ਪਿਆ ਹੈ ਕਿ ਇਸ ਤਰ੍ਹਾਂ ਦੇ ਕਮਿਸ਼ਨ ਦਾ ਕੀ ਫਾਇਦਾ ਹੈ? ਇਸ ਸਵਾਲ ਨੂੰ ਹੋਰ ਜ਼ਿਆਦਾ ਗੰਭੀਰਤਾ ਨਾਲ ਉਠਾਇਆ ਜਾਣਾ ਚਾਹੀਦਾ ਹੈ। ਕਿਉਂਕਿ ਵਰਤਮਾਨ ਵਕਤ ਵਿਚ ਹੋਰ ਵੀ ਕਈ ਮਹੱਤਵਪੂਰਨ ਕਮਿਸ਼ਨ ਅਤੇ ਉਨ੍ਹਾਂ ਦੀਆਂ ਰਿਪੋਰਟਾਂ ਅੱਧ ਵਿਚ ਲਟਕੀਆਂ ਹੋਈਆਂ ਹਨ। ਉਨ੍ਹਾਂ 'ਤੇ ਤਾਂ ਕੋਈ ਕਾਰਵਾਈ ਹੋ ਹੀ ਨਹੀਂ ਰਹੀ ਅਤੇ ਜੇਕਰ ਹੋ ਵੀ ਰਹੀ ਹੈ ਤਾਂ ਉਸਦੀ ਗਤੀ ਬਹੁਤ ਹੌਲੀ ਹੈ। ਗੋਪਾਲ ਸਿੰਘ ਕਮਿਸ਼ਨ, ਰੰਗਨਾਥ ਮਿਸ਼ਰ ਕਮਿਸ਼ਨ ਅਤੇ ਬੇਸ਼ਕ ਸੱਚਰ ਆਯੋਗ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚੋਂ ਬਹੁਤ ਸਾਰੇ ਕਮਿਸ਼ਨਾਂ ਨੇ ਇਹੋ ਜਿਹੀਆਂ ਗੰਭੀਰ ਮੁਸ਼ਕਿਲਾਂ ਵਲ ਸਾਡਾ ਧਿਆਨ ਖਿਚਿਆ, ਜੋ ਦੇਸ਼ ਨੂੰ ਪਤਨ ਵਲ ਲੈ ਜਾ ਰਹੀਆਂ ਹਨ। ਇਕ ਤਰਫ ਤਾਂ ਜਿਥੇ ਗੋਪਾਲ ਸਿੰਘ ਅਤੇ ਰੰਗਨਾਥ ਮਿਸ਼ਰ ਆਯੋਗ ਦੀਆਂ ਰਿਪੋਰਟਾਂ ਨੂੰ ਠੰਡੇ ਬਸਤੇ ਵਿਚ ਪਾਇਆ ਹੈ, ਉਥੇ ਸੱਚਰ ਕਮੇਟੀ ਤੇ ਪ੍ਰਧਾਨ ਮੰਤਰੀ ਦੇ ਪੰਦਰਾਂ ਸੂਤਰੀ ਪ੍ਰੋਗਰਾਮ ਦੀ ਹਾਲੇ ਸ਼ੁਰੂਆਤ ਵੀ ਨਹੀਂ ਹੋ ਸਕੀ ਹੈ। ਇਸ ਲਈ ਸੁਭਾਵਿਕ ਰੂਪ ਵਿਚ ਇਹ ਸਵਾਲ ਉਠਦਾ ਹੈ ਕਿ ਜਾਂਚ ਕਮਿਸ਼ਨ ਕਿਉਂ ਹੋਣੇ ਚਾਹੀਦੇ ਹਨ? ਅਸੀਂ ਅਣਗਿਣਤ ਮੁੱਦਿਆਂ ਦੇ ਲਈ ਢੇਰ ਸਾਰੇ ਕਮਿਸ਼ਨਾਂ ਨੂੰ ਬਣਦੇ ਦੇਖਿਆ ਹੈ। ਇਨ੍ਹਾਂ ਕਮਿਸ਼ਨਾਂ ਜਾਂ ਕਮੇਟੀਆਂ ਨੂੰ ਮੁੱਖ ਰੂਪ ਵਿਚ ਚਾਰ ਸ਼੍ਰੇਣੀਆਂ ਵਿਚ ਰਖਿਆ ਜਾ ਸਕਦਾ ਹੈ। ਪਹਿਲੇ ਕਮਿਸ਼ਨ, ਜੋ ਇਸ ਦੇਸ਼ ਦੀਆਂ ਮਹੱਤਵਪੂਰਨ ਸ਼ਖਸੀਅਤਾਂ ਦੀ ਹੱਤਿਆ ਕੀਤੇ ਜਾਣ 'ਤੇ ਬਣਾਏ ਗਏ। ਹਿੰਦੁਸਤਾਨ ਦੇ ਆਜ਼ਾਦ ਹੋਣ ਦੇ ਤਤਕਾਲ ਬਾਅਦ ਹੀ ਨਾਥੂ ਰਾਮ ਗੋਡਸੇ ਦੁਆਰਾ ਮਹਾਤਮਾ ਗਾਂਧੀ ਦੀ ਹੱਤਿਆ ਦੇ ਕਾਰਨ ਪੂਰਾ ਦੇਸ਼ ਡੂੰਘੇ ਸ਼ੋਕ ਵਿਚ ਡੁੱਬ ਗਿਆ ਸੀ। ਇਸੇ ਤਰ੍ਹਾਂ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀ ਹੱਤਿਆ ਦੇ ਬਾਅਦ ਬਣੇ ਕਮਿਸ਼ਨਾਂ ਦੇ ਨਤੀਜਿਆਂ 'ਤੇ ਕਾਫੀ ਗੰਭੀਰਤਾ ਨਾਲ ਅਮਲ ਕੀਤਾ ਗਿਆ। ਦੂਜੇ ਪਾਸੇ ਦੇ ਕਮਿਸ਼ਨ ਉਹ ਹਨ,



ਜੋ ਸਮਾਨਤਾ, ਦਲਿਤਾਂ ਦੀ ਮੁਸ਼ਕਿਲਾਂ ਨਾਲ ਜੁੜੇ ਹੋਏ ਹਨ। ਕਾਲੇਕਰ ਕਮਿਸ਼ਨ ਅਤੇ ਮੰਡਲ ਕਮਿਸ਼ਨ ਉਨ੍ਹਾਂ ਵਿਚੋਂ ਪ੍ਰਮੁੱਖ ਹਨ। ਕਾਲੇਕਰ ਕਮਿਸ਼ਨ (1955) ਨੇ ਦਲਿਤ ਭਾਈਚਾਰੇ ਦੀਆਂ ਜ਼ਰੂਰਤਾਂ ਦੇ ਮਦੇਨਜ਼ਰ ਬਹੁਤ ਇਤਿਹਾਸਕ ਕੰਮ ਕੀਤਾ, ਪਰ ਉਸਦਾ ਅਮਲ ਬਹੁਤ ਸਾਰੇ ਖੱਪਿਆਂ ਨਾਲ ਭਰਿਆ ਪਿਆ ਹੈ ਅਤੇ ਪ੍ਰਭਾਵਹੀਣ ਹੈ। 1977 ਵਿਚ ਜਨਤਾ ਸਰਕਾਰ ਨੇ ਮੰਡਲ ਕਮਿਸ਼ਨ ਦਾ ਗਠਨ ਕੀਤਾ ਸੀ। 1990 ਤਕ ਇਸ ਕਮਿਸ਼ਨ ਦੀ ਰਿਪੋਰਟ ਠੰਡੇ ਬਸਤੇ ਵਿਚ ਪਈ ਰਹੀ। ਫਿਰ ਵੀ.ਪੀ. ਸਿੰਘ ਨੇ ਇਸ ਕਮਿਸ਼ਨ ਦੀ ਰਿਪੋਰਟ 'ਤੇ ਕਾਰਵਾਈ ਕੀਤੀ ਅਤੇ ਇਸ ਨੇ ਹਿੰਦੁਸਤਾਨੀ ਸਿਆਸਤ ਦੀ ਸ਼ਤਰੰਜ ਦੀ ਬਿਸਾਤ ਹੀ ਬਦਲ ਦਿੱਤੀ। ਇਨ੍ਹਾਂ ਜਾਂਚ ਕਮਿਸ਼ਨਾਂ ਦੇ ਨਤੀਜੇ ਦਲਿਤਾਂ ਅਤੇ ਨੀਵੀਂ ਜਾਤੀਆਂ ਦੇ ਲਈ ਬਹੁਤ ਸਕਾਰਾਤਮਕ ਰਹੇ।

ਤੀਜੀ ਸ਼੍ਰੇਣੀ ਦੇ ਕਮਿਸ਼ਨ ਉਹ ਹਨ ਜੋ ਘੱਟਗਿਣਤੀਆਂ ਦੇ ਖਿਲਾਫ ਹੋਈ ਸੰਪਰਦਾਇਕ ਹਿੰਸਾ ਦੀ ਜਾਂਚ ਕਰਨ ਦੇ ਲਈ ਬਣਾਏ ਗਏ। ਉਨ੍ਹਾਂ ਵਿਚੋਂ ਪ੍ਰਮੁੱਖ ਕਮਿਸ਼ਨ ਰਹੇ ਹਨ-ਜਗਮੋਹਨ ਰੈਡੀ (1969, ਅਹਿਮਦਾਬਾਦ), ਜਸਟਿਸ ਮੇਡੋਨ ਕਮਿਸ਼ਨ (ਭਿਵੰਡੀ, ਮਾਲੇਗਾਂਵ 1970), ਨਾਨਾਵਤੀ ਕਮਿਸ਼ਨ (1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਸੰਬੰਧ ਵਿਚ), ਜਸਟਿਸ ਸ੍ਰੀ ਕ੍ਰਿਸ਼ਣ ਕਮਿਸ਼ਨ (1992-93 ਦੇ ਮੁੰਬਈ ਦੰਗੇ) ਅਤੇ ਬੈਨਰਜੀ ਕਮਿਸ਼ਨ (2002, ਗੋਧਰਾ ਟ੍ਰੇਨ ਕਾਂਡ)। ਨਾਨਾਵਤੀ ਸ਼ਾਹ ਕਮਿਸ਼ਨ ਨੇ ਗੁਜਰਾਤ ਦੰਗਿਆਂ ਦੇ ਸੰਬੰਧ ਵਿਚ ਹੁਣੇ ਆਪਣੀ ਪੂਰੀ ਰਿਪੋਰਟ ਪੇਸ਼ ਕਰਨੀ ਹੈ। ਸਿਰਫ ਕੁਝ ਰਿਪੋਰਟਾਂ ਨੂੰ ਛੱਡ ਕੇ ਇਨ੍ਹਾਂ ਸਾਰੀਆਂ ਵਿਚ ਸਮਾਨਤਾ ਇਹ ਹੈ ਕਿ ਇਹ ਦੋਸ਼ੀਆਂ ਅਤੇ ਪ੍ਰਸ਼ਾਸਨਿਕ ਢਾਂਚਿਆਂ ਵਿਚ ਵਿਆਪਤ ਕਮਜ਼ੋਰੀਆਂ ਦੀ ਪਹਿਚਾਣ ਕਰਨ ਅਤੇ ਰਾਜਨੀਤਕ ਅਗਵਾਈ ਦੀ ਅਸਫਲਤਾ ਅਤੇ ਜ਼ਿਆਦਾ ਹਿੰਸਕ ਕਾਰਵਾਈਆਂ ਵਿਚ ਹਿੰਦੂਤਵਵਾਦੀ ਸੰਗਠਨਾਂ ਦੀ ਸ਼ਨਾਖਤ ਕਰਨ ਵਿਚ ਸਫਲ ਰਹੀਆਂ ਹਨ। ਉਨ੍ਹਾਂ ਵਿਚ ਸਮਾਨਤਾ ਇਹ ਵੀ ਹੈ ਕਿ ਉਨ੍ਹਾਂ ਸਾਰਿਆਂ ਦੀ ਰਿਪੋਰਟਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਅਮੂਮਨ ਦੋਸ਼ੀਆਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ।

ਚੌਥੇ ਕਿਸਮ ਦੀ ਰਿਪੋਰਟ ਅਲਪਸੰਖਿਅਕ ਮੁਸਲਮਾਨਾਂ ਬਾਰੇ ਹੈ। ਦਲਿਤਾਂ ਲਈ ਬਣਾਏ ਗਏ ਕਮਿਸ਼ਨਾਂ ਦੀਆਂ ਰਿਪੋਰਟਾਂ ਦੀ ਤਰ੍ਹਾਂ ਮੁਸਲਮਾਨਾਂ ਲਈ ਬਣੇ ਕਮਿਸ਼ਨਾਂ ਨੇ ਵੀ ਉਨ੍ਹਾਂ ਦੀ ਆਰਥਿਕ ਅਤੇ ਸਾਮਾਜਿਕ ਦਰਿਦ੍ਰਤਾ ਨੂੰ ਉਜਾਗਰ ਕੀਤਾ। ਇਨ੍ਹਾਂ ਰਿਪੋਰਟਾਂ ਨੇ ਅਲਪਸੰਖਿਅਕ ਮੁਸਲਮਾਨਾਂ ਨੂੰ ਹਾਸ਼ੀਏ 'ਤੇ ਧੱਕੇ ਜਾਣ ਅਤੇ ਉਨ੍ਹਾਂ ਦੇ ਪ੍ਰਤੀ ਭੇਦਭਾਵਪੂਰਣ ਰਵਈਏ ਵਲ ਵੀ ਇਸ਼ਾਰਾ ਕੀਤਾ। ਅਸੀਂ ਦੇਖਿਆ ਕਿ ਦਲਿਤਾਂ ਨਾਲ ਸੰਬੰਧਿਤ ਰਿਪੋਰਟਾਂ 'ਤੇ ਕਾਰਵਾਈ ਹੋਣ ਲਈ ਕਾਫੀ ਲੰਮਾ ਸਮਾਂ ਲੱਗਿਆ ਹੈ, ਪਰ ਜਿੱਥੋਂ ਤੱਕ ਮੁਸਲਮਾਨਾਂ ਦਾ ਸਵਾਲ ਹੈ, ਸਰਕਾਰ ਉਨ੍ਹਾਂ ਬਾਰੇ ਗੱਲ ਕਰਨ ਤੋਂ ਵੀ ਡਰਦੀ ਹੈ। ਸਵਾਲਾਂ ਦਾ ਸਵਾਲ ਇਹ ਹੈ ਕਿ ਅਸੀਂ ਇਨ੍ਹਾਂ ਸੰਸਥਾਵਾਂ ਅਤੇ ਕਮਿਸ਼ਨਾਂ ਦੇ ਕੰਮ ਦਾ ਕਿਸ ਤਰ੍ਹਾਂ ਮੁਲਾਂਕਣ ਕਰੀਏ? ਪਹਿਲੀ ਗੱਲ ਤਾਂ ਇਹ ਕਿ ਇਨ੍ਹਾਂ ਕਮਿਸ਼ਨਾਂ ਨੇ ਮੁੱਖ ਰੂਪ ਵਿਚ ਨੇਤਾਵਾਂ ਦੀ ਹੱਤਿਆ, ਹੱਤਿਆ ਦੇ ਪਿੱਛੇ ਸਕ੍ਰਿਆ ਤਾਕਤਾਂ ਅਤੇ ਫਿਰਕਿਆਂ ਦੀ ਸਮਾਜਿਕ ਸਥਿਤੀ ਦੇ ਸੰਬੰਧ ਵਿਚ ਸੰਪੂਰਣ ਸੱਚ ਨੂੰ ਪ੍ਰਸਤੁਤ ਕੀਤਾ ਹੈ। ਦੂਜਾ ਇਹ ਕਿ ਕਮਿਸ਼ਨ ਦੇ ਕਾਨੂੰਨੀ ਪੁਸ਼ਟੀਕਰਨ ਨੇ ਮਾਨਵ ਅਧਿਕਾਰ ਸਮੂਹਾਂ ਤੇ ਸ਼ਿਕਾਰ ਹੋਏ ਲੋਕਾਂ ਦੇ ਅੰਦੋਲਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਤਾਕਤ ਅਤੇ ਵਿਸ਼ਵਾਸਯੋਗਤਾ ਪ੍ਰਦਾਨ ਕੀਤੀ ਹੈ। ਕਮਿਸ਼ਨਾਂ ਬਾਰੇ ਸੰਤੁਲਿਤ ਸੋਚ ਇਹ ਹੋਣੀ ਚਾਹੀਦੀ ਕਿ ਉਹ ਨਿਆਂ ਅਤੇ ਸਾਮਾਜਿਕ ਨੀਤੀਆਂ ਦੇ ਨਿਰਮਾਣ ਵਿਚ ਸਕਾਰਾਤਮਕ ਭੂਮਿਕਾ ਅਦਾ ਕਰਦੇ ਹਨ, ਪਰ ਸਿਆਸੀ ਨੇਤ੍ਰਤਵ ਬਹੁਤ ਮੌਕਾਪ੍ਰਸਤ ਹੈ, ਜੋ ਉਨ੍ਹਾਂ ਦੀਆਂ ਰਿਪੋਰਟਾਂ 'ਤੇ ਅਮਲ ਹੋਣ ਤੋਂ ਰੋਕਦਾ ਹੈ। ਜਾਂਚ ਕਮਿਸ਼ਨਾਂ ਦੀ ਕਾਰਵਾਈ ਅਤੇ ਉਨ੍ਹਾਂ ਦੇ ਅਮਲ ਦੇ ਸੰਬੰਧ ਵਿਚ ਨਵੇਂ ਆਯਾਮ ਜੋੜੇ ਜਾਣੇ ਚਾਹੀਦੇ ਹਨ। ਜਾਂਚ ਕਮਿਸ਼ਨਾਂ ਦੀ ਸਭ ਤੋਂ ਵੱਡੀ ਮੁਸ਼ਕਿਲ ਰਾਜਨੀਤਕ ਅਤੇ ਨੌਕਰਸ਼ਾਹੀ ਸੰਬੰਧੀ ਅਗਵਾਈ ਹੈ। ਇਥੇ ਮਾਨਵਾਧਿਕਾਰ ਸਮੂਹਾਂ ਅਤੇ ਸਾਮਾਜਿਕ ਅੰਦੋਲਨਾਂ ਨੂੰ ਅੱਗੇ ਆਉਣਾ ਚਾਹੀਦਾ ਅਤੇ ਸਰਕਾਰਾਂ ਦੀ ਆਲਸ ਅਤੇ ਇੱਛਾ ਸ਼ਕਤੀ ਦੀ ਕਮੀ ਦੇ ਖਿਲਾਫ ਯੋਗ ਪ੍ਰਚਾਰ ਮੁਹਿੰਮ ਚਲਾਉਣੀ ਚਾਹੀਦੀ ਹੈ। ਕਮਿਸ਼ਨ ਦਾ ਗਠਨ ਕਰਦੇ ਵਕਤ ਸਰਕਾਰ ਨੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨੀ ਹੈ ਤਾਂ ਪੀੜਿਤ ਫਿਰਕਿਆਂ ਦੇ ਉਥਾਨ ਦੇ ਲਈ ਕਰਤੇ ਕਦਮ ਉਠਾਉਣ ਦਾ ਵਾਅਦਾ ਕਰਨਾ ਚਾਹੀਦਾ। ਰਿਪੋਰਟਾਂ 'ਤੇ ਅਮਲ ਦੇ ਸੰਬੰਧੀ ਮਾਨਵਾਧਿਕਾਰ ਸਮੂਹਾਂ ਅਤੇ ਸੰਬੰਧਿਤ ਫਿਰਕਿਆਂ ਨੂੰ ਵਿਸ਼ਵਾਸ ਵਿਚ ਲਿਆ ਜਾਣਾ ਚਾਹੀਦਾ। ਜਦ ਮੰਤਰਾਲਾ ਕਾਰਵਾਈ ਰਿਪੋਰਟ ਤੇ ਅੰਤਿਮ ਫੈਸਲਾ ਕਰ ਲਵੇ ਤਾਂ ਉਸ ਵਿਚ ਮਾਨਵਾਧਿਕਾਰ ਸਮੂਹਾਂ ਅਤੇ ਸੰਬੰਧਿਤ ਫਿਰਕਿਆਂ ਦੇ ਆਗੂਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਦਿੱਕਤ ਆਯੋਗ ਦੇ ਬਣਨ ਵਿਚ ਨਹੀਂ ਹੈ, ਦਿੱਕਤ ਉਨ੍ਹਾਂ 'ਤੇ ਅਮਲ ਕਰਨ ਅਤੇ ਉਨਾਂ ਦੇ ਕ੍ਰਿਆਵੰਤ ਹੋਣ ਨਾਲ ਹੈ।

# ਬਰਾਕ ਓਬਾਮਾ ਦੇ ਹਾਰਨ ਨਾਲ ਭਾਰਤੀਆਂ ਦੀ ਵੀ ਹਾਰ ਹੋ ਜਾਏਗੀ?

**ਸ਼ੇਖਰ ਗੁਪਤਾ**

ਇਸ ਵਕਤ ਜਦ ਸ਼ੀਤ ਯੁੱਧ ਤੋਂ ਬਾਅਦ ਹਿੰਦੁਸਤਾਨ ਦੀ ਭੂ-ਰਣਨੀਤਕ ਨੀਤੀ ਦੇ ਤਿੰਨ ਮਹੱਤਵਪੂਰਨ ਸਿਧਾਂਤ ਸਥਾਪਿਤ ਹੋਣ ਹੀ ਜਾ ਰਹੇ ਸਨ ਕਿ ਖੇਡ ਦਾ ਪਾਸਾ ਬਿਲਕੁਲ ਪਲਟ ਗਿਆ। ਹਿੰਦੁਸਤਾਨ ਇਕ ਇਹੋ ਜਿਹੇ ਗੁਆਂਢੇ ਦੇ ਨਾਲ ਕਿਵੇਂ ਰਹੇ ਅਤੇ ਕਿਵੇਂ ਆਪਣੇ ਹਿੱਤਾਂ ਦੀ ਰੱਖਿਆ ਕਰੇ, ਜੋ ਨਾ ਸਿਰਫ ਪੂਰੀ ਦੁਨੀਆਂ ਦੀ ਬਾਜੀਗਰੀ ਦਾ ਮੈਦਾਨ ਬਣਿਆ ਹੋਇਆ ਹੈ, ਬਲਕਿ ਜਿੱਥੇ ਵਿਸ਼ਵ ਦੇ ਸਭ ਤੋਂ ਵੱਡੇ ਲੀਡਰ ਨੇ ਯੁੱਧ ਤੋਂ ਵਾਪਸੀ ਦੀ ਸਮਾਂ ਸੀਮਾ ਵੀ ਤੈਅ ਕਰ ਦਿੱਤੀ ਹੈ? ਯੁੱਧਾਂ ਦੇ ਸਮੁੱਚੇ ਇਤਿਹਾਸ ਵਿਚ, ਚਾਹੇ ਉਹ ਪਰੰਪਰਿਕ ਹੋਵੇ ਜਾਂ ਗੈਰ ਪਰੰਪਰਿਕ, ਆਪਣੀ ਤਾਕਤ ਸਥਾਪਿਤ ਕਰਨ ਤੋਂ ਪਹਿਲਾਂ ਹੀ ਲੜਾਈ ਦੀ ਸਮਾਂ ਸੀਮਾ ਐਲਾਨ ਕਰ ਦੇਣ 'ਤੇ ਕਦੇ ਕੋਈ ਜਿੱਤ ਨਹੀਂ ਸਕਿਆ। ਹੁਣ ਤਾਲਿਬਾਨ ਆਪਣੇ ਗਿਰੋਹਾਂ ਨੂੰ ਕਹਿੰਦੇ ਹੋਣਗੇ ਕਿ ਸਾਨੂੰ ਬਸ ਇਨਾ ਹੀ ਕਰਨਾ ਹੈ ਕਿ ਇਨ੍ਹਾਂ ਪਹਾੜੀਆਂ ਦੇ ਵਿਚ ਕਿਸੇ ਤਰ੍ਹਾਂ 18 ਮਹੀਨਿਆਂ ਤੱਕ ਲੜਦੇ ਰਹਿਣਾ ਹੈ। ਉਦਾਰਵਾਦੀ ਹੋਣ, ਅਮਰੀਕਾਪ੍ਰਸਤ ਜਾਂ ਅਫਗਾਨੀ, ਉਨ੍ਹਾਂ ਨੂੰ ਸਭਨਾਂ ਨਾਲ ਬੱਸ ਇਕੋ ਗੱਲ ਕਰਨ ਦੀ ਜ਼ਰੂਰਤ ਹੈ, ਤੁਹਾਡੇ ਕੋਲ ਸਿਰਫ 18 ਮਹੀਨੇ ਹਨ। ਉਸਦੇ ਬਾਅਦ ਅਸੀਂ ਤੁਹਾਨੂੰ ਦੇਖ ਲਵਾਂਗੇ ਜਾਂ ਤੁਸੀਂ ਹੁਣੇ ਤੋਂ ਸਾਡੀ ਗੱਲ ਮੰਨੋ। ਜਦ ਵੀ ਇਹੋ ਜਿਹੇ ਸੌਦਿਆਂ ਦੀ ਗੱਲ ਆਉਂਦੀ ਹੈ ਤਾਂ ਅਫਗਾਨੀ ਕਾਫੀ ਵਿਵਹਾਰਿਕ ਹੁੰਦੇ ਹਨ। ਵੈਸੇ ਵੀ ਜੇਕਰ ਤੁਸੀਂ ਇਹੋ ਜਿਹੀ ਬਰਬਰ ਜਗ੍ਹਾ 'ਤੇ ਰਹਿ ਰਹੇ ਹੋਵੋ, ਜਿੱਥੇ ਪਿਛਲੇ ਦੋ ਦਹਾਕੇ ਤੋਂ ਇਕ-ਮਾਤਰ ਰਾਸ਼ਟਰੀ ਕਰਮ ਅਤੇ ਰੋਜ਼ਗਾਰ ਯੁੱਧ ਲੜਨਾ ਹੀ ਹੋਵੇ ਤਾਂ ਤੁਹਾਨੂੰ ਇਸ ਤਰ੍ਹਾਂ ਦਾ ਹੋਣਾ ਹੀ ਪਵੇਗਾ। ਇਕ ਮਜ਼ਾਕੀਆ ਆਦਮੀ ਨੇ ਇਸ ਗੱਲ ਨੂੰ ਜ਼ਿਆਦਾ ਸਟੀਕ ਢੰਗ ਨਾਲ ਅਤੇ ਜ਼ਿਆਦਾ ਸਪਸ਼ਟਤਾ ਨਾਲ ਕਿਹਾ ਹੈ। ਜੇ ਲੇਨੋ ਨੇ ਇਸ ਹਫਤੇ ਬੜਾ ਸਿੱਧਾ ਜਿਹਾ ਮੂੰਹ ਬਣਾ ਕੇ ਕਿਹਾ ਕਿ ਓਬਾਮਾ ਨੇ ਐਲਾਨ ਕੀਤਾ ਹੈ ਕਿ ਉਹ 18 ਮਹੀਨੇ ਬਾਅਦ ਆਪਣੀਆਂ ਫੌਜਾਂ ਵਾਪਸ ਬੁਲਾ ਲੈਣਗੇ ਅਤੇ ਤਾਲਿਬਾਨੀਆਂ ਨੇ ਕਿਹਾ ਹੈ ਕਿ ਉਹ ਵੀ ਸਿਰਫ 19 ਮਹੀਨੇ ਤਕ ਵੀ ਆਪਣੀ ਲੜਾਈ ਜਾਰੀ ਰੱਖਣਗੇ।

ਹਾਸਾ-ਮਜ਼ਾਕ ਇਕ ਤਰਫ ਕਰ ਦਈਏ ਤਾਂ ਇਸ ਪੂਰੇ ਮਾਮਲੇ ਵਿਚ ਹਿੰਦੁਸਤਾਨ ਕਿਥੇ ਖੜ੍ਹਾ ਹੈ? ਅਸੀਂ ਆਪਣੇ ਗੁਆਂਢ ਵਿਚ ਅਮਰੀਕੀ ਸੈਨਾ ਦੀ ਮੌਜੂਦਗੀ ਦੇ ਬਿਲਕੁਲ ਆਦੀ ਹੋ ਚੁੱਕੇ ਹਾਂ। ਅਮਰੀਕੀ ਦੁਨੀਆਂ ਨੂੰ ਦੋ ਨਵੀਆਂ ਗੱਲਾਂ ਦੱਸ ਰਹੇ ਹਨ। ਪਹਿਲੀ ਕਿ ਉਹ ਅਫਗਾਨਿਸਤਾਨ ਵਿਚ ਨਵੇਂ ਰਾਜ ਦੀ ਸਥਾਪਨਾ ਕਰਨਾ ਅਤੇ ਪਾਕਿਸਤਾਨ ਦੇ ਰਾਜ ਤੇ ਸਮਾਜ ਦੇ ਸਵਰੂਪ ਨੂੰ ਬਦਲਣਾ ਚਾਹੁੰਦੇ ਹਨ ਅਤੇ ਦੂਜੀ ਕਿ ਉਨ੍ਹਾਂ ਦਾ ਇਰਾਦਾ 18 ਮਹੀਨਿਆਂ ਦੇ ਅੰਦਰ ਇਸ ਉਦੇਸ਼ ਨੂੰ ਹਾਸਿਲ ਕਰਨਾ ਅਤੇ ਫਿਰ ਵਾਪਸ ਆਉਣ ਦਾ ਹੈ। ਅਸੀਂ ਇਕ ਸਭਿਆ ਸਮਾਜ ਹਾਂ ਅਤੇ ਸਾਡਾ ਗੁਆਂਢ ਇਹੋ ਜਿਹਾ ਹੈ, ਜਿੱਥੇ ਪੀੜ੍ਹੀਆਂ ਤੋਂ ਯੁੱਧ ਹੁੰਦੇ ਆਏ ਹਨ। ਇਸ ਲਈ ਵਾਸ਼ਿੰਗਟਨ ਡੀ.ਸੀ. ਦੇ ਮੁਕਾਬਲੇ ਹਿੰਦੁਸਤਾਨ ਲਈ ਜੁਲਾਈ 2011 ਜ਼ਿਆਦਾ ਨਿਕਟ ਹੈ। ਇਸ ਨੂੰ ਇਸ ਤਰ੍ਹਾਂ ਦੇਖੀਏ-ਇਹ ਉਦੋਂ ਹੋਵੇਗਾ, ਜਦੋਂ ਪੱਛਮੀ ਬੰਗਾਲ ਵਿਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹੋਣਗੀਆਂ।

ਸ਼ੀਤ ਯੁੱਧ ਦੇ ਬਾਅਦ ਸਾਡੀ ਵਿਦੇਸ਼ ਰਣਨੀਤੀ ਦੇ ਤਿੰਨ ਬਹੁਤ ਮਹੱਤਵਪੂਰਣ ਸਿਧਾਂਤ ਹਨ। ਪਹਿਲਾ-ਹਿੰਦੁਸਤਾਨ ਦੀਆਂ ਸਰਹੱਦਾਂ ਦੇ ਵਿਸਤਾਰ ਦੀ ਸਾਡੀ ਕੋਈ ਇੱਛਾ ਜਾਂ ਇਰਾਦਾ ਨਹੀਂ ਹੈ, ਪਰ ਇਹ ਸੀਮਾ ਸੁੰਗੜ ਕੇ ਛੋਟੀ ਵੀ ਨਹੀਂ ਹੋ ਸਕਦੀ ਹੈ। ਦੂਜਾ-ਪ੍ਰਮਾਣੂ ਸਾਧਨ ਇਕੱਠਾ ਕਰਨ ਅਤੇ ਉਨ੍ਹਾਂ ਨੂੰ ਕੰਟਰੋਲ ਕਰਨ ਦੀ ਭਾਰਤ ਦੀ ਆਜ਼ਾਦੀ ਬਣੀ ਰਹਿਣੀ ਚਾਹੀਦੀ ਹੈ। ਤੀਜਾ-ਗੁਆਂਢੀ ਦੇਸ਼ਾਂ ਦੇ ਦੁਆਰਾ ਭਾਰਤ ਦੇ ਗੌਰਵ ਅਤੇ ਸਮਾਨ ਨੂੰ ਕੋਈ ਚੁਣੌਤੀ ਨਹੀਂ ਦਿੱਤੀ ਜਾਣੀ ਚਾਹੀਦੀ। ਇਹ ਆਖਰੀ ਚੀਜ਼ ਹੀ ਕਮਜ਼ੋਰ ਪੈ ਰਹੀ ਹੈ। ਅਫਗਾਨਿਸਤਾਨ ਵਿਚ ਜਹਾਦੀਆਂ ਨਾਲ ਨਿਪਟਣ ਲਈ ਜੋ ਗਠਜੋੜ ਬਣ ਰਹੇ ਹਨ, ਉਹ ਕਾਫੀ ਹੱਦ ਤੱਕ ਵਿਸ਼ਵ ਸਤਰੇ ਹਨ। ਲੜਾਈ ਵਿਚ ਸਾਡਾ ਵੀ ਸਭ ਕੁਝ ਉਨਾ ਹੀ ਦਾਅ 'ਤੇ ਲੱਗਿਆ ਹੈ, ਜਿਨਾ ਦੂਜਿਆਂ ਦਾ, ਬਲਕਿ ਇਕ ਤਰ੍ਹਾਂ ਨਾਲ ਸਾਡਾ ਵਾਸ਼ਿੰਗਟਨ ਤੋਂ ਵੀ ਜ਼ਿਆਦਾ ਦਾਅ 'ਤੇ ਲਗਿਆ



ਹੋਇਆ ਹੈ। ਤੀਜੀ ਤੇ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਦੂਜਾ ਗਲੋਬਲ ਅਫਗਾਨ ਪ੍ਰਾਜੈਕਟ ਪਹਿਲਾਂ ਵਾਲੇ ਤੋਂ ਬੁਨਿਆਦੀ ਰੂਪ ਤੋਂ ਅਲੱਗ ਹੈ? ਕਿਉਂਕਿ ਇਸ ਲੜਾਈ ਵਿਚ ਪਾਕਿਸਤਾਨੀ ਰਾਜ ਦਾ ਸੁਧਾਰ ਵੀ ਅੰਤਰ-ਨਿਹਿਤ ਹੈ। ਤਿੰਨੋਂ ਗੱਲਾਂ ਸਾਡੇ ਲਈ ਚਿੰਤਾਯੋਗ ਹਨ ਪਰ ਆਖਰੀ ਨੁਕਤੇ ਤੋਂ ਥੋੜੀ ਜਿਹੀ ਉਮੀਦ ਝਲਕਦੀ ਹੈ। ਪਾਕਿਸਤਾਨ ਰਾਜ ਅਤੇ ਸਮਾਜ ਦੇ ਸਵਰੂਪ ਨੂੰ ਬਦਲਣਾ ਜਾਂ ਦੂਜੇ ਸ਼ਬਦਾਂ ਵਿਚ ਕਹੀਏ ਤਾਂ 14 ਕਰੋੜ ਤੋਂ ਜ਼ਿਆਦਾ ਦੀ ਆਬਾਦੀ ਵਾਲੇ ਗਹਿਨ ਇਸਲਾਮਿਕ, ਕੱਟੜ ਰਾਸ਼ਟਰਵਾਦੀ, ਅਸੁਰਖਿਅਤ, ਖਤਰਨਾਕ ਅਤੇ ਤਰ੍ਹਾਂ ਤਰ੍ਹਾਂ ਦੇ ਲੋਕਤੰਤਰ ਦਾ ਸਵਾਦ ਚੱਖ ਚੁਕੇ ਸਮਾਜ ਨੂੰ ਬਦਲਣਾ ਬਹੁਤ ਖਤਰਨਾਕ ਚੁਣੌਤੀ ਹੈ। ਹੁਣ ਤੱਕ ਅਮਰੀਕਾ ਦਾ ਤਜ਼ਰਬਾ ਅਤੇ ਯੋਗਤਾ ਤਾਨਾਸ਼ਾਹੀਆਂ ਦੀ ਆੜ ਲੈਣ ਅਤੇ ਉਨ੍ਹਾਂ ਨੂੰ ਕਾਇਮ ਰੱਖਣ ਵਿਚ ਹੀ ਨਿਹਤ ਰਹੀ ਹੈ। ਅੱਜ ਚਾਹੇ ਉਹ ਲੋਕਤੰਤਰੀਕਰਨ ਦੇ ਲਈ ਅਰਬਾਂ ਡਾਲਰ ਖਰਚ ਕਰ ਰਹੇ ਹਨ, ਪਰ ਆਪਣੇ ਦਿਲ ਦੇ ਕਿਸੇ ਕੋਨੇ ਵਿਚ ਉਹ ਮੁਸ਼ੱਰਫ ਦੀ ਹੀ ਕਾਮਨਾ ਕਰਦੇ ਹਨ। ਕੋਈ ਇਹੋ ਜਿਹਾ ਰਸਤਾ ਨਹੀਂ ਹੈ, ਜਿਸ ਨਾਲ ਉਹ 18 ਮਹੀਨੇ ਵਿਚ ਸਫਲਤਾ ਹਾਸਿਲ ਕਰ ਲੈਣ। ਖਾਸਕਰ ਉਦੋਂ ਜਦੋਂ ਕਿ ਉਨ੍ਹਾਂ ਦੀ ਮੌਜੂਦਗੀ ਜ਼ਿਆਦਾਤਰ ਪਾਕਿਸਤਾਨੀਆਂ ਨੂੰ ਗੁੱਸੇ ਨਾਲ ਭਰ ਦੇਣ ਵਾਲੀ ਹੈ।


ਜੇਕਰ ਉਹ ਸੋਚਦੇ ਹਨ ਕਿ ਅਫਗਾਨਿਸਤਾਨ ਤੋਂ ਆਪਣੀ ਸੈਨਾ ਹਟਾਉਣ ਦੇ ਬਾਅਦ ਵੀ ਉਹ ਪਾਕਿਸਤਾਨ ਵਿਚ ਕੰਮ ਕਰਦੇ ਰਹਿਣਗੇ ਤਾਂ ਉਹ ਜ਼ਿਆਦਾ ਆਸ਼ਾਵਾਦੀ ਹਨ। ਅਮਰੀਕੀ ਪਾਕਿਸਤਾਨ ਵਿਚ ਇਕ ਨਵੇਂ ਉਦਾਰਵਾਦੀ ਅਤੇ ਲੋਕਤਾਂਤਰਿਕ ਕਿਸਮ ਦੇ ਵਰਗ ਨੂੰ ਮਜ਼ਬੂਤ ਕਰਨ ਅਤੇ ਉਸਦਾ ਵਿਸਥਾਰ ਕਰਨ ਲਈ ਬੁੱਧੀਜੀਵੀਆਂ, ਸੈਨਿਕਾਂ, ਐਨ.ਜੀ.ਓ. ਕਾਰਜਕਰਤਾਵਾਂ, ਵਿਚਾਰ ਨਿਰਮਾਤਾਵਾਂ, ਪੱਤਰਕਾਰਾਂ, ਸਾਂਸਦਾਂ ਤੋਂ ਲੈ ਕੇ ਪੱਛਮੀ ਸੰਸਥਾਵਾਂ ਤਕ ਜੋ ਡਾਲਰ ਖਰਚ ਕਰ ਰਹੇ ਹਨ, ਉਹ ਹਰ ਡਾਲਰ ਇਹੋ ਜਿਹਾ ਹੈ, ਜੋ ਸਾਡੇ ਭਵਿੱਖ ਦੇ ਲਈ ਨਿਵੇਸ਼ ਕੀਤਾ ਜਾ ਰਿਹਾ ਹੈ। ਇਕ ਸਥਿਰ, ਸਮ੍ਰਿਧ ਅਤੇ ਲੋਕਤਾਂਤਰਿਕ ਪਾਕਿਸਤਾਨ, ਜਿੱਥੇ ਸ਼ਾਂਤੀ ਹੋਵੇ, ਜੋ ਆਪਣੀ ਊਰਜਾ ਅਤੇ ਤਾਕਤ ਨੂੰ ਆਪਣੇ ਵਿਕਾਸ ਤੇ ਖਰਚ ਕਰੇ ਅਤੇ ਸਾਡੇ ਨਾਲ ਆਰਥਿਕ ਮੋਰਚੇ 'ਤੇ ਮੁਕਾਬਲਾ ਕਰੇ, ..ਇਦਾਂ ਦੇ ਪਾਕਿਸਤਾਨ ਤੋਂ ਜ਼ਿਆਦਾ ਸਾਡੇ ਹਿੱਤਾਂ ਦੀ ਰਖਿਆ ਕੋਈ ਨਹੀਂ ਕਰ ਸਕਦਾ। ਹਰ ਬਾਰ ਕੋਈ ਵੱਡਾ ਅਤਿਵਾਦੀ ਹਮਲਾ ਹੋਣ 'ਤੇ ਇਹ ਵਿਚਾਰ ਕਿ ਸਾਡਾ ਗੁਆਂਢੀ ਭਿਖਾਰੀ ਹੈ, ਥੋੜਾ ਸਨਸਨੀਖੇਜ਼ ਲੱਗ ਸਕਦਾ ਹੈ, ਪਰ ਬਹੁਤ ਗੰਭੀਰ ਰਾਸ਼ਟਰਾਂ ਦੀਆਂ ਵਿਦੇਸ਼ ਨੀਤੀਆਂ ਇਦਾਂ ਦੀ ਹੋਛੀ ਕਿਸਮ ਦੀ ਸਨਸਨੀ ਨਾਲ ਨਹੀਂ ਸੰਚਾਲਿਤ ਹੁੰਦੀਆਂ।

ਇਸ ਲਈ ਜਦ ਅਸੀਂ ਅਫਗਾਨਿਸਤਾਨ ਵਿਚ ਸੜਕ, ਸਕੂਲ ਅਤੇ ਸੰਸਦ ਦੀ ਇਮਾਰਤ ਬਣਾਉਂਦੇ ਹਾਂ ਤਾਂ ਸਾਨੂੰ ਪਾਕਿਸਤਾਨ ਪ੍ਰਤੀ ਆਪਣੇ ਨਜ਼ਰੀਏ ਨੂੰ ਬਦਲ ਕੇ ਅਤੇ 26/11 ਦੇ ਬਾਅਦ ਦੇ ਮੌਨ ਵਿਰੋਧ ਨੂੰ ਤਿਆਗ ਕੇ, ਪਾਕਿਸਤਾਨ ਵਿਚ ਵੱਡੇ ਕੰਮਾਂ ਵਿਚ ਆਪਣਾ ਯੋਗਦਾਨ ਦੇਣਾ ਚਾਹੀਦਾ। ਪਾਕਿਸਤਾਨ ਦੀਆਂ ਤਮਾਮ ਖਾਮੀਆਂ ਅਤੇ ਉਨ੍ਹਾਂ ਦੇ ਕੁਝ ਨੇਤਾਵਾਂ ਦੇ ਬੜਬੋਲੇਪਣ ਦੇ ਬਾਵਜੂਦ ਸਾਨੂੰ ਉਥੇ ਲੋਕਤੰਤਰ ਦੀ ਸਥਾਪਨਾ ਦੇ ਕੰਮ ਵਿਚ ਸ਼ਿਰਕਤ ਕਰਨੀ ਚਾਹੀਦੀ। 26/11 ਦੀ ਜਾਂਚ, ਹੈਡਲੀ ਮਾਮਲੇ ਦੇ ਖੁਲਾਸੇ ਅਤੇ ਰਾਬਰਟ ਗੇਟਸ ਦੇ ਬਿਆਨਾਂ ਦੇ ਬਾਅਦ ਹੁਣ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਸ ਦੇ ਨਾਲ ਸਾਡੀ ਲੜਾਈ ਹੈ, ਉਹ ਆਈ.ਐਸ.ਆਈ. ਤੋਂ ਵੀ ਜ਼ਿਆਦਾ ਵੱਡਾ ਕੁਝ ਹੈ। ਵੱਡੀ ਚਿੰਤਾ ਇਹ ਹੈ ਕਿ ਜੇ ਅਮਰੀਕਾ ਹਾਰ ਕੇ ਜਾਂ ਥੋੜੀ ਜਿਹੀ ਜਿੱਤ ਨੂੰ ਆਪਣੀ ਜਿੱਤ ਦੱਸ ਕੇ ਹੜਬੜੀ ਵਿਚ ਵਾਪਸ ਚਲਾ ਗਿਆ ਤਾਂ ਉਦੋਂ ਅਸੀਂ ਜਿਹੜੀ ਹਾਲਤ ਵਿਚ ਹੋਵਾਂਗੇ, ਉਹ ਇਹੋ ਜਿਹੀ ਮਰੀਜ਼ ਦੀ ਤਰ੍ਹਾਂ ਹੋਵੇਗੀ, ਜਿਨੂੰ ਸਰਜਨ ਨੇ ਆਪ੍ਰੇਸ਼ਨ ਤੋਂ ਬਾਅਦ ਬਿਨਾ ਸੀਤੇ ਹੀ ਆਪ੍ਰੇਸ਼ਨ ਟੇਬਲ 'ਤੇ ਖੁੱਲ੍ਹਾ ਛੱਡ ਦਿੱਤਾ ਹੋਵੇ। ਨੀਤੀ ਇਹ ਹੋਣੀ ਚਾਹੀਦੀ ਕਿ ਅਸੀਂ ਇਹ ਪੱਕਾ ਕਰੀਏ ਕਿ ਇਦਾਂ ਨਾ ਹੋ ਸਕੇ ਅਤੇ ਜੇਕਰ ਇਦਾਂ ਹੁੰਦਾ ਹੈ ਤਾਂ ਸਾਡੇ ਗੁਆਂਢੀ ਵਿਚ ਇਕ ਨਹੀਂ, ਬਲਕਿ ਮਲਬੇ ਦਾ ਢੇਰ ਬਣੇ ਦੋ-ਦੋ ਦੇਸ਼ਾਂ ਦੇ ਨਾਲ ਰਹਿਣ ਦੀ ਹਿੰਮਤ ਹੋਣੀ ਚਾਹੀਦੀ ਹੈ।

ਜੇਕਰ ਓਬਾਮਾ ਦੀ ਜਿੱਤ ਹੁੰਦੀ ਹੈ ਤਾਂ ਅਸੀਂ ਵੀ ਜਿੱਤਾਂਗੇ। ਜੇ ਉਨ੍ਹਾਂ ਦੀ ਹਾਰ ਹੋਈ ਤਾਂ ਸਾਡੇ ਵਿਚ ਇਨੀ ਤਾਕਤ ਹੋਣੀ ਚਾਹੀਦੀ ਕਿ ਅਸੀਂ ਖੁਦ ਨੂੰ ਖੜਾ ਕਰ ਸਕੀਏ ਕਿਉਂਕਿ ਉਨ੍ਹਾਂ ਦੀ ਤਰ੍ਹਾਂ ਸਾਡੇ ਕੋਲ ਬਚ ਕੇ ਨਿਕਲਣ ਦਾ ਕੋਈ ਰਸਤਾ ਨਹੀਂ ਹੈ। ਜੇ. ਲੇਨੋ ਨੇ ਜੋ ਕੀਤਾ, ਉਹ ਵਾਸ਼ਿੰਗਟਨ ਦੀ ਉਕਾ ਪੁਰਾਣੀ ਸੱਚਾਈ ਤੇ ਹੀ ਉਂਗਲੀ ਰਖਣਾ ਸੀ। ਇਸ ਗੱਲ ਤੋਂ ਫਰਕ ਨਹੀਂ ਪੈਂਦਾ ਕਿ ਉਹ ਇਸ ਸ਼ਹਿਰ ਵਿਚ ਤੁਹਾਡੇ ਨਾਲ ਕਿੰਨਾ ਦੁਰਵਿਵਹਾਰ ਕਰਦੇ ਹਨ।

# ਟਾਈਮ-ਪੀਸ ਬਨਾਮ ਟਾਈਮ ਪਾਸ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

''ਕਿੱਥੇ ਜਾ ਰਹੇ ਹੋ ਕਾਕਾ ਜੀ?''

''ਅੰਬਾਲੇ,...ਤੇ ਤੁਸੀਂ?

''ਮੈਂ ਵੀ ਅੰਬਾਲੇ ਈ ਜਾ ਰਿਹਾਂ!''

''ਵਧੀਆ, ਫਿਰ ਤਾਂ ਧੁਰ ਦਾ ਸਾਥ ਹੋ ਗਿਆ!''

ਪੰਜਾਬ ਦੇ ਕਿਸੇ ਸ਼ਹਿਰ ਤੋਂ ਦਿੱਲੀ ਵਲ ਭੱਜੀ ਜਾ ਰਹੀ ਰੇਲ ਗੱਡੀ ਦੇ ਡੱਬੇ ਵਿਚ ਆਹਮੋ-ਸਾਹਮਣੇ ਸੀਟਾਂ ਉੱਪਰ ਬੈਠੇ ਦੋ ਜਣਿਆਂ ਨੇ, ਗੱਡੀ ਦੇ ਪੂਰੀ ਸਪੀਡ ਫੜ ਲੈਣ 'ਤੇ ਆਪਸ ਵਿਚੀਂ ਗੱਲਬਾਤ ਛੋਹੀ। ਮੰਜ਼ਿਲ ਬਾਰੇ ਪਹਿਲਾਂ ਸਵਾਲ ਪੁੱਛਣ ਵਾਲਾ ਅੱਧਖੜ ਉਮਰ ਦਾ ਬੰਦਾ ਸੀ, ਪਰ ਉਸਦੇ ਮੋਹਰੇ ਬੈਠਾ ਮੁੰਡਾ ਵੀਹ-ਬਾਈ ਕੁ ਸਾਲਾਂ ਦਾ ਜਾਪਦਾ ਸੀ। ਇਕ ਸਟੇਸ਼ਨ ਤੋਂ ਇਕੱਠਿਆਂ ਹੀ ਗੱਡੀ 'ਚ ਚੜ੍ਹਨ ਤੋਂ ਬਾਅਦ, ਇਹ ਦੋਵੇਂ ਕਿੰਨਾ ਚਿਰ ਚੁੱਪ-ਚਾਪ ਬੈਠੇ ਰਹੇ। ਪਰ ਦੋ-ਤਿੰਨ ਸਟੇਸ਼ਨ ਗੁਜਰ ਜਾਣ ਬਾਅਦ, ਇਨ੍ਹਾਂ ਦੋਹਾਂ ਨੇ ਅਚਾਨਕ ਹੀ ਵਾਰਤਾਲਾਪ ਸ਼ੁਰੂ ਕਰ ਲਈ।

''ਖਾਸ ਅੰਬਾਲੇ ਹੀ ਜਾ ਰਹੇ ਹੋ ਯਾ...?''

''ਨਹੀਂ, ਅਸਲ 'ਚ ਮੈਂ ਛਾਉਣੀ ਉਤਰ ਜਾਣਾ ਹੈ।'' ਅੱਧਖੜ ਜਿਹੇ ਸੱਜਣ ਵਲੋਂ ਕੀਤੇ ਗਏ ਸਵਾਲ ਨੂੰ ਵਿਚੋਂ ਹੀ ਬੋਚਦਿਆਂ ਗੱਭਰੂ ਬੋਲਿਆ।

''ਮੈਂ ਵੀ ਛਾਉਣੀ ਹੀ ਉੱਤਰਨਾ ਹੈ।'' ਮੁੰਡੇ ਦੇ ਬਿਨ ਪੁੱਛਿਆਂ ਹੀ, ਅੱਖ ਵਿਚ ਚਮਕ ਜਿਹੀ ਲਿਆ ਕੇ ਬੰਦੇ ਨੇ ਹੁੱਬ ਕੇ ਦੱਸਿਆ।

''ਤੁਸੀਂ ਛਾਉਣੀ ਦੀ ਕਿੰਨੇ ਨੰਬਰ ਗਲੀ 'ਚ ਜਾ ਰਹੇ ਹੋ ਭਲਾ?'' ਐਤਕੀਂ ਮੁੰਡੇ ਦੇ ਸਵਾਲ ਵਿਚ ਥੋੜੀ ਉਤਸੁਕਤਾ ਦੇ ਅੰਸ਼ ਰਲੇ ਹੋਏ ਸਨ। ''ਸਟੇਸ਼ਨੋਂ ਉੱਤਰ ਕੇ ਸਾਹਮਣੇ ਹੀ ਸਤਾਰਾਂ ਨੰਬਰ ਸਟਰੀਟ 'ਚ ਜਾਣੈ। ''ਕਮਾਲ ਹੋ ਗਈ! ਮੈਂ ਵੀ ਉਸੇ ਗਲੀ ਵਿਚ ਰਹਿੰਦੇ ਰਿਸ਼ਤੇਦਾਰਾਂ ਕੋਲ ਜਾ ਰਿਹਾਂ!!'' ਮੁੰਡੇ ਨੇ ਖੁਸ਼ੀ 'ਚ ਮੁਸਕਰਾਉਂਦਿਆਂ ਹੋਇਆਂ ਦੱਸਿਆ।

ਇਨ੍ਹਾਂ ਦੋਹਾਂ ਵਲੋਂ ਇੱਕ ਦੂਸਰੇ ਨੂੰ ਦਿੱਤੀ ਜਾ ਰਹੀ ਜਾਣਕਾਰੀ ਦੇ ਅਦਾਨ-ਪ੍ਰਦਾਨ ਵਿਚ, ਹੁਣ ਆਸਪਾਸ ਦੀਆਂ ਸਵਾਰੀਆਂ ਵੀ ਦਿਲਚਸਪੀ ਲੈਣ ਲੱਗ ਪਈਆਂ। ਕਈ ਜਣੇ ਆਪਣੇ ਚਿਹਰਿਆਂ 'ਤੇ ਸਵਾਲੀਆ ਚਿਹਨ ਉਭਾਰਦਿਆਂ, ਇਨ੍ਹਾਂ ਦੋਹਾਂ ਉੱਪਰ ਤੈਰਦੀਆਂ ਨਜ਼ਰਾਂ ਘੁਮਾਅ ਰਹੇ ਸਨ। ਇਸ ਤੋਂ ਅੱਗੇ ਛਾਉਣੀ ਦੀ ਸਤਾਰਾਂ ਨੰਬਰ ਗਲੀ ਵਿਚ 'ਕਿਹਦੇ ਘਰ ਜਾਣਾ ਹੈ?' ਵਾਲੇ ਸਵਾਲ ਦਾ ਖੁਲਾਸਾ, ਜਦੋਂ ਸਵਾਰੀਆਂ ਨੇ ਇਨ੍ਹਾਂ ਦੋਹਾਂ ਮੂੰਹੋਂ ਸੁਣਿਆਂ, ਤਾਂ ਸਾਰੇ 'ਅਵਾਕ' ਰਹਿ ਗਏ! ਇਹ ਦੋਵੇਂ ਜਣੇ ਇਕੋ ਘਰ ਜਾ ਰਹੇ ਸਨ।

ਹੁਣ ਤੱਕ, ਗੱਡੀ ਦੀ ਬਾਰੀ ਵਿਚੋਂ, ਬਾਹਰ ਵਲ ਭੱਜੇ ਜਾ ਰਹੇ ਪ੍ਰਤੀਤ ਹੁੰਦੇ ਖੰਭਿਆਂ, ਦਰਖਤਾਂ ਅਤੇ ਫਸਲਾਂ ਦੀ ਹਰਿਆਲੀ ਤੱਕਦਾ, ਪਰ ਕੰਨ ਇਨ੍ਹਾਂ ਦੋਹਾਂ ਸਵਾਰੀਆਂ ਦੀਆਂ ਗੱਲਾਂ ਵਲ ਲਾਈ ਬੈਠਾ ਇਕ ਫੌਜੀ ਸਰਦਾਰ ਤ੍ਰਭਕ ਕੇ, ਦੋਹਾਂ ਨੂੰ ਮੁਖਾਤਿਬ ਹੋਇਆ, ''ਕਿਉਂ ਲੋਕਾਂ ਨੂੰ ਬੇਵਕੂਫ ਬਣਾ ਰਹੇ ਹੋ?...ਤੁਸੀਂ ਦੋਵੇਂ ਇਕੋ ਸਟੇਸ਼ਨ ਤੋਂ ਇਕਠੇ ਹੀ ਚੜ੍ਹੇ ਸੀ। ਇਕੱਠੇ ਹੀ ਇਕੋ ਘਰ ਵਿਚ ਮਹਿਮਾਨਾਂ ਵਜੋਂ ਜਾ ਰਹੇ ਹੋ।...ਆਪਸ ਵਿਚ ਗੱਲਬਾਤ ਤੁਸੀਂ ਇੰਜ ਕਰਦੇ ਆ ਰਹੇ ਓ ਜਿਵੇਂ ਕੋਈ ਦੋ ਅਜਨਬੀ ਕਰਦੇ ਹੋਣ। ਇਹ ਕਿਵੇਂ ਹੋ ਸਕਦੈ ਕਿ ਤੁਸੀਂ ਇਕ ਦੂਸਰੇ ਨੂੰ ਜਾਣਦੇ ਨਾ ਹੋਵੋਂ!!''

ਕੋਲ ਕੋਲ ਦੀਆਂ ਦੂਜੀਆਂ ਸਵਾਰੀਆਂ ਨੇ ਵੀ ਨਜ਼ਰਾਂ ਹੀ ਨਜ਼ਰਾਂ ਵਿਚ ਫੌਜੀ ਸਰਦਾਰ ਦੇ ਤਿੱਖੇ ਸਵਾਲ ਨਾਲ ਸਹਿਮਤੀ ਜਤਾਈ।

''ਫੌਜੀ ਸਾਹਿਬ, ਗੱਲ ਤਾਂ ਤੇਰੀ ਠੀਕ ਐ।'' ਚਲਾਕ ਹਾਸੀ ਹੱਸਦਿਆਂ ਅੱਧਖੜ ਉਮਰ ਵਾਲਾ ਸੱਜਣ ਦੱਸਣ ਲੱਗਾ- ''ਮੈਂ ਆਪਣੇ ਸਹੁਰੀਂ ਜਾ ਰਿਹਾ ਹਾਂ, ਇਹ ਮੁੰਡਾ ਆਪਣੇ ਨਾਨਕੀਂ। ਅਸਲ ਵਿਚ ਹਾਂ ਤਾਂ ਅਸੀਂ ਪਿਉ-ਪੁੱਤਰ ਹੀ! ਚੁੱਪ-ਗੜੁੱਪ ਕਰਕੇ ਬੈਠਣ ਦੀ ਥਾਂ ਸ਼ੁਗਲ ਸ਼ੁਗਲ ਵਿਚ ਟਾਈਮ ਪਾਸ ਕਰ ਰਹੇ ਸਾਂ। ਸਾਡੀ ਆਪਸੀ ਗੱਲਬਾਤ ਸੁਣ ਕੇ ਕਿਸੇ ਦਾ ਢਿੱਡ ਕਿਉਂ ਦੁੱਖੇ?''

ਲਉ ਜੀ ਸੁਣ ਲਿਆ ਆਪਣੇ ਲੋਕਾਂ ਦਾ 'ਟਾਈਮ-ਪਾਸ' ਕਰਨ ਦਾ ਇਕ ਅਨੋਖਾ ਢੰਗ? ਇਸ ਲਤੀਫਾਨੁਮਾ ਕਹਾਣੀ ਨੂੰ ਜੇ ਦੋ ਪਲ ਸਰਸਰੀ ਜਿਹਾ ਹੱਸਣ ਦਾ ਸਾਧਨ ਬਣਾ ਲਈਏ ਉਹ ਗੱਲ ਵੱਖਰੀ ਹੈ ਪਰ ਜੇ ਅਸੀਂ 'ਆਪਨੜੇ ਗਿਰਿਬਾਨ' ਤੋਂ ਲੈ ਕੇ ਆਪਣੇ ਆਲੇ-ਦੁਆਲੇ ਨੂੰ ਨੀਝ ਨਾਲ ਤੱਕੀਏ ਤਾਂ ਸਾਨੂੰ ਸਪਸ਼ਟ ਦਿਸ ਆਵੇਗਾ ਕਿ ਉਪਰੋਕਤ ਵਾਰਤਾ ਤਾਂ ਸਾਡੇ ਆਸ-ਪਾਸ ਨਿੱਤ ਦਿਨ ਸਾਕਾਰ ਰੂਪ ਧਾਰਨ ਕਰ ਰਹੀ ਹੁੰਦੀ ਹੈ। ਦਰਅਸਲ ਬਿਨ ਮਤਲਬ ਦੀਆਂ ਵਾਹਿਯਾਤ ਗੱਲਾਂ ਵਿਚ ਉਲਝਣ ਵਾਲੇ ਸੱਜਣ, ਕਹਿਣ ਨੂੰ ਕਹਿ ਦਿੰਦੇ ਹਨ ਕਿ ਅਸੀਂ ਤਾਂ ਟਾਈਮ-ਪਾਸ ਕਰ ਰਹੇ ਹਾਂ ਪਰ ਇਨਾਂ ਭਦਰਪੁਰਸ਼ਾਂ ਨੂੰ ਕੋਈ ਪੁੱਛੇ ਕਿ ਟਾਈਮ ਕੋਈ ਗੱਡਾ ਥੋੜ੍ਹੀ ਹੈ ਜਿਸਨੂੰ ਤੁਸੀਂ ਧੱਕਾ ਲਗਾ ਕੇ 'ਪਾਸ' ਕਰ ਰਹੇ ਹੋ?

ਹਕੀਕਤ ਵਿਚ ਟਾਈਮ ਅਜਿਹੇ ਗਾਲੜੀ ਲੋਕਾਂ ਨੂੰ 'ਪਾਸ' ਕਰਕੇ ਅਗੇ ਵਧ ਰਿਹਾ ਹੁੰਦਾ ਹੈ। ਇਹ ਬਗੈਰ ਕਿਸੇ ਦੀ ਉਡੀਕ ਕੀਤਿਆਂ ਨਿਰੰਤਰ ਚਲਦਾ ਰਹਿੰਦਾ ਹੈ। ਵਿਹਲ ਵਾਲੇ ਪਲਾਂ ਵਿਚ ਵੀ ਕਿਸੇ ਦੀ ਭਲਾਈ ਹਿਤ ਕੁਝ ਕਰਨ ਕਰਾਉਣ ਵਾਲੇ ਜਾਂ ਫੁਰਸਤ ਦੇ ਸਮੇਂ ਨੂੰ ਚੰਗੀਆਂ ਪੁਸਤਕਾਂ ਪੜ੍ਹਨ ਲਈ ਗੁਜ਼ਾਰਨ ਵਾਲੇ ਵਿਅਕਤੀ ਹੀ 'ਟਾਈਮ ਇਜ਼ ਮਨੀ' ਦੇ ਅਰਥਾਂ ਨੂੰ ਸਮਝਣ ਵਾਲੇ ਹੁੰਦੇ ਹਨ।

> ***ਕਰਤੇ ਪੁਰਖ ਦੇ ਨਿਯਮ ਵਿਚ 'ਦਿਨ ਰਵਿ ਚਲੈ ਨਿਸ ਸਸਿ ਚਲੈ' ਸਭ ਕੁਝ ਗਤੀਸ਼ੀਲ ਹੈ। ਨਬਜ਼ 'ਤੇ ਹੱਥ ਰੱਖੋ, ਜੇ ਚੱਲ ਰਹੀ ਹੈ ਤਾਂ ਬੰਦਾ 'ਬੰਦਾ' ਹੈ, ਨਹੀਂ ਤਾਂ ਸੁਆਹ ਦੀ ਢੇਰੀ। ਟਾਈਮ-ਪੀਸ ਦੀ 'ਟਿੱਕ-ਟਿੱਕ-ਟਿੱਕ' ਤੋਂ ਜ਼ਿੰਦਗੀ ਦੀ ਚਾਲ ਨੂੰ ਵੀ 'ਤੁਰਿਆ ਚੱਲ-ਤੁਰਿਆ ਚੱਲ' ਵਾਲੀ ਹੱਲਾਸ਼ੇਰੀ ਪ੍ਰਾਪਤ ਹੁੰਦੀ ਹੈ। ਇਸ ਤੋਂ ਪਹਿਲਾਂ ਕਿ ਜ਼ਿੰਦਗੀ ਦੀ 'ਟਿੱਕ-ਟਿੱਕ-ਟਿੱਕ' ਰੁਕ ਜਾਏ, ਸਮੇਂ ਦੀ ਕਦਰ ਕਰਦਿਆਂ ਸਾਨੂੰ ਬੇ-ਅਰਥ ਗੱਲਾਂ ਲਈ ਟਾਈਮਪਾਸ ਕਰਨ ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ।***

ਕਿਸੇ ਵੀ ਸਬੱਬ ਜਦੋਂ ਕਦੇ ਵਕਤ ਦੀ ਅਹਿਮੀਅਤ ਬਾਰੇ ਪੜ੍ਹਦਾ ਸੁਣਦਾ ਹਾਂ, ਤਾਂ ਮੈਨੂੰ ਇਕ ਵਿਦੇਸ਼ੀ ਕੈਦੀ ਦਾ ਵਾਕਿਆ ਯਾਦ ਆ ਜਾਂਦਾ ਹੈ। ਜੋ ਕਿ ਮੈਂ ਢੇਰ ਸਮਾਂ ਪਹਿਲਾਂ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਹੋਈ ਕਿਸੇ ਕਿਤਾਬ ਵਿਚ ਪੜ੍ਹਿਆ ਸੀ। ਫਾਂਸੀ ਦੀ ਸਜ਼ਾ-ਯਾਫ਼ਤਾ ਇਹ ਕੈਦੀ ਆਪਣੀ ਕੋਠੜੀ ਵਿਚ ਘੁੰਮ ਰਿਹਾ ਸੀ। ਜੇਲ੍ਹ ਦੇ ਬਾਹਰਵਾਰ ਵਗਦੀ ਸੜਕ ਉੱਪਰ ਕੋਈ ਮਸਤਾਨਾ ਵਾਇਲਨ ਵਜਾਉਂਦਾ ਜਾ ਰਿਹਾ ਸੀ। ਕੰਨਾਂ ਵਿਚ ਮਿਠਾਸ ਘੋਲਣ ਵਾਲੀ ਵਾਇਲਨ ਦੀ ਮਧੁਰ ਆਵਾਜ਼ ਕੈਦੀ ਦੇ ਕੰਨੀਂ ਪਈ। ਕੈਦੀ ਦਾ ਮਨ ਮੋਹਿਆ ਗਿਆ। ਉਹ ਦੌੜ ਕੇ ਜੇਲ੍ਹ ਦੇ ਦਰੋਗੇ ਨੂੰ ਆਖਦਾ ਹੈ ਕਿ ਕ੍ਰਿਪਾ ਕਰਕੇ ਬਾਹਰੋਂ ਵਾਇਲਨ ਵਜਾਉਣ ਵਾਲੇ ਸੰਗੀਤਕਾਰ ਨੂੰ ਮੇਰੇ ਵਾਸਤੇ ਜੇਲ੍ਹ ਅੰਦਰ ਬੁਲਾ ਲਿਆ ਜਾਏ।

''ਤੈਨੂੰ ਵਾਇਲਨ ਵਜਾਉਣ ਵਾਲੇ ਨਾਲ ਕਿਹੜਾ ਜ਼ਰੂਰੀ ਕੰਮ ਪੈ ਗਿਆ ਹੈ?'' ਦਰੋਗੇ ਨੇ ਕੈਦੀ ਨੂੰ ਪੁੱਛਿਆ।

''ਹੁਣ ਤੱਕ ਮੈਂ ਕਦੇ ਇੰਨੀ ਸੁਰ ਵਿਚ ਵਾਇਲਨ ਵੱਜਦੀ ਨਹੀਂ ਸੀ ਸੁਣੀ। ਇਸ ਸੰਗੀਤ-ਅਚਾਰੀਆ ਪਾਸੋਂ ਵਾਇਲਨ ਵਜਾਉਣੀ ਸਿੱਖਣੀ ਚਾਹੁੰਦਾ ਹਾਂ। ਬਰਾਏ ਮਿਹਰਬਾਨੀ, ਤੁਸੀਂ ਉਸਨੂੰ ਜੇਲ੍ਹ ਅੰਦਰ ਬੁਲਾਉਣ ਦਾ ਬੰਦੋਬਸਤ ਕਰੋ।'' ਬੜੀ ਮਾਸੂਮੀਅਤ ਨਾਲ ਕੈਦੀ, ਦਰੋਗੇ ਦੀ ਮਿੰਨਤ ਕਰਦਾ ਹੈ। ਕੈਦੀ ਮੂੰਹੋਂ ਵਾਇਲਨ ਸਿੱਖਣ ਦੀ ਗੱਲ ਸੁਣ ਕੇ ਦਰੋਗਾ ਹੈਰਾਨ ਹੁੰਦਿਆਂ ਕੈਦੀ ਨੂੰ ਪੁੱਛਦਾ ਹੈ ਕਿ ਤੈਨੂੰ ਫਾਂਸੀ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਪਤਾ ਨਹੀਂ ਕਿਹੜੇ ਵੇਲੇ ਤੇਰੇ ਲਈ 'ਕਾਲੇ ਵਰੰਟ' ਆਉਣ ਵਾਲੇ ਹਨ। ਹੁਣ ਜਦਕਿ ਤੂੰ ਕੁਝ ਦਿਨਾਂ ਦਾ ਹੀ ਮਹਿਮਾਨ ਹੈਂ, ਤਾਂ ਵਾਇਲਨ ਸਿੱਖਣ ਦਾ ਤੈਨੂੰ ਕੀ ਫਾਇਦਾ ਹੋਵੇਗਾ?

ਲਬਾ ਲਬ ਆਤਮ ਵਿਸ਼ਵਾਸ ਨਾਲ ਭਰਿਆ ਪਿਆ ਫਾਂਸੀ ਨੂੰ ਉਡੀਕ ਰਿਹਾ ਕੈਦੀ ਆਸ਼ਾ-ਵਾਦੀ ਸੁਰ ਵਿਚ ਬੋਲਿਆ, ''ਜਿੰਨੇ ਕੁ ਵੀ ਦਿਨ ਮੇਰੇ ਪਾਸ ਹੈਗੇ ਨੇ, ਮੈਂ ਸੋਚਦਾਂ ਕਿ ਜਾਂਦਾ ਜਾਂਦਾ ਇਕ ਹੋਰ ਨਵਾਂ ਕੰਮ ਸਿੱਖ ਜਾਵਾਂ!''

ਸਾਡੀ ਮਾਂ-ਬੋਲੀ ਦੀ ਇੱਕ ਕਹਾਵਤ ਵਿਚ ਸਹੀ ਸਮੇਂ ਦੀ ਸਹੀ ਵਰਤੋਂ ਕਰਨ ਦੀ ਹਦਾਇਤ ਛੁਪੀ ਹੋਈ ਹੈ। ਜਦ ਅਸੀਂ ਇਉਂ ਆਖਦੇ ਹਾਂ- 'ਤਾਲੋਂ ਘੁੱਥੀ ਡੂਮਣੀ ਬੋਲੇ ਆਲ-ਪਤਾਲ' ਤਾਂ ਅਸੀਂ ਕਿਸੇ ਢਿੱਲੜ, ਆਲਸੀ ਜਾਂ ਸਮੇਂ ਸਿਰ ਸਹੀ ਫੈਸਲਾ ਨਾ ਲੈ ਸਕਣ ਵਾਲੇ ਦੁਚਿੱਤੇ ਬੰਦੇ ਨੂੰ ਹੀ ਤਾਅਨਾ ਮਾਰ ਰਹੇ ਹੁੰਦੇ ਹਾਂ। ਐਸਾ ਹੀ ਚਿਤਾਵਨੀ ਤਾਅ੍ਹਨਾ ਕਿਸੇ ਉੜਦੂ ਸ਼ਾਇਰ ਨੇ, ਉਨ੍ਹਾਂ ਲੋਕਾਂ ਨੂੰ ਮਾਰਿਆ ਹੈ, ਜੋ ਅੱਜ ਦਾ ਕੰਮ ਕੱਲ 'ਤੇ ਛੱਡ ਦੇਣ ਦੀ ਆਦਤ ਦੇ ਗ੍ਰਸੇ ਹੋਏ ਹੁੰਦੇ ਹਨ;

ਜ਼ਿੰਦਗੀ ਗੁਜ਼ਰ ਚੁੱਕੀ ਥੀ
ਜਬ ਜੀਨੇ ਕਾ ਢੰਗ ਆਇਆ।
ਸ਼ਮ੍ਹਾਂ ਬੁੱਝ ਚੁੱਕੀ ਥੀ
ਜਬ ਮਹਿਫਲ ਮੇਂ ਰੰਗ ਆਇਆ।
ਗਾੜੀ ਨਿਕਲ ਚੁਕੀ ਥੀ
ਜਬ ਘਰ ਸੇ ਚਲਾ ਮੁਸਾਫਿਰ,
ਫਿਰ ਹਾਥ ਮਲਤੇ ਮਲਤੇ
ਵਾਪਸ ਬੇ-ਰੰਗ ਆਇਆ।
ਮਨ ਕੀ ਮਸ਼ੀਨਰੀ ਨੇ
ਤਬ ਕਾਮ ਕਰਨਾ ਸੀਖਾ,
ਬੂੜ੍ਹੇ ਜਿਸਮ ਕੇ ਪੁਰਜਾ ਪੁਰਜਾ ਮੇਂ,
ਜਬ ਜੰਗ ਆਇਆ।
ਜ਼ਿੰਦਗੀ ਨੇ ਆਖ਼ਿਰ
ਸਭ ਹਥਿਆਰ ਫੈਂਕ ਡਾਲੇ,
ਜਬ ਯਮਰਾਜ ਹਥਿਆਰ ਲੇਕਰ,
ਕਰਨੇ ਜੰਗ ਆਇਆ।
ਫੁਰਸਤ ਕੇ ਵਕਤ ਨਾ
ਇਬਾਦਤ ਕਾ ਵਕਤ ਨਿਕਲਾ,
ਵਕਤ ਤਬ ਮਾਂਗਾ?
ਜਬ ਵਕਤ ਤੰਗ ਆਇਆ।

ਗੱਡੀ ਨਿਕਲ ਜਾਣ ਦੇ ਬਾਅਦ, ਪਛਤਾਵੇ 'ਚ ਹੱਥ ਮਲਣੇ ਦੀ ਨੌਬਤ ਤੋਂ ਬਚਾਅ ਲਈ, ਮੇਰੇ ਇਕ ਫੌਜੀ ਮਿੱਤਰ ਦੀ ਆਦਤ 'ਚ ਹਵਾਲਾ ਸੁਣੋ। ਮੇਰੇ ਪਿੰਡ ਆਉਂਦੀ ਮਿਨੀ ਬੱਸ ਰਾਹੀਂ ਉਹ ਅਕਸਰ ਮੈਨੂੰ ਮਿਲਣ ਆਇਆ ਕਰਦਾ ਸੀ। ਸਾਡੇ ਘਰੋਂ ਰੁਖਸਤ ਹੋਣ ਵੇਲੇ ਮੈਂ ਆਪਣੀ ਘੜੀ ਵਲ ਨਜ਼ਰ ਮਾਰ ਕੇ ਉਸਨੂੰ ਆਖਿਆ ਕਿ ਹਾਲੇ ਬੱਸ ਆਉਣ ਵਿਚ ਅੱਧਾ ਘੰਟਾ ਰਹਿੰਦਾ ਹੈ, ਥੋੜ੍ਹਾ ਚਿਰ ਹੋਰ ਰੁਕ ਲੈ। ਮੋਹਰਿਉਂ ਉਸਨੇ ਬੜੀ ਪਤੇ ਦੀ ਗੱਲ ਕਹੀ, ''ਬੱਸ ਅੱਡੇ ਉੱਤੇ ਪਹਿਲੋਂ ਪਹੁੰਚਣਾ ਚੰਗਾ ਹੁੰਦੈ ਕਿਉਂਕਿ ਬੱਸਾਂ ਦੀ ਉਡੀਕ ਵਿਚ ਮੁਸਾਫਿਰ ਖੜ੍ਹੇ ਹੋ ਸਕਦੇ ਨੇ, ਪਰ ਬੱਸ ਨੇ ਮੁਸਾਫਰਾਂ ਨੂੰ ਨਹੀਂ ਉਡੀਕਣਾ ਹੁੰਦਾ!''

ਬ੍ਰਹਿਮੰਡ ਵਿਚ ਚੰਨ, ਸੂਰਜ, ਧਰਤੀ ਅਤੇ ਅਣਗਿਣਤ ਸਿਤਾਰੇ ਦਿਨ ਰਾਤ ਚੱਲ ਰਹੇ ਹਨ। ਇਨ੍ਹਾਂ ਵਿਚੋਂ ਕਿਸੇ ਇੱਕ ਦਾ ਰੁਕਣਾ ਤਾਂ ਕਿਤੇ ਰਿਹਾ, ਜੇ ਕਿਤੇ ਕੋਈ ਆਪਣੀ ਗ੍ਰਹਿਚਾਲ ਤੋਂ ਹਵਾ ਸਮਨ ਵੀ ਥਿੜਕ ਜਾਏ ਤਾਂ ਵੱਡੀ ਗੜਬੜ ਦੀ ਸੰਭਾਵਨਾ ਹੁੰਦੀ ਹੈ। ਕਰਤੇ ਪੁਰਖ ਦੇ ਨਿਯਮ ਵਿਚ 'ਦਿਨ ਰਵਿ ਚਲੈ ਨਿਸ ਸਸਿ ਚਲੈ' ਸਭ ਕੁਝ ਗਤੀਸ਼ੀਲ ਹੈ। ਨਬਜ਼ 'ਤੇ ਹੱਥ ਰੱਖੋ, ਜੇ ਚੱਲ ਰਹੀ ਹੈ ਤਾਂ ਬੰਦਾ 'ਬੰਦਾ' ਹੈ, ਨਹੀਂ ਤਾਂ ਸੁਆਹ ਦੀ ਢੇਰੀ। ਟਾਈਮ-ਪੀਸ ਦੀ 'ਟਿੱਕ-ਟਿੱਕ-ਟਿੱਕ' ਤੋਂ ਜ਼ਿੰਦਗੀ ਦੀ ਚਾਲ ਨੂੰ ਵੀ 'ਤੁਰਿਆ ਚੱਲ-ਤੁਰਿਆ ਚੱਲ' ਵਾਲੀ ਹੱਲਾਸ਼ੇਰੀ ਪ੍ਰਾਪਤ ਹੁੰਦੀ ਹੈ। ਇਸ ਤੋਂ ਪਹਿਲਾਂ ਕਿ ਜ਼ਿੰਦਗੀ ਦੀ 'ਟਿੱਕ-ਟਿੱਕ-ਟਿੱਕ' ਰੁਕ ਜਾਏ, ਸਮੇਂ ਦੀ ਕਦਰ ਕਰਦਿਆਂ ਸਾਨੂੰ ਬੇ-ਅਰਥ ਗੱਲਾਂ ਲਈ ਟਾਈਮਪਾਸ ਕਰਨ ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ;

ਜੇ ਤੂੰ ਮੰਜ਼ਿਲ ਪਾਉਣੀ ਹੈ ਤਾਂ ਤੁਰਿਆ ਚਲ
ਵੇਖ ਨਾ ਸੜਕ ਕਿਨਾਰੇ ਗੱਡੇ ਪੱਥਰ ਵੱਲ!

---

# ਅੰਧ ਵਿਸ਼ਵਾਸ

ਮੇਜਰ ਕੁਲਾਰ

ਜੇ ਵਿਆਹ ਕਰਵਾਉਣ ਵਾਲੇ ਮੁੰਡੇ ਨੂੰ ਵਿਆਹ ਦੀ ਖੁਸ਼ੀ ਹੁੰਦੀ ਹੈ ਤਾਂ ਨਾਨਕਾ ਮੇਲ ਵਿਚ ਮਾਮੀਆਂ ਨੂੰ ਛੱਜ ਕੁੱਟਣ ਦਾ ਚਾਅ ਹੁੰਦਾ ਏ। ਜੇ ਖੰਜਰ ਨੇ ਜ਼ਖਮ ਕਰਨਾ ਸਿੱਖਿਆ ਹੈ ਤਾਂ ਹਲਦੀ ਕੋਲ ਉਸ ਨੂੰ ਭਰਨ ਦੇ ਨੁਕਤੇ ਹਨ। ਜਦੋਂ ਜਨਾਨੀ ਪੁੱਤਰ ਨੂੰ ਜਨਮ ਦੇ ਕੇ ਸੰਪੂਰਨਤਾ ਹਾਸਲ ਕਰਦੀ ਹੈ ਉਦੋਂ ਮਨੁੱਖ ਘਰ ਆਏ ਵਾਰਿਸ ਨੂੰ ਵੇਖ ਲੋਕਾਂ ਵਿਚ ਚੌੜਾ ਹੋ ਕੇ ਆਪਣੀ ਮਰਦਾਨਗੀ ਦਾ ਸਬੂਤ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਏ। ਧਰਤੀ ਉੱਪਰ ਹੜ੍ਹਾਂ ਦੇ ਵਗਦੇ ਪਾਣੀ ਨਾਲ ਧਰਤੀ ਨੂੰ ਭੋਰਾ ਥਕਾਵਟ ਨਹੀਂ ਹੁੰਦੀ, ਪਰ ਹਮੇਸ਼ਾ ਆਪਣੇ ਢਿੱਡੋਂ ਨਿਕਲਦੇ ਪਾਣੀ ਦਾ ਡਰ ਲੱਗਿਆ ਰਹਿੰਦਾ ਏ। ਪਹਿਲੀ ਮੁਲਾਕਾਤ ਦਾ ਆਸ਼ਿਕ ਨੂੰ ਬਹੁਤ ਸ਼ੌਕ ਤੇ ਚਾਅ ਹੁੰਦਾ ਏ, ਫੁੱਲਾਂ ਦੀ ਕਿਆਰੀ ਕੋਲ ਖੜ੍ਹ ਕੇ ਫੁੱਲ ਪਸੰਦ ਕਰਵਾਏ ਤੇ ਫੁੱਲਾਂ ਨੂੰ ਲੱਗਦਾ ਕਿ ਸਾਡੇ ਵਿਚੋਂ ਇਕ ਨੂੰ ਬਲੀ ਦਾ ਬੱਕਰਾ ਬਣਨਾ ਪੈਣਾ ਏ, ਪਰ ਇਸ ਭੋਲੇ ਪੰਛੀ ਨੂੰ ਮਿਲਣਾ ਫਿਰ ਵੀ ਕੁਝ ਨਹੀਂ। ਕੁੜੀ ਦਾ ਦਾਜ ਬਣਾਉਂਦਿਆਂ ਮਾਂ ਤੇ ਧੀ ਕਸੀਦਾ, ਕਢਾਈ ਕਰਦੀਆਂ ਆਪਣੇ ਚਾਅ ਤੇ ਸੁਪਨੇ ਨੂੰ ਵੇਖਦੀਆਂ ਥੱਕਦੀਆਂ ਨਹੀਂ, ਪਰ ਦਾਜ ਦੇ ਲਾਲਚੀ ਸਹੁਰੇ ਸਭ ਕੁਝ ਭੁਲਾ ਕੇ ਸਾਰਾ ਕੁਝ ਅਗਨੀ ਭੇਟ ਕਰ ਦਿੰਦੇ ਹਨ। ਜਿਸ ਤਰ੍ਹਾਂ ਨਿਤ ਦਿਨ ਧਰਤੀ ਦੀ ਹਿੱਕ ਪਾੜ ਕੇ ਵੀਹ ਪੰਝੀ ਇੰਚ ਖੁੱਲ੍ਹੇ ਪਾਈਪ ਵਿਚ ਸਿੱਟ ਕੇ ਪਾਣੀ ਦੀ ਹੋਂਦ ਨੂੰ ਖਤਮ ਕੀਤਾ ਜਾ ਰਿਹਾ ਹੈ, ਲੱਗਦਾ ਛੇਤੀ ਹੀ ਪਾਣੀ ਵਾਲੇ ਬਾਬੇ ਪ੍ਰਗਟ ਹੋ ਜਾਣਗੇ ਜਿਸ ਤਰ੍ਹਾਂ ਮੁੰਡਾ ਦੇਣ ਵਾਲੇ ਬਾਬੇ ਪੈਦਾ ਹੋਏ ਹਨ। ਲੋਕਾਂ ਨੇ ਬਾਬਿਆਂ ਅੱਗੇ ਤਰਲੇ ਕਰਨੇ ਹਨ ਕਿ ਸਾਡੇ ਘਰ ਪਾਣੀ ਪੈਦਾ ਨਹੀਂ ਹੁੰਦਾ। ਸਾਰੇ ਵਿਹੜੇ ਵਿਚ ਬੋਰ ਕਰ ਕਰ ਹੰਭ ਗਏ ਹਾਂ। ਫਿਰ ਅਸੀਂ ਵੀ ਬਾਬਿਆਂ ਹਥੋਂ ਲੁੱਟੇ ਜਾਵਾਂਗੇ ਜਿਸ ਤਰਾਂ ਪੋਤਰੇ ਦੀ ਤਮੰਨਾ ਨਾਲ ਗੁਰਨਾਮ ਸਿਉਂ ਪਾਖੰਡੀ ਬਾਬੇ ਦੇ ਅੜਿੱਕੇ ਚੜ ਗਿਆ ਸੀ।

ਗੁਰਨਾਮ ਸਿਉਂ ਪਿਛਲੇ ਵੀਹ ਸਾਲਾਂ ਤੋਂ ਅਮਰੀਕਾ ਵਿਚ ਰਹਿੰਦਾ ਸੀ। ਪਰਮਾਤਮਾ ਨੇ ਕੋਈ ਘਾਟ ਨਹੀਂ ਛੱਡੀ, ਸਭ ਕੁਝ ਦਿੱਤਾ ਦੋ ਟਾਈਮ ਬਾਣੀ ਪੜ੍ਹਨ ਵਾਲਾ ਗੁਰਨਾਮ ਸਿਉਂ ਰੱਬ ਦਾ ਸ਼ੁਕਰ ਅਦਾ ਕਰਦਾ ਨਾ ਥੱਕਦਾ। ਵੱਡੇ ਲੜਕੇ ਨੂੰ ਇੰਡੀਆ ਜਾ ਕੇ ਵਿਆਹ ਆਇਆ ਬਿਨਾ ਦਾਜ ਦਹੇਜ ਲਏ, ਤਿੰਨ ਕੱਪੜਿਆਂ ਵਿਚ ਨੂੰਹ ਲਿਆਂਦੀ। ਜਦ ਨੂੰਹ ਦੀ ਅਮਰੀਕਾ ਆਉਣ ਦੀ ਵਾਰੀ ਆਈ ਤਾਂ ਉਹ ਕਿਸੇ ਦੂਜੀ ਸਟੇਟ ਵਿਚ ਆਪਣੇ ਰਿਸ਼ਤੇਦਾਰਾਂ ਕੋਲ ਉੱਤਰ ਗਈ। ਮੁੰਡੇ ਨੇ ਉਸਦੀ ਬੇਵਫਾਈ ਤੇ ਔਰਤ ਜਾਤ ਤੋਂ ਹੀ ਪਾਸਾ ਵੱਟ ਲਿਆ। ਹੁਣ ਛੋਟੇ ਮੁੰਡੇ ਦਾ ਵਿਆਹ ਇਥੇ ਹੀ ਕਰਨ ਦਾ ਮਨ ਬਣਾ ਲਿਆ। ਮਿੱਤਰਾਂ ਨੇ ਰਿਸ਼ਤਾ ਕਰਵਾ ਦਿੱਤਾ। ਵਧੀਆ ਵਿਆਹ ਹੋਇਆ। ਤਿੰਨ ਸਾਲ ਬੀਤ ਗਏ ਨੂੰਹ ਰਾਣੀ ਨੇ ਕੋਈ ਖੁਸ਼ੀ ਨਾ ਵਿਖਾਈ ਤਾਂ ਡਾਕਟਰੀ ਇਲਾਜ ਕਰਵਾਇਆ। ਬਥੇਰੀਆਂ ਦਵਾਈਆਂ ਖਵਾਈਆਂ ਪਰ ਵਿਹੜੇ ਰੌਣਕ ਨਾ ਹੋਈ, ਨਿੱਤ ਇਕ ਸੁਖਮਨੀ ਸਾਹਿਬ ਦਾ ਪਾਠ ਕਰਨ ਵਾਲਾ ਗੁਰਨਾਮ ਸਿਉਂ ਭਰੋਸੇ ਤੋਂ ਡੋਲਣ ਲੱਗਾ। ਘਰ ਵਾਲੀ ਨੇ ਅੱਡ ਇੰਡੀਆ ਫੋਨ ਕਰਨੇ ਕਿ ਕੋਈ ਧਾਗਾ ਤਵੀਤ ਕਰਵਾ ਕੇ ਦਿਉ ਤੇ ਨੂੰਹ ਅੱਡ ਸੋਚਣ ਲਈ ਮਜਬੂਰ ਹੁੰਦੀ।

ਗੁਰਨਾਮ ਸਿਉਂ ਦੀ ਕੰਪਨੀ ਵਿਚ ਇਕ ਅੰਧ ਵਿਸ਼ਵਾਸੀ ਸੋਚ ਵਾਲੇ ਪੰਜਾਬੀ ਨੇ ਗੁਰਨਾਮ ਸਿਉਂ ਨੂੰ ਇੰਡੀਆ ਰਹਿੰਦੇ ਇਕ ਪਾਖੰਡੀ ਸਾਧ ਦਾ ਫੋਨ ਨੰਬਰ ਦੇ ਦਿੱਤਾ ਜੋ ਫੋਨ ਉੱਪਰ ਹੀ ਸਾਰੇ ਉਪਾਅ ਕਰ ਦਿੰਦਾ ਹੈ। ਗੁਰਨਾਮ ਸਿਉਂ ਨੇ ਫੋਨ ਘੁਮਾਇਆ ਅੱਗੇ ਬੜੇ ਰੱਬੀ ਰੂਪ ਵਿਚ ਜਵਾਬ ਮਿਲਿਆ। ਫੋਨਾਂ ਦਾ ਸਿਲਸਿਲਾ ਸ਼ੁਰੂ ਹੋਇਆ ਤੇ ਇੰਡੀਆ ਨੂੰ ਡਾਲਰ ਵੀ ਰੁਪਏ ਵਿਚ ਬਦਲਣ ਲੱਗੇ, ਬਾਬਾ (ਪਾਖੰਡੀ ਸਾਧ) ਆਖੇ ਪੋਤਰਾ ਆਇਆ ਲੈ ਤੇ ਗੁਰਨਾਮ ਸਿਉਂ ਆਖੇ ਡਾਲਰ ਆਏ ਲੈ। ਚੋਰੀ ਚੋਰੀ ਘਰਦਿਆਂ ਤੋਂ ਗੁਰਨਾਮ ਸਿਉਂ ਲੁੱਟ ਹੁੰਦਾ ਰਿਹਾ।

ਨੂੰਹ ਰਾਣੀ ਦੀ ਭੂਆ ਨੇ ਆਖਿਆ ਕਿ ਮੈਂ ਤੈਨੂੰ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰਵਾ ਕੇ ਲਿਆਂਦੀ ਹਾਂ ਨਾਲੇ ਆਪਾਂ ਪੰਜਾਂ ਤਖਤਾਂ ਦੇ ਦਰਸ਼ਨ ਕਰਕੇ ਆਵਾਂਗੀਆਂ ਫਿਰ ਵੇਖੀਂ ਤੇਰੀ ਗੋਦ ਕਿਵੇਂ ਹਰੀ ਹੁੰਦੀ। ਭੂਆ ਜੀ ਆਪਣੀ ਭਤੀਜੀ ਸਮੇਤ ਇੰਡੀਆ ਪਹੁੰਚ ਗਈ। ਪੰਜਾਂ ਤਖਤਾਂ ਦੇ ਦਰਸ਼ਨ ਕੀਤੇ, ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕੀਤਾ। ਹੁਕਮ ਹੋਇਆ ਕਿ ਦੋ ਸੁਖਮਨੀ ਸਾਹਿਬ ਦੇ ਪਾਠ ਰੋਜ਼ ਕਰਨੇ ਹਨ। ਤੁਹਾਡੇ ਘਰ ਭੁਝੰਗੀ ਆ ਜਾਵੇਗਾ। ਵਾਪਿਸ ਆ ਕੇ ਨੂੰਹ ਰਾਣੀ ਨੇ ਪਾਠ ਸ਼ੁਰੂ ਕੀਤੇ। ਤਿੰਨ ਮਹੀਨਿਆਂ ਬਾਅਦ ਕੀਤੀਆਂ ਅਰਦਾਸਾਂ ਤੇ ਕਰਵਾਈਆਂ ਦੇਗਾਂ ਰਾਸ ਆ ਗਈਆਂ। ਨੂੰਹ ਰਾਣੀ ਦਾ ਪੈਰ ਭਾਰੀ ਹੋ ਗਿਆ। ਜਦੋਂ ਗੁਰਨਾਮ ਸਿਉਂ ਨੂੰ ਪਤਾ ਲੱਗਿਆ ਤਾਂ ਉਹ ਪਾਖੰਡੀ ਸਾਧ ਦੀ ਜੈ ਜੈ ਕਾਰ ਕਰਨ ਲੱਗਿਆ। ਪਹਿਲਾਂ ਉਪਾਅ ਲਈ ਡਾਲਰ ਭੇਜੇ, ਹੁਣ ਸ਼ੁਕਰਾਨੇ ਵਜੋਂ ਭੇਜਣ ਲੱਗਾ। ਨੂੰਹ ਰਾਣੀ ਨੂੰ ਹੋਰ ਵਿਸ਼ਵਾਸ ਹੋ ਗਿਆ ਤੇ ਪਾਠ ਕਰਨੋ ਨਾ ਹਟੀ। ਪਰਮਾਤਮਾ ਨੇ ਕਿਰਪਾ ਕੀਤੀ ਨੂੰਹ ਰਾਣੀ ਦੇ ਗੋਦ ਬੜੇ ਸੁੰਦਰ ਬਾਲਕ ਨੇ ਜਨਮ ਲਿਆ। ਸਾਰਾ ਘਰ ਚਾਨਣ ਨਾਲ ਭਰ ਗਿਆ। ਪੋਤਰੇ ਦੀ ਖੁਸ਼ੀ ਵਿਚ ਗੁਰਨਾਮ ਸਿਉਂ ਨੇ ਕਰੈਡਿਟ ਕਾਰਡ ਤੋਂ ਪੈਸੇ (ਡਾਲਰ) ਚੁੱਕ ਬਾਬੇ ਦੇ ਹਵਾਲੇ ਕਰ ਦਿੱਤੇ। ਹੁਣ ਗੁਰਨਾਮ ਸਿਉਂ ਨੂੰ ਪੋਤਰਾ ਮਿਲਣ ਤੋਂ ਬਾਅਦ ਲੱਗਿਆ ਕਿ ਉਹ ਆਰਥਿਕ ਪੱਖੋਂ ਤੇ ਸਰੀਰਕ ਪੱਖੋਂ ਦਿਨੋ ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ।

ਉਸਨੇ ਇਸ ਬਾਰੇ ਬਾਬੇ ਤੋਂ ਪੁੱਛਣਾ ਚਾਹਿਆ ਕਿ ਬਾਬਾ ਜੀ ਘਰ ਪਹਿਲਾਂ ਨਾਲੋਂ ਥੱਲੇ ਵਲ ਜਾ ਰਿਹਾ ਹੈ। ਚੜ੍ਹਿਆ ਕਰਜ਼ਾ ਨਿੱਤ ਦਿਨ ਵਧਦਾ ਜਾ ਰਿਹਾ ਹੈ। ਹੁਣ ਪੋਤਰੇ ਵਾਂਗ ਮਾਇਆ ਦੇ ਗੱਫੇ ਵੀ ਬਖਸ਼ੋ, ਕਰਵਾਉ ਫਿਰ ਇਕ ਵਾਰ ਧੰਨ ਧੰਨ। ਗੁਰਨਾਮ ਸਿਉਂ ਦੀਆਂ ਗੱਲਾਂ ਸੁਣ ਕੇ ਬਾਬੇ ਨੇ ਜਾਅਲੀ ਜਿਹਾ ਹਾਸਾ ਹੱਸਿਆ।

ਪਾਖੰਡੀ ਸਾਧ ਨੇ ਜਵਾਬ ਵਿਚ ਗੁਰਨਾਮ ਸਿਉਂ ਨੂੰ ਆਖਿਆ, 'ਸੇਵਾਦਾਰ ਤੈਨੂੰ ਪੋਤੇ ਦੀ ਤਮੰਨਾ ਸੀ ਤੇ ਬਾਬਿਆਂ ਨੂੰ ਨੋਟਾਂ ਦੀ ਤਮੰਨਾ ਸੀ। ਤੂੰ ਸਾਡੀ ਤਮੰਨਾ ਪੂਰੀ ਕਰ ਦਿੱਤੀ, ਬਾਬਿਆਂ ਨੇ ਤੇਰੀ ਤਮੰਨਾ ਪੂਰੀ ਕਰ ਦਿੱਤੀ ਹੈ। ਹੁਣ ਜੇ ਤੈਨੂੰ ਪੈਸੇ ਦੀ ਭੁੱਖ ਹੈ ਤਾਂ ਕੋਈ ਨੋਟਾਂ ਵਾਲਾ ਬਾਬਾ ਲੱਭ, ਇਹ ਤਾਂ ਮੁੰਡੇ ਵਾਲਾ ਬਾਬਾ ਸੀ ਤੇ ਅੱਜ ਤੋਂ ਤੇਰਾ ਮੇਰਾ ਹਿਸਾਬ ਬਰਾਬਰ।' ਆਖ ਬਾਬਾ ਫੋਨ ਕੱਟ ਗਿਆ ਤੇ ਗੁਰਨਾਮ ਸਿਉਂ ਦੇ ਕੰਨੀ ਕੱਟੇ ਹੋਏ ਫੋਨ ਦੀ ਆਵਾਜ਼ ਤੋਂ ਬਗੈਰ ਹੋਰ ਕੁਝ ਪੱਲੇ ਨਹੀਂ ਸੀ।

ਆਖਰ ਸਿਰ ਫੜ ਕੇ ਬੈਠ ਗਿਆ। ਨੂੰਹ ਰਾਣੀ ਨੇ ਦੱਸਿਆ ਕਿ ਬਾਪੂ ਜੀ ਮੈਨੂੰ ਪੁੱਤਰ ਪਾਖੰਡੀ ਬਾਬੇ ਤੋਂ ਨਹੀਂ ਸੁਖਮਨੀ ਸਾਹਿਬ ਦੀ ਬਾਣੀ ਵਿਚੋਂ ਬਖਸ਼ਿਸ਼ ਹੋਇਆ ਏ ਜਿਸ ਪਾਖੰਡੀ ਬਾਬੇ ਦੀ ਤੁਸੀਂ ਮਹਿਮਾ ਕਰਦੇ ਨਹੀਂ ਸੀ ਥੱਕਦੇ ਉਸਦੇ ਤਾਂ ਆਪ ਤਿੰਨ ਕੁੜੀਆਂ ਹਨ, ਪੁੱਤਰ ਇਕ ਵੀ ਨਹੀਂ। ਤੁਹਾਡੇ ਪੈਸੇ ਨਾਲ ਉਸਨੇ ਆਪਣੀਆਂ ਤਿੰਨਾਂ ਧੀਆਂ ਦੇ ਵਿਆਹ ਕਰ ਲਏ ਹਨ। ਉਹ ਇਕ ਨੰਬਰ ਦਾ ਬਦਮਾਸ਼ ਟਾਈਪ ਬੰਦਾ ਹੈ।

ਇਹ ਸਭ ਕੁਝ ਸੁਣ ਕੇ ਗੁਰਨਾਮ ਸਿਉਂ ਨੇ ਆਪਣੀ ਨੂੰਹ ਰਾਣੀ ਅੱਗੇ ਹੱਥ ਜੋੜ ਲਏ ਤੇ ਆਖਿਆ ਪੁੱਤਰਾ ਮੈਨੂੰ ਮੁਆਫ ਕਰ ਦੇਹ ਮੈਂ ਬਾਣੀ ਨਾਲੋਂ ਮੁੱਖ ਮੋੜ ਕੇ ਇਸ ਪਾਖੰਡੀਆਂ ਦੇ ਅੰਧ ਵਿਸ਼ਵਾਸ ਵਿਚ ਆ ਗਿਆ ਸੀ। ਮੈਂ ਅੱਜ ਤੋਂ ਫਿਰ ਸੁਖਮਨੀ ਸਾਹਿਬ ਦਾ ਸਿਮਰਨ ਅਰੰਭ ਕਰਦਾ ਹਾਂ। ਆਪੇ ਸ਼ਹੀਦਾਂ ਦੇ ਸਿਰਤਾਜ ਮੇਰੀ ਝੋਲੀ ਸੁਖ ਧਨ ਦੌਲਤ ਪਾਉਣਗੇ ਤੇ ਆਪਾਂ ਇੰਡੀਆ ਜਾ ਕੇ ਫਿਰ ਪੰਜਾਂ ਤਖਤਾਂ ਦੇ ਦਰਸ਼ਨ ਕਰਕੇ ਆਵਾਂਗੇ। ਮੈਂ ਆਪਣੀ ਵੀ ਭੁੱਲ ਬਖਸ਼ਾ ਲਵਾਂਗਾ। ਸਾਰੇ ਪਰਿਵਾਰ ਦੇ ਜੀਅ ਵਾਹਿਗੁਰੂ ਦੇ ਸ਼ੁਕਰਾਨੇ ਵਿਚ ਭਿੱਜ ਗਏ। ਵੀਰੋ ਆਪਾਂ ਵੀ ਸੋਚੀਏ ਤੇ ਬਚੀਏ ਇਨ੍ਹਾਂ ਵਿਹਲੜ ਸਾਨ੍ਹਾਂ ਤੋਂ ਇਨ੍ਹਾਂ ਕੋਲ ਕੁਝ ਵੀ ਨਹੀਂ ਵਾਹਿਗੁਰੂ ਦੇ ਸਿਮਰਨ ਨਾਲ ਹਰ ਇਕ ਦਾਤ ਦੀ ਤਮੰਨਾ ਪੂਰੀ ਹੋ ਸਕਦੀ ਹੈ। ਇਕ ਵਾਰ ਸਿਮਰਨ ਕਰਕੇ ਵੇਖਿਉ ਰੱਬ-ਰਾਖਾ।

# ਨਿਊ ਯਾਰਕ ਦੇ ਪੰਥਕ ਇਕੱਠ ’ਚ ਪ੍ਰੋ. ਦਰਸ਼ਨ ਸਿੰਘ ਦੀ ਡਟਵੀਂ ਹਮਾਇਤ

**ਨਿਊ ਯਾਰਕ:** ਇਥੇ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਚ ਲੰਘੇ ਸਨਿਚਰਵਾਰ ਹੋਏ ਪੰਥਕ ਇਕੱਠ ਵਿਚ ਪ੍ਰੋ. ਦਰਸ਼ਨ ਸਿੰਘ ਵਿਰੁਧ ਅਕਾਲ ਤਖ਼ਤ ਵਲੋਂ ਕੀਤੀ ਗਈ ਤਨਖਾਹੀਆ ਦੇਣ ਦੀ ਕਾਰਵਾਈ ਇਕਤਰਫਾ ਤੇ ਰਾਜਨੀਤੀ ਤੋਂ ਪ੍ਰੇਰਿਤ ਕਰਾਰ ਦਿੰਦਿਆਂ ਇਸ ਦਾ ਵਿਰੋਧ ਕੀਤਾ ਗਿਆ। ਇਸ ਤੋਂ ਇਲਾਵਾ ਲੁਧਿਆਣਾ ਵਿਚ ਆਸੂਤੋਸ਼ ਦੇ ਸਮਾਗਮ ਦਾ ਵਿਰੋਧ ਕਰਦੇ ਸਿੱਖਾਂ ਉਪਰ ਚਲਾਈ ਗਈ ਗੋਲੀ ਦੀ ਨਿੰਦਾ ਕਰਦਿਆਂ ਇਸ ਘਟਨਾ ਪਿਛੇ ਬਾਦਲ ਸਰਕਾਰ ਦਾ ਹੱਥ ਦੱਸਿਆ ਗਿਆ ਅਤੇ ਬਾਦਲਕਿਆ ਨੂੰ ਪੂਰੀ ਤਰ੍ਹਾਂ ਨਕਾਰਿਆ ਗਿਆ।

ਇਸ ਮੌਕੇ ਪਾਸ ਕੀਤੇ ਗਏ ਵੱਖ ਵੱਖ ਮਤਿਆਂ ਰਾਹੀਂ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਦਾ ਪੂਰਾ ਸਮਰਥਨ ਕੀਤਾ ਗਿਆ। ਅਕਾਲ ਤਖਤ ਤੋਂ ਜਾਰੀ ਹੋਏ ਫੁਰਮਾਨ ਨੂੰ ਗਿਆਨੀ ਗੁਰਬਚਨ ਸਿੰਘ ਵਲੋਂ ਜਾਰੀ ਕੀਤਾ ਗਿਆ ਇੱਕਤਰਫੀ ਹੁਕਮ ਦੱਸਿਆ ਗਿਆ ਅਤੇ ਇਸ ਨੂੰ ਮੰਨਣ ਤੋਂ ਇਨਕਾਰ ਕੀਤਾ ਗਿਆ।

ਸਿੱਖ ਵਿਦਵਾਨ ਡਾ. ਸਤਨਾਮ ਸਿੰਘ ਧਾਮੀ ਨੇ ਤਾਂ ਇਥੋਂ ਤੱਕ ਕਿਹਾ ਕਿ ਇਹ ਹੁਕਮਨਾਮਾ ਜਾਰੀ ਕਰਨ ਵਾਲੇ ਜਥੇਦਾਰਾਂ ਵਿਚੋਂ ਤਿੰਨ ਖੁਦ ਅਕਾਲ ਤਖਤ ਸਾਹਿਬ ਤੋਂ ਭਗੌੜੇ ਹਨ। ਉਨ੍ਹਾਂ ਕਿਹਾ ਕਿ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਹੀ ਲਾਗੂ ਨਹੀਂ ਹੈ। ਉਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਜੋ ਕਿ ਸਿੱਖ ਰਹਿਤ ਮਰਿਯਾਦਾ ਦੀ ਸਭ ਤੋਂ ਘਿਨਾਉਣੀ ਉਲੰਘਣਾ ਹੈ। ਉਨ੍ਹਾਂ ਦੱਸਿਆ ਕਿ ਅਕਾਲ ਤਖਤ ਸਾਹਿਬ ਦਾ ਜਥੇਦਾਰ ਉਥੇ ਗਿਆ ਜਿਥੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕੀਤਾ ਹੋਇਆ ਸੀ।

“ਗੁਰੂ ਮਾਨਿਓ ਗ੍ਰੰਥ” ਦੇ ਫਲਸਫੇ ਨਾਲ ਸਿੱਖ ਸੰਗਤ ਕਿੰਨੀ ਜਿਆਦਾ ਜੁੜੀ ਹੋਈ ਹੈ ਇਸ ਦਾ ਸਬੂਤ ਉਸ ਸਮੇਂ ਮਿਲਿਆ ਜਦੋਂ ਈਸਟ ਕੋਸਟ ਦੇ ਇਸ ਪ੍ਰਮੁੱਖ ਗੁਰੂ ਘਰ ਵਿਚ ਭਾਰੀ ਗਿਣਤੀ ਵਿਚ ਇੱਕਠੀਆਂ ਹੋਈਆਂ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਨੂੰ ਗੁਰੂ ਸਾਬਤ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਡੱਟ ਕੇ ਵਿਰੋਧ ਕਰਨ ਦਾ ਸਕੰਲਪ ਲਿਆ। ਇਸ ਇੱਕਠ ਵਿਚ ਨਿਊਯਾਰਕ, ਨਿਊਜਰਸੀ, ਕਨੈਕਟੀਕਟ, ਪੈਨਸਲਵੇਨੀਆ, ਇੰਡੀਆਨਾ ਅਤੇ ਕੈਲੇਫੋਰਨੀਆ ਤੋਂ ਸਿੱਖ ਆਗੂ ਸ਼ਾਮਲ ਹੋਏ।



ਲੁਧਿਆਣਾ ’ਚ ਆਸੂਤੋਸ਼ ਦੇ ਪ੍ਰੋਗਰਾਮ ਨੂੰ ਰੋਕਣ ਲਈ ਸ਼ਾਂਤਮਈ ਰੋਸ ਕਰਦੇ ਸਿੰਘਾਂ ਨੂੰ ਗੋਲੀਆਂ ਮਾਰੇ ਜਾਣ ਦੀ ਘਟਨਾ ‘ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਗੁਰੂ ਚਰਨਾਂ ’ਚ ਅਰਦਾਸ ਕੀਤੀ ਗਈ ਕਿ ਵਾਹਿਗੁਰੂ ਸ਼ਹੀਦ ਦੀ ਆਤਮਾ ਨੂੰ ਚਰਨਾਂ ’ਚ ਨਿਵਾਸ ਦੇਵੇ, ਜਖ਼ਮੀ ਸਿੰਘਾਂ ਨੂੰ ਚੜਦੀ ਕਲਾ ਬਖਸ਼ੇ।

ਨਿਊ ਯਾਰਕ ਵਿਚ ਲਿਖਤੀ ਰੂਪ ਵਿਚ ਬੇਨਤੀ ਪੱਤਰ ਲੈਣ ਤੋਂ ਉਪਰੰਤ ਵੀ ਗਿਆਨੀ ਗੁਰਬਚਨ ਸਿੰਘ ਵਲੋਂ ਪ੍ਰੋ. ਦਰਸ਼ਨ ਸਿੰਘ ਇੱਕਤਰਫੀ ਕਾਰਵਾਈ ਤੋਂ ਸੰਗਤ ਦਾ ਵੱਡਾ ਹਿੱਸਾ ਦੁਖੀ ਹੈ। ਚੇਤੇ ਰਹੇ ਨਿਊ ਯਾਰਕ ਵਿਚ ਗਿਆਨੀ ਗੁਰਬਚਨ ਸਿੰਘ ਨੂੰ ਉਨ੍ਹਾਂ ਦੇ ਕਹਿਣ ‘ਤੇ ਤਿੰਨ ਟੀ.ਵੀ. ਹੋਸਟਾਂ ਵਿਰੁੱਧ ਲਿਖਤੀ ਬੇਨਤੀ ਕੀਤੀ ਗਈ ਸੀ ਕਿ ਇਨ੍ਹਾਂ ਨੂੰ ਵੀ ਤਲਬ ਕੀਤਾ ਜਾਵੇ ਪਰ ਗਿਆਨੀ ਗੁਰਬਚਨ ਸਿੰਘ ਨੇ ਇੱਕਤਰਫੀ ਕਾਰਵਾਈ ਨੂੰ ਅੰਜਾਮ ਦੇਣਾ ਠੀਕ ਸਮਝਿਆ।

ਇਸ ਪੰਥਕ ਇਕੱਠ ਵਿਚ ਅਕਾਲ ਤਖਤ ਸਾਹਿਬ ਤੇ ਪ੍ਰੋ. ਦਰਸ਼ਨ ਸਿੰਘ ਦੇ ਪੇਸ਼ ਹੋਣ ਸਮੇਂ ਉਨ੍ਹਾਂ ਦੇ ਨਾਲ ਰਹੇ ਭਾਈ ਰੇਸ਼ਮ ਸਿੰਘ ਇੰਡੀਆਨਾ ਨੇ ਦੱਸਿਆ ਕਿ ਕਿਸ ਤਰ੍ਹਾਂ ਪ੍ਰੋ. ਦਰਸ਼ਨ ਸਿੰਘ ਅਕਾਲ ਤਖਤ ਸਾਹਿਬ ‘ਤੇ ਇਕ ਨਿਮਾਣੇ ਸਿੱਖ ਵਜੋਂ ਪੇਸ਼ ਹੋਏ। ਭਾਈ ਰੇਸ਼ਮ ਸਿੰਘ ਨੇ ਉਹ ਪੈਕੇਜ ਵੀ ਸੰਗਤ ਦੇ ਸਨਮੁੱਖ ਕੀਤਾ ਜੋ ਪ੍ਰੋ. ਦਰਸ਼ਨ ਸਿੰਘ ਨੇ ਅਕਾਲ ਤਖਤ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਰੱਖ ਦਿੱਤਾ ਸੀ। ਜ਼ਿਕਰਯੋਗ ਹੈ ਕਿ ਪ੍ਰੋ. ਦਰਸ਼ਨ ਸਿੰਘ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਉਹ ਅਕਾਲ ਤਖਤ ‘ਤੇ ਪੇਸ਼ ਜਰੂਰ ਹੋਣਗੇ। ਉਨ੍ਹਾਂ ਨੇ ਆਪਣੀ ਪੇਸ਼ੀ ਨੂੰ ਸੰਗਤ ਦੇ ਸਾਹਮਣੇ ਕਰਨ ਲਈ ਕਿਹਾ ਸੀ।

ਭਾਈ ਰੇਸ਼ਮ ਸਿੰਘ ਨੇ ਹੈਰਾਨੀ ਪ੍ਰਗਟ ਕੀਤੀ ਕਿ ਆਮ ਅਦਾਲਤ ਜਿਥੇ ਸਰਾਸਰ ਝੂਠ ਬੋਲੇ ਜਾਂਦੇ ਹਨ ਉਸ ਦੇ ਦਰਵਾਜ਼ੇ ਵੀ ਖੁਲੇ ਹੁੰਦੇ ਹਨ ਪਰ ਅਕਾਲ ਤਖਤ ਸਾਹਿਬ ਸੱਦੇ ਗਏ ਕਿਸੇ ਵਿਅਕਤੀ ਨੂੰ ਅੰਦਰ ਬੰਦ ਕਮਰੇ ਵਿਚ ਕਿਉਂ ਸੁਣੇ ਜਾਣ ਲਈ ਜੋਰ ਪਾਇਆ ਜਾਂਦਾ ਹੈ। ਸੱਚ ਨੂੰ ਲੋਕਾਂ ਸਾਹਮਣੇ ਵਿਚਾਰਨ ਵਿਚ ਕਿਹੜੀ ਦਿੱਕਤ ਹੈ। ਪ੍ਰੋ. ਦਰਸ਼ਨ ਸਿੰਘ ਅਗਰ ਆਪਣਾ ਸਪਸ਼ਟੀਕਰਨ ਆਮ ਸੰਗਤ ਦੇ ਸਾਹਮਣੇ ਅਕਾਲ ਤਖਤ ‘ਤੇ ਦੇਣਾ ਚਾਹੁੰਦੇ ਸਨ ਤਾਂ ਇਸ ਵਿਚ ਹਰਜ ਕੀ ਸੀ? ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਉਥੇ ਨਿਹੰਗ ਸਿੰਘਾਂ ਨੂੰ ਲਿਆਂਦਾ ਗਿਆ ਸੀ ਜਿਨ੍ਹਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਅੱਜ ਦਾ ਮਸਲਾ ਕਿਆ ਹੈ?

ਇੰਡੀਆਨਾ ਤੋਂ ਆਏ ਪ੍ਰਿੰ. ਜਸਵੀਰ ਸਿੰਘ ਨੇ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜੇ ਦਸਮ ਗ੍ਰੰਥ ਨੂੰ ਮਾਨਤਾ ਮਿਲ ਜਾਂਦੀ ਹੈ ਤਾਂ ਸਿੱਖੀ ਦਾ ਘਾਣ ਆਪਣੇ ਆਪ ਹੋ ਜਾਵੇਗਾ। ਕਿਉਂਕਿ ਦਸਮ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਨੂੰ ਦੁਰਗਾ ਦਾ ਪੁਜਾਰੀ ਦਰਸਾਉਣ ਦੀ ਗੱਲ ਕੀਤੀ ਗਈ ਹੈ ਇਸ ਕਰਕੇ ਅਗਰ ਸਿੱਖ ਦਸਮ ਗ੍ਰੰਥ ਦਾ ਉਪਾਸ਼ਕ ਹੋ ਜਾਂਦਾ ਹੈ ਤਾਂ ਉਹ ਆਪਣੇ ਆਪ ਸਿੱਖ ਹਿੰਦੂ ਵਿਚਾਰਧਾਰਾ ਵਿਚ ਗੜੁਚ ਹੋ ਜਾਵੇਗਾ।

ਇਸੇ ਗੁਰੂ ਘਰ ਦੇ ਸਾਬਕਾ ਪ੍ਰਧਾਨ ਭਾਈ ਅਵਤਾਰ ਸਿੰਘ ਪਨੂੰ ਇੱਕੋ ਇੱਕ ਬੁਲਾਰੇ ਸਨ ਜਿਨ੍ਹਾਂ ਨੇ ਪ੍ਰੋ. ਦਰਸ਼ਨ ਸਿੰਘ ਨੂੰ ਇਕ ਸਤਿਕਾਰਤ ਸ਼ਖਸ਼ੀਅਤ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਸਕਤਰੇਤ ਤੇ ਇਸ ਕਰਕੇ ਪੇਸ਼ ਹੋਣਾ ਚਾਹੀਦਾ ਸੀ ਕਿਉਂਕਿ ਪ੍ਰੋ. ਦਰਸ਼ਨ ਸਿੰਘ ਨੇ ਵੀ ਜਥੇਦਾਰ ਹੁੰਦਿਆਂ ਸਕਤਰੇਤ ਵਿਚ ਸੁਣਵਾਈ ਕੀਤੀ ਸੀ। ਉਸ ਮੌਕੇ ਉਨ੍ਹਾਂ ਦੇ ਵਿਚਾਰ ਨੂੰ ਕੁਝ ਉਨ੍ਹਾਂ ਸਿੰਘਾਂ ਨੇ ਰੱਦ ਕਰ ਦਿੱਤਾ ਜਿਹੜੇ ਸੁਰਜੀਤ ਸਿੰਘ ਬਰਨਾਲਾ ਦੀ ਪੇਸ਼ੀ ਸਮੇਂ ਅਕਾਲ ਤਖਤ ‘ਤੇ ਮੌਜੂਦ ਸਨ। ਉਨ੍ਹਾਂ ਨੇ ਪੂਰੇ ਵਿਸਥਾਰ ਨਾਲ ਦੱਸਿਆ ਕਿ ਪ੍ਰੋ. ਦਰਸ਼ਨ ਸਿੰਘ ਨੇ ਅੰਦਰ ਲਿਜਾ ਕੇ ਕਿਸੇ ਦੀ ਪੇਸ਼ੀ ਨਹੀਂ ਕੀਤੀ।

ਹਾਲ ਉਸ ਸਮੇਂ ਜੈਕਾਰਿਆਂ ਨਾਲ ਗੂੰਜ ਉਠਿਆ ਜਦੋਂ ਪ੍ਰੋ. ਦਰਸ਼ਨ ਸਿੰਘ ਦੇ ਪ੍ਰੋਗਰਾਮ ਬੁੱਕ ਹੋਣ ਲੱਗੇ। ਫਿਲਾਡੈਲਫੀਆ, ਨਿਊ ਜਰਸੀ, ਨਿਊਯਾਰਕ ਅਤੇ ਕਨੈਕਟੀਕਟ ਦੀਆਂ ਸਿੱਖ ਸੰਸਥਾਵਾਂ ਨੇ ਪ੍ਰੋ. ਦਰਸ਼ਨ ਸਿੰਘ ਦੇ ਪ੍ਰੋਗਰਾਮ ਕਰਾਉਣ ਦਾ ਐਲਾਨ ਕਰ ਦਿੱਤਾ। ਰੋਚੈਸਟਰ ਗੁਰੂ ਘਰ ਦੀ ਕਮੇਟੀ ਵਲੋਂ ਐਲਾਨ ਕੀਤਾ ਗਿਆ ਕਿ ਜਦੋਂ ਵੀ ਪ੍ਰੋ ਦਰਸ਼ਨ ਸਿੰਘ ਅਮਰੀਕਾ ਆਉਂਦੇ ਹਨ ਤਾਂ ਉਨ੍ਹਾਂ ਦਾ “ਸੋਨ ਤਗਮੇ” ਨਾਲ ਸਨਮਾਨ ਕੀਤਾ

*(ਬਾਕੀ ਸਫਾ 18 ਉਤੇ)*

# ਪੰਜਾਬੀ ਸਭਿਆਚਾਰ ਦਾ ਸੰਗਮ ਬਣਿਆ ਈਦ ਸਮਾਗਮ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਸੰਸਾਰ ਭਰ ਦੇ ਤਿਉਹਾਰਾਂ ਵਿਚ ਈਦ ਦਾ ਵਿਸ਼ੇਸ਼ ਮਹੱਤਵ ਹੈ। ਈਦ ਤੋਂ ਇਕ ਦਿਨ ਪਹਿਲਾਂ ਮੁਸਲਮਾਨ ਇਕ ਮਹੀਨੇ ਤੱਕ ਰੋਜ਼ਾ ਰੱਖਦੇ ਹਨ। ਈਦ ਦੇ ਦਿਨ ਰੋਜ਼ੇ ਪੂਰੇ ਹੋਣ ਤੇ ਸਾਰੇ ਦੋਸਤਾਂ, ਰਿਸ਼ਤੇਦਾਰਾਂ, ਮਿਤਰਾਂ ਨਾਲ ਮਿਲ ਕੇ ਖੁਸ਼ੀਆਂ ਸਾਂਝੀਆਂ ਕਰਦੇ ਹਨ। ਆਪਸੀ ਪਿਆਰ ਤੇ ਪ੍ਰੇਮ ਦਾ ਪੈਗਾਮ ਦਿੰਦੇ ਹਿੰਦੂ, ਸਿੱਖ, ਈਸਾਈ ਵੀ ਮੁਸਲਮਾਨ ਭਰਾਵਾਂ ਨੂੰ ਈਦ ਮੁਬਾਰਕ ਕਹਿੰਦੇ ਹਨ।


ਪਿਛਲੇ ਦਿਨੀਂ ਮੋਹਸਿਨ ਖਾਨ ਵਲੋਂ ਈਦ ਦੀ ਖੁਸ਼ੀ ਵਿਚ “ਈਦ ਮੇਲਾ” ਨਾਂ ਦਾ ਰੰਗਾਰੰਗ ਪ੍ਰੋਗਰਾਮ ਰੋਲਿੰਗ ਮੈਡੋਜ਼ ਹਾਲ ਵਿਚ ਕਰਾਇਆ ਗਿਆ ਜਿਸ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਕਲਾਕਾਰਾਂ ਨੇ ਵੀ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਚੜ੍ਹਦੇ ਪੰਜਾਬ ਦੇ ਪੰਜਾਬੀ ਫਨਕਾਰ ਨਾ ਸਿਰਫ ਇਸ ਮੇਲੇ ਦੀ ਖੁਸ਼ੀ ਵਿਚ ਸ਼ਾਮਿਲ ਹੋਏ ਸਗੋਂ ਪੰਜਾਬ ਵਿਰਸੇ ਦੇ ਅਨਿਖੜਵੇਂ ਰੰਗਾਂ ਨੂੰ ਪੇਸ਼ ਕਰਕੇ ਖੂਬ ਧਮਾਲ ਪਾਈ।

ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਕਲਾਕਾਰਾਂ ਨੇ ਇਕੋ ਮੰਚ ‘ਤੇ ਆਪਣੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਭੰਗੜਾ, ਗਿੱਧਾ ਤੇ ਲੋਕ ਗੀਤਾਂ ਦੀ ਪੇਸ਼ਕਾਰੀ ਕੀਤੀ। ਇਸ ਤੋਂ ਇਲਾਵਾ ਮੇਲੇ ਵਿਚ ਫੈਸ਼ਨ ਸ਼ੋਅ, ਰੀ-ਮੀਕਸ ਗੀਤ, ਪੌਪ ਸੰਗੀਤ, ਮੋਨੋ ਐਕਿੰਟਗ, ਨਿਲਾਮ ਘਰ (ਦਰਸ਼ਕਾਂ ਨੂੰ ਸਪਾਂਸਰ ਕੰਪਨੀਆਂ ਵਲੋਂ ਚੋਣਵੇਂ ਇਨਾਮ ਦੇਣਾ) ਦਾ ਰੌਚਕ ਸ਼ੋਅ ਵੀ ਸੀ। ਪ੍ਰੋਗਰਾਮ ਦਾ ਅਰੰਭ ਕਲਾਕਾਰ ਇਮਰਾਨ ਦੀ ਟੀਮ ਨੇ ਰੀ-ਮਿਕਸ ਗੀਤਾਂ ਨਾਲ ਕਰ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਫੈਸ਼ਨ ਸ਼ੋਅ ਵਿਚ ਫੈਸ਼ਨ ਜਗਤ ਦੀਆਂ ਉਭਰ ਰਹੀਆਂ ਮਾਡਲਾਂ ਨੇ ਵੱਖ-ਵੱਖ ਪਹਿਰਾਵਿਆਂ ਵਿਚ ਆਪਣੀ ਪ੍ਰਤਿਭਾ ਦਾ ਕਮਾਲ ਦਿਖਾਇਆ। ਨਵੇਂ ਤੇ ਤਾਜੇ ਚਿਹਰਿਆਂ ਨੇ ਆਪਣੀਆਂ ਵਿਭਿੰਨ ਮੁਦਰਾਵਾਂ ਦਾ ਪ੍ਰਦਰਸ਼ਨ ਕਰ ਕੇ ਸਰੋਤਿਆਂ ਦੀ ਪ੍ਰਸ਼ੰਸਾ ਖੱਟੀ। ਮਾਡਲ ਤੇ ਅਦਾਕਾਰਾ ਜਯੋਤੀ ਨੇ ਹਿੰਦੀ ਗੀਤ ਤੇ ਮੋਨੋ ਐਕਟਿੰਗ ਨਾਲ ਆਪਣੀਆਂ ਅਦਾਵਾਂ ਦੇ ਜਲਵੇ ਬਿਖੇਰੇ ਪਰ ਅਸਲ ਵਿਚ ਮੇਲਾ ਲੁੱਟਿਆ ਪੰਜਾਬੀਆਂ ਨੇ। ਪੰਜਾਬੀ ਕਲਾਕਾਰਾਂ ਨੇ ਪੰਜਾਬ ਵਿਰਸੇ ਦੇ ਅਨਿਖੜਵੇਂ ਰੰਗਾਂ ਨੂੰ ਪੇਸ਼ ਕਰ ਮੰਚ ਨੂੰ ਪੂਰੀ ਤਰ੍ਹਾਂ ਪੰਜਾਬੀਅਤ ਦੇ ਰੰਗਾਂ ਵਿਚ ਰੰਗ ਦਿੱਤਾ।




ਮਸ਼ਹੂਰ ਪਾਕਿਸਤਾਨੀ ਗਾਇਕਾ ਨਾਇਲਾ ਮੁਗਲ ਨੇ ਆਪਣੀ ਸੁਰੀਲੀ ਆਵਾਜ਼ ਦੇ ਜਾਦੂ ਨਾਲ ਗੀਤ “ਘਰ ਆ ਜਾ ਸੋਹਣਿਆ” ਗਾ ਕੇ ਦਰਸ਼ਕਾਂ ਨੂੰ ਕੀਲ ਦਿੱਤਾ ਤੇ ਫਿਰ “ਛਲਾ” ਬੜੇ ਪਿਆਰੇ ਅੰਦਾਜ਼ ਵਿਚ ਗਾ ਕੇ ਆਪਣੀ ਗਾਇਕੀ ਦਾ ਲੋਹਾ ਮੰਨਵਾਇਆ ਤੇ “ਹੀਰ” ਪੇਸ਼ ਕਰ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਪੰਜਾਬੀ ਗਾਇਕ ਸਿਕੰਦਰ ਬਰਾੜ ਨੇ ਆਪਣੀ ਬੁਲੰਦ ਆਵਾਜ਼ ਨਾਲ ਗੀਤ “ਬਕਰੇ ਪੰਜਾਬੀ ਨੇ ਬਲਾਉਂਦੇ” ਤੇ ਦੋ-ਗਾਣੇ ਵਿਚ ਸੰਦੀਪ ਕੋਹਲੀ ਨਾਲ ਮਿਲ ਕੇ ਗੀਤ “ਦੱਸ ਤੇਰੀ ਕੀ ਮਰਜ਼ੀ ਮੁਟਿਆਰੇ” ਗਾ ਕੇ ਖੂਬ ਦਾਦ ਖੱਟੀ। ਮਿਸਜ਼ ਪੰਜਾਬਣ (2008) ਜਸਬੀਰ ਕੌਰ ਮਾਨ ਨੇ ਆਪਣੀ ਟੀਮ ਕ੍ਰਿਪਾਲ ਕੌਰ ਲਾਲ, ਚਰਨਜੀਤ ਕੌਰ ਕਾਹਲੋਂ ਅਤੇ ਸੰਦੀਪ ਕਾਹਲੋਂ ਨਾਲ ਜਾਗੋ ਕੱਢੀ “ਜੱਟਾ ਜਾਗ ਬਈ ਹੁਣ ਜਾਗੋ ਆਈ ਆ”। “ਜਾਗੋ” ਨੇ ਮਾਹੌਲ ਬਦਲ ਦਿੱਤਾ। ਗਿੱਧੇ ਤੇ ਬੋਲੀਆਂ ਨੇ ਮੇਲਾ ਪੂਰੇ ਜੋਬਨ ’ਤੇ ਲੈ ਆਂਦਾ। ਲੋਕ ਗੀਤਾਂ ਦੀਆਂ ਧੁਨਾਂ ਨੇ ਜਿਵੇਂ ਤਮਾਸ਼ਾਈਆਂ ਤੇ ਜਾਦੂ ਧੂੜ ਦਿੱਤਾ ਅਤੇ ਸਾਰਾ ਹਾਲ ਵਾਰ ਵਾਰ ਤਾੜ੍ਹੀਆਂ ਨਾਲ ਗੂੰਜ ਉਠਿਆ। ਰਾਹੁਲ ਗਿੱਲ ਨੇ ਵੀ ਇਕ ਪੰਜਾਬੀ ਗੀਤ ਨਾਲ ਹਾਜਰੀ ਭਰੀ।

ਮੋਹਸਿਨ ਖਾਨ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ। ਉਸ ਦੀ ਨਿਲਾਮ-ਘਰ ਦੀ ਪੇਸ਼ਕਾਰੀ ਕਾਬਿਲੇ-ਤਾਰੀਫ ਸੀ। ਏਸ਼ੀਅਨ ਮੈਟਰੋਪੋਲਿਟਿਨ ਸ਼ਿਕਾਗੋ ਦੀ ਕਾਰਜਕਾਰੀ ਡਾਇਰੈਕਟਰ ਮਿਸਜ ਸੰਤੋਸ਼ ਕੁਮਾਰ ਇਸ ਮੇਲੇ ਵਿਚ ਮੁੱਖ ਮਹਿਮਾਨ ਸਨ। ਉਨ੍ਹਾਂ ਸਾਰੇ ਦਰਸ਼ਕਾਂ ਨੂੰ ਈਦ ਮੁਬਾਰਕ ਕਹਿੰਦਿਆਂ ਕਿਹਾ ਕਿ ਈਦ ਰਿਸ਼ਤਿਆਂ ਨੂੰ ਜੋੜਨ, ਆਪਸੀ ਸਾਂਝ-ਮੁਹੱਬਤ ਤੇ ਅਮਨ ਦਾ ਪੈਗਾਮ ਦਿੰਦੀ ਹੈ। ਪ੍ਰਬੰਧਕਾਂ ਨੇ ਸਨਮਾਨ ਚਿੰਨ ਭੇਂਟ ਕਰ ਉਨ੍ਹਾਂ ਦਾ ਸਨਮਾਨ ਕੀਤਾ। ਇਕ ਬਜੁਰਗ ਦਰਸ਼ਕ ਦਾ ਕਹਿਣਾ ਸੀ ਕਿ ਇਸ ਮੇਲੇ ਨੇ ਸਾਂਝੇ ਪੰਜਾਬ ਦੇ ਮੇਲਿਆਂ ਦੀ ਯਾਦ ਤਾਜ਼ਾ ਕਰ ਦਿੱਤੀ।

## ਦੰਦਾਂ ਦਾ ਤਸੱਲੀਬਖ਼ਸ਼ ਇਲਾਜ
### ਸਿੱਧੀ ਕਾਲ ਕਰੋ 630-479-0031

- ਇੰਸ਼ੋਰੈਂਸ ਨਹੀਂ? ਫਿਕਰ ਨਹੀਂ। 20-40% ਛੋਟ ਦਿੱਤੀ ਜਾਵੇਗੀ।
- ਕੀ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਬੱਚੇ Invisialign (Clear Braces) ਦੇ ਯੋਗ ਹਨ? ਮੁਫਤ ਮਸ਼ਵਰਾ ਲਓ।
- ਦੰਦਾਂ ਤੇ ਮਸੂੜਿਆਂ ਦੀ ਬਦਬੂ, ਖੂਨ ਨਿਕਲਣ ਤੋਂ ਪ੍ਰੇਸ਼ਾਨ ਹੋ? ਇਸ ਦਾ ਇਲਾਜ ਨਵੀਨ ਤਕਨੀਕ ਨਾਲ ਕੀਤਾ ਜਾਂਦਾ ਹੈ



*ਦੰਦਾਂ ਨੂੰ ਸਿੱਧੇ, ਸਾਫ ਸੁਥਰੇ ਤੇ ਚਮਕਦੇ ਵੇਖਣਾ ਚਾਹੁੰਦੇ ਹੋ ਤਾਂ ਅੱਜ ਹੀ ਅਪੁਆਇੰਟਮੈਂਟ ਬਣਾਓ*

**Fillings, Dentures, Crowns, Bridge, Veneers, Extractions, Cleaning,**

**Dr. Harjinder Khaira DMD & Associates**

**Lakestreet Dental**
490 W. Lake Street, Suite 107
Roselle, IL 60172
630-894-8008

**Lakeland Dental**
115 E. State Rd.,
Island Lake, IL 60042
847-526-1920

# ਜਦੋਂ ਗੁਰਦਾਸ ਮਾਨ ਨੇ 4 ਘੰਟੇ ਕਰਫਿਊ ਲਾਇਆ



**ਬੇਕਰਜ਼ਫੀਲਡ (ਮਨਦੀਪ ਮਾਨ):** ਜੀ ਹਾਂ 9 ਦਸੰਬਰ ਨੂੰ ਲੋਕ ਗਾਇਕ ਗੁਰਦਾਸ ਮਾਨ ਨੇ ਆਪਣੇ ਸ਼ਹਿਰ ਗਿੱਦੜਬਾਹਾ ਵਿਚ ਦੁਪਹਿਰ 2 ਵਜੇ ਤੋਂ ਲੈ ਕੇ ਦੇਰ ਸ਼ਾਮ ਤੱਕ ਕਰਫਿਊ ਲਾਈ ਰੱਖਿਆ। ਹੈਰਾਨ ਨਾ ਹੋਣਾ ਇਹ ਕਰਫਿਊ ਕੋਈ ਗਨ (ਬੰਦੂਕ) ਦੀ ਨੋਕ 'ਤੇ ਨਹੀਂ ਸੀ ਲਾਇਆ ਗਿਆ ਸਗੋਂ ਗੁਰਦਾਸ ਮਾਨ ਨੇ ਗਾਇਕੀ ਦੇ ਆਪਣੇ ਫਨ ਨਾਲ ਲਾਇਆ। ਗਿੱਦੜਬਾਹਾ ਤੋਂ ਮਿਲੀਆਂ ਰਿਪੋਰਟਾਂ ਅਨੁਸਾਰ ਪੂਰੇ ਤੀਹ ਸਾਲ ਬਾਅਦ ਜਦੋਂ ਗੁਰਦਾਸ ਮਾਨ ਨੇ ਆਪਣੇ ਇਸ ਸ਼ਹਿਰ ਵਿਚ ਗਾਇਕੀ ਦਾ ਅਖਾੜਾ ਬੰਨਿਆ ਤਾਂ ਜੋ ਲੋਕ ਪੰਡਾਲ ਵਿਚ ਪਹੁੰਚ ਚੁੱਕੇ ਸਨ ਉਹ ਉਥੇ ਹੀ ਜਮ ਗਏ ਅਤੇ ਜੋ ਘਰਾਂ ਵਿਚ ਟੀ.ਵੀ. ਉਤੇ ਸਿੱਧਾ ਪ੍ਰਸਾਰਣ ਦੇਖ ਰਹੇ ਸਨ ਉਹ ਟੀ.ਵੀ. ਅੱਗੇ ਢੇਰ ਹੋ ਗਏ। ਪੂਰੇ ਸ਼ਹਿਰ ਵਿਚ ਆਵਾਜਾਈ ਇਉਂ ਬੰਦ ਹੋ ਗਈ ਜਿਵੇਂ ਕਿਤੇ ਸੱਚਮੁੱਚ ਕਰਫਿਊ ਲੱਗ ਗਿਆ ਹੋਵੇ। ਕਿਧਰੇ ਕੋਈ ਟਾਵਾਂ ਟਾਵਾਂ ਬੰਦਾ ਜਾਂ ਕੋਈ ਟਾਵੀਂ ਟਾਵੀਂ ਗੱਡੀ ਹੀ ਸੜਕ 'ਤੇ ਨਜ਼ਰ ਆ ਰਹੀ ਸੀ। ਸ਼ਹਿਰ ਵਿਚ ਕੋਈ ਚਾਰ ਘੰਟੇ ਇਹੋ ਆਲਮ ਬਣਿਆ ਰਿਹਾ।

ਗੁਰਦਾਸ ਮਾਨ ਪਹੁੰਚਿਆ ਸੀ ਗਿਦੜਬਾਹਾ ਸ਼ਹਿਰ ਦੇ ਸੌ ਸਾਲਾ ਸਮਾਗਮਾਂ ਵਿਚ ਹਾਜ਼ਰੀ ਭਰਨ ਲਈ। ਉਹ ਇਸ ਸਮਾਗਮ ਤੋਂ ਇਕ ਦਿਨ ਪਹਿਲਾਂ 8 ਦਸੰਬਰ ਨੂੰ ਗਿੱਦੜਬਾਹਾ ਆਪਣੇ ਘਰ ਪਹੁੰਚ ਗਿਆ ਸੀ। ਉਸ ਦੇ ਪ੍ਰਸ਼ੰਸਕਾਂ ਦੀ ਉਸ ਦੇ ਘਰ ਅੰਦਰ ਵੀ ਏਨੀ ਭੀੜ ਸੀ ਕਿ ਕਿਧਰੇ ਤਿਲ ਸੁੱਟਣ ਲਈ ਥਾਂ ਨਹੀਂ ਸੀ। ਉਸ ਦੀ ਮਾਤਾ ਤੇਜ ਕੌਰ, ਭਾਈ ਗੁਰਪੰਥ ਮਾਨ ਅਤੇ ਭਰਜਾਈ ਰਾਣੀ ਮਾਨ ਨੇ ਹਰ ਕਿਸੇ ਨੂੰ ਜੀ ਆਇਆਂ ਆਖਿਆ। ਇਸ ਮੌਕੇ ਲੋਕਾਂ ਨੇ ਗੁਰਦਾਸ ਮਾਨ ਨਾਲ ਰੱਜ ਰੱਜ ਫੋਟੋਆਂ ਖਿਚਾਈਆਂ। ਜ਼ਿਕਰਯੋਗ ਹੈ ਕਿ ਕੋਈ ਤੀਹ ਕੁ ਸਾਲ ਪਹਿਲਾਂ ਆਪਣੇ ਇਕ ਅਖਾੜੇ ਵਿਚ ਸਰੋਤਿਆਂ ਵਲੋਂ ਗੜਬੜ ਕੀਤੇ ਜਾਣ ਤੋਂ ਬਾਅਦ ਮਾਨ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਅੱਜ ਤੋਂ ਬਾਅਦ ਉਹ ਆਪਣੇ ਸ਼ਹਿਰ ਵਿਚ ਨਹੀਂ ਗਾਏਗਾ। ਕੁਝ ਹਫਤੇ ਪਹਿਲਾਂ ਹੀ ਮਾਨ ਦੇ ਦੋਸਤਾਂ ਨੇ ਉਸ ਨੂੰ ਇਸ ਸ਼ਹਿਰ ਦੀ ਸੌਵੀਂ ਵਰ੍ਹੇਗੰਢ ਉਤੇ ਗਾਉਣ ਲਈ ਮਨਾ ਲਿਆ ਸੀ।

ਗੁਰਦਾਸ ਮਾਨ ਦੀਆਂ ਅੱਖਾਂ ਵਿਚ ਉਸ ਵੇਲੇ ਪਾਣੀ ਭਰ ਆਇਆ ਜਦੋਂ ਇਕ ਅੰਗਹੀਣ ਨੌਜਵਾਨ ਨੇ ਆਪਣੇ ਕੁਝ ਕਰਤਵ ਦਿਖਾਏ। ਮਾਨ ਨੇ ਨੋਟਾਂ ਦੀ ਇਕ ਗੁੱਥੀ ਉਸ ਦੇ ਪੈਰੀਂ ਹੱਥ ਲਾ ਕੇ ਭੇਟ ਕੀਤੀ।

9 ਦਸੰਬਰ ਨੂੰ ਜਦੋਂ ਗੁਰਦਾਸ ਮਾਨ ਨੇ ਕੋਈ ਪੰਜਾਹ ਹਜ਼ਾਰ ਸਰੋਤਿਆਂ ਦੇ ਸਨਮੁਖ ਹੋ ਆਪਣਾ ਸ਼ੋਅ ਪੇਸ਼ ਕੀਤਾ ਤਾਂ ਜਲਵਾ ਵੇਖਣ ਹੀ ਵਾਲਾ ਸੀ। ਸ਼ੋਅ ਸ਼ੁਰੂ ਕਰਦਿਆਂ ਪੰਡਾਲ 'ਚ ਹਾਜ਼ਰ ਪੰਜਾਬ ਦੇ ਮੁੱਖ ਮੰਤਰੀ ਨੂੰ ਗੁਰਦਾਸ ਮਾਨ ਨੇ ਪੁੱਛਿਆ, 'ਬਾਦਲ ਸਾਬ੍ਹ, ਕੋਈ ਕਾਹਲੀ ਤਾਂ ਨਹੀਂ, ਕਿਤੇ ਹੋਰ ਤਾਂ ਨਹੀਂ ਜਾਣਾ?' ਬਾਦਲ ਸਾਹਿਬ ਦਾ ਜਵਾਬ ਸੀ, 'ਨਹੀਂ ਅੱਜ ਮੈਂ ਤੇਰੇ ਕੋਲ ਹਾਂ, ਇਸ ਤੋਂ ਬਿਨਾ ਮੈਂ ਕਿਤੇ ਨਹੀਂ ਜਾਣਾ।' ਫਿਰ ਬਾਦਲ ਸਾਹਿਬ ਨੇ ਸਟੇਜ 'ਤੇ ਜਾ ਕੇ ਗੁਰਦਾਸ ਮਾਨ ਦਾ ਸਨਮਾਨ ਕੀਤਾ ਅਤੇ ਕਲਾਵੇ ਵਿਚ ਲੈ ਕੇ ਆਪਣੇ ਨਿੱਘੇ ਪਿਆਰ ਦਾ ਥਾਪੜਾ ਦਿੱਤਾ।

ਆਪਣੇ ਇਸ ਸ਼ੋਅ ਦਾ ਅਰੰਭ ਗੁਰਦਾਸ ਮਾਨ ਨੇ ਆਪਣੀ ਰਵਾਇਤ ਅਨੁਸਾਰ ਮੋਰੀ ਰੱਖੀਓ ਲਾਜ ਗੁਰੂਦੇਵ... ਨਾਲ ਕੀਤਾ। ਉਸ ਉਪਰੰਤ ਮਨਕੇ, ਛੱਲੀ ਅਤੇ ਛੱਲਾ ਗਾਇਆ। ਫਿਰ ਇਸ਼ਕ ਦਾ ਗਿੜਧਾ ਪਿਆ, ਬਾਬਿਆਂ ਭੰਗੜਾ ਪਾਇਆ ਅਤੇ ਹੋਰ ਵੀ ਬਥੇਰਾ ਕੁਝ। ਗੁਰਦਾਸ ਮਾਨ ਨੇ ਇਸ ਮੌਕੇ ਆਪਣੇ ਪੁਰਾਣੇ ਸਾਜਿੰਦੇ ਭੋਲਾ ਬਠਿੰਡੇ ਵਾਲੇ ਅਤੇ ਦੋ ਹੋਰ ਪੁਰਾਣੇ ਸਾਜਿੰਦੇ ਸਾਥੀਆਂ ਜੱਸੀ ਅਤੇ ਤੁਲਸੀ ਨੂੰ ਸੰਬੋਧਨ ਕਰਕੇ ਇਕ ਸ਼ਿਅਰ ਕਿਹਾ:

ਲੋਕੀ ਕੋਇਲਾਂ ਦੀ ਆਵਾਜ਼ ਹੁਣ ਘੱਟ ਸੁਣਦੇ,<br>
ਸਮਾਂ ਆ ਗਿਆ ਏ ਕਾਵਾਂ ਰੌਲਿਆਂ ਦਾ।<br>
ਚੁੱਪ ਕੀਤੇ ਦਾ ਸਮਾਂ ਰਿਹਾ ਨ੍ਹੀਂ,<br>
ਵੇਲਾ ਆ ਗਿਆ ਹੁਣ ਬੜਬੋਲਿਆਂ ਦਾ।<br>
ਮਾਹੀਏ, ਢੋਲੇ ਤੇ ਸੰਮੀਆਂ ਹੁਣ ਘੱਟ ਸੁਣਦੇ,<br>
ਵੇਲਾ ਲੱਦ ਗਿਆ ਮਾਹੀਏ ਤੇ ਢੋਲਿਆਂ ਦਾ।<br>
ਚੁੱਲ੍ਹੇ-ਚੌਂਕੇ ਤੇ ਹਾਰੇ ਦੀ ਮੱਤ ਮਾਰੀ<br>
ਮੂੰਹ ਸੁਜਿਆ ਪਿਆ ਏ ਭੜੋਲਿਆਂ ਦਾ।<br>
ਓ ਰੱਬ ਖੈਰ ਕਰੇ ਕੱਲ੍ਹ ਕੀ ਹੋਣਾ,<br>
ਇਨ੍ਹਾਂ ਜੱਸੀਆਂ, ਤੁਲਸੀਆਂ ਤੇ ਭੋਲਿਆਂ ਦਾ।

ਸਰੋਤਿਆਂ ਦੇ ਹਜੂਮ 'ਚੋਂ ਇਕ ਸ਼ਰਾਬੀ ਵਾਰ ਵਾਰ ਕਹਿ ਰਿਹਾ ਸੀ ਕਿ ਗੁਰਦਾਸ ਨੇ ਧਰਮਿੰਦਰ ਫੇਲ੍ਹ ਕਰ'ਤਾ। ਲੋਕਾਂ ਨੇ ਪੁੱਛਿਆ, 'ਧਰਮਿੰਦਰ ਤਾਂ ਗਾਉਂਦਾ ਨ੍ਹੀਂ।' ਸ਼ਰਾਬੀ ਦਾ ਜਵਾਬ ਸੀ, 'ਸਹੁਰੀ ਦਿਆ ਗੁਰਦਾਸ ਦੀ ਫਿਲਮ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਦੇਖਿਓ ਤੇ ਦੱਸਿਓ ਕਿ ਧਰਮਿੰਦਰ ਗੁਰਦਾਸ ਦੇ ਸਾਹਮਣੇ ਪਾਸ ਐ ਕਿ ਫੇਲ੍ਹ?' ਨਾਲੇ ਕਹਿੰਦਾ ਫਿਰੇ ਮੈਂ ਪੀਤੀ ਨਹੀਂ ਇਹ ਤਾਂ ਬਾਈ ਗੁਰਦਾਸ ਦੇ ਆਉਣ ਦੀ ਖ਼ੁਸ਼ੀ ਵਿਚ ਅੱਠ-ਦਸ ਪੈਗ ਹੀ ਲਾਏ ਹਨ।


ਕੁਲ ਮਿਲਾ ਕੇ ਗੁਰਦਾਸ ਦਾ ਇਹ ਸ਼ੋਅ ਇਤਿਹਾਸਕ ਸ਼ੋਅ ਹੋ ਨਿਬੜਿਆ। ਜਦੋਂ ਪੰਜਾਬੀ ਗਾਇਕੀ ਦੇ ਅਖਾੜੇ ਦੀ ਗੱਲ ਚੱਲੇਗੀ ਤਾਂ ਇਸ ਸ਼ੋਅ ਦੀਆਂ ਬਾਤਾਂ ਖੁਦ-ਬਖੁਦ ਪੈਣਗੀਆਂ।

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਇਸ ਤੋਂ ਇਲਾਵਾ ਉਨ੍ਹਾਂ ਦੇ ਛੋਟੇ ਭਰਾ ਗੁਰਦਾਸ ਬਾਦਲ ਜਿਨ੍ਹਾਂ ਨੂੰ ਲੋਕ ਪਿਆਰ ਨਾਲ ਦਾਸ ਜੀ ਕਹਿ ਕੇ ਬੁਲਾਉਂਦੇ ਹਨ, ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਮਾਨ ਦੇ ਬਚਪਨ ਦੇ ਦੋਸਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਗੁਰਪਾਲ ਸਿੰਘ ਗੋਰਾ, ਗੁਰਮੀਤ ਮਾਨ, ਅਸ਼ੋਕ ਧੀਰ, ਰਘਬੀਰ ਪ੍ਰਧਾਨ, ਸ਼੍ਰੋਮਣੀ ਕਮੇਟੀ ਮੈਂਬਰ ਨਵਤੇਜ ਸਿੰਘ ਕਾਉਣੀ, ਐਸ.ਐਸ.ਪੀ. ਮੁਕਤਸਰ ਗੁਰਪ੍ਰੀਤ ਸਿੰਘ ਗਿੱਲ ਅਤੇ ਹੋਰ ਬਹੁਤ ਸਾਰੇ ਸਰਕਾਰੀ ਅਫਸਰ ਤੇ ਸਿਆਸੀ ਆਗੂ ਮੌਜੂਦ ਸਨ। ਸਮੁੱਚੇ ਪ੍ਰਬੰਧ ਦੀ ਦੇਖ ਰੇਖ ਜੈਜੀਤ ਸਿੰਘ ਜੌਹਲ ਨੇ ਕੀਤੀ।

## ਮਾਡਲਿੰਗ ਦੀ ਦੁਨੀਆਂ ਵੀ ਘੁੰਮੂ ਦਸਤਾਰ ਦੁਆਲੇ

**ਜਾਣ-ਪਛਾਣ**








ਬਾਲੀਵੁੱਡ ਫਿਲਮਾਂ ਵਿਚ ਪਿਛਲੇ ਕੁਝ ਅਰਸੇ ਤੋਂ ਸਿੱਖ ਕਿਰਦਾਰਾਂ ਦੀ ਗਿਣਤੀ ਵਧਦੀ ਹੀ ਚਲੀ ਜਾ ਰਹੀ ਹੈ। ਕੋਈ ਜ਼ਮਾਨਾ ਸੀ ਜਦੋਂ ਸਿੱਖ ਕਿਰਦਾਰ ਨੂੰ ਇਕ ਹਸਾਉਣੇ ਕਿਰਦਾਰ ਵਜੋਂ ਹੀ ਪੇਸ਼ ਕੀਤਾ ਜਾਂਦਾ ਸੀ ਪਰ ਇਸ ਨੂੰ ਡਾ. ਮਨਮੋਹਨ ਸਿੰਘ ਦੀ ਸ਼ਖਸੀਅਤ ਦਾ ਅਸਰ ਸਮਝ ਲਵੋ ਜਾਂ ਕੁਝ ਹੋਰ ਭਾਰਤੀ ਫਿਲਮਾਂ ਵਿਚ ਸਿੱਖ ਕਿਰਦਾਰਾਂ ਨੂੰ ਬਹੁਤ ਹੀ ਹਾਂਪੱਖੂ ਰੂਪ ਵਿਚ ਦਿਖਾਉਣ ਦੀ ਹੋੜ ਤੁਰ ਪਈ ਹੈ।

ਮਾਡਲਿੰਗ ਦੀ ਦੁਨੀਆਂ ਵਿਚ ਕਦੇ ਸਿੱਖ ਕਿਰਦਾਰ ਖਾਸ ਕਰ ਪਗੜੀਧਾਰੀ ਘੱਟ ਹੀ ਨਜ਼ਰ ਆਇਆ ਕਰਦਾ ਸੀ। ਵਿਦੇਸ਼ੀ ਵਸਤਾਂ ਜਾਂ ਵਿਦੇਸ਼ੀ ਵਿਗਿਆਪਨਕਾਰੀ ਵਿਚ ਤਾਂ ਨਾ ਹੋਣ ਬਰਾਬਰ। ਪਰ ਜੇ ਨਿਊ ਯਾਰਕ ਦੇ ਅਮਨਦੀਪ ਨੂੰ ਮਾਡਲਿੰਗ ਦੀ ਦੁਨੀਆਂ ਤੋਂ ਮਿਲੇ ਹੁੰਗਾਰੇ ਵੱਲ ਵੇਖਿਆ ਜਾਵੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਹਰ ਪਾਸੇ ਮਾਡਲਿੰਗ ਦੀ ਦੁਨੀਆਂ ਵਿਚ ਵੀ ਸਿੰਘ ਇਜ਼ ਦਾ ਕਿੰਗ ਹੋਵੇਗਾ। ਅਮਨਦੀਪ ਦੀ ਦਸਤਾਰਧਾਰੀ ਦਿੱਖ ਨੂੰ ਆਪੋ ਆਪਣੀਆਂ ਵਸਤੂਆਂ ਦੀ ਵਿਗਿਆਨਪਕਾਰੀ ਕਰਨ ਦੀਆਂ ਚਾਹਵਾਨ ਕੰਪਨੀਆਂ ਨੇ ਇੰਨਾ ਪਸੰਦ ਕੀਤਾ ਹੈ ਕਿ ਜਾਪਦਾ ਹੈ ਕਿ ਬਹੁਤ ਜਲਦੀ ਹੀ ਉਹ ਮਾਡਲਿੰਗ ਦੀ ਦੁਨੀਆਂ 'ਤੇ ਛਾ ਜਾਏਗਾ।

ਨਿਊ ਯਾਰਕ ਦੀ ਇਕ ਜਾਣੀ ਪਛਾਣੀ ਸ਼ਖਸੀਅਤ ਜਸਵੰਤ ਸਿੰਘ ਜੱਸਾ ਦਾ ਬੇਟਾ ਅਮਨਦੀਪ ਸਿੰਘ ਨਿਊ ਯਾਰਕ ਦੇ ਕੁਈਨਜ਼ ਇਲਾਕੇ ਵਿਚ ਰਹਿੰਦਾ ਹੈ ਅਤੇ ਇਸ ਵੇਲੇ ਇੰਟਰਨੈਸ਼ਨਲ ਫਾਇਨਾਂਸ ਦਾ ਵਿਦਿਆਰਥੀ ਹੈ। ਉਹ ਆਪਣੇ ਕਾਲਜ ਦੀ ਭੰਗੜਾ ਟੀਮ ਦਾ ਕੈਪਟਨ ਵੀ ਹੈ। ਮਾਡਲਿੰਗ ਦੇ ਖੇਤਰ ਵਿਚ ਅਮਨਦੀਪ ਸਿੰਘ ਨੇ ਪੈਰ ਉਦੋਂ ਰੱਖਿਆ ਜਦੋਂ ਉਸ ਦੇ ਪਿਤਾ ਦੇ ਇਕ ਦੋਸਤ ਦੀ ਸਿਫਾਰਿਸ਼ 'ਤੇ ਪਿਛਲੇ ਸਾਲ ਹੈਂਡਬੈਗ, ਬਰੀਫਕੇਸ ਅਤੇ ਸੂਟਕੇਸ ਬਣਾਉਣ ਵਾਲੀ ਇਕ ਵੱਡੀ ਅਮੈਰਿਕਨ ਕੰਪਨੀ ਟੀ ਯੂ ਐਮ ਆਈ (TUMI) ਨੇ ਆਪਣੇ ਸਾਮਾਨ ਦੀ ਮਸ਼ਹੂਰੀ ਲਈ ਉਸ ਨੂੰ ਸਾਈਨਅਪ ਕੀਤਾ। ਟੀ ਯੂ ਐਮ ਆਈ ਉਸ ਦਾ ਮਾਡਲਿੰਗ ਦੀ ਦੁਨੀਆਂ ਵਿਚ ਦਸਤਾਰ ਨਾਲ ਪਹਿਲਾ ਕਦਮ ਸੀ। ਉਸ ਵੇਲੇ ਅਮਨਦੀਪ ਨੂੰ ਇਹ ਖਿਆਲ ਨਹੀਂ ਸੀ ਕਿ ਕਾਮਯਾਬੀ ਏਡੀ ਜਲਦੀ ਉਸ ਦੇ ਪੈਰ ਚੁੰਮੇਗੀ ਪਰ ਇਸ ਵਿਗਿਆਪਨ ਨੂੰ ਮਿਲੇ ਚੰਗੇ ਹੁੰਗਾਰੇ ਤੋਂ ਬਾਅਦ ਉਸ ਨੂੰ ਅਮੈਰਿਕਨ ਮੂਵੀ ਸਟਾਰ ਮੈਗਜ਼ੀਨ ਐਸਕੁਆਇਰ (Esquire) ਵਿਚ ਮਾਨਤਾ ਮਿਲੀ ਅਤੇ ਉਸ ਦੀ ਦਸਤਾਰ ਨਾਲ ਮਾਡਲਿੰਗ ਦੀ ਪ੍ਰਸ਼ੰਸਾ ਵੀ ਹੋਈ। ਫੋਨ ਬਣਾਉਣ ਵਾਲੀ ਕੰਪਨੀ ਨੋਕੀਆ ਨੇ ਵੀ ਅਮਨਦੀਪ ਨੂੰ ਦਸਤਾਰ ਦੇ ਨਾਲ ਹੀ ਆਪਣੀ ਕੰਪਨੀ ਦੀ ਮਾਡਲਿੰਗ ਲਈ ਸਾਈਨਅਪ ਕੀਤਾ ਹੈ।

ਪਿਛੇ ਜਿਹੇ ਨਰਗਿਸ ਦੱਤ ਫਾਊਂਡੇਸ਼ਨ ਵਲੋਂ ਇਕ ਫੰਡਰੇਜ਼ਰ ਮੌਕੇ ਕੀਤੇ ਫੈਸ਼ਨ ਸ਼ੋਅ ਵਿਚ ਵੀ ਅਮਨਦੀਪ ਨੂੰ ਇਕ ਸਿੰਘ ਸਰਦਾਰ ਦੇ ਰੂਪ ਵਿਚ ਹੀ ਪੇਸ਼ ਕੀਤਾ ਗਿਆ। ਉਸ ਤੋਂ ਬਾਅਦ ਜ਼ੀ-ਟੀ.ਵੀ. ਕਾਰਨੀਵਲ 2008, ਨਿਊ ਜਰਸੀ ਐਕਸਪੋ ਮਿਡਲੈਂਡ ਫੈਸ਼ਨ ਸ਼ੋਅ ਵਿਚ ਵੀ ਉਹ ਸੈਫ ਅਲੀ ਖਾਨ, ਕਰੀਨਾ ਕਪੂਰ ਅਤੇ ਹੋਰ ਕਈ ਫਿਲਮ ਸਟਾਰਾਂ ਨਾਲ ਦਸਤਾਰ ਸਮੇਤ ਪੇਸ਼ ਹੋਇਆ। ਸ਼ਿਕਾਗੋ ਦੇ ਸਾਹਿਲ ਐਕਸਕਲੂਸਿਵ ਫੈਸ਼ਨ ਹਾਊਸ ਅਤੇ ਦੁਲਹਨ ਐਕਸਪੋ ਲਈ ਵੀ ਉਹ ਦਸਤਾਰਧਾਰੀ ਮਾਡਲ ਵਜੋਂ ਪ੍ਰਵਾਨ ਕੀਤਾ ਗਿਆ।

ਅਮਨਦੀਪ ਸਿੰਘ ਲਈ ਆਪਣੀ ਜ਼ਿੰਦਗੀ ਦੀ ਪਹਿਲੀ ਤਰਜੀਹ ਆਪਣੀ ਪੜ੍ਹਾਈ ਨੂੰ ਪੂਰਾ ਕਰਨਾ ਅਤੇ ਜੇ.ਪੀ. ਮਾਰਗਨ ਲਈ ਕੰਮ ਕਰਕੇ ਵਿੱਤੀ ਖੇਤਰ ਵਿਚ ਕੈਰੀਅਰ ਬਣਾਉਣਾ ਹੈ। ਉਹ ਕਹਿੰਦਾ ਹੈ ਕਿ ਆਪਣੀ ਪੜ੍ਹਾਈ ਪੂਰੀ ਕਰਨ ਪਿਛੋਂ ਹੀ ਉਹ ਮਿਊਜ਼ਿਕ ਵੀਡੀਓ ਰਾਹੀਂ ਮਨੋਰੰਜਨ ਦੀ ਦੁਨੀਆਂ ਅਤੇ ਭਾਰਤੀ ਸਿਨੇਮਾ ਵਿਚ ਐਕਟਿੰਗ ਬਾਰੇ ਸੋਚ ਸਕਦਾ ਹੈ। ਵਿਦਿਆ ਬਾਲਨ, ਸੰਜੇ ਦੱਤ, ਸੈਫ ਅਲੀ ਖਾਨ ਅਤੇ ਕਰੀਨਾ ਕਪੂਰ ਜਿਹੇ ਬਾਲੀਵੁੱਡ ਐਕਟਰਾਂ ਦੇ ਸਹਿਯੋਗ ਨਾਲ ਉਹ ਮਾਡਲਿੰਗ ਦੀ ਦੁਨੀਆਂ ਵਿਚ ਨਵੀਆਂ ਮੰਜ਼ਿਲਾਂ ਤੈਅ ਕਰਨਾ ਚਾਹੁੰਦਾ ਹੈ। ਅਮਨਦੀਪ ਬੰਬਈ ਦੇ ਚੋਟੀ ਦੇ ਡਿਜ਼ਾਈਨਰਾਂ ਪ੍ਰਿਆ ਅਤੇ ਚਿੰਤਨ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਉਸ ਦੇ ਭਵਿੱਖ ਦੇ ਪ੍ਰਾਜੈਕਟਾਂ ਵਿਚ ਕੈਲਵਨ ਕਲੀਨ ਲਈ ਮਾਡਲਿੰਗ ਅਤੇ ਪੰਜਾਬੀ ਵੀਡੀਓ ਅਤੇ ਫਿਲਮਾਂ ਵਿਚ ਕੰਮ ਕਰਨਾ ਸ਼ਾਮਲ ਹੈ।

ਜਾਪਦਾ ਹੈ ਕਿ ਅਮਨਦੀਪ ਦੀ ਫੈਸ਼ਨ ਦੀ ਦੁਨੀਆਂ ਵਿਚ ਇਹ ਹਾਂਪੱਖੀ ਦੱਖ ਜਲਦੀ ਹੀ ਸਾਡੀ ਨੌਜਵਾਨ ਪੀੜ੍ਹੀ ਵਿਚ ਆਪਣੀ ਪਗੜੀ ਉਤੇ ਮਾਣ ਕਰਨ ਦੀ ਪ੍ਰੇਰਣਾ ਪੈਦਾ ਕਰੇਗੀ ਅਤੇ ਉਨ੍ਹਾਂ ਲੋਕਾਂ ਨੂੰ ਦਸਤਾਰ ਤਜਣ ਦਾ ਬਹਾਨਾ ਲਾਉਣ ਤੋਂ ਹੋੜੇਗੀ ਜੋ ਕਹਿੰਦੇ ਹਨ ਕਿ ਅਮਰੀਕੀ ਜਾਂ ਪੱਛਮੀ ਦੁਨੀਆਂ ਵਿਚ ਦਸਤਾਰਧਾਰੀ ਦਾ ਰੋਹਬ ਨਹੀਂ ਬਣਦਾ।



INDIA HOUSE
1521 Schaumburg rd, Schaumburg, IL 60194
Tel - 847 895 5501
www.indiahousechicago.com
email - indiahouse2010@yahoo.com
Advance booking recommended
NEW YEARS EVE... MASQUERADE BALL 2010
7:00 pm to 12:30 am
A Nite to Remember...
with
DJ Aqueel/ Sahil to set you in the groove
Mid Night Champagne Toast
Open premium bar 7:00 pm to 12:00 am
Best dressed competition(mask required to participate)
Live singing by versatile singers
Sahil Bhatti & Shaila Khedkar
Live Dance performance's
CRUISESHIP STYLE BUFFET WITH OVER 100 ITEMS
featuring
North Indian, South Indian, Bombay Chowpatti
Gujrati,, Rajawadi, Chinese, Italian and Mexican
TICKETS :
$80 per person
Table of 10 - $700
Call
Ravi Rawat @ 224 200 5795
Nicholas Pereira @ 847 895 5501
Mask also available @ entrance for $15
BRING YOUR OWN MASK TO ENTER
Event Supported By:
Gujrati Samaj Of Chicago . Khadayata Samaj Chicago . Bavis Gam Patidar Samaj Chicago

# ਸੇਵਾ ਦੇ ਪੁੰਜ ਸੰਤ ਬਾਬਾ ਮਾਨ ਸਿੰਘ ਪਿਹੋਵਾ ਵਾਲੇ

**ਮਨਜੀਤ ਸਿੰਘ, ਸਾਊਥਬੈਂਡ**

ਇਕ ਮਹਾਨ ਸ਼ਖਸੀਅਤ, ਉਚੇ ਵਿਅਕਤੀਤਵ ਦੇ ਮਾਲਕ, ਗੁਰੂ ਨਾਨਕ ਦੇ ਘਰ ਦੇ ਅਲੰਬਰਦਾਰ, ਸੰਤ ਮਾਨ ਸਿੰਘ ਪਿਹੋਵੇ ਵਾਲੇ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ। ਸੰਤ ਮਾਨ ਸਿੰਘ ਪਿਹੋਵੇ ਵਾਲਿਆਂ ਜਿੱਥੇ ਲਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਵਡਮੁੱਲੀ ਦਾਤ ਬਖਸ਼ ਕੇ ਗੁਰੂ ਲੜ ਲਾਇਆ ਉਥੇ ਉਨ੍ਹਾਂ ਨੇ ਕਿਸੇ ਭਿੰਨ-ਭੇਦ, ਜਾਤ-ਪਾਤ ਤੋਂ ਉਪਰ ਉਠ ਕੇ ਉਨ੍ਹਾਂ ਦੀ ਹਰ ਦੁਖ-ਸੁਖ ਵਿਚ ਬਾਂਹ ਫੜੀ।

ਸੰਤ ਜੀ ਜਿਥੇ, ਦੁਨੀਆਂ ਦੇ ਕੋਨੇ ਕੋਨੇ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਦੇ, ਉਥੇ ਹਰ ਲੋੜਵੰਦ ਦੀ ਯਥਾਸ਼ਕਤ ਮਦਦ ਕਰਨ ਵਿਚ ਤਤਪਰ ਰਹਿੰਦੇ ਹਨ। ਭਾਰਤ ਦੇ ਕਿਸੇ ਵੀ ਖੇਤਰ ਵਿਚ ਜਦ ਵੀ ਕੋਈ ਕੁਦਰਤੀ ਆਫ਼ਤ ਆਈ ਤਾਂ ਬਾਬਾ ਮਾਨ ਸਿੰਘ ਸਭ ਤੋਂ ਮੋਹਰੀ ਹੋ ਕੇ ਇਨ੍ਹਾਂ ਦੀ ਸੇਵਾ ਵਿਚ ਜੁਟ ਪਏ, ਭਾਵੇਂ ਇਹ ਉੜੀਸਾ ਵਿਚ ਆਈ ਸੁਨਾਮੀ ਲਹਿਰ ਸੀ, ਜਾਂ ਗੁਜਰਾਤ ਵਿਚ ਆਇਆ ਬਹੁਤ ਵੱਡਾ ਭੁਚਾਲ, ਸੰਤ ਜੀ ਤੇ ਇਨ੍ਹਾਂ ਦੇ ਪੈਰੋਕਾਰਾਂ ਨੇ ਪੀੜਤ ਲੋਕਾਂ ਦੀ ਮੁੜ ਬਹਾਲੀ ਲਈ ਦਿਨ ਰਾਤ ਇਕ ਕਰ ਦਿੱਤਾ।

ਇਕੱਲੇ ਉੜੀਸਾ ਵਿਚ ਹਜਾਰਾਂ ਹੀ ਨਹੀਂ ਲੱਖਾਂ ਦੀ ਗਿਣਤੀ ਵਿਚ ਬੇਘਰ ਤੇ ਭੁੱਖੇ ਭਾਣੇ ਲੋਕਾਂ ਲਈ ਜਿਥੇ ਉਨ੍ਹਾਂ ਦੇ ਰਹਿਣ ਦਾ ਆਰਜ਼ੀ ਪ੍ਰਬੰਧ ਕੀਤਾ, ਉਥੇ ਉਨ੍ਹਾਂ ਲਈ ਖਾਣ-ਪੀਣ ਲਈ ਟਨਾਂ ਦੇ ਟਨ ਅਨਾਜ ਤੇ ਸਬਜ਼ੀਆਂ ਆਦਿ ਦਾ ਇੰਤਜ਼ਾਮ ਕਰਕੇ ਮਨੁੱਖਤਾ ਲਈ ਭਲੇ ਦਾ ਕੰਮ ਕੀਤਾ। ਜਿਥੇ ਭੁੱਖੇ ਪਿਆਸਿਆਂ ਅਤੇ ਲੋੜਵੰਦ ਲੋਕਾਂ ਲਈ ਹਮੇਸ਼ਾ ਕਮਰਕਸੇ ਕਰਕੇ ਰੱਖਦੇ ਹਨ ਉਥੇ ਬਾਬਾ ਜੀ ਗੁਰਮਤਿ ਸਮਾਗਮ ਕਰਕੇ ਲੱਖਾਂ ਪ੍ਰਾਣੀਆਂ ਨੂੰ 'ਗੁਰੂ ਵਾਲਾ' ਬਣਨ ਦੀ ਪ੍ਰੇਰਨਾ ਦੇ ਰਹੇ ਹਨ ਅਤੇ ਲੱਖਾਂ ਨੂੰ ਗੁਰੂ ਵਾਲਾ ਬਣਾਇਆ ਹੈ। ਮੈਂ ਸਮਝਦਾ ਹਾਂ ਕਿ ''ਸੰਤ ਜੋ ਦਾਤਾ ਮੁਕਤ ਕੋ' ਦੀ ਸਹੀ ਪਾਲਣਾ ਕਰਕੇ ਅਨੇਕਾਂ ਪ੍ਰਾਣੀਆਂ ਨੂੰ ਗੁਰੂ ਦੇ ਲੜ ਲਾ ਰਹੇ ਹਨ।

ਮਨੁੱਖਤਾ ਪ੍ਰਤੀ ਸੇਵਾ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਅਥਾਹ ਸ਼ਰਧਾ ਕਰਕੇ ਹੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸੰਤ ਬਾਬਾ ਮਾਨ ਸਿੰਘ ਨੂੰ ਸਿੱਖ ਕੌਮ ਦਾ ਹੀਰਾ ਕਿਹਾ ਹੈ ਅਤੇ ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਵੀ ਨਹੀਂ ਹੈ ਕਿ ਸੰਤਾਂ ਦਾ ਸਾਰਾ ਜੀਵਨ ਅਕਾਲ ਪੁਰਖ ਦੀ ਉਸਤਤ, ਸਿੱਖੀ ਦੇ ਪ੍ਰਚਾਰ ਅਤੇ ਲੋੜਵੰਦਾਂ ਦੀ ਤਨ, ਮਨ ਅਤੇ ਧਨ ਨਾਲ ਸੇਵਾ ਲਈ ਸਮਰਪਿਤ ਹੈ।

ਤਖਤ ਕੇਸਗੜ੍ਹ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਨੇ ਕਿਹਾ ਹੈ ਕਿ ਸੰਤ ਬਾਬਾ ਮਾਨ ਸਿੰਘ ਵਲੋਂ ਸਿੱਖੀ ਦੇ ਪ੍ਰਚਾਰ ਅਤੇ ਸੇਵਾ ਦੇ ਕੀਤੇ ਗਏ ਕੰਮ ਕਿਸੇ ਤੋਂ ਛੁਪੇ ਨਹੀਂ। ਜੇ ਸੰਤਾਂ ਦੇ ਕੰਮ ਦੀ ਅਹਿਮੀਅਤ ਦਾ ਡੂੰਘਾ ਅਧਿਐਨ ਕਰਨਾ ਹੈ ਤਾਂ ਉਨ੍ਹਾਂ ਬਾਰੇ ਉੜੀਸਾ ਵਿਚ ਆਈ ਸੁਨਾਮੀ ਦੇ ਪੀੜਤ ਲੋਕਾਂ ਤੋਂ ਪੁੱਛ ਕੇ ਦੇਖੋ। ਉਨ੍ਹਾਂ ਬਾਰੇ ਗੁਜਰਾਤ ਰਾਜ ਵਿਚ ਆਏ ਭੂਚਾਲ ਵਿਚ ਪਾਏ ਯੋਗਦਾਨ ਬਾਰੇ ਉਥੋਂ ਦੇ ਲੋਕਾਂ ਨੂੰ ਪੁਛੋ ਜਾਂ ਰਾਜਸਥਾਨ ਦੇ ਸੋਕੇ ਮਾਰੇ ਇਲਾਕੇ ਦੇ ਲੋਕਾਂ ਨੂੰ ਪੁੱਛੋ ਜਿਥੇ ਸੰਤ ਜੀ ਨੇ ਮਸੀਹਾ ਬਣ ਕੇ ਉਨ੍ਹਾਂ ਦੀ ਮੁਸੀਬਤ ਵੇਲੇ ਬਾਂਹ ਫੜੀ ਅਤੇ ਹਰ ਹੀਲੇ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦਾ ਉਪਰਾਲਾ ਕੀਤਾ। ਗਿਆਨੀ ਤਰਲੋਚਨ ਸਿੰਘ ਨੇ ਬਾਬਾ ਜੀ ਨੂੰ ਸੇਵਾ ਦੇ ਪੁੰਜ ਕਹਿ ਕੇ ਵਡਿਆਇਆ ਹੈ।

ਬਾਬਾ ਮਾਨ ਸਿੰਘ ਬਹੁਪੱਖੀ ਸ਼ਖਸੀਅਤ ਦੇ ਮਾਲਕ ਹਨ। ਉਹ ਡੂੰਘੀਆਂ ਤੋਂ ਡੂੰਘੀਆਂ ਅਤੇ ਗਹਿਰ-ਗੰਭੀਰ ਗੱਲਾਂ ਨੂੰ ਬੜੀ ਸਰਲ ਅਤੇ ਕਦੀ ਕਦੀ ਬੜੇ ਮਜ਼ਾਕੀਆ ਲਹਿਜੇ ਵਿਚ ਕਹਿ ਜਾਂਦੇ ਹਨ। ਅਗਮ-ਅਗੋਚਰ ਦੀਆਂ ਗੱਲਾਂ ਸਿੱਧ-ਪਧਰੀ ਅਤੇ ਆਮ ਵਿਅਕਤੀ ਦੀ ਭਾਸ਼ਾ ਵਿਚ ਇੰਜ ਕਹਿ ਜਾਂਦੇ ਹਨ ਕਿ ਬੰਦੇ ਦੇ ਗੱਲ ਵੀ ਪੱਲੇ ਪੈ ਜਾਂਦੀ ਹੈ ਅਤੇ ਹਾਸੇ ਵੀ ਛੇੜ ਦਿੰਦੀ ਹੈ। ਬਾਬਾ ਜੀ ਜਾਣਦੇ ਹਨ ਕਿ ਅਜੋਕਾ ਮਨੁੱਖ ਤਣਾਓ, ਪ੍ਰੇਸ਼ਾਨੀਆਂ ਅਤੇ ਕਈ ਹੋਰ ਮਾਨਸਿਕ ਉਲਝਣਾਂ ਵਿਚ ਉਲਝਿਆ ਹੋਇਆ ਹੈ। ਇਸੇ ਕਰਕੇ ਸੰਤ ਮਹਾਤਮਾ ਦੀ ਅਨੂਠੀ ਛਵੀ ਤੋਂ ਬਾਹਰ ਨਿਕਲ ਕੇ ਇਕ ਆਮ ਆਦਮੀ ਦੀ ਤਰ੍ਹਾਂ ਉਸ ਦਾ ਦੋਸਤ, ਹਮਦਰਦ ਅਤੇ ਪਿਆਰਾ ਬਣਨਾ ਲੋਚਦੇ ਹਨ ਜਾਂ ਇੰਜ ਕਹਿ ਲਉ ਕਿ ਸਿੱਖੀ ਪ੍ਰਚਾਰ ਅਤੇ ਗੁਰੂ ਸ਼ਬਦ ਦੇ ਹੋਕੇ ਦੇ ਨਾਲ ਨਾਲ ਉਹ ਹਾਸਿਆਂ ਦੀ ਝਾਂਜਰ ਦੀ ਛਣਕਾਰ ਵੀ ਪੁਆਉਂਦੇ ਹਨ। ਸਿਧ-ਪੱਧਰੀਆਂ



ਮਿਸਾਲਾਂ ਦੇ ਕੇ ਅਤੇ ਸ਼ੇਅਰ-ਓ-ਸ਼ਾਇਰੀ ਰਾਹੀਂ ਸਹਿਜ ਸੁਭਾਅ ਹੀ ਲੋਕਾਂ ਦੀ ਅੰਤਰ-ਆਤਮਾ ਦੀ ਗੱਲ ਕਹਿੰਦੇ ਹਨ। ਹਾਸੇ ਮਜਾਕ ਵਿਚ ਕਿਹਾ ਹੋਇਆ ਉਨ੍ਹਾਂ ਦਾ ਬੋਲ ਮਨੁੱਖ ਦੀ ਰੂਹ ਨੂੰ ਟੁੰਬ ਰਿਹਾ ਹੁੰਦਾ ਹੈ।

ਮਨੁੱਖਤਾ ਦਾ ਦਰਦ ਉਹ ਮਨ ਦੇ ਅੰਤਰੀਵ ਭਾਵ ਤੋਂ ਮਹਿਸੂਸ ਕਰਦੇ ਹਨ ਜਾਂ ਇੰਜ ਕਹਿ ਲਉ ਕਿ ਕਿਸੇ ਪ੍ਰਾਣੀ ਦਾ ਦੁਖ ਦੇਖਣਾ ਉਹ ਕਤਈ ਸਹਾਰ ਨਹੀਂ ਸਕਦੇ ਅਤੇ ਕਿਸੇ ਵੀ ਕੁਦਰਤੀ ਆਫਤ ਵਿਚ ਸਭ ਕੁਝ ਭੁਲ ਕੇ ਹਰ ਸੰਭਵ ਤਰੀਕੇ ਨਾਲ ਤਨ, ਮਨ ਅਤੇ ਧਨ ਨਾਲ ਸੇਵਾ ਵਿਚ ਜੁਟ ਜਾਂਦੇ ਹਨ। ਜੇਕਰ ਲੋੜ ਪਵੇ ਤਾਂ ਗੱਡੀਆਂ ਭਰ ਭਰ ਕੱਪੜਾ, ਬਰਤਨ, ਧੋਤੀਆਂ, ਸਾੜ੍ਹੀਆਂ ਅਤੇ ਜਿਸ ਜਿਸ ਇਲਾਕੇ ਵਿਚ ਜਿਸ ਤਰ੍ਹਾਂ ਦੀ ਲੋੜ ਪੈਂਦੀ ਹੈ ਵੰਡਦੇ ਹਨ।

ਜਿੱਥੇ ਲੱਖਾਂ ਦੀ ਗਿਣਤੀ ਵਿਚ ਅੱਜ ਉਨ੍ਹਾਂ ਦੇ ਪੈਰੋਕਾਰ ਹਨ ਉਥੇ ਇਕਾ-ਦੁਕਾ ਦੋਖੀ ਅਤੇ ਸਾਜ਼ਿਸ਼ੀ ਲੋਕਾਂ ਨੇ ਬਾਬਾ ਜੀ 'ਤੇ ਝੂਠੇ ਇਲਜ਼ਾਮ ਲਾ ਕੇ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਝੀ ਚਾਲ ਚੱਲੀ ਹੈ। ਇਨ੍ਹਾਂ ਕੋਝੀਆਂ ਹਰਕਤਾਂ ਨੂੰ ਕਈ ਵਾਰ ਭੋਲੇ ਭਾਲੇ ਲੋਕ ਸਮਝ ਨਹੀਂ ਸਕਦੇ ਅਤੇ ਗੁੰਮਰਾਹ ਹੋ ਜਾਂਦੇ ਹਨ। ਕਈ ਵਾਰ ਕਿਸੇ ਗੱਲ ਦੀ ਤਹਿ ਤਕ ਜਾਣ ਤੋਂ ਪਹਿਲਾਂ ਕਈ ਲੋਕ ਝੂਠ ਦੇ ਪੁਲੰਦੇ ਨੂੰ ਸਚ ਮੰਨ ਲੈਂਦੇ ਹਨ।

ਬਾਬਾ ਜੀ ਨੂੰ ਬਦਨਾਮ ਕਰਨ ਵਾਲਿਆਂ ਵਿਚ ਇਕ ਪ੍ਰਮੁੱਖ ਆਪਣੇ ਆਪ ਨੂੰ ਡਾਕਟਰ ਕਹਿਣ ਵਾਲਾ ਗੁਰਵਿੰਦਰ ਸਿੰਘ ਸਮਰਾ ਅਤੇ ਉਸਦੀ ਇਕ ਸਾਥਣ ਰਾਜਿੰਦਰ ਕੌਰ ਹੈ ਜਿਨ੍ਹਾਂ ਨੇ ਬਾਬਾ ਜੀ ਤੇ ਚਰਿਤਰਹੀਣਤਾ ਦਾ ਦੋਸ਼ ਲਾਇਆ ਹੈ। ਅਸਲ ਵਿਚ ਇਸ ਸ਼ਖਸ ਨੇ ਗਊਸ਼ਾਲਾ ਸਥਾਪਤ ਕਰਨ ਲਈ ਡੇਰੇ ਤੋਂ 20 ਲੱਖ ਰੁਪਏ ਦੀ ਮਦਦ ਮੰਗੀ ਸੀ ਪਰ ਜਦੋਂ ਪੈਸੇ ਵਾਪਸ ਮੰਗੇ ਤਾਂ ਇਹ ਸੰਤਾਂ 'ਤੇ ਊਲ ਜਲੂਲ ਦੋਸ਼ ਲਾਉਣ ਲੱਗ ਪਿਆ। ਬਾਬਾ ਜੀ ਦੇ ਸ਼ਰਧਾਲੂ ਇਤਨੇ ਭੜਕੇ ਹੋਏ ਸਨ ਕਿ ਉਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਬਾਬਾ ਜੀ ਨੇ ਸ਼ਾਂਤ ਰਹਿਣ ਲਈ ਅਪੀਲ ਕੀਤੀ ਅਤੇ ਕਿਸੇ ਵੀ ਹਾਲਤ ਵਿਚ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਤੋਂ ਗੁਰੇਜ ਵਰਤਣ ਲਈ ਕਿਹਾ। ਬਾਬਾ ਜੀ ਨੇ ਕਿਹਾ ਕਿ ਅਕਾਲ ਪੁਰਖ ਆਪ ਹੀ ਨਿਆਂ ਕਰੇਗਾ। ਦੋਸ਼ਾਂ ਦੇ ਜਵਾਬ ਵਿਚ ਬਾਬਾ ਜੀ ਨੇ ਕਿਹਾ ਕਿ ਉਹ ਨਾ ਇਕੱਲੇ ਕਮਰੇ ਵਿਚ ਰਹਿੰਦੇ ਹਨ, ਨਾ ਸੌਂਦੇ ਹਨ ਅਤੇ ਇਥੋਂ ਤੱਕ ਕਿ ਇਸ਼ਨਾਨ ਆਦਿ ਵੀ ਮਰਦ ਸ਼ਰਧਾਲੂਆਂ ਨਾਲ ਕਰਦੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਿਸੇ ਵੱਡੀ ਸਾਜ਼ਿਸ਼ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਗਰ ਉਨ੍ਹਾਂ 'ਤੇ ਲਾਏ ਬਦਫੈਲੀ ਦੇ ਦੋਸ਼ ਸਾਬਤ ਹੋ ਜਾਣ ਤਾਂ ਉਹ ਡੇਰਾ ਛੱਡ ਦੇਣਗੇ ਅਤੇ ਕਿਸੇ ਵੀ ਸਜ਼ਾ ਲਈ ਤਿਆਰ ਹੋਣਗੇ।

ਸੰਤ ਜੀ ਦੇ ਸ਼ਰਧਾਲੂਆਂ ਨੇ ਕਿਹਾ ਹੈ ਕਿ ਡਾ. ਸਮਰਾ ਨੇ ਦੋ ਲੜਕੀਆਂ ਦੀਆਂ ਜੋ ਫੋਟੋਆਂ ਮੀਡੀਏ ਨੂੰ ਦਿਖਾਈਆਂ ਹਨ, ਉਨ੍ਹਾਂ ਲੜਕੀਆਂ ਨੂੰ ਮੀਡੀਏ ਸਾਹਮਣੇ ਨਸ਼ਰ ਕੀਤਾ ਜਾਵੇਗਾ ਤਾਂ ਜੋ ਸੱਚ ਅਤੇ ਝੂਠ ਦਾ ਨਿਤਾਰਾ ਹੋ ਸਕੇ। ਸੰਤ ਜੀ ਨੇ ਇਨ੍ਹਾਂ ਦੋਸ਼ਾਂ ਦਾ ਮੁੱਢ ਤੋਂ ਖੰਡਨ ਕੀਤਾ ਹੈ ਅਤੇ ਕਿਹਾ ਹੈ ਕਿ ਸਾਡੇ ਸਬਰ ਦਾ ਪਿਆਲਾ ਭਰ ਚੁੱਕਾ ਹੈ। ਇਸ ਲਈ ਡਾ. ਸਮਰਾ ਨੂੰ ਕੋਰਟ ਵਿਚ ਲਿਜਾਣ ਤੋਂ ਬਿਨਾ ਕੋਈ ਚਾਰਾ ਨਹੀਂ, ਕਿਉਂਕਿ ਡਾ. ਸਮਰਾ ਝੂਠ ਅਤੇ ਕੁਫਰ ਨਾਲ ਉਨ੍ਹਾਂ ਦੀ ਛਵੀ ਖਰਾਬ ਕਰ ਰਿਹਾ ਹੈ।

ਬਾਬਾ ਜੀ ਦੇ ਡੇਰੇਦਾਰ ਸਾਥੀ ਭਾਈ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਉਹ ਸੰਤਾਂ ਨੂੰ ਸਕੂਲ ਦੇ ਦਿਨਾਂ ਤੋਂ ਜਾਣਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ 'ਤੇ ਹੱਥ ਧਰ ਕੇ ਕਹਿ ਸਕਦੇ ਹਨ ਕਿ ਇਹੋ ਜਿਹਾ ਕੁਕਰਮ ਬਾਬਾ ਜੀ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ। ਭਾਈ ਗੁਰਬਚਨ ਸਿੰਘ ਨੇ ਦੁਹਰਾਇਆ ਕਿ ਡਾ. ਸਮਰਾ ਗਊਸ਼ਾਲਾ ਬਣਾਉਣ ਲਈ ਜੋ ਡੇਰੇ ਤੋਂ ਪੈਸੇ ਲੈ ਚੁੱਕਾ ਹੈ, ਉਹ ਪੈਸੇ ਉਹਨੇ ਇਧਰ-ਉਧਰ ਖੁਰਦ-ਬੁਰਦ ਕਰ ਦਿਤੇ ਹਨ ਅਤੇ ਵਾਪਸ ਨਾ ਕਰਨ ਕਰਕੇ ਬਾਬਾ ਜੀ 'ਤੇ ਦੋਸ਼ ਲਾ ਰਿਹਾ ਹੈ।

ਇਥੇ ਇਹ ਵੀ ਦੱਸ ਦੇਣਾ ਜ਼ਰੂਰੀ ਹੈ ਕਿ ਡਾ. ਸਮਰਾ 'ਤੇ ਵੱਖ-ਵੱਖ ਤਰ੍ਹਾਂ ਦੇ 18 ਤੋਂ ਵਧ ਮੁਕੱਦਮੇ ਚਲ ਰਹੇ ਹਨ ਅਤੇ ਜਿਹੜੇ 20 ਲੱਖ ਰੁਪਏ ਉਹਨੇ ਡੇਰੇ ਤੋਂ ਲਏ ਹਨ ਉਹਦੀ ਬਾਕਾਇਦਾ ਸੀ. ਡੀ. ਬਣੀ ਹੋਈ ਹੈ, ਜਿਥੇ ਉਸਨੂੰ ਕਥਿਤ ਤੌਰ 'ਤੇ ਪੈਸੇ ਵਸੂਲਦੇ ਦਿਖਾਇਆ ਗਿਆ ਹੈ। ਜਿਸ ਤਰ੍ਹਾਂ ਪਹਿਲਾਂ ਦੱਸ ਕੇ ਆਏ ਹਾਂ ਕਿ ਕਈ ਵਾਰੀ ਅਸੀਂ ਅੱਖਾਂ ਅਤੇ ਕੰਨ ਬੰਦ ਕਰਕੇ ਕਿਸੇ ਗੱਲ 'ਤੇ ਵਿਸ਼ਵਾਸ ਕਰ ਲੈਂਦੇ ਹਾਂ ਅਤੇ ਝੂਠ ਨੂੰ ਸੱਚ ਸਮਝਣ ਲੱਗ ਪੈਂਦੇ ਹਾਂ। ਇੰਝ ਹੀ ਵਿਦੇਸ਼ਾਂ ਦੀਆਂ ਕੁਝ ਸੰਗਤਾਂ ਵਿਚ ਵੀ ਸੰਤਾਂ ਵਿਰੁਧ ਰੋਹ ਦੇਖਣ ਨੂੰ ਮਿਲਿਆ ਕਿਉਂਕਿ ਪੰਥ ਵਿਰੋਧੀ ਭੇਖੀ ਤੇ ਝੂਠ ਦੇ ਪੁਲੰਦੇ ਡਾ. ਸਮਰਾ ਦੀ ਕੋਝੀ ਸਾਜ਼ਿਸ਼ ਨੂੰ ਉਹ ਜਾਨਣ ਵਿਚ ਅਸਫਲ ਰਹੇ।

ਕੈਨੇਡਾ ਦੇ ਸ਼ਹਿਰ ਵੈਨਕੂਵਰ ਦੇ ਗੁਰਦੁਆਰਾ ਕਲਗੀਧਰ ਵਿਖੇ ਜਦੋਂ ਸੰਤ ਜੀ ਆਏ ਤਾਂ ਕੁਝ ਮੁਜਾਹਰਾਕਾਰੀਆਂ ਨੇ ਸੰਤ ਬਾਬਾ ਮਾਨ ਸਿੰਘ ਦੇ ਉਲਟ ਨਾਹਰੇਬਾਜ਼ੀ ਕੀਤੀ ਜਿਨ੍ਹਾਂ ਵਿਚ ਕਈਆਂ ਨੇ ਸ਼ਰਾਬ ਵੀ ਪੀਤੀ ਹੋਈ ਸੀ ਅਤੇ ਕੁਝ ਨੰਗੇ ਸਿਰ ਜੁੱਤੀਆਂ ਸਮੇਤ ਗੁਰੂ ਘਰ ਵਿਚ ਦਾਖਲ ਹੋਏ। ਆਮ ਸੰਗਤਾਂ ਨੇ ਇਸ ਦਾ ਬੁਰਾ ਮਨਾਇਆ। ਸੰਗਤ ਦਾ ਸਵਾਲ ਸੀ, ਇਹ ਕਿਹੜੇ ਗੁਰੂ ਦੇ ਸਿੱਖ ਹਨ ਜੋ ਮਹਾਰਾਜ ਦੀ ਹਜ਼ੂਰੀ ਵਿਚ ਬੇਅਦਬੀ ਕਰ ਰਹੇ ਹਨ? ਪ੍ਰਬੰਧਕਾਂ ਨੇ ਵੀ ਮੁਜ਼ਾਹਰਾਕਾਰੀਆਂ ਵਲੋਂ ਕੀਤੀ ਗਈ ਬੇਹੁਰਮਤੀ ਦਾ ਮਾਮਲਾ ਅਕਾਲ ਤਖਤ 'ਤੇ ਲਿਜਾਣ ਦਾ ਫੈਸਲਾ ਕੀਤਾ।

ਇਸ ਤੋਂ ਇਲਾਵਾ 1-2 ਹੋਰ ਘਟਨਾਵਾਂ ਦਾ ਭਾਰਤ ਵਿਚ ਸੰਤ ਸਮਾਜ ਨੇ ਗੰਭੀਰ ਨੋਟਿਸ ਲਿਆ ਅਤੇ ਬਾਬਾ ਮਾਨ ਸਿੰਘ ਨੂੰ ਪੂਰੀ ਹਮਾਇਤ ਕਰਨ ਦਾ ਭਰੋਸਾ ਦਿਤਾ। ਬਾਬਾ ਜੀ ਨੇ ਦ੍ਰਿੜਤਾ ਨਾਲ ਕਿਹਾ ਹੈ ਕਿ ਉਹ ਆਪਣਾ ਧਰਮ ਪ੍ਰਚਾਰ ਨਿਰੰਤਰ ਜਾਰੀ ਰਖਣਗੇ ਅਤੇ ਮਾਨਵਤਾ ਦੇ ਕਲਿਆਣ ਦੇ ਕੰਮਾਂ ਤੋਂ ਕਦੀ ਵੀ ਪਿਛੇ ਨਹੀਂ ਹਟਣਗੇ।

ਇਧਰ ਬਾਬਾ ਜੀ ਦੇ ਸ਼ਰਧਾਲੂਆਂ ਨੇ ਕਰੀਬ 20 ਐਫ.ਆਈ.ਆਰ. ਡਾ. ਸਮਰਾ ਦੇ ਵਿਰੁਧ ਪੰਜਾਬ ਦੇ ਕਈ ਥਾਵਾਂ ਤੇ ਲਿਖਵਾਈਆਂ ਹਨ। ਵਰਨਣਯੋਗ ਹੈ ਕਿ ਡਾ. ਸਮਰਾ ਦੀ ਸਾਥਣ ਰਜਿੰਦਰ ਕੌਰ ਦੇ ਘਰ ਅਦਾਲਤ ਤੋਂ ਜਾਰੀ ਤਲਾਸ਼ੀ ਵਰੰਟਾਂ ਨਾਲ ਉਹਦੇ ਤਿਬੜੀ ਕੈਂਟ ਵਿਖੇ ਕੁਆਟਰ ਦੀ ਤਲਾਸ਼ੀ ਲਈ ਗਈ, ਜਿਸਦੀ ਅਗਵਾਈ ਪੁਰਾਣਾ ਸ਼ਾਲਾ ਦੇ ਐਸ.ਐਚ.ਓ. ਜੋਗਾ ਸਿੰਘ ਅਤੇ ਰੂਪਨਗਰ ਸਿਟੀ ਥਾਣੇ ਦੇ ਮੁਖੀ ਬਲਵੰਤ ਸਿੰਘ ਨੇ ਕੀਤੀ। ਤਲਾਸ਼ੀ ਦੌਰਾਨ ਰਜਿੰਦਰ ਕੌਰ ਦੇ ਘਰੋਂ 400 ਗਰਾਮ ਵਿਸਫੋਟਕ ਸਮਗਰੀ, 4 ਕਾਰਤੂਸ, 2 ਪੁਲ ਸਵਿਚ ਅਤੇ ਇਕ ਇਲੈਕਟਰੌਨਿਕ ਡੈਟੋਨੇਟਰ ਬਰਾਮਦ ਕੀਤਾ ਗਿਆ। ਇਹ ਤਲਾਸ਼ੀ ਮੈਜਿਸਟ੍ਰੇਟ ਦੀ ਹਾਜਰੀ ਵਿਚ 29-1-08 ਨੂੰ ਹੋਈ ਅਤੇ ਰਜਿੰਦਰ ਕੌਰ ਵਿਧਵਾ ਪ੍ਰਗਟ ਸਿੰਘ ਭੁੱਲਰ ਨੂੰ ਗ੍ਰਿਫਤਾਰ ਕਰਕੇ ਪੁਲਿਸ ਰਿਮਾਂਡ ਲਿਆ ਗਿਆ। ਪੁੱਛਗਿੱਛ ਦੌਰਾਨ ਉਸਨੇ ਪੁਲਿਸ ਨੂੰ ਬਿਆਨ ਦਿਤਾ ਕਿ ਇਹ ਵਿਸਫੋਟਕ ਸਮਗਰੀ ਉਸਦੇ ਘਰ ਡਾ. ਗੁਰਵਿੰਦਰ ਸਿੰਘ ਸਮਰਾ ਪੁੱਤਰ ਗੁਰਦੀਪ ਸਿੰਘ ਵਾਸੀ ਜੀ.ਟੀ. ਰੋਡ ਕਰਤਾਰਪੁਰ ਅਤੇ ਅਵਤਾਰ ਸਿੰਘ ਉਰਫ ਕਾਲਾ ਪੁਤਰ ਧਿਆਨ ਸਿੰਘ ਵਾਸੀ ਅਰਜਨਪੁਰ ਗੁੰਝੀਆਂ ਨੇ ਰਖੀ ਸੀ। ਉਸ ਦਾ ਇਹ ਵੀ ਕਹਿਣਾ ਸੀ ਕਿ ਡਾ. ਸਮਰਾ ਨੇ ਉਸਨੂੰ ਕਿਹਾ ਸੀ ਕਿ ਜੇਕਰ ਕੋਈ ਪੁਛੇ ਤਾਂ ਕਹਿ ਦੇਵੇ ਕਿ ਇਹ ਅਸਲਾ ਬਾਬਾ ਮਾਨ ਸਿੰਘ ਦੇ ਸ਼ਰਧਾਲੂਆਂ ਨੇ ਰੱਖਿਆ ਹੈ। ਇਸੇ ਦੌਰਾਨ ਦੋਸ਼ੀ ਅਵਤਾਰ ਸਿੰਘ ਨੇ ਮੰਨਿਆ ਕਿ ਰਜਿੰਦਰ ਕੌਰ ਦੇ ਸਰਕਾਰੀ ਕੁਆਰਟਰ ਵਿਚੋਂ ਜੋ ਬਾਰੂਦ ਫੜਿਆ ਗਿਆ ਸੀ, ਉਹ ਉਸਨੇ ਅਤੇ ਡਾ. ਗੁਰਵਿੰਦਰ ਸਿੰਘ ਸਮਰਾ ਨੇ ਉਥੇ ਰਖਿਆ ਸੀ ਅਤੇ ਸਾਜ਼ਿਸ਼ ਅਧੀਨ ਬਾਬਾ ਮਾਨ ਸਿੰਘ ਦੇ ਸ਼ਰਧਾਲੂਆਂ ਨੂੰ ਫਸਾਉਣ ਦਾ ਉਨ੍ਹਾਂ ਦਾ ਇਰਾਦਾ ਸੀ।

ਤਿੰਨਾਂ ਦੋਸ਼ੀਆਂ 'ਤੇ ਮੁਕੱਦਮਾ ਚਲਿਆ ਜਿਸ ਵਿਚ ਅਵਤਾਰ ਸਿੰਘ ਉਰਫ ਕਾਲਾ ਵਾਅਦਾ ਮੁਆਫ ਗਵਾਹ ਬਣਿਆ। ਜ਼ਿਲ੍ਹਾ ਅਤੇ ਸੈਸ਼ਨ ਜੱਜ ਸ. ਹਰਜਿੰਦਰਪਾਲ ਸਿੰਘ ਦੀ ਅਦਾਲਤ ਵਿਚ ਉਕਤ ਬਹੁਚਰਚਿਤ ਮਾਮਲੇ ਦੀ ਸੁਣਵਾਈ ਹੋਈ ਅਤੇ ਦੋਸ਼ੀ ਗੁਰਵਿੰਦਰ ਸਿੰਘ ਸਮਰਾ ਅਤੇ ਰਜਿੰਦਰ ਕੌਰ ਨੂੰ 15-15 ਸਾਲ ਕੈਦ ਅਤੇ ਦੂਸਰੀਆਂ ਧਾਰਾਵਾਂ ਵਿਚ 10-10 ਸਾਲ ਕੈਦ ਅਤੇ ਵੱਖ-ਵੱਖ ਦੋਸ਼ਾਂ ਅਧੀਨ 55-55 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ। ਅਵਤਾਰ ਸਿੰਘ ਵਾਅਦਾ ਮੁਆਫ ਗਵਾਹ ਬਣ ਕੇ ਬਰੀ ਹੋ ਗਿਆ। ਗੁਰਬਾਣੀ ਦੀ ਤੁਕ ਸਹੀ ਤਰਜਮਾਨੀ ਕਰਦੀ ਹੈ 'ਸੰਤਨ ਕੈ ਦੂਖਨਿ ਨਰਕ ਮਹਿ ਪਾਇ'।

ਸਾਨੂੰ ਵੀ ਅਜਿਹੇ ਦੋਖੀ ਅਤੇ ਸਾਜ਼ਿਸ਼ੀ ਵਿਅਕਤੀਆਂ 'ਤੇ ਕਰੜੀ ਨਜ਼ਰ ਰੱਖਣੀ ਪਵੇਗੀ। ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਮਾਮਲੇ ਦੀ ਪੂਰੀ ਘੋਖ ਕਰਨੀ ਚਾਹੀਦੀ ਹੈ ਨਹੀਂ ਤਾਂ ਅਜ ਸੰਤ ਬਾਬਾ ਮਾਨ ਸਿੰਘ ਪਿਹੋਵੇ ਵਾਲਿਆਂ ਨਾਲ ਜੋ ਹੋਇਆ ਹੈ ਉਹ ਕਿਸੇ ਨਾਲ ਵੀ ਹੋ ਸਕਦਾ ਹੈ। ਬਾਬਾ ਜੀ ਨੇ ਸਿਰਫ ਸਿੱਖੀ ਦਾ ਪ੍ਰਚਾਰ ਹੀ ਨਹੀਂ ਕੀਤਾ ਬਲਕਿ ਪੂਰੀ ਮਾਨਵਤਾ ਦੇ ਦੁਖ ਦਰਦ ਨੂੰ ਸੀਨੇ ਨਾਲ ਲਾਇਆ ਹੈ। ਗੁਰਬਾਣੀ ਨਾਲ ਜੋੜਨ ਲਈ ਜਿਥੇ ਗੁਰਮਤਿ ਸਾਹਿਤ, ਗੁਟਕੇ ਅਤੇ ਹੋਰ ਧਾਰਮਿਕ ਸਾਹਿਤ ਵੰਡਿਆ ਹੈ ਉਥੇ ਬਾਬਾ ਜੀ ਨੇ ਅਨੇਕਾਂ ਹੀ ਪਰਿਵਾਰਾਂ ਦੀ ਆਰਥਿਕ ਮਦਦ ਕਰਕੇ ਨਾਮਣਾ ਖਟਿਆ ਹੈ।

ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸ. ਜਸਬੀਰ ਸਿੰਘ ਆਹਲੂਵਾਲੀਆ ਨੇ ਯੂਨੀਵਰਸਿਟੀ ਵਲੋਂ 2001 ਵਿਚ ਐਵਾਰਡ ਦਿੰਦਿਆਂ ਸਹੀ ਕਿਹਾ ਸੀ, 'ਬਾਬਾ ਮਾਨ ਸਿੰਘ ਇਕ ਪੂਰਨ ਸੰਤ ਹਨ ਜਿਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਵਡਮੁਲਾ ਯੋਗਦਾਨ ਪਾਇਆ ਹੈ।'

ਅਜ ਵੀ ਬਾਬਾ ਜੀ ਪਿੰਡ-ਪਿੰਡ, ਨਗਰ-ਨਗਰ ਅਤੇ ਦੇਸ਼ ਵਿਦੇਸ਼ ਵਿਚ ਸਿੱਖ ਫਲਸਫੇ ਅਤੇ ਹੋਰ ਬੇਅੰਤ ਸੇਵਾ ਕਾਰਜਾਂ ਦੀ ਸਫਲਤਾ ਲਈ ਯਤਨਸ਼ੀਲ ਹਨ। ਜਥੇਦਾਰ ਗਿਆਨੀ ਤਰਲੋਚਨ ਸਿੰਘ ਨੇ ਸਹੀ ਹੀ ਕਿਹਾ ਹੈ ਕਿ ਬਾਬਾ ਮਾਨ ਸਿੰਘ ਆਫਤ ਦੇ ਮਾਰੇ ਲੋਕਾਂ ਦੀ ਹੱਥੀਂ ਸੇਵਾ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨਾਂ ਵਿਚ ਬਝੇ ਹਨ। ਉਨ੍ਹਾਂ ਨੇ ਸਮੂਹ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਸੰਤ ਮਹਾਂਪੁਰਸ਼ਾਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਚਲਣ, ਤਾਂ ਜੋ ਸਿੱਖੀ ਦੇ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੰਮ ਕੀਤਾ ਜਾ ਸਕੇ।

ਜ਼ਿਕਰਯੋਗ ਹੈ ਕਿ ਸੰਤ ਮਾਨ ਸਿੰਘ ਪਿਹੋਵਾ ਵਾਲੇ ਜਨਵਰੀ ਮਹੀਨੇ ਸਾਊਥਬੈਂਡ, ਇੰਡੀਆਨਾ ਪਹੁੰਚ ਰਹੇ ਹਨ।

## ਨਿਊ ਯਾਰਕ ਦੇ ਪੰਥਕ ਇਕੱਠ 'ਚ ਪ੍ਰੋ. ਦਰਸ਼ਨ ਸਿੰਘ ਦੀ ਡਟਵੀਂ ਹਮਾਇਤ

ਜਾਵੇਗਾ। ਇਹ ਉਹੋ ਗੁਰੂ ਘਰ ਹੈ ਜਿਥੇ ਉਹ ਮੂਵੀ ਬਣੀ ਸੀ ਜਿਸ ਨੂੰ ਇਕ ਸ਼ਰਾਰਤੀ ਨੇ ਗਲਤ ਤਰੀਕੇ ਨਾਲ ਕੱਟਵੱਢ ਕਰਕੇ ਟੀ ਵੀ ਤੇ ਦਿਖਾਇਆ ਸੀ।

ਇਸ ਸਮਾਗਮ ਵਿਚ ਬਾਦਲ ਵਿਰੋਧੀ ਸੁਰ ਵੀ ਤਿੱਖੀ ਰਹੀ। ਬੁਲਾਰਿਆਂ ਦਾ ਕਹਿਣਾ ਸੀ ਕਿ ਜਦੋਂ ਵੀ ਬਾਦਲ ਦੀ ਸਰਕਾਰ ਆਉਂਦੀ ਹੈ ਤਾਂ ਸਿੱਖੀ ਦਾ ਘਾਣ ਹੁੰਦਾ ਹੈ। 1978 ਦੇ ਨਿਰੰਕਾਰੀ ਕਾਂਡ ਦੀ ਚਰਚਾ ਵਾਰ ਵਾਰ ਹੁੰਦੀ ਰਹੀ। ਸੌਦਾ ਸਾਧ ਅਤੇ ਭਨਿਆਰੇ ਵਾਲੇ ਦਾ ਮਾਮਲਾ ਵੀ ਚਰਚਾ ਦਾ ਵਿਸ਼ਾ ਰਿਹਾ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਇਸ ਸਮਾਗਮ ਵਿਚ ਕਈ ਵਾਰ ਸਲਾਹਿਆ ਗਿਆ ਕਿ ਉਸ ਦੇ ਸਮੇਂ ਆਸੂਤੋਸ਼ ਵਰਗਿਆਂ ਨੂੰ ਨੱਥ ਪਾ ਕੇ ਰੱਖਿਆ ਗਿਆ ਅਤੇ ਉਸ ਨੇ ਆਸੂਤੋਸ਼ ਦੇ ਕਿਸੇ ਵੀ ਪ੍ਰੋਗਰਾਮ ਨੂੰ ਹੋਣ ਦੀ ਆਗਿਆ ਨਹੀਂ ਦਿਤੀ। ਬੁਲਾਰਿਆਂ ਨੇ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਬਾਦਲਕਿਆਂ ਨੂੰ ਹਰਾਉਣ ਦੀ ਅਪੀਲ ਵੀ ਕੀਤੀ।

ਸਟੇਜ ਦੀ ਸੇਵਾ ਗੁਰੂ ਘਰ ਦੇ ਸਕੱਤਰ ਭਾਈ ਰਜਿੰਦਰ ਸਿੰਘ ਨੇ ਨਿਭਾਈ। ਆਖਰ ਤੇ ਗੁਰੂ ਘਰ ਦੇ ਪ੍ਰਧਾਨ ਭਾਈ ਟਹਿਲ ਸਿੰਘ ਨੇ ਆਈ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਇਸ ਗੱਲ ਤੇ ਖੁਸ਼ੀ ਦਾ ਪਰਗਟਾਵਾ ਕੀਤਾ ਕਿ ਸੰਗਤਾਂ ਜਿਸ ਤਰਾਂ ਭਾਰੀ ਗਿਣਤੀ ਵਿਚ ਆਈਆਂ ਉਸ ਤੋਂ ਇਹ ਪਤਾ ਲੱਗਦਾ ਹੈ ਕਿ ਸੰਗਤਾਂ ਦੇ ਮਨ ਵਿਚ ਅੱਜ ਸਿੱਖੀ ਸਿਧਾਂਤਾਂ ਦਾ ਕਿੰਨ੍ਹਾ ਜਿਆਦਾ ਸਤਿਕਾਰ ਹੈ।

## ਕਰੋੜ ਦਾ ਚੰਦਨ ਫੜਿਆ

**ਲੁਧਿਆਣਾ:** ਡਾਇਰੈਕਟੋਰੇਟ ਆਫ ਰੈਵੈਨਿਊ ਇੰਟੈਲੀਜੈਂਸ ਨੇ ਢੰਡਾਰੀ ਡਰਾਈਪੋਰਟ ਤੋਂ ਕਰੀਬ ਇਕ ਕਰੋੜ ਰੁਪਏ ਕੀਮਤ ਦੀ ਚੰਦਨ ਦੀ ਲਕੜੀ ਬਰਾਮਦ ਕੀਤੀ ਹੈ। ਇਹ ਲਕੜੀ 14 ਕੰਟੇਨਰਾਂ ਵਿਚ ਛੁਪਾ ਕੇ ਰਖੀ ਗਈ ਸੀ ਅਤੇ ਗਲਤ ਤਰੀਕੇ ਨਾਲ ਵਿਦੇਸ਼ਾਂ ਵਿਚ ਭੇਜੀ ਜਾਣੀ ਸੀ। ਡੀ ਆਰ ਆਈ ਪਿਛਲੇ ਕੁਝ ਦਿਨਾਂ ਵਿਚ ਢੰਡਾਰੀ ਡਰਾਈਪੋਰਟ ਤੇ ਚੱਕਰ ਲਾ ਰਹੀ ਸੀ। ਚੰਦਨ ਦੀ ਲਕੜੀ ਦੇ ਨਿਰਯਾਤ ਤੇ ਪਾਬੰਦੀ ਹੈ।

ਸੂਤਰਾਂ ਅਨੁਸਾਰ ਇਹ ਕੰਟੇਨਰ ਦਿੱਲੀ ਦੀ ਇਕ ਕੰਪਨੀ ਦੇ ਹਨ। ਕੰਟੇਨਰਾਂ ਵਿਚ ਸੀਪ, ਸ਼ੰਖ ਆਦਿ ਦੇ ਪਿੱਛੇ ਚੰਦਨ ਦੀ ਲਕੜੀ ਛੁਪਾ ਕੇ ਰੱਖੀ ਗਈ ਸੀ। ਡੀ ਆਰ ਆਈ ਨੇ ਕਸਟਮ ਵਿਭਾਗ ਦੇ ਕੁਝ ਮੁਲਾਜ਼ਮਾਂ ਨੂੰ ਹਿਰਾਸਤ ਵਿਚ ਲਿਆ ਹੈ।

## ਤਿਲੰਗਾਨਾ ਮੁੱਦੇ 'ਤੇ ਕਾਂਗਰਸ ਦੇ ਅੰਦਰੂਨੀ ਮਤਭੇਦ ਜੱਗ ਜ਼ਾਹਰ

ਨਵੀਂ ਦਿੱਲੀ: ਵੱਖਰੇ ਤੇਲੰਗਾਨਾ ਰਾਜ ਦੇ ਮੁੱਦੇ 'ਤੇ ਲੋਕ ਸਭਾ 'ਚ ਲੰਘੀ 15 ਦਸੰਬਰ ਨੂੰ ਕਾਂਗਰਸ ਦੀ ਅੰਦਰੂਨੀ ਫੁੱਟ ਉਦੋਂ ਖੁੱਲ੍ਹ ਕੇ ਸਾਹਮਣੇ ਆ ਗਈ, ਜਦੋਂ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵਾਈ ਐਸ ਰਾਜਸ਼ੇਖਰ ਰੈਡੀ ਦੇ ਪੁੱਤਰ ਵਾਈ ਐਸ ਜਗਨਮੋਹਨ ਰੈਡੀ ਸਮੇਤ ਕਾਂਗਰਸ ਦੇ ਕਈ ਮੈਂਬਰ ਨਵੇਂ ਪ੍ਰਸਤਾਵਤ ਰਾਜ ਦਾ ਵਿਰੋਧ ਕਰਨ ਵਾਲੇ ਤੇਲਗੂ ਦੇਸ਼ਮ ਪਾਰਟੀ (ਟੀ ਡੀ ਪੀ) ਮੈਂਬਰਾਂ ਦੀ ਹਮਾਇਤ 'ਚ ਨਿੱਤਰ ਆਏ।

ਸਿਫ਼ਰ ਕਾਲ ਦੌਰਾਨ ਟੀ ਡੀ ਪੀ ਦੇ ਮੈਂਬਰ ਕੇ ਨਾਰਾਇਣ ਰਾਓ ਨੇ ਪ੍ਰਸਤਾਵਤ ਵੱਖਰੇ ਤੇਲੰਗਾਨਾ ਰਾਜ ਦਾ ਜ਼ੋਰਦਾਰ ਵਿਰੋਧ ਕਰਦੇ ਹੋਏ ਕਿਹਾ ਕਿ ਇਹ ਐਲਾਨ ਆਂਧਰਾ ਪ੍ਰਦੇਸ਼ ਦੇ ਹਿੱਤ 'ਚ ਨਹੀਂ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਐਲਾਨ ਦੇ ਪਿੱਛੇ ਰਾਜਨੀਤਕ ਹਿੱਤ ਛੁਪੇ ਹੋਏ ਹਨ, ਜਦਕਿ ਆਂਧਰਾ ਪ੍ਰਦੇਸ਼ ਦੀ ਜਨਤਾ ਇਸ ਦਾ ਵਿਰੋਧ ਕਰ ਰਹੀ ਹੈ। ਸ੍ਰੀ ਰਾਓ ਜਦੋਂ ਆਪਣੀ ਗੱਲ ਕਹਿ ਰਹੇ ਸਨ ਤਾਂ ਉਸੇ ਸਮੇਂ ਕਾਂਗਰਸ ਦੇ ਆਂਧਰਾ ਪ੍ਰਦੇਸ਼ ਦੇ ਮੈਂਬਰ ਵੱਖਰਾ ਤੇਲੰਗਾਨਾ ਰਾਜ ਬਣਾਉਣ ਅਤੇ ਉਸ ਦਾ ਵਿਰੋਧ ਕਰਨ ਦੀ ਮੰਗ ਨੂੰ ਲੈ ਕੇ ਅੱਡੋ-ਪਾਟੀ ਨਜ਼ਰ ਆਏ।

ਦੱਸਣਯੋਗ ਹੈ ਕਿ ਇਸ ਮੌਕੇ ਕੁਝ ਮੈਂਬਰ ਜਿੱਥੇ ਤੇਲੰਗਾਨਾ ਦੇ ਵਿਰੋਧ ਵਿਚ ਨਾਅਰੇਬਾਜ਼ੀ ਕਰ ਰਹੇ ਸਨ, ਉਥੇ ਹੀ ਕੁਝ ਮੈਂਬਰ ਤੇਲੰਗਾਨਾ ਬਣਾਏ ਜਾਣ ਦੀ ਮੰਗ ਕਰ ਰਹੇ ਸਨ।

# ਅਮਰੀਕਾ ਅਤੇ ਇਸ ਧਰਤੀ ’ਤੇ ਵਸਦੇ ਭਾਰਤੀ


**ਚੱਲ ਸੋ ਚੱਲ**

**ਮਨਦੀਪ ਮਾਨ***

ਅਮਰੀਕਾ ਦਾ ਨਾਂ ਸੁਣਦਿਆਂ ਹੀ ਜ਼ਿਹਨ ਵਿਚ ਇਕ ਅਜੀਬ ਜਿਹੀ ਸੋਚ ਪੈਦਾ ਹੁੰਦੀ ਹੈ ਕਿ ਕਿਹੋ ਜਿਹਾ ਹੋਵੇਗਾ ਇਹ ਦੇਸ਼? ਕਦੇ ਨਾ ਰੁਕਣ ਵਾਲਾ ਭਰ ਵਗਦਾ ਦਰਿਆ, ਕਰੋੜਾਂ ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਦੌੜਨ ਵਾਲਾ ਅਤੇ ਸਭ ਤੋਂ ਵੱਖਰਾ ਦੇਸ਼। ਤਾਂ ਹੀ ਇਥੇ ਦੁਨੀਆਂ ਦੇ 187 ਦੇਸ਼ਾਂ ਦੇ ਲੋਕ ਰਹਿੰਦੇ ਹਨ। ਅਮਰੀਕਾ ਵਿਚ ਹਰ ਅੱਠ ਬੰਦਿਆਂ ਪਿਛੇ ਇਕ ਬੰਦਾ ਵਿਦੇਸ਼ ਦਾ ਜੰਮਿਆ ਹੋਇਆ ਹੈ। ਹਰ ਰੰਗ, ਹਰ ਨਸਲ ਦੇ ਲੋਕ ਇਥੇ ਵੱਸਦੇ ਹਨ। ਦੁਨੀਆਂ ਦੇ ਹਰ ਮੁਲਕ ਤੋਂ ਲੋਕ ਸੌ ਜਫਰ ਜਾਲ ਕੇ ਵੀ ਇਸ ਦੇਸ਼ ‘ਚ ਆਉਣ ਲਈ ਕਾਹਲੇ ਹਨ। ਟੈਂਕਰਾਂ ਵਿਚ ਦਮ ਘੁਟ ਕੇ ਮਰਨ, ਜੰਗਲਾਂ ਵਿਚ ਸੱਪ ਲੜ ਕੇ ਮਰਨ, ਭੁੱਖੇ ਤਿਹਾਏ ਮਰਨ ਅਤੇ ਸਰਹੱਦ ‘ਤੇ ਗੋਲੀ ਨਾਲ ਮਰਨ ਦੇ ਜੋਖਮ ਉਠਾ ਕੇ ਵੀ। ਜੇ ਅਮਰੀਕਾ ਆਪਣੀ ਇਮੀਗਰੇਸ਼ਨ ਨੀਤੀ ਨੂੰ ਅੱਜ ਢਿੱਲੀ ਕਰ ਦੇਵੇ ਤਾਂ ਸ਼ਾਇਦ ਅੱਧੀ ਦੁਨੀਆਂ ਰੱਸੇ ਤੁੜਾ ਕੇ ਇਥੇ ਪਹੁੰਚ ਜਾਵੇ।

4 ਜੁਲਾਈ 1776 ਨੂੰ ਇੰਗਲੈਂਡ ਤੋਂ ਆਜ਼ਾਦੀ ਮਿਲਣ ਪਿਛੋਂ ਅਮਰੀਕਾ ਨੇ ਹਰ ਖੇਤਰ ਵਿਚ ਬੇਹਿਸਾਬ ਤਰੱਕੀ ਕੀਤੀ। ਚਾਲੀ ਲੱਖ ਵਰਗ ਮੀਲ ਦੇ ਵਿਸ਼ਾਲ ਖੇਤਰ ਵਿਚ ਫੈਲੇ ਹੋਏ ਇਸ ਦੇਸ਼ ਅੰਦਰ 32.5 ਕਰੋੜ ਲੋਕ ਰਹਿੰਦੇ ਹਨ ਜਿਨ੍ਹਾਂ ਵਿਚੋਂ 2.2 ਕਰੋੜ ਲੋਕ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਹਨ। ਇਨ੍ਹਾਂ ਵਿਚ ਜ਼ਿਆਦਾ ਗਿਣਤੀ ਮੈਕਸੀਕਨਾਂ ਦੀ ਹੈ। ਕਾਫੀ ਤਾਦਾਦ ਵਿਚ ਭਾਰਤੀ ਲੋਕ ਵੀ ਇਥੇ ਗੈਰਕਾਨੂੰਨੀ ਰਹਿ ਰਹੇ ਹਨ। ਅਮਰੀਕਾ ਵਿਚ 20 ਲੱਖ ਭਾਰਤੀ ਕਾਨੂੰਨੀ ਅਤੇ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਹਨ ਜਿਨ੍ਹਾਂ ਵਿਚੋਂ 90% ਦਿਹਾਤੀ ਖੇਤਰਾਂ ਵਿਚ ਰਹਿੰਦੇ ਹਨ। ਅਤੇ 50% ਤੋਂ ਜ਼ਿਆਦਾ ਲੋਕਾਂ ਕੋਲ ਆਪਣੇ ਘਰ ਹਨ। ਅਮਰੀਕਾ ਆਉਣ ਵਾਲੇ ਸਭ ਤੋਂ ਪਹਿਲੇ ਭਾਰਤੀ ਸਿੱਖ ਸਨ ਜੋ 1899 ਵਿਚ ਅਮਰੀਕਾ ਆਏ ਤੇ ਫਾਰਮਾਂ ਵਿਚ ਮਜ਼ਦੂਰ ਦੇ ਤੌਰ ‘ਤੇ ਕੰਮ ਕੀਤਾ। ਉਸ ਤੋਂ ਬਾਅਦ ਚੱਲ ਸੋ ਚੱਲ।

ਅਮਰੀਕਾ ਵਿਚ ਪਹਿਲਾ ਗੁਰਦੁਆਰਾ 1912 ਵਿਚ ਸਟਾਕਟਨ (ਕੈਲੀਫੋਰਨੀਆ) ਵਿਚ ਬਣਿਆ ਪਰ ਹੁਣ ਕਾਫੀ ਵੱਡੀ ਗਿਣਤੀ ਵਿਚ ਅਮਰੀਕਾ ਦੇ ਹਰ ਵੱਡੇ ਸ਼ਹਿਰ ਵਿਚ ਗੁਰੂਘਰ ਮੌਜੂਦ ਹਨ। ਸੰਨ 1913 ਭਾਰਤ ਵਿਚ ਜਨਮੇ ਏ.ਕੇ. ਮੌਜੂਮਦਾਰ ਨੇ ਪਹਿਲੇ ਅਮਰੀਕੀ ਨਾਗਰਿਕ ਵਜੋਂ ਸਹੁੰ ਚੁੱਕੀ। 1956 ਵਿਚ ਸ. ਦਲੀਪ ਸਿੰਘ ਸੌਂਧ ਲਗਾਤਾਰ ਤਿੰਨ ਵਾਰ ਹਾਊਸ ਆਫ ਰੀਪਰਜੈਂਟੇਟਿਵ ਦੇ ਮੈਂਬਰ ਬਣੇ ਜੋ ਕਿ 1920 ਵਿਚ ਭਾਰਤ ਤੋਂ ਅਮਰੀਕਾ ਆਏ ਸਨ। ਭਾਰਤੀਆ ਖਾਸ ਤੌਰ ‘ਤੇ ਪੰਜਾਬੀਆਂ ਨੇ ਅਮਰੀਕਾ ਵਿਚ ਹਰ ਖੇਤਰ ਵਿਚ ਚੰਗੀਆਂ ਮੱਲਾਂ ਮਾਰੀਆ ਹਨ। ਬੌਬੀ ਜਿੰਦਲ ਲੂਸੀਆਨਾ ਸਟੇਟ ਦੇ ਗਵਰਨਰ ਹਨ ਜੋ ਪੰਜਾਬ ਦੇ ਸ਼ਹਿਰ ਮਲੇਰਕੋਟਲਾ ਤੋਂ ਹਨ। ਨਿੱਕੀ ਰੰਧਾਵਾ ਸਾਊਥ ਕੈਰੋਲਿਨਾ ਤੋਂ ਰਿਪਬਲਿਕਨ ਪਾਰਟੀ ਦੀ ਟਿਕਟ ਤੋਂ ਗਵਰਨਰ ਦੀ ਇਲੈਕਸ਼ਨ ਲੜ ਰਹੇ ਹਨ ਜੋ ਕਿ ਅੰਮ੍ਰਿਤਸਰ ਜ਼ਿਲ੍ਹੇ ਤੋਂ ਹਨ। ਫਿਰੋਜ਼ਪੁਰ ਦੇ ਜੰਮਪਲ ਸ. ਪ੍ਰੀਤਇੰਦਰ ਸਿੰਘ ਨੂੰ ਰਾਸ਼ਟਰਪਤੀ ਓਬਾਮਾ ਨੇ ਮੈਨਹਟਨ ਦਾ ਸਟੇਟ ਅਟਾਰਨੀ ਨਿਯੁਕਤ ਕੀਤਾ ਹੈ। ਇੰਦਰਾ ਨੂਈ ਅਮਰੀਕਾ ਦੀ ਸਭ ਤੋਂ ਵੱਡੀ ਕੰਪਨੀ ਪੈਪਸੀ ਦੀ ਕਰਤਾਧਰਤਾ ਹੈ ਜੋ ਕਿ ਪਿੱਛੋਂ ਬੰਗਲੌਰ ਤੋਂ ਹਨ। ਕਸ਼ਮੀਰ ਸਿੰਘ ਗਿੱਲ ਯੂਬਾ ਸਿਟੀ ਦੇ ਪਹਿਲੇ ਪੰਜਾਬੀ ਮੇਅਰ ਹਨ। ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਫੁਗਲਾਣਾ ਦੇ ਜੰਮਪਲ ਬਲਵਿੰਦਰ ਸਿੰਘ ਰਾਸ਼ਟਰਪਤੀ ਓਬਾਮਾ ਦੇ ਸਟੇਟ ਸੈਨੇਟਰ ਲਈ ਚੋਣ ਲੜਨ ਵੇਲੇ ਤੋਂ ਕਰੀਬ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਲੋਕ ਆਪਣੇ-ਆਪਣੇ ਖੇਤਰਾਂ ਵਿਚ ਬੇਹੱਦ ਕਾਮਯਾਬ ਹਨ।



ਹੁਣ ਮੁੜਦੇ ਹਾਂ ਅਮਰੀਕਾ ਵਲ ਇਥੇ 187 ਦੇਸ਼ਾਂ ਦੇ ਲੋਕ ਕਾਨੂੰਨੀ ਢੰਗ ਨਾਲ ਰਹਿ ਰਹੇ ਹਨ ਜਿਸ ਕਰਕੇ ਇਥੋਂ ਦਾ ਸਭਿਆਚਾਰ ਵੀ ਬੜਾ ਵਿਸ਼ਾਲ ਅਤੇ ਭਾਂਤ-ਭਾਂਤ ਦਾ ਹੈ। ਕਈ ਲੋਕ ਇਸ ਨੂੰ ਸਭਿਆਚਾਰਾਂ ਦਾ ਮੈਲਟਿੰਗ ਪਾਟ ਯਾਨਿ ਪਿੰਘਲਾ ਦੇਣ ਵਾਲਾ ਸਾਂਚਾ ਕਹਿੰਦੇ ਹਨ। ਅਮਰੀਕਾ ਵਿਚ ਵੜਨ ਦੇ ਸੌ ਰਾਹ ਹਨ ਪਰ ਬਾਹਰ ਨਿਕਲਣ ਲਈ ਕੋਈ ਨਹੀਂ। ਭਾਵ ਜੋ ਇਥੇ ਆ ਜਾਂਦਾ ਹੈ ਬੱਸ ਇਥੋਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਅਮਰੀਕੀ ਲੋਕ ਧਰਮ ਵਿਚ ਜ਼ਿਆਦਾ ਸ਼ਰਧਾ ਨਹੀਂ ਰੱਖਦੇ ਸਿਰਫ ਕੰਮ ਅਤੇ ਮਿਹਨਤ ਹੀ ਉਨ੍ਹਾਂ ਦਾ ਧਰਮ ਹੈ। ਜ਼ਿਆਦਾਤਰ ਮੁੰਡੇ ਕੁੜੀਆਂ 16 ਸਾਲਾਂ ਦੀ ਉਮਰ ਤੋਂ ਬਾਅਦ ਆਪਣੇ ਮਾਂ-ਬਾਪ ਤੋਂ ਵੱਖਰੇ ਰਹਿਣ ਲੱਗ ਪੈਂਦੇ ਹਨ ਅਤੇ ਪਾਰਟ ਟਾਈਮ ਨੌਕਰੀ ਕਰਕੇ ਆਪਣੀ ਪੜ੍ਹਾਈ ਦਾ ਖਰਚ ਖੁਦ ਚਲਾਉਂਦੇ ਹਨ। ਕੰਮ ਅਮਰੀਕਾ ਵਿਚ ਹਰ ਵਿਅਕਤੀ ਨੂੰ ਕਰਨਾ ਪੈਂਦਾ ਹੈ। ਕੰਮ ਨਾ ਕਰਨ ਵਾਲੇ ਦੀ ਇਥੇ ਕੋਈ ਵੁੱਕਤ ਨਹੀਂ ਹੁੰਦੀ। ਅਮਰੀਕੀ ਲੋਕ ਪੰਜ ਦਿਨ ਦੱਬ ਕੇ ਕੰਮ ਕਰਦੇ ਹਨ ਤੇ ਫਿਰ ਦੋ ਦਿਨ ਦੱਬ ਕੇ ਮਸਤੀ। ਜੋ ਕਮਾਉਂਦੇ ਹਨ ਦੋ ਦਿਨਾਂ ਵਿਚ ਸਭ ਉਡਾ ਦਿੰਦੇ ਹਨ। ਫਿਰ ਕਹਿੰਦੇ ਫਿਰਨਗੇ, “ਮੈਨ ਆਈ ਐਮ ਬਰੋਕ”। ਪਰ ਕੁਝ ਲੋਕ ਬਚਾਅ ਕੇ ਵੀ ਰੱਖਦੇ ਹਨ। ਅਮਰੀਕਾ ਵਿਚ ਇਕ ਪ੍ਰੋਫੈਸਰ ਦੀ ਤਨਖਾਹ ਨਾਲੋਂ ਟਰੱਕ ਡਰਾਈਵਰ ਦੀ ਤਨਖਾਹ ਜ਼ਿਆਦਾ ਹੁੰਦੀ ਹੈ। ਇਹ ਹੈ ਫਰਕ ਇੰਡੀਆ ਦੀ ਡਰਾਇਵਰੀ ਅਤੇ ਪ੍ਰੋਫੈਸਰੀ ਦਾ। ਮਿਹਨਤ ਕਰਨ ਵਾਲੇ ਹੱਥਾਂ ਨੂੰ ਅਮਰੀਕਾ ਦੁਨੀਆਂ ਦੀ ਹਰ ਸੁਨੱਖੀ ਸ਼ੈਅ ਨਾਲ ਨਿਵਾਜਦਾ ਹੈ।

ਅਮਰੀਕਾ ਵਿਚ ਮੌਜ ਮਸਤੀ ਦੇ ਹਰ ਤਰ੍ਹਾਂ ਦੇ ਸਾਧਨ ਹਨ। ਦੁਨੀਆਂ ਦੀ ਜੂਏ ਦੀ ਰਾਜਧਾਨੀ ਵਜੋਂ ਮਸ਼ਹੂਰ ਸ਼ਹਿਰ ਲਾਸ ਵੇਗਸ ਵੀ ਅਮਰੀਕਾ ਵਿਚ ਹੈ ਜਿਥੇ ਹਰ ਰੋਜ਼ ਕਰੋੜਾਂ ਡਾਲਰਾਂ ਦਾ ਜੂਆ ਖੇਡ ਹੁੰਦਾ ਹੈ। ਐਸ਼ੋ ਇਸ਼ਰਤ ਦਾ ਹਰ ਸਾਮਾਨ ਇਸ ਸ਼ਹਿਰ ਵਿਚ ਮੌਜੂਦ ਹੈ। ਦੁਨੀਆਂ ਦਾ ਸਭ ਤੋਂ ਵੱਡਾ ਫ਼ਿਲਮ ਸਟੂਡੀਓ ਹਾਲੀਵੁੱਡ ਅਤੇ ਡਿਜ਼ਨੀਲੈਂਡ ਵੀ ਅਮਰੀਕਾ ਵਿਚ ਹੈ। ਇਸਤੋਂ ਇਲਾਵਾ ਇਥੇ ਬਹੁਤ ਹੀ ਸੁੰਦਰ ਅਤੇ ਸਾਫ ਸੁਥਰੀਆਂ ਬੀਚਾਂ ਹਨ ਤੇ ਹਰ ਵੀਕ ਐਂਡ ‘ਤੇ ਜੇਕਰ ਮੌਸਮ ਗਰਮ ਹੋਵੇ ਤਾਂ ਅਮਰੀਕੀ ਬੰਦੇ, ਬੁੜ੍ਹੀਆਂ, ਕੁੜੀਆਂ ਕੱਪੜੇ ਲਾਹ ਕੇ ਬੀਚ ਵਿਚ ਵੜਨ ਲਈ ਇਕ ਮਿੰਟ ਵੀ ਨਹੀਂ ਲਾਉਂਦੇ। ਇਸਦੇ ਉਲਟ ਸਾਡੇ ਦੇਸ਼ ਵਿਚ ਸਿਰਫ ਸਾਧੂ ਅਤੇ ਮਸਤ ਲੋਕ ਹੀ ਨੰਗੇ ਦੇਖੇ ਜਾਂਦੇ ਹਨ ਪਰ ਇਥੇ ਕੋਈ ਕਿਸੇ ਦੇ ਨੰਗੇਜ਼ ਵੱਲ ਧਿਆਨ ਨਹੀਂ ਦਿੰਦਾ।

ਜੇਕਰ ਅਮਰੀਕਾ ਵਿਚ ਏਨੀਆਂ ਮੌਜਾਂ ਹਨ ਤਾਂ ਅਪਰਾਧਿਕ ਕੰਮਾਂ ਵਾਸਤੇ ਵੀ ਅਮਰੀਕਾ ਦੁਨੀਆਂ ਦਾ ਪਹਿਲੇ ਨੰਬਰ ਦਾ ਦੇਸ਼ ਹੈ। ਜਿਥੇ ਪ੍ਰਤੀ ਵਿਅਕਤੀ ਅਪਰਾਧ ਦਰ ਹੋਰ ਕਿਸੇ ਵੀ ਦੇਸ਼ ਨਾਲੋਂ ਜ਼ਿਆਦਾ ਹੈ। ਹਥਿਆਰਾਂ ਦੀ ਖੁੱਲ੍ਹੀ ਵਿਕਰੀ ਅਤੇ ਨਸ਼ਿਆਂ ਦਾ ਸੇਵਨ ਇਸਦਾ ਮੁੱਖ ਕਾਰਨ ਹੈ ਜੋ ਕਿ ਨਵੀਂ ਪੀੜ੍ਹੀ ਨੂੰ ਗਲਤ ਦਿਸ਼ਾ ਵਿਚ ਲਿਜਾ ਰਿਹਾ ਹੈ। ਇਸ ਤੋਂ ਇਲਾਵਾ ਅਮਰੀਕਾ ਵਿਚ ਨਸਲਵਾਦ ਵੀ ਬਹੁਤ ਵੱਡੀ ਸਮੱਸਿਆ ਹੈ ਜਿਸ ‘ਤੇ ਕਾਬੂ ਪਾਉਣਾ ਅਜੇ ਦੂਰ ਹੀ ਗੱਲ ਲੱਗਦੀ ਹੈ।

ਅਮਰੀਕਾ ਦੀ ਜ਼ਰਖੇਜ ਧਰਤੀ ਉਪਰ ਹਰ ਤਰ੍ਹਾਂ ਦੀ ਫਸਲ ਹਰੀ ਹੋ ਜਾਂਦੀ ਹੈ ਜੋ ਕਿ ਇਸਦੀ ਆਰਥਿਕਤਾ ਵਿਚ ਬੜਾ ਵੱਡਾ ਯੋਗਦਾਨ ਪਾਉਂਦੀ ਹੈ। ਅਮਰੀਕਾ ਦੇ ਹਰ ਵੱਡੇ ਸ਼ਹਿਰ ਵਿਚ ਬੜੇ ਵੱਡੇ-ਵੱਡੇ ਸਟੋਰ ਹਨ ਜਿਨ੍ਹਾਂ ਵਿਚ ਚੀਜ਼ਾਂ ਇਸ ਤਰੀਕੇ ਨਾਲ ਸਜਾਈਆਂ ਹੁੰਦੀਆਂ ਹਨ ਕਿ ਬੰਦਾ ਨਾ ਚਾਹੁਣ ਦੇ ਬਾਵਜੂਦ ਵੀ ਖਰੀਦ ਹੀ ਲੈਂਦਾ ਹੈ। ਅਮਰੀਕੀ ਲੋਕ ਖਾਣ-ਪੀਣ ਦੇ ਬੜੇ ਸ਼ੌਕੀਨ ਹਨ ਜਿਸ ਕਰਕੇ ਦੁਨੀਆਂ ਦਾ ਹਰ ਤਰ੍ਹਾਂ ਦਾ ਭੋਜਨ ਇਥੇ ਬੜੀ ਆਸਾਨੀ ਨਾਲ ਮਿਲ ਜਾਂਦਾ ਹੈ। ਪਰਵਾਸੀਆਂ ਲਈ ਅਮਰੀਕਾ ਇਕ ਸਵਰਗ ਤੋਂ ਘੱਟ ਨਹੀਂ ਭਾਵੇਂ ਉਹ ਲੱਖ ਕਹੀ ਜਾਣ ਪਿੰਡ ਦੀ ਬੜੀ ਯਾਦ ਆਉਂਦੀ ਹੈ ਪਰ ਇਹ ਸਿਵਾਏ ਇਕ ਫੋਕੇ ਧਰਵਾਸ ਤੋਂ ਕੁਝ ਹੋਰ ਨਹੀਂ ਹੁੰਦਾ। ਕਿਉਂਕਿ ਜਦ ਵੀ ਭਾਰਤੀ ਆਪਣੇ ਦੇਸ਼ ਜਾਂਦੇ ਹਨ ਤਾਂ ਉਹ ਸੁੱਖ-ਸਹੂਲਤਾਂ ਨਾ ਹੋਣ ਕਾਰਨ ਜਲਦੀ ਹੀ ਮੁੜ ਆਉਂਦੇ ਹਨ। ਇਹ ਕਹਿਣਾ ਕਿ ਪਿਛੇ ਦੀ ਬੜੀ ਯਾਦ ਆਉਂਦੀ ਜ਼ਿਆਦਾਤਰ ਦਿਖਾਵਾ ਹੀ ਹੁੰਦਾ ਹੈ। ਇਸੇ ਕਰਕੇ ਅਜਿਹਾ ਕਹਿਣ ਵਾਲੇ ਇਕ ਪੰਜਾਬੀ ਨੂੰ ਮੋੜਵਾਂ ਜਵਾਬ ਮਿਲਿਆ ਸੀ, “ਮੈਂ ਅਮਰੀਕਾ ਤੋਂ ਵਾਪਸ ਮੁੜ ਕੇ ਆਉਂਦਾ ਤਾਂ ਕੋਈ ਦੇਖਿਆ ਨਹੀਂ।”

ਅਮਰੀਕਾ ਉਪਰ ਲੱਖਾਂ ਮੁਸੀਬਤਾਂ ਆਈਆਂ ਪਰ ਇਹ ਸਦਾ ਅਡੋਲ ਰਿਹਾ। ਭਾਰੀ ਭਰਕਮ ਚੱਟਾਨ ਦੀ ਤਰ੍ਹਾਂ ਅਮਰੀਕਾ ਕਦੇ ਨਹੀਂ ਹਾਰਦਾ, ਕਦੇ ਨਹੀਂ ਰੁਕਦਾ ਬੱਸ ਚਲਦੇ ਰਹਿਣ ਦਾ ਹੀ ਨਾਂ ਹੈ ਅਮਰੀਕਾ। ਅਮਰੀਕਾ ਦੇ ਇਤਿਹਾਸ ਵਿਚ ਦੋ ਵੱਡੀਆਂ ਘਟਨਾਵਾਂ ਹੋਈਆਂ ਪਹਿਲੀ ਸੀ ਅਮਰੀਕਾ ਦੇ 35ਵੇਂ ਰਾਸ਼ਟਰਪਤੀ ਜਾਨ ਆਫ ਕਨੈਡੀ ਦੀ 22 ਨਵੰਬਰ 1963 ‘ਚ ਟੈਕਸਸ ਵਿਚ ਹੋਈ ਹੱਤਿਆ ਅਤੇ ਦੂਸਰੀ 11 ਸਤੰਬਰ 2001 ਨੂੰ ਅਤਿਵਾਦੀਆਂ ਵਲੋਂ ਚਾਰ ਜਹਾਜ਼ ਅਗਵਾ ਕਰਕੇ ਉਨ੍ਹਾਂ ਨੂੰ ਵੱਖ-ਵੱਖ ਇਮਾਰਤਾਂ ਅਤੇ ਫੌਜੀ ਅੱਡੇ ਉਪਰ ਟਕਰਾਇਆ ਜਾਣਾ ਜਿਸ ਕਾਰਨ 3000 ਤੋਂ ਵੱਧ ਲੋਕਾਂ ਦੀ ਮੌਤ ਹੋਈ। ਦੂਸਰੀ ਘਟਨਾ ਦੇ ਸਦਮੇ ਵਿਚੋਂ ਨਿਕਲਣ ਲਈ ਅਮਰੀਕਾ ਨੂੰ ਥੋੜਾ ਟਾਈਮ ਲੱਗਿਆ। ਕਹਿਣ ਵਾਲੇ ਅਮਰੀਕਾ ਬਾਰੇ ਬਹੁਤ ਮੰਦਾ-ਚੰਗਾ ਬੋਲਦੇ ਰਹਿੰਦੇ ਹਨ, ਪਰ ਇਹ ਕਿਸੇ ਦੀ ਪਰਵਾਹ ਨਹੀਂ ਕਰਦਾ, ਬੱਸ ਆਪਣੀ ਰਫ਼ਤਾਰ ਚੱਲਦਾ ਰਹਿੰਦਾ ਹੈ। ਅਤਿ ਆਧੁਨਿਕ ਹਥਿਆਰਾਂ ਅਤੇ ਟੈਕਨਾਲੋਜੀ ਨਾਲ ਲੈਸ ਅਮਰੀਕਾ ਦੀ ਫੌਜ ਦੁਸ਼ਮਣ ਦੇਸ਼ਾਂ ਲਈ ਇਕ ਖੌਫ ਹੈ ਜਿਸਨੂੰ ਦੇਖ ਵੱਡੇ-ਵੱਡੇ ਜਰਨੈਲ ਆਪਣੀਆਂ ਪੈਂਟਾਂ ਗਿੱਲੀਆਂ ਕਰ ਦਿੰਦੇ ਹਨ।

ਅਮਰੀਕਾ ਦੀਆਂ ਵਿਸ਼ਾਲ ਸੜਕਾਂ ‘ਤੇ ਤੇਜ਼ ਚਲਦੀਆਂ ਵੱਖ-ਵੱਖ ਤਰ੍ਹਾਂ ਦੀਆਂ ਮੋਟਰ ਕਾਰਾਂ, ਜੀਪਾਂ, ਟਰੱਕ, ਅਕਾਸ਼ ਵਿਚ ਬਿਜਲੀ ਦੀ ਫੁਰਤੀ ਨਾਲ ਉਡਦੇ ਜਹਾਜ਼, ਸਮੁੰਦਰਾਂ ਵਿਚ ਤੇਜ਼ ਰਫਤਾਰ ਨਾਲ ਚਲਦੇ ਜਹਾਜ਼, ਬੋਟਾਂ ਸਚਮੁੱਚ ਹੀ ਇਕ ਸਵਰਗ ਦਾ ਨਜ਼ਾਰਾ ਪੇਸ਼ ਕਰਦੀਆਂ ਹਨ।

ਅਖੀਰ ਵਿਚ ਇਸ ਸਾਲ ਵੀ ਇਕ ਹੋਰ ਇਤਿਹਾਸਕ ਘਟਨਾ ਹੋਈ ਜਦ ਇਕ ਗੈਰ ਗੋਰੇ ਨੇ ਅਮਰੀਕੀ ਰਾਸ਼ਟਰਪਤੀ ਦੀ ਸੌਂਹ ਚੁੱਕੀ ਤਾਂ ਪੂਰੀ ਦੁਨੀਆਂ ਹੈਰਾਨ ਰਹਿ ਗਈ। ਮਾਰਟਨ ਲੂਥਰ ਕਿੰਗ ਦੇ ਬਹੁਤ ਪਹਿਲਾਂ ਕਹੇ ਗਏ ਬੋਲ ਹਕੀਕਤ ਵਿਚ ਬਦਲ ਗਏ ਜਦ ਬਰਾਕ ਓਬਾਮਾ ਅਮਰੀਕੀ ਰਾਸ਼ਟਰਪਤੀ ਦੀ ਕੁਰਸੀ ਉਪਰ ਬੈਠਿਆ ਅਤੇ ਫੌਜਾਂ ਦਾ ਕਮਾਂਡਰ-ਇਨ-ਚੀਫ ਬਣਿਆ। ਇਸੇ ਕਰਕੇ ਹੀ ਇਸ ਦੇਸ਼ ਨੂੰ ਲੈਂਡ ਆਫ ਅਪਰਚੁਨਿਟੀਜ਼ ਯਾਨਿ ਮੌਕਿਆਂ ਦੀ ਧਰਤੀ ਆਖਿਆ ਜਾਂਦਾ ਹੈ। ਦੂਜੇ ਲਫਜ਼ਾਂ ਵਿਚ ਇਸ ਧਰਤੀ ‘ਤੇ ਕੋਈ ਜਿਸ ਕਾਸੇ ਦਾ ਵੀ ਸੁਪਨਾ ਲਵੇ, ਬਣ ਸਕਦਾ ਹੈ। ਮੈਂ ਉਬਾਮਾ ਨੂੰ ਕਦੇ ਮਿਲਿਆ ਨਹੀਂ ਪਰ ਧਿਆਨ ਨਾਲ ਦੇਖੋ ਤਾਂ ਉਸਦੇ ਚਿਹਰੇ ‘ਤੇ ਫੱਕਰਾਂ, ਮਸਤ ਮੌਲੇ ਅਤੇ ਸਾਈਆਂ ਵਾਲੀ ਰੂਹਾਨੀਅਤ ਝਲਕਦੀ ਹੈ। ਮੈਂ ਆਪਣੇ ਇਸ ਸਾਈਂ ਨੂੰ ਸਤਿਕਾਰ ਭੇਟ ਕਰਦਾਂ:

“ਜਦ ਧਾਰ ਕੇ ਨਾਲ ਯਕੀਨ ਆਇਆ
ਅਸੀਂ ਚੇਲੜੇ ਤੇਰੇ ਤੇ ਤੁਸੀਂ ਪੀਰ ਸਾਂਈਂ
ਫੱਕਰ ਪਕੜ ਕੇ ਲਾਂਵਦਾ ਤੁਰਤ ਬੰਨੇ
ਬੇੜਾ ਡੁੱਬਦਾ ਡੂੰਘੜੇ ਨੀਰ ਸਾਂਈਂ
ਫੱਕਰ ਕੁੱਲ ਜਹਾਨ ਦਾ ਆਸਰਾ ਏ
ਤਾਬਿਆ ਫੱਕਰ ਦੀ ਪੀਰ ਅਮੀਰ ਸਾਂਈਂ
ਬਿਨਾਂ ਮੁਰਸ਼ਦਾਂ ਰਾਹ ਨ੍ਹੀਂ ਹੱਥ ਆਉਂਦੇ ਤੇ
ਦੁੱਧਾਂ ਬਾਝ ਨ੍ਹੀਂ ਰਿੱਝਦੀ ਖੀਰ ਸਾਂਈਂ।

*661-889-1927*


**ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ**

*ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)*

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ ‘ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**Surajvanshi Pharmacy (R)**


*MANUFACTURE & EXPORTER OF HERBAL PRODUCTS*

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627


## ਨਾਵਲਕਾਰ ਜੱਗੀ ਕੁੱਸਾ ਦੇ ਬਾਪੂ ਜੀ ਦੀ ਬਰਸੀ 25 ਨੂੰ

**ਮੋਗਾ:** ਪੰਜਾਬੀ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੇ ਪਿਤਾ ਪੰਡਤ ਬਰਮਾ ਨੰਦ ਦੀ ਪਹਿਲੀ ਬਰਸੀ ਸਬੰਧੀ ਅਖੰਡ ਪਾਠ ਦੇ ਭੋਗ 25 ਦਸੰਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਕੁੱਸਾ, ਜ਼ਿਲ੍ਹਾ ਮੋਗਾ ਵਿਖੇ ਪਾਏ ਜਾਣਗੇ।

ਜ਼ਿਕਰਯੋਗ ਹੈ ਕਿ ਪੰਡਤ ਬਰਮਾ ਨੰਦ ਨੇਕ ਦਿਲ ਇਨਸਾਨ, ਸੱਚ ਦੀ ਮੂਰਤ ਹੋਣ ਦੇ ਨਾਲ ਨਾਲ ਰਾਜਨੀਤਕ ਅਤੇ ਸਮਾਜਿਕ ਹਲਕਿਆਂ ਵਿਚ ਇਕ ਸਤਿਕਾਰੀ ਹਸਤੀ ਸਨ। ਉਨ੍ਹਾਂ ਦੀਆਂ ਨਿੱਘੀਆਂ ਯਾਦਾਂ ਨੂੰ ਸੁਰਜੀਤ ਰੱਖਣ ਦੇ ਮਨਸ਼ੇ ਨਾਲ ਕੀਤੇ ਜਾ ਰਹੇ ਇਸ ਸਮਾਗਮ ਵਿਚ ਦੁਨੀਆਂ ਭਰ ‘ਚੋਂ ਜੱਗੀ ਕੁੱਸਾ ਦੇ ਪ੍ਰਸ਼ੰਸਕ-ਮਿੱਤਰ ਪਿੰਡ ਕੁੱਸਾ ਪੁੱਜ ਰਹੇ ਹਨ। ਸ਼ਿਵਚਰਨ ਜੱਗੀ ਕੁੱਸਾ 20 ਦਸੰਬਰ ਸ਼ਾਮ ਨੂੰ ਪੰਜਾਬ ਪਹੁੰਚ ਜਾਣਗੇ ਅਤੇ ਉਨ੍ਹਾਂ ਨਾਲ ਫੋਨ 98768-07472 ਜਾਂ 98151-14114 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਤੇਲੰਗਾਨਾ ਨੂੰ ਹਾਮੀ ਦੇ ਨਾਲ ਹੀ ਵੱਖਰੇ ਰਾਜਾਂ ਦੀ ਮੰਗ ਦਾ ਪਿਟਾਰਾ ਖੁੱਲ੍ਹਿਆ

**ਜਤਿੰਦਰ ਪਨੂੰ**







ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਸਾਂਝੇ ਪੰਜਾਬ ਦੇ ਇੱਕ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਹੁੰਦੇ ਸਨ ਚੌਧਰੀ ਦਸੌਂਧਾ ਸਿੰਘ। ਪੰਜਾਬ ਦੀ ਵੰਡ ਸਮੇਂ ਉਹ ਜ਼ਿਲ੍ਹਾ ਹਰਿਆਣੇ ਵਿਚ ਚਲਾ ਗਿਆ, ਪਰ ਚੌਧਰੀ ਸਾਹਿਬ ਦੀ ਨਿਯੁਕਤੀ ਹੁਣ ਵਾਲੇ ਪੰਜਾਬ ਵਿਚ ਹੋ ਗਈ। ਕੁਝ ਹਫ਼ਤਿਆਂ ਬਾਅਦ ਉਨ੍ਹਾਂ ਨੂੰ ਹਰਿਆਣੇ ਦੇ ਓਸੇ ਜ਼ਿਲੇ ਦੇ ਮੈਜਿਸਟਰੇਟ ਵਲੋਂ ਇੱਕ ਪੁਰਾਣੇ ਮੁਕਦਮੇ ਦੇ ਸਿਲਸਿਲੇ ਵਿਚ ਗਵਾਹੀ ਦੇਣ ਲਈ ਸੱਦਿਆ ਗਿਆ। ਓਥੇ ਜਾ ਕੇ ਉਹ ਜ਼ਿਲ੍ਹਾ ਪੱਧਰ ਦੇ ਰੈਸਟ ਹਾਊਸ ਵਿਚ ਬਾਕਾਇਦਾ ਕਮਰਾ ਬੁੱਕ ਕਰਵਾ ਕੇ ਸਮਾਨ ਰੱਖਣ ਪਿੱਛੋਂ ਗਵਾਹੀ ਦੇਣ ਚਲੇ ਗਏ। ਜਦੋਂ ਵਾਪਸ ਆਏ, ਉਨ੍ਹਾਂ ਦਾ ਸਮਾਨ ਕੱਢ ਕੇ ਬਾਹਰ ਬਰਾਂਡੇ ਵਿਚ ਰੱਖਿਆ ਪਿਆ ਸੀ ਤੇ ਓਸੇ ਕਮਰੇ ਵਿਚ ਇੱਕ ਬਹੁਤ ਜੂਨੀਅਰ ਅਧਿਕਾਰੀ ਕਬਜ਼ਾ ਕਰੀ ਬੈਠਾ ਸੀ। ਪੁੱਛਣ 'ਤੇ ਰੈਸਟ ਹਾਊਸ ਦੇ ਕੇਅਰ-ਟੇਕਰ ਨੇ ਦੱਸਿਆ ਕਿ ਉਸਨੂੰ ਜ਼ਿਲੇ ਦੇ ਅਫ਼ਸਰਾਂ ਨੇ ਕਹਿ ਦਿੱਤਾ ਹੈ ਕਿ ਰੈਸਟ ਹਾਊਸ ਹਰਿਆਣੇ ਦੇ ਅਫ਼ਸਰਾਂ ਲਈ ਹੈ ਤੇ ਚੌਧਰੀ ਦਸੌਂਧਾ ਸਿੰਘ ਹੁਣ ਸਾਡਾ ਕੁਝ ਨਹੀਂ ਲੱਗਦਾ, ਪੰਜਾਬ ਦਾ ਹੋ ਚੁੱਕਾ ਹੈ। ਇਹ ਵਿੱਥਿਆ ਉਮਰ ਦੇ ਆਖ਼ਰੀ ਸਾਲਾਂ ਵਿਚ ਉਨ੍ਹਾਂ ਨੇ 'ਤਿੜਕੇ ਸ਼ੀਸ਼ੇ' ਦੇ ਸਿਰਲੇਖ ਹੇਠ ਕਹਾਣੀ ਵਜੋਂ ਛਾਪੀ ਸੀ।

ਚੌਧਰੀ ਦਸੌਂਧਾ ਸਿੰਘ ਨਾਲ ਇਹ ਕੁਝ ਓਦੋਂ ਵਾਪਰਿਆ, ਜਦੋਂ ਪੰਜਾਬ ਤੋਂ ਤੋੜ ਕੇ ਹਰਿਆਣਾ ਵੱਖ ਕੀਤਾ ਜਾ ਚੁੱਕਾ ਸੀ, ਪਰ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਹੈਦਰਾਬਾਦ ਵਿਚ ਓਦੋਂ ਵਾਪਰਨ ਲੱਗ ਪਿਆ, ਜਦੋਂ ਹਾਲੇ ਸਿਰਫ਼ ਇਸ ਦੀ ਹਾਮੀ ਹੀ ਭਰੀ ਗਈ ਹੈ। ਨੌਂ ਦਸੰਬਰ ਦੇ ਦਿਨ ਕੇਂਦਰ ਸਰਕਾਰ ਨੇ ਆਂਧਰਾ ਪ੍ਰਦੇਸ਼ ਵਿਚੋਂ ਵੱਖਰਾ ਤੇਲੰਗਾਨਾ ਰਾਜ ਬਣਾਉਣ ਦੀ ਮੰਗ ਮੰਨੀ ਤੇ ਤੇਲੰਗਾਨਾ ਲਹਿਰ ਦੇ ਲੀਡਰ ਚੰਦਰ ਸ਼ੇਖਰ ਰਾਓ ਨੇ ਮਰਨ ਵਰਤ ਉਸ ਸ਼ਾਮ ਨੂੰ ਛੱਡਿਆ ਸੀ। ਦਸ ਦਸੰਬਰ ਦੇ ਦਿਨ ਸਮਾਜ ਵਿਚ ਪਾਟਕ ਦੀ 'ਤਿੜਕੇ ਸ਼ੀਸ਼ੇ' ਵਰਗੀ ਲਕੀਰ ਪੈਣੀ ਸ਼ੁਰੂ ਹੋਈ। ਗਿਆਰਾਂ ਦਸੰਬਰ ਦੇ ਦਿਨ ਇੱਕ ਪਾਸੇ ਤੇਲੰਗਾਨਾ ਵਿਰੋਧੀ ਵਿਧਾਇਕ ਅਸਤੀਫ਼ੇ ਦੇ ਰਹੇ ਸਨ, ਦੂਜੇ ਪਾਸੇ ਰਾਜਧਾਨੀ ਦੇ ਸਕਤਰੇਤ ਵਿਚ ਬੈਠੇ ਆਂਧਰਾ ਤੇ ਤੇਲੰਗਾਨਾ ਵਾਲੇ ਮੰਨੇ ਜਾਂਦੇ ਇਲਾਕਿਆਂ ਦੇ ਮੰਤਰੀਆਂ ਨੇ ਇਕ ਦੂਜੇ ਦੀ ਨਮਸਤੇ ਦਾ ਜਵਾਬ ਦੇਣਾ ਤੇ ਫੋਨ ਸੁਣਨੇ ਬੰਦ ਕਰ ਦਿੱਤੇ। ਸਰਕਾਰੀ ਕੰਮਕਾਜ ਕਰਨ ਵਾਲੇ ਕਲਰਕਾਂ ਤੇ ਹੋਰ ਅਮਲੇ-ਫੈਲੇ ਨੇ ਇੱਕ ਦੂਜੇ ਹੱਥੋਂ ਫ਼ਾਈਲਾਂ ਫੜਨੋ ਨਾਂਹ ਕਰ ਕੇ ਵੱਖਰੇ ਹੋਣ ਦਾ ਸਬੂਤ ਦੇਣਾ ਸ਼ੁਰੂ ਕਰ ਦਿੱਤਾ। ਅਦਾਲਤਾਂ ਇਨਸਾਫ਼ ਦਾ ਮੰਦਰ ਮੰਨੀਆਂ ਜਾਂਦੀਆਂ ਹਨ ਤੇ ਵਕੀਲਾਂ ਨੂੰ ਦਲੀਲ ਦੀ ਗੱਲ ਕਰਨ ਵਾਲੇ ਸਮਝਿਆ ਜਾਂਦਾ ਹੈ। ਹੈਦਰਾਬਾਦ ਵਿਚ ਹਾਈ ਕੋਰਟ ਦੇ ਅਹਾਤੇ ਵਿਚ ਆਂਧਰਾ ਅਤੇ ਤੇਲੰਗਾਨਾ ਦੇ ਹਮਾਇਤੀ ਵਕੀਲਾਂ ਨੇ ਵੀ ਬਹਿਸ ਕਰਨੀ ਛੱਡ ਕੇ ਇਕ ਦੂਜੇ ਨੂੰ ਗਲੋਂ ਫੜਨਾ ਸ਼ੁਰੂ ਕਰ ਦਿੱਤਾ ਤੇ ਤਰੀਕਾਂ ਭੁਗਤਣ ਆਏ ਲੋਕ ਬੌਂਦਲ ਕੇ ਰਹਿ ਗਏ।

ਇਹ ਸਾਰਾ ਕੁਝ ਕਿਉਂ ਹੋਇਆ? ਇਸ ਲਈ ਕਿ ਕੁਰਸੀ ਦੀ ਇੱਛਾ ਰੱਖਦੇ ਸਾਡੇ ਰਾਜਸੀ ਲੀਡਰ ਚੁਆਤੀਆਂ ਲਾਉਣ ਤੋਂ ਨਹੀਂ ਰਹਿੰਦੇ। ਲੋਕਾਂ ਦੀਆਂ ਭਾਵਨਾਵਾਂ ਨਾਲ ਉਹ ਖਿਲਵਾੜ ਕਰਦੇ ਹਨ, ਪਰ ਆਪ ਇਸ ਗੱਲ ਦੀ ਸ਼ਰਮ ਵੀ ਨਹੀਂ ਰੱਖਦੇ ਕਿ ਕੱਲ੍ਹ ਤੱਕ ਉਨ੍ਹਾਂ ਦੇ ਮੂੰਹੋਂ ਕੀ ਨਿਕਲਦਾ ਰਿਹਾ ਸੀ। ਅਨੇਕਾਂ ਮਿਸਾਲਾਂ ਹਨ ਰਾਜਨੀਤਕ ਲੀਡਰਾਂ ਦੇ ਇਸ ਤਰ੍ਹਾਂ ਦੇ ਕਿਰਦਾਰ ਦੀਆਂ, ਜਿਸ ਦਾ ਸਿੱਟਾ-ਭੁਗਤਣਾ ਸਾਡੇ ਲੋਕਾਂ ਦੇ ਪੱਲੇ ਪੈ ਜਾਂਦਾ ਰਿਹਾ ਤੇ ਲੀਡਰ ਗੱਦੀਆਂ ਦਾ ਸੁੱਖ ਮਾਣਦੇ ਰਹੇ। ਇਹ ਕੁਝ ਬੀਤੇ ਵਿਚ ਵੀ ਹੁੰਦਾ ਰਿਹਾ, ਹੁਣ ਵੀ ਹੋ ਰਿਹਾ ਹੈ ਤੇ ਅੱਗੋਂ ਵੀ ਹੁੰਦਾ ਰਹੇਗਾ।

ਸਾਡੇ ਕੋਲ ਪੰਜਾਬ ਦੀ ਮਿਸਾਲ ਹੈ। ਅਕਾਲੀ ਆਗੂ ਮਾਸਟਰ ਤਾਰਾ ਸਿੰਘ ਤੇ ਸੰਤ ਫ਼ਤਹਿ ਸਿੰਘ ਪੰਜਾਬੀ ਬੋਲੀ ਦੇ ਸੂਬੇ ਲਈ ਮਰਨ ਵਰਤ ਰੱਖਦੇ ਹੁੰਦੇ ਸਨ। ਉਨ੍ਹਾਂ ਦੇ ਵਿਰੋਧ ਵਿਚ ਹੁਣ ਦੀ ਭਾਰਤੀ ਜਨਤਾ ਪਾਰਟੀ ਦੇ ਪਹਿਲੇ ਰੂਪ 'ਜਨ ਸੰਘ' ਦੇ ਆਗੂ ਮਰਨ ਵਰਤ ਰੱਖ ਲੈਂਦੇ ਸਨ ਤੇ ਰੱਖਦੇ ਵੀ ਅੰਮ੍ਰਿਤਸਰ ਵਿਚ ਸਨ। ਜਦੋਂ ਪੰਜਾਬੀ ਬੋਲੀ ਦੇ ਅਧਾਰ ਉੱਤੇ ਹੁਣ ਵਾਲਾ ਰਾਜ ਬਣ ਗਿਆ, ਉਸ ਪਿੱਛੋਂ ਪਹਿਲੀਆਂ ਚੋਣਾਂ ਵਿਚ ਹੀ ਕਾਂਗਰਸ ਹਾਰ ਗਈ ਤੇ ਜਿਹੜੀ ਸਾਂਝੀ ਸਰਕਾਰ ਬਣੀ, ਉਸ ਵਿਚ ਅਕਾਲੀ ਵੀ ਸਨ ਤੇ ਜਨ ਸੰਘੀ ਵੀ। ਸਿਰਫ਼ ਇਹੋ ਨਹੀਂ, ਜਿਹੜੇ ਦਰਬਾਰ ਸਾਹਿਬ ਅੰਦਰੋਂ ਜਨ ਸੰਘੀਆਂ ਨਾਲ ਨਜਿੱਠਣ ਦੇ ਜੈਕਾਰੇ ਲਾਏ ਜਾਂਦੇ ਸਨ, ਉਸੇ ਦੇ ਮੰਜੀ ਸਾਹਿਬ ਦੀਵਾਨ ਵਿਚ ਬੈਠੀ ਸੰਗਤ ਨੂੰ ਸੰਬੋਧਨ ਕਰਨ ਲਈ ਜਨ ਸੰਘੀ ਮੰਤਰੀਆਂ ਨੂੰ 'ਸਾਂਝੇ' ਕਹਿ ਕੇ ਮੌਕਾ ਦੇ ਦਿੱਤਾ ਗਿਆ। ਸਮਾਂ ਬਹੁਤਾ ਨਾ ਲੰਘਿਆ ਤੇ ਉਹ ਗੁਰੂ ਨਾਨਕ ਦੇਵ ਜੀ ਦੇ ਨਾਂਅ ਉਤੇ ਇਕ ਯੂਨੀਵਰਸਿਟੀ ਦਾ ਨਾਂਅ ਰੱਖਣ ਵਿਰੁਧ ਵਜ਼ੀਰੀਆਂ ਨੂੰ ਲੱਤ ਮਾਰ ਗਏ, ਪਰ 1977 ਵਿਚ ਉਨ੍ਹਾਂ ਨੇ ਫਿਰ ਅਕਾਲੀਆਂ ਨਾਲ ਸਾਂਝੀ ਸਰਕਾਰ ਬਣਾ ਲਈ। ਓਦੋਂ ਪਿੱਛੋਂ 1997 ਵਿਚ ਵੀ ਉਹ ਸਰਕਾਰ ਵਿਚ ਇਕੱਠੇ ਸਨ ਤੇ 2007 ਵਿਚ ਬਣੀ ਹੁਣ ਵਾਲੀ ਪੰਜਾਬ ਸਰਕਾਰ ਵਿਚ ਵੀ ਇਕੱਠੇ ਹਨ।

ਪੰਜਾਬ ਦੀ ਮਿਸਾਲ ਦੇਣ ਪਿੱਛੋਂ ਅਸੀਂ ਗੱਲ ਕਰੀਏ ਉਸ ਆਂਧਰਾ ਪ੍ਰਦੇਸ਼ ਦੀ, ਜਿੱਥੇ ਹੁਣ ਵੱਖਰਾ ਤੇਲੰਗਾਨਾ ਰਾਜ ਬਣਾਉਣਾ ਮੰਨ ਲਿਆ ਗਿਆ ਹੈ। ਇਹ ਇਲਾਕਾ ਕਦੇ ਥੋੜ੍ਹਾ ਜਿਹਾ ਅੰਗਰੇਜ਼ੀ ਰਾਜ ਦੀ ਮਦਰਾਸ ਪ੍ਰੈਜ਼ੀਡੈਂਸੀ ਵਿਚ ਹੁੰਦਾ ਸੀ ਤੇ ਬਾਕੀ ਸਾਰਾ ਨਿਜ਼ਾਮ ਹੈਦਰਾਬਾਦ ਦੀ ਰਿਆਸਤ ਹੁੰਦੀ ਸੀ। ਅਜ਼ਾਦੀ ਪਿੱਛੋਂ ਜਦੋਂ ਨਿਜ਼ਾਮ ਆਕੜ ਬੈਠਾ ਕਿ ਉਸਨੇ ਭਾਰਤ ਦੇ ਵਿਚਾਲੇ ਰਹਿ ਕੇ ਵੀ ਭਾਰਤ ਦਾ ਅੰਗ ਨਹੀਂ ਬਣਨਾ, ਅਜ਼ਾਦ ਰਿਆਸਤ ਰੱਖਣੀ ਹੈ ਤਾਂ ਉਸ ਦੇ ਵਿਰੁਧ ਦੇਸ਼ਭਗਤੀ ਦਾ ਝੰਡਾ ਕਮਿਊਨਿਸਟਾਂ ਨੇ ਏਸੇ ਤੇਲੰਗਾਨਾ ਇਲਾਕੇ ਵਿਚੋਂ ਚੁੱਕਿਆ ਸੀ। ਫਿਰ ਕੁਝ ਸਾਲਾਂ ਬਾਅਦ ਜਦੋਂ ਤੇਲੰਗਾਨਾ ਜਾਂ ਤੇਲਗੂ ਬੋਲੀ ਦੇ ਰਾਜ ਦਾ ਇੱਕ ਹਮਾਇਤੀ ਆਗੂ ਮਰਨ-ਵਰਤ ਰੱਖ ਕੇ ਜਾਨ ਦੇ ਗਿਆ ਤਾਂ ਕੇਂਦਰ ਸਰਕਾਰ ਨੇ ਤੇਲੰਗਾਨਾ ਦੀ ਬਜਾਏ ਤੇਲੰਗਾਨਾ ਅਤੇ ਰਾਇਲ ਸੀਮਾ ਦੇ ਇਲਾਕੇ ਜੋੜ ਕੇ ਤੇਲਗੂ ਬੋਲੀ ਬੋਲਦੇ ਬਹੁਤੇ ਲੋਕਾਂ ਦਾ ਸਾਂਝਾ ਰਾਜ ਆਂਧਰਾ ਪ੍ਰਦੇਸ਼ ਬਣਾਉਣਾ ਮੰਨ ਲਿਆ। ਇਸ ਦੇ ਬਾਵਜੂਦ ਡਾਕਟਰ ਐਮ ਚੇਨਾਰੇਡੀ ਨਾਂਅ ਦੇ ਇਕ ਹੋਰ ਆਗੂ ਨੇ ਇਕੱਲੇ ਤੇਲੰਗਾਨਾ ਦੇ ਵੱਖਰੇ ਰਾਜ ਦੀ ਮੰਗ ਕੁਝ ਸਾਲਾਂ ਬਾਅਦ ਚੁੱਕ ਦਿੱਤੀ, ਪਰ ਜਦੋਂ ਉਸਨੂੰ ਪਲੋਸ ਕੇ ਕਾਂਗਰਸ ਪਾਰਟੀ ਨੇ ਪੂਰੇ ਆਂਧਰਾ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾ ਧਰਿਆ, ਉਹ ਵੀ ਵੱਖਰੇ ਰਾਜ ਦੀ ਮੰਗ ਨੂੰ ਹੀ ਛੱਡ ਗਿਆ।

ਹੁਣ ਵਾਲੀ ਤੇਲੰਗਾਨਾ ਰਾਜ ਦੀ ਮੁਹਿੰਮ ਦਾ ਮੁਖੀ ਚੰਦਰ ਸ਼ੇਖਰ ਰਾਓ ਸਿਰਫ਼ ਇਹ ਨਹੀਂ ਕਹਿੰਦਾ ਕਿ ਉਸ ਦਾ ਇਲਾਕਾ ਵਿਕਾਸ ਪੱਖੋਂ ਪਛੜਿਆ ਹੋਇਆ ਹੈ, ਸਗੋਂ ਇਹ ਵੀ ਕਹਿ ਰਿਹਾ ਹੈ ਕਿ ਸਾਂਝੇ ਆਂਧਰਾ ਪ੍ਰਦੇਸ਼ ਵਿਚ ਤੇਲੰਗਾਨਾ ਖੇਤਰ ਦੇ ਆਗੂਆਂ ਦੀ ਪੁੱਛਗਿੱਛ ਪੂਰੀ ਨਹੀਂ ਹੁੰਦੀ। ਉਸਨੂੰ ਡਾਕਟਰ ਮਨਮੋਹਨ ਸਿੰਘ ਦੀ ਪਿਛਲੀ ਸਰਕਾਰ ਵਿਚ ਕੇਂਦਰੀ ਮੰਤਰੀ ਵੀ ਬਣਾ ਦਿੱਤਾ ਗਿਆ ਸੀ, ਪਰ ਏਨਾ ਕਾਫੀ ਨਹੀਂ ਸੀ। ਹੁਣ ਵੱਖਰਾ ਰਾਜ ਬਣਵਾ ਕੇ ਉਹ ਮੁੱਖ ਮੰਤਰੀ ਬਣ ਸਕਦਾ ਹੈ। ਜਦੋਂ ਉਸ ਨੂੰ ਇਹ ਸ਼ਾਹੀ ਮੌਕਾ ਮਿਲ ਗਿਆ, ਕਈ ਹੋਰਨਾਂ ਦੇ ਅੰਦਰ ਦੀ ਇਹੋ ਲਾਲਸਾ ਉੱਭਰਨਾ ਵੀ ਹੈਰਾਨੀ ਵਾਲੀ ਗੱਲ ਨਹੀਂ ਮੰਨੀ ਜਾ ਸਕਦੀ।

ਉੱਤਰ ਪ੍ਰਦੇਸ਼ ਨੂੰ ਅੰਗਰੇਜ਼ਾਂ ਦੇ ਸਮੇਂ ਯੂਨਾਈਟਿਡ ਪ੍ਰਾਵਿੰਸ (ਸੰਯੁਕਤ ਪ੍ਰਾਂਤ) ਕਿਹਾ ਜਾਂਦਾ ਸੀ। ਅਜ਼ਾਦੀ ਪਿੱਛੋਂ ਦੀ ਰਾਜਨੀਤੀ ਨੇ ਇਕ ਮੌਕੇ ਇਸਦਾ ਪਹਾੜੀ ਖੇਤਰ ਕੱਟ ਕੇ ਉਤਰਾਖੰਡ ਨਾਂਅ ਦਾ ਵੱਖਰਾ ਰਾਜ ਬਣਵਾ ਦਿੱਤਾ। ਉੱਤਰਾਖੰਡ ਵਾਲਿਆਂ ਦੀ ਮੰਗ ਵਿਚ ਇਸ ਪੱਖੋਂ ਵਜ਼ਨ ਸੀ ਕਿ ਲਖਨਊ ਵਿਚ ਬੈਠੀ ਯੂ.ਪੀ. ਸਰਕਾਰ ਨੂੰ ਹਰਦੁਆਰ, ਡੇਹਰਾਦੂਨ ਤੇ ਰਿਸ਼ੀਕੇਸ਼ ਦੇ ਪਹਾੜੀ ਇਲਾਕੇ ਦਿਸਦੇ ਹੀ ਨਹੀਂ। ਰਾਜ ਬਣਿਆ ਤਾਂ ਕਦੇ ਪਾਰਲੀਮੈਂਟ ਦੀਆਂ ਪਚਾਸੀ ਸੀਟਾਂ ਵਾਲੇ ਵੱਡੇ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਰਹਿ ਚੁੱਕਾ ਨਰਾਇਣ ਦੱਤ ਤਿਵਾੜੀ ਸਿਰਫ਼ ਪੰਜ ਪਾਰਲੀਮੈਂਟ ਸੀਟਾਂ ਵਾਲੇ ਇਸ ਨਵੇਂ ਸੂਬੇ (ਜਾਂ ਸੂਬੜੀ) ਦਾ ਮੁੱਖ ਮੰਤਰੀ ਬਣਨਾ ਵੀ ਨਾ ਛੱਡ ਸਕਿਆ। ਉਹਦੇ ਵਰਗੇ ਹੀ ਕਈ ਹੋਰ ਹਨ, ਜਿਹੜੇ ਹੁਣ ਆਪੋ ਆਪਣੇ ਵਾਸਤੇ ਮੁੱਖ ਮੰਤਰੀ ਦੀ ਵੱਖਰੀ ਕੁਰਸੀ ਡਾਹੁਣੀ ਲੋੜਦੇ ਹਨ।

ਦਲ-ਬਦਲੀ ਆਸਰੇ ਤਿੰਨ ਕੁ ਮਹੀਨੇ ਪ੍ਰਧਾਨ ਮੰਤਰੀ ਬਣ ਗਏ ਚੌਧਰੀ ਚਰਨ ਸਿੰਘ ਦਾ ਪੁੱਤਰ ਚੌਧਰੀ ਅਜੀਤ ਸਿੰਘ ਵੀ ਹੁਣ ਓਸੇ ਯੂਪੀ 'ਚੋਂ ਕੁਝ ਹਿੱਸਾ ਕੱਟ ਕੇ 'ਹਰਿਤ ਪ੍ਰਦੇਸ਼' ਬਣਾਉਣਾ ਮੰਗਦਾ ਹੈ। ਓਸੇ ਯੂਪੀ ਦੇ ਪੂਰਬੀ ਪਾਸੇ ਬਿਹਾਰ ਨਾਲ ਲੱਗਦੇ ਕੁਝ ਜ਼ਿਲ੍ਹਿਆਂ ਅੰਦਰ 'ਪੂਰਵਾਂਚਲ ਪ੍ਰਦੇਸ਼' ਬਨਾਉਣ ਦੀ ਮੰਗ ਉੱਠ ਖੜੋਤੀ ਹੈ। ਆਂਧਰਾ ਪ੍ਰਦੇਸ਼ ਦਾ ਮੌਜੂਦਾ ਮੁੱਖ ਮੰਤਰੀ ਰਸੋਈਆ ਤਾਂ ਤੇਲੰਗਾਨਾ ਵੱਖਰਾ ਬਨਾਉਣ ਦੀ ਕੇਂਦਰ ਦੀ ਸਹਿਮਤੀ ਉੱਤੇ ਨੱਕ-ਮੂੰਹ ਮਰੋੜ ਰਿਹਾ ਹੈ, ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਇਸ ਤੋਂ ਉਲਟ ਪੂਰਵਾਂਚਲ ਪ੍ਰਦੇਸ਼ ਦੀ ਮੰਗ ਦੇ ਹਮਾਇਤੀਆਂ ਨੂੰ ਅੰਦੋਲਨ ਕਰਨ ਲਈ ਖੁਦ ਹੀ ਉਕਸਾ ਰਹੀ ਹੈ। ਉਸਨੇ ਸਾਫ ਕਹਿ ਦਿੱਤਾ ਹੈ ਕਿ ਕੇਂਦਰ 'ਤੇ ਜ਼ੋਰ ਪਾ ਕੇ ਮਨਾ ਲਵੋ, ਯੂ ਪੀ ਦੀ ਵਿਧਾਨ ਸਭਾ ਵਿਚ ਇਸ ਦਾ ਮਤਾ ਪਾਸ ਕਰਨ ਦਾ ਕੰਮ ਬਹੁਜਨ ਸਮਾਜ ਪਾਰਟੀ ਕਰ ਦੇਵੇਗੀ।

ਪੱਛਮੀ ਬੰਗਾਲ ਦੇ ਹਾਲਾਤ ਸੁਖਾਵੇਂ ਨਹੀਂ। ਓਥੇ ਰਾਜ 'ਤੇ ਕਬਜ਼ੇ ਦੀ ਹਾਬੜ ਨੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਦਾ ਰੋਟੀ ਪਾਣੀ ਛੁਡਾਇਆ ਪਿਆ ਹੈ। ਨਕਸਲੀ ਸਮੱਸਿਆ ਵੀ ਓਥੇ ਹੈ। ਦੋਵੇਂ ਧਿਰਾਂ ਇਕ ਦੂਜੇ ਉੱਤੇ ਨਕਸਲੀਆਂ ਨਾਲ ਸਾਂਝ ਰੱਖਣ ਦੇ ਦੋਸ਼ ਲਾ ਰਹੀਆਂ ਹਨ। ਇਸੇ ਰਾਜ ਵਿਚ ਤੀਹ ਕੁ ਸਾਲ ਪਹਿਲਾਂ ਦਾਰਜੀਲਿੰਗ ਵਲੋਂ ਵੱਖਰੇ ਗੋਰਖਾਲੈਂਡ ਦੀ ਮੰਗ ਉੱਠੀ ਤੇ ਕਈ ਸਾਲਾਂ ਤੱਕ ਹਿੰਸਕ ਮਾਹੌਲ ਬਣਿਆ ਰਿਹਾ ਸੀ। ਹੁਣ ਤ੍ਰਿਣਮੂਲ ਕਾਂਗਰਸ ਅਤੇ ਖੱਬੇ-ਮੋਰਚੇ ਦੇ ਟਕਰਾਅ ਦਾ ਲਾਭ ਲੈ ਕੇ ਅਤੇ ਵੱਖਰੇ ਤੇਲੰਗਾਨਾ ਦੀ ਮੁਹਿੰਮ ਤੋਂ ਉਤਸ਼ਾਹਤ ਹੋ ਕੇ ਉਹੋ ਮੋਰਚਾ ਫਿਰ ਲਾ ਦਿੱਤਾ ਗਿਆ ਹੈ। ਖਿਆਲ ਉਨ੍ਹਾਂ ਦਾ ਇਹ ਹੋਵੇਗਾ ਕਿ ਬੰਗਾਲ ਦੇ ਰਾਜ ਉੱਤੇ ਕਬਜ਼ੇ ਦੀਆਂ ਦਾਅਵੇਦਾਰ ਦੋਵਾਂ ਧਿਰਾਂ 'ਚੋਂ ਕੋਈ ਇੱਕ ਧਿਰ ਜ਼ਰੂਰ ਵੋਟਾਂ ਖਾਤਰ ਗੋਰਖਾਲੈਂਡ ਦੀ ਖੁੱਲ੍ਹੀ ਜਾਂ ਚੁੱਪ ਹਮਾਇਤ ਕਰ ਦੇਵੇਗੀ, ਪਰ ਉਨ੍ਹਾਂ ਦੋਵਾਂ ਧਿਰਾਂ ਨੇ ਹੀ ਬੰਗਾਲ ਦੀ ਮੁੜ ਵੰਡ ਦਾ ਵਿਰੋਧ ਕਰ ਦਿੱਤਾ ਹੈ। ਗੋਰਖਾਲੈਂਡ ਦੀ ਹਮਾਇਤ ਵਿਚ ਪਿਛਲੀਆਂ ਪਾਰਲੀਮੈਂਟ ਚੋਣਾਂ ਸਮੇਂ ਵੀ ਸਿਰਫ਼ ਭਾਰਤੀ ਜਨਤਾ ਪਾਰਟੀ ਸੀ ਤੇ ਉਸਦਾ ਸਾਬਕਾ ਵਿਦੇਸ਼ ਮੰਤਰੀ ਜਸਵੰਤ ਸਿੰਘ ਏਸੇ ਸਾਂਝ ਸਦਕਾ ਚੋਣ ਜਿੱਤਿਆ ਸੀ। ਹੁਣ ਉਹੋ ਜਸਵੰਤ ਸਿੰਘ ਭਾਜਪਾ 'ਚੋਂ ਕੱਢੇ ਜਾਣ ਪਿੱਛੋਂ ਆਪਣੀ ਸੀਟ ਪੱਕੀ ਰੱਖਣ ਲਈ ਇਸ ਮੰਗ ਦੀ ਹਮਾਇਤ ਕਰ ਰਿਹਾ ਹੈ ਤੇ ਭਾਜਪਾ ਚੁਆਤੀ ਲਾ ਕੇ ਤਮਾਸ਼ਾ ਵੇਖਣ ਲਈ ਇਹੋ ਕੁਝ ਕਰ ਰਹੀ ਹੈ।

ਜੇ ਕੋਈ ਸਿਰੇ ਦੀ ਜਾਇਜ਼ ਮੰਗ ਹੋ ਸਕਦੀ ਹੈ ਤਾਂ ਉਹ ਉੱਤਰ ਪ੍ਰਦੇਸ਼, ਤੇ ਉਸਦੇ ਨਾਲ ਲੱਗਦੇ ਕੁਝ ਰਾਜਾਂ, ਦਾ ਕੁਝ ਹਿੱਸਾ ਕੱਟ ਕੇ ਬੁੰਦੇਲਖੰਡ ਦੀ ਸਿਰਜਣਾ ਹੀ ਹੋ ਸਕਦੀ ਹੈ। ਅੰਤਾਂ ਦੀ ਗਰੀਬੀ ਹੰਢਾ ਰਹੇ ਉਸ ਖੇਤਰ ਵਲ ਕਿਸੇ ਵੀ ਧਿਰ ਨੇ ਹੁਣ ਤੱਕ ਕੋਈ ਧਿਆਨ ਨਹੀਂ ਦਿੱਤਾ। ਵੰਡਿਆ ਉਹ ਦੋ-ਤਿੰਨ ਰਾਜਾਂ ਵਿਚ ਪਿਆ ਹੈ, ਜਿਨ੍ਹਾਂ ਨਾਲ ਬੋਲੀ ਦੀ ਸਾਂਝ ਤਾਂ ਉਥੋਂ ਦੇ ਲੋਕਾਂ ਦੀ ਜ਼ਰੂਰ ਹੈ, ਹੋਰ ਨਾ ਸਭਿਆਚਾਰ ਦੀ ਬਹੁਤੀ ਸਾਂਝ ਹੈ, ਨਾ ਰੀਤੀ-ਰਿਵਾਜਾਂ ਦੀ। ਹੁਣ ਤੱਕ ਕਿਸੇ ਵੀ ਰਾਜਨੀਤਕ ਧਿਰ ਨੇ ਉਸ ਰਾਜ ਦੀ ਸਿਰਜਣਾ ਦਾ ਵਿਰੋਧ ਤਿੱਖੇ ਰੂਪ ਵਿਚ ਨਹੀਂ ਕੀਤਾ, ਪਰ ਉਹ ਗਰੀਬੜੇ ਜਿਹੇ ਲੋਕ ਅੰਦੋਲਨ ਕਰਨ ਜੋਗੇ ਵੀ ਨਹੀਂ।

ਸਵਾਲ ਤਾਂ ਇਹ ਹੈ ਕਿ ਭਾਰਤ ਵਰਗੇ ਲੋਕਤੰਤਰ ਵਿਚ ਠੀਕ ਜਾਂ ਗਲਤ ਨੂੰ ਵੇਖਦਾ-ਸੋਚਦਾ ਕੌਣ ਹੈ? ਏਥੇ ਤਾਂ 'ਤਾਏ ਦੀ ਧੀ ਚੱਲੀ ਤੇ ਮੈਂ ਕਿਉਂ ਰਹਾਂ ਇਕੱਲੀ' ਦਾ ਫਾਰਮੂਲਾ ਚੱਲਦਾ ਹੈ। ਤੇਲੰਗਾਨਾ ਦੀ ਮੰਗ ਮੰਨੀ ਜਾਂਦੇ ਸਾਰ ਹਰ ਪਾਸੇ ਤੋਂ 'ਮੈਨੂੰ ਵੀ-ਮੈਨੂੰ ਵੀ' ਦਾ ਰੌਲਾ ਪੈ ਗਿਆ ਹੈ। ਪੱਛਮੀ ਬੰਗਾਲ ਵਿਚੋਂ ਕੱਟ ਕੇ ਗੋਰਖਾਲੈਂਡ ਬਨਾਉਣ ਦੀ ਮੰਗ ਹੀ ਨਹੀਂ, ਬੰਗਾਲ ਤੇ ਅਸਾਮ ਦਾ ਥੋੜ੍ਹਾ-ਥੋੜ੍ਹਾ ਹਿੱਸਾ ਕੱਟ ਕੇ ਵੱਖਰਾ 'ਕਾਮਤਾਪੁਰ' ਜਾਂ 'ਕੂਚ ਬਿਹਾਰ' ਰਾਜ ਬਣਾਉਣ ਦੀ ਉਹ ਮੰਗ ਵੀ ਉੱਠ ਪਈ ਹੈ, ਜਿਹੜੀ ਪਹਿਲਾਂ ਕਦੇ ਕਿਸੇ ਨੇ ਬਹਾਲੀ ਸੁਣੀ ਨਹੀਂ ਸੀ। ਅਸਾਮ ਵਿਚ ਬੋਡੋ ਅੱਤਵਾਦੀ ਲਹਿਰ ਬੜੇ ਚਿਰ ਦੀ ਵੱਖਰੇ 'ਬੋਡੋਲੈਂਡ' ਦੀ ਮੰਗ ਚੁੱਕ ਰਹੀ ਸੀ, ਹੁਣ ਉਸ ਵਿਚੋਂ ਜੇ ਇੱਕ ਹਿੱਸਾ ਕੱਟ ਕੇ 'ਕਾਮਤਾਪੁਰ' ਦੀ ਲਹਿਰ ਉੱਠ ਪਈ ਹੈ ਤਾਂ ਇੱਕ ਤੀਜਾ ਹਿੱਸਾ ਕੱਟ ਕੇ 'ਕਰਬੀ ਆਂਗਲੌਂਗ' ਤੇ ਇੱਕ ਹੋਰ ਚੌਥਾ ਹਿੱਸਾ ਟੁੱਟ ਕੇ 'ਉੱਤਰੀ ਕਚਾਰ ਹਿੱਲਜ਼' ਦੀ ਮੰਗ ਵੀ ਜ਼ੋਰ ਫੜ ਤੁਰੀ ਹੈ। ਝਾਰਖੰਡ ਨੂੰ ਬਿਹਾਰ ਨਾਲੋਂ ਨਾੜੂਆ ਕੱਟ ਕੇ ਵੱਖਰੇ ਬਣੇ ਨੂੰ ਹਾਲੇ ਮਸਾਂ ਇੱਕ ਦਹਾਕਾ ਹੋਇਆ ਹੈ ਤੇ ਹੁਣ ਉਹਦੇ ਵਿਚੋਂ ਵੀ ਵੱਖਰੇ 'ਸੰਥਾਲ' ਰਾਜ ਦੀ ਮੰਗ ਉੱਠ ਖੜੋਤੀ ਹੈ, ਜਿਸ ਨਾਲ ਕੁਝ ਦੂਜੇ ਰਾਜਾਂ ਦੇ ਇਲਾਕੇ 'ਤੇ ਵੀ ਹੱਕ ਜਤਾਇਆ ਜਾ ਰਿਹਾ ਹੈ। ਓਧਰ ਮਹਾਂਰਾਸ਼ਟਰ ਵਿਚ ਰਾਜਨੀਤਕ ਭੁਆਂਟਣੀਆਂ ਹੁਣ ਤੱਕ ਸ਼ਿਵ ਸੈਨਾ ਦੇ ਬਾਲ ਠਾਕਰੇ ਤੇ ਉਸਦਾ ਪੁੱਤਰ ਊਧਵ ਠਾਕਰੇ ਜਾਂ ਮਹਾਰਾਸ਼ਟਰ ਨਵ-ਨਿਰਮਾਣ ਸੈਨਾ ਦਾ ਰਾਜ ਠਾਕਰੇ ਦੇਂਦੇ ਸਨ, ਹੁਣ ਵੱਖਰੇ ਵਿਦਰਭ ਰਾਜ ਦੀ ਮੰਗ ਉੱਠ ਖੜੋਤੀ ਹੈ। ਓਥੋਂ ਦੀ ਸਰਕਾਰ ਹਾਲੇ ਚੁੱਪ ਹੈ, ਭਾਜਪਾ ਵੀ ਹਾਲੇ ਨੀਤੀ ਬਨਾਉਣ ਰੁੱਝੀ ਹੋਈ ਹੈ, ਪਰ ਸ਼ਿਵ ਸੈਨਾ ਨੇ ਇਸ ਦੇ ਵਿਰੋਧ ਦਾ ਝੰਡਾ ਚੁੱਕ ਵੀ ਲਿਆ ਹੈ। ਹੈਰਾਨੀ ਦੀ ਗੱਲ ਇਹ ਕਿ ਰਾਜਸਥਾਨ ਵਰਗੇ ਰਾਜ ਨੂੰ ਵੀ ਵੱਖਰੇ ਰਾਜਾਂ ਦੀ ਬਿਮਾਰੀ ਦੇ ਇਸ ਬੈਕਟੀਰੀਆ ਨੇ ਛੱਡਿਆ ਨਹੀਂ। ਓਥੇ ਬੀਕਾਨੇਰ ਤੋਂ ਅੱਗੇ ਦੇ ਕੁਝ ਇਲਾਕੇ ਜੋੜ ਕੇ ਇੱਕ ਨਵਾਂ ਰਾਜ 'ਮਰੂ ਪ੍ਰਦੇਸ਼' ਬਨਾਉਣ ਦਾ ਮੋਰਚਾ ਲੱਗਣ ਲੱਗਾ ਹੈ।

ਇਹ ਸਾਰਾ ਕੁਝ ਭਾਰਤ ਦੀ ਰਾਜਨੀਤਕ ਲੀਡਰਸ਼ਿਪ ਦੀ ਦੂਰਅੰਦੇਸ਼ੀ ਦੀ ਘਾਟ ਦਾ ਸਿੱਟਾ ਹੈ। ਜਾਇਜ਼ ਗੱਲ ਨੂੰ ਜਾਇਜ਼ ਢੰਗ ਨਾਲ ਜਾਇਜ਼ ਸਮੇਂ ਉੱਤੇ ਕਰਨ ਦੀ ਥਾਂ ਨਜਾਇਜ ਢੰਗ ਅਪਨਾਏ ਜਾਣ ਦੇ ਹਾਲਾਤ ਪੈਦਾ ਕੀਤੇ ਜਾਂਦੇ ਹਨ। ਪੰਜਾਬ ਵਿਚ ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਬਣਿਆ ਤਾਂ ਉਸ ਦਾ ਸਭ ਤੋਂ ਨੇੜਲਾ ਜੋੜੀਦਾਰ ਨਵਾਂ ਸ਼ਹਿਰ ਵਾਲਾ ਮੰਤਰੀ ਦਿਲਬਾਗ ਸਿੰਘ ਹੁੰਦਾ ਸੀ। ਨਵਾਂ ਸ਼ਹਿਰ ਜ਼ਿਲਾ ਬਨਾਉਣ ਦੀ ਜਾਇਜ਼ ਮੰਗ ਨਾਲ ਜੋੜ ਕੇ ਜਦੋਂ ਹਰਚਰਨ ਸਿੰਘ ਬਰਾੜ ਨੇ ਅਚਾਨਕ ਮੁਕਤਸਰ ਜ਼ਿਲ੍ਹਾ ਵੀ ਬਣਾ ਧਰਿਆ ਤਾਂ ਮੋਗਾ ਸ਼ਹਿਰ ਸੰਭਾਲਣਾ ਔਖਾ ਹੋ ਗਿਆ ਸੀ। ਓਦੋਂ ਵੱਡੀ ਜਨਤਕ ਮੁਹਿੰਮ ਮਗਰੋਂ ਮੋਗੇ ਨੂੰ ਵੀ ਜ਼ਿਲੇ ਦਾ ਦਰਜਾ ਦੇਣਾ ਪਿਆ ਸੀ ਤੇ ਮਜਬੂਰੀ ਵਿਚ ਇਹ ਦਰਜਾ ਦੇਣ ਵਾਲੇ ਕੁਝ ਖੱਟ ਵੀ ਨਹੀਂ ਸਨ ਸਕੇ।

ਹੁਣ ਵੀ ਭਾਰਤ ਸਰਕਾਰ ਦਾ ਢੰਗ ਨਾ ਤਾਂ ਸਮਝਾਊ ਹੈ, ਨਾ ਕਿਸੇ ਮੰਗ ਨੂੰ ਜਾਇਜ਼ ਠਹਿਰਾਉਣ ਦੇ ਹਾਲਾਤ ਪੈਦਾ ਕਰਨ ਵਾਲਾ। ਨਤੀਜੇ ਵਜੋਂ 'ਘੜੇ ਨੂੰ ਹੱਥ ਲਾਇਆ ਤੇ ਸਾਰਾ ਟੱਬਰ ਤ੍ਰਿਹਾਇਆ' ਦੇ ਹਾਲਾਤ ਬਣ ਗਏ ਹਨ, ਜਿਨ੍ਹਾਂ ਨੂੰ ਸੰਭਾਲਣਾ ਸੌਖਾ ਨਹੀਂ ਹੋਣ ਲੱਗਾ। ਅਜੇ ਵੀ ਮੌਕਾ ਹੈ ਕਿ ਸਾਰੀਆਂ ਰਾਜਨੀਤਿਕ ਧਿਰਾਂ ਸਿਰ ਜੋੜ ਕੇ ਬੈਠਣ, ਨਹੀਂ ਤਾਂ 'ਤਿੜਕੇ ਸ਼ੀਸ਼ੇ' ਦੀਆਂ ਕੰਕਰਾਂ ਚੁਣਨੀਆਂ ਔਖੀਆਂ ਹੋ ਜਾਣਗੀਆਂ।

ਇੱਕ ਕਾਰਟੂਨਿਸਟ ਨੇ ਹੁਣ ਤੋਂ ਚਾਲੀ ਸਾਲ ਬਾਅਦ ਦੀ ਰਾਜਨੀਤੀ ਦਾ ਇੱਕ ਕਾਰਟੂਨ ਬਣਾਇਆ ਹੈ, ਜਿੱਥੇ ਇੱਕ ਵੱਡੇ ਹਾਲ ਵਿਚ ਪਾਰਲੀਮੈਂਟ ਮੈਂਬਰਾਂ ਜਿੰਨੇ ਮੁੱਖ ਮੰਤਰੀ ਹੀ ਬੈਠੇ ਹੋਏ ਹਨ ਤੇ ਸੰਨ 2050 ਦਾ ਪ੍ਰਧਾਨ ਮੰਤਰੀ ਕਹਿ ਰਿਹਾ ਹੈ ਕਿ ਘਬਰਾਉਣ ਦੀ ਲੋੜ ਨਹੀਂ, ਚਲੰਤ ਸਾਲ ਵਿਚ ਸਿਰਫ਼ ਚੌਦਾਂ ਰਾਜ ਹੋਰ ਬਨਾਉਣ ਦੀ ਮੰਗ ਹੀ ਉੱਠੀ ਹੈ। ਕੋਈ ਰੁੱਖ ਜਿੰਨਾ ਮਰਜ਼ੀ ਫੈਲ ਜਾਵੇ, ਭਾਰ ਜੜ੍ਹ ਨੂੰ ਹੀ ਝੱਲਣਾ ਪੈਂਦਾ ਹੈ। ਏਨੇ ਸਾਰੇ ਮੁੱਖ ਮੰਤਰੀਆਂ, ਉਨ੍ਹਾਂ ਦੇ ਮੰਤਰੀ ਮੰਡਲਾਂ ਅਤੇ ਅਜੋਕੀਆਂ ਬਰਾਤਾਂ ਜਿੱਡੀਆਂ ਵਿਧਾਇਕਾਂ ਦੀ ਡਾਰਾਂ ਦਾ ਭਾਰ ਜਦੋਂ ਆਮ ਆਦਮੀ ਨੂੰ ਚੁੱਕਣਾ ਪਿਆ, ਓਦੋਂ ਭਾਰਤ ਦਾ ਬਣੂਗਾ ਕੀ?

## ਆਂਧਰਾ ਪ੍ਰਦੇਸ਼ ਵਿਚਲਾ ਸਿਆਸੀ ਕਾਂਬਾ ਲਗਾਤਾਰ ਜਾਰੀ

**ਨਵੀਂ ਦਿੱਲੀ :** ਵੱਖਰੇ ਤੇਲੰਗਾਨਾ ਸੂਬੇ ਦੇ ਗਠਨ ਸਬੰਧੀ ਐਲਾਨ ਤੋਂ ਬਾਅਦ ਸ਼ੁਰੂ ਹੋਇਆ ਰੋਸ ਪ੍ਰਦਰਸ਼ਨਾਂ ਦਾ ਸਿਲਸਿਲਾ ਚੌਥੇ ਦਿਨ ਵੀ ਜਾਰੀ ਰਿਹਾ। ਸੂਬੇ ਦੇ ਵਿਜੇਵਾੜਾ ਤੇ ਕ੍ਰਿਸ਼ਨਾ ਜ਼ਿਲ੍ਹੇ 'ਚ ਉਸ ਸਮੇਂ ਹਾਲਾਤ ਤਣਾਅ ਪੂਰਨ ਹੋ ਗਏ ਜਦੋਂ ਕਾਂਗਰਸੀ ਆਗੂ ਐਲ ਰਾਜਾਗੋਪਾਲ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਬਾਅਦ ਉਨ੍ਹਾਂ ਦੇ ਸਮਰਥਕਾਂ ਨੇ ਕਈ ਥਾਈਂ ਰੈਲੀਆਂ ਤੇ ਧਰਨੇ ਦਿੱਤੇ। ਕਈ ਥਾਈਂ ਤਾਂ ਕਾਂਗਰਸੀ ਵਰਕਰਾਂ ਨੇ ਮਿੱਟੀ ਦਾ ਤੇਲ ਪਾ ਕੇ ਖ਼ੁਦ ਨੂੰ ਸਾੜਨ ਦੀ ਕੋਸ਼ਿਸ਼ ਵੀ ਕੀਤੀ, ਜੋ ਕਿ ਪੁਲਿਸ ਦੀ ਦਖ਼ਲਅੰਦਾਜ਼ੀ ਤੋਂ ਬਾਅਦ ਨਾਕਾਮ ਕਰ ਦਿੱਤੀ ਗਈ। ਪੁਲਿਸ ਨੇ ਇਸ ਸਬੰਧ 'ਚ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿਚ ਵੀ ਲਿਆ ਹੈ। ਰੋਸ ਪ੍ਰਦਰਸ਼ਨਾਂ ਕਾਰਨ ਦੁਕਾਨਾਂ, ਬੈਂਕ ਤੇ ਹੋਰ ਸੰਸਥਾਵਾਂ ਪੂਰੀ ਤਰ੍ਹਾਂ ਬੰਦ ਰਹੀਆਂ। ਇਸੇ ਦੌਰਾਨ ਭੁੱਖ ਹੜਤਾਲ 'ਤੇ ਬੈਠੇ ਵਿਦਿਆਰਥੀਆਂ ਵਿਚੋਂ ਦੋ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਉਣਾ ਪਿਆ। ਇਸੇ ਤਰ੍ਹਾਂ ਅਨੰਤਪੁਰ 'ਚ ਸ੍ਰੀ ਕ੍ਰਿਸ਼ਨਾਦੇਵਰੱਈਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਅਰਧ ਨਗਨ ਹੋ ਕੇ ਰੋਸ ਪ੍ਰਦਰਸ਼ਨ ਕੀਤਾ। ਇਸੇ ਘਟਨਾਕ੍ਰਮ ਦੌਰਾਨ ਕੇਂਦਰ ਸਰਕਾਰ ਨੇ ਆਂਧਰਾ ਪ੍ਰਦੇਸ਼ 'ਚ ਰਾਸ਼ਟਰਪਤੀ ਰਾਜ ਲਗਾਉਣ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ ਹੈ। ਕੇਂਦਰੀ ਕਾਨੂੰਨ ਮੰਤਰੀ ਤੇ ਆਂਧਰਾ ਪ੍ਰਦੇਸ਼ 'ਚ ਕਾਂਗਰਸ ਦੇ ਇੰਚਾਰਜ ਵੀਰੱਪਾ ਮੋਇਲੀ ਨੇ ਇਸ ਸਬੰਧ 'ਚ ਕਿਹਾ ਹੈ ਕਿ ਇਸ ਤਰ੍ਹਾਂ ਦਾ ਸੋਚਣਾ ਵੀ ਮੂਰਖ਼ਤਾਪੂਰਨ ਹੈ। ਆਂਧਰਾ ਦੇ ਮੁੱਖ ਮੰਤਰੀ ਕੇ ਰੋਸਈਆ ਨੂੰ ਕੇਂਦਰ ਸਰਕਾਰ ਵਲੋਂ ਅਹੁਦਾ ਛੱਡਣ ਬਾਰੇ ਕਹੇ ਜਾਣ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਸ੍ਰੀ ਮੋਇਲੀ ਨੇ ਕਿਹਾ ਕਿ ਇਸ 'ਚ ਕੋਈ ਸਚਾਈ ਨਹੀਂ ਹੈ ਤੇ ਉਹ ਆਪਣੇ ਅਹੁਦੇ 'ਤੇ ਬਣੇ ਰਹਿਣਗੇ।

ਸ੍ਰੀ ਮੋਇਲੀ ਨੇ ਕਿਹਾ ਕਿ ਅਸੀਂ ਸੂਬੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਵਚਨਬੱਧ ਹਾਂ ਤੇ ਇਸ ਸਬੰਧ 'ਚ ਅਸੀਂ ਹਰ ਇੱਕ ਦੇ ਵਿਚਾਰ ਜਾਣਨਾ ਚਾਹਾਂਗੇ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਜਲਦ ਹੀ ਮਸਲੇ ਦਾ ਹੱਲ ਹੋ ਜਾਵੇਗਾ। ਪੱਤਰਕਾਰਾਂ ਵਲੋਂ ਵਾਰ-ਵਾਰ ਵੱਖਰੇ ਤੇਲੰਗਾਨਾ ਬਾਰੇ ਪੁੱਛੇ ਜਾਣ 'ਤੇ ਸ੍ਰੀ ਮੋਇਲੀ ਨੇ ਕਿਹਾ ਕਿ ਉਨ੍ਹਾਂ ਕੋਲ ਇਸ ਗੱਲ ਦਾ ਕੋਈ ਉਤਰ ਨਹੀਂ ਹੈ। ਉਧਰ ਵੱਖਰੇ ਤੇਲੰਗਾਨਾ ਸੂਬੇ ਦਾ ਵਿਰੋਧ ਕਰ ਰਹੇ ਵਿਧਾਇਕਾਂ ਨੇ ਇੱਕ ਸਾਂਝੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸੂਬੇ ਦੇ ਰਾਜਪਾਲ ਐਨ ਡੀ ਤਿਵਾੜੀ ਨੂੰ ਮਿਲ ਕੇ ਇਸ ਮਾਮਲੇ 'ਚ ਦਖ਼ਲਅੰਦਾਜ਼ੀ ਦੀ ਮੰਗ ਕਰਨਗੇ। ਵਿਧਾਇਕਾਂ ਦੇ ਆਗੂ ਡੀ ਸੈਲਾਜਾਨਾਥ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਆਂਧਰਾ ਪ੍ਰਦੇਸ਼ ਦੀ ਏਕਤਾ ਲਈ ਰਾਜਪਾਲ ਨੂੰ ਬੇਨਤੀ ਕਰਨਗੇ। ਉਨ੍ਹਾਂ ਨਾਲ ਹੀ ਕਿਹਾ ਕਿ ਵੱਖਰਾ ਸੂਬਾ ਬਣਾਉਣ ਨਾਲ ਤੇਲੰਗਾਨਾ ਦਾ ਵਿਕਾਸ ਹੋਣਾ ਸੰਭਵ ਨਹੀਂ ਹੈ। ਇਸੇ ਦੌਰਾਨ ਸੂਬੇ ਦੀ ਨਾਜ਼ੁਕ ਸਥਿਤੀ ਨੂੰ ਦੇਖਦਿਆਂ ਆਂਧਰਾ ਪ੍ਰਦੇਸ਼ ਵਿਧਾਨ ਸਭਾ ਦਾ ਸੈਸ਼ਨ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ। ਆਂਧਰਾ ਪ੍ਰਦੇਸ਼ ਵਿਚ ਪੈਦਾ ਹੋਇਆ ਸਿਆਸੀ ਸੰਕਟ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ। ਕਾਂਗਰਸ ਦੇ ਵਿਜੇਵਾੜਾ ਤੋਂ ਸੰਸਦ ਮੈਂਬਰ ਐਲ. ਰਾਜਾਗੋਪਾਲ ਨੇ 13 ਦਸੰਬਰ ਨੂੰ ਧਮਕੀ ਦਿੱਤੀ ਕਿ ਜੇ ਵਖਰਾ ਤੇਲੰਗਾਨਾ ਸੂਬਾ ਬਣਾਉਣ ਲਈ ਆਂਧਰਾ ਪ੍ਰਦੇਸ਼ ਵਿਧਾਨ ਸਭਾ ਵਿਚ ਮਤਾ ਪੇਸ਼ ਨਾ ਕੀਤਾ ਗਿਆ ਤਾਂ ਉਹ ਭੁੱਖ ਹੜਤਾਲ ਸ਼ੁਰੂ ਕਰਨਗੇ। ਉਨ੍ਹਾਂ ਦਾ ਦਾਅਵਾ ਹੈ ਕਿ ਮਤੇ ਵਿਰੁਧ 225 ਵਿਧਾਇਕ ਭੁਗਤਣਗੇ। ਲੋਕ ਸਭਾ ਮੈਂਬਰ ਵਜੋਂ ਅਸਤੀਫ਼ਾ ਦੇਣ ਵਾਲੇ ਰਾਜਾਗੋਪਾਲ ਨੇ ਕਿਹਾ ਕਿ ਉਹ ਤੇਲੰਗਾਨਾ ਵਿਰੁਧ ਚਲਾਈ ਜਾ ਰਹੀ ਮੁਹਿੰਮ ਵਿਚ ਸ਼ਾਮਲ ਹੋਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਯੂ.ਪੀ.ਏ. ਸਰਕਾਰ ਨੇ ਵਿਧਾਨ ਸਭਾ ਵਿਚ ਮਤਾ ਲਿਆਉਣ ਲਈ ਆਖਿਆ ਹੈ ਅਤੇ ਇਹ ਲਿਆਂਦਾ ਜਾਣਾ ਚਾਹੀਦਾ ਹੈ। ਇਸ ਸਬੰਧੀ ਮੈਂ ਮੁੱਖ ਮੰਤਰੀ ਕੇ. ਰੋਸਈਆ ਨਾਲ ਮੁਲਾਕਾਤ ਕਰਾਂਗਾ। ਉਨ੍ਹਾਂ ਦਾਅਵਾ ਕੀਤਾ ਕਿ ਤੇਲੰਗਾਨਾ ਖੇਤਰ ਦੇ ਵਿਧਾਇਕ ਵੀ ਵਖਰੇ ਸੂਬੇ ਵਿਰੁਧ ਵੋਟਾਂ ਪਾਉਣਗੇ ਕਿਉਂਕਿ ਕੁਝ ਵੰਡ ਪਾਊ ਤਾਕਤਾਂ ਹੀ ਵਖਰਾ ਸੂਬਾ ਚਾਹੁੰਦੀਆਂ ਹਨ।

# ਸਵੈ-ਰੁਜ਼ਗਾਰ ਵਾਲਿਆਂ ਲਈ ਮਾਰਟਗੇਜ ਕਰਜ਼ਾ

**ਪਤੇ ਦੀ ਗੱਲ**

**ਸੁਨੀਤਾ ਚੋਪੜਾ**

ਜੇ ਤੁਸੀਂ ਸਵੈ-ਰੁਜ਼ਗਾਰਯਾਫਤਾ ਹੋ ਤਾਂ ਘਰ ਖਰੀਦਣ ਲਈ ਮਾਰਟਗੇਜ ਕਰਜ਼ਾ ਲੈਣਾ ਜਾਂ ਰੀਫਾਇਨਾਂਸ ਕਰਵਾਉਣਾ ਇਨ੍ਹੀਂ ਦਿਨੀਂ ਵੱਡੀ ਚੁਣੌਤੀ ਸਾਬਤ ਹੋ ਸਕਦਾ ਹੈ। ਸਟੇਟਡ ਇਨਕਮ (ਦੱਸੀ ਹੋਈ ਆਮਦਨ) ਕਰਜ਼ਿਆਂ ਦੀ ਬਿਲਕੁਲ ਅਣਹੋਂਦ ਵਿਚ ਕਿਸੇ ਵੀ ਉਸ ਵਿਅਕਤੀ ਲਈ ਘਰ ਖਰੀਦਣ ਲਈ ਕਰਜ਼ਾ ਲੈਣਾ ਬੇਹੱਦ ਮੁਸ਼ਕਲ ਹੋ ਗਿਆ ਹੈ ਜਿਸ ਨੂੰ ਹਰ ਮਹੀਨੇ ਬਾਕਾਇਦਾ ਪੇ ਚੈਕ ਨਹੀਂ ਮਿਲਦਾ। ਫਿਰ ਵੀ ਇਹ ਕਰਜ਼ੇ ਅਜੇ ਵੀ ਮਿਲ ਸਕਦੇ ਹਨ।

ਸਟੇਟਡ ਇਨਕਮ/ਸਟੇਟਡ ਅਸੈਟ ਲੋਨ ਜਿਨ੍ਹਾਂ ਨੂੰ ਆਲਟ-ਏ ਕਰਜ਼ਿਆਂ ਕਰਕੇ ਜਾਣਿਆ ਜਾਂਦਾ ਹੈ, ਸਵੈ-ਰੁਜ਼ਗਾਰ ਵਿਅਕਤੀਆਂ ਲਈ ਮਾਰਟਗੇਜ ਲੈਣ ਦਾ ਸਭ ਤੋਂ ਆਸਾਨ ਤਰੀਕਾ ਸੀ। ਤੁਸੀਂ ਬੈਂਕ ਨੂੰ ਸਿਰਫ ਇਹ ਦੱਸਣਾ ਹੁੰਦਾ ਸੀ ਕਿ ਤੁਹਾਡੀ ਆਮਦਨ ਕੀ ਹੈ। ਬੈਂਕ ਤੁਹਾਡੀ ਗੱਲ ਦਾ ਯਕੀਨ ਕਰ ਲੈਂਦਾ ਸੀ। ਜਿਨ੍ਹਾਂ ਸਮਿਆਂ ਵਿਚ ਘਰਾਂ ਦੀਆਂ ਕੀਮਤਾਂ ਨਿਰੰਤਰ ਵਧ ਰਹੀਆਂ ਸਨ ਉਨ੍ਹਾਂ ਦਿਨਾਂ ਵਿਚ ਲੈਂਡਰ ਲਈ ਇਸ ਤਰ੍ਹਾਂ ਕਰਜ਼ਾ ਦੇਣਾ ਕੋਈ ਵੱਡੇ ਜੋਖਮ ਵਾਲੀ ਗੱਲ ਵੀ ਨਹੀਂ ਸੀ। ਪਰ ਪਿਛਲੇ ਸਮੇਂ ਵਿਚ ਜਦੋਂ ਘਰਾਂ ਦੀ ਮਾਰਕਿਟ ਦਾ ਬੁਲਬੁਲਾ ਫਟਿਆ ਤਾਂ ਇਹ ਆਲਟ-ਏ ਮਾਰਟਗੇਜ ਕਰਜ਼ੇ ਬੈਂਕਾਂ ਲਈ ਸਭ ਤੋਂ ਨਿਕੰਮੇ ਸਾਬਤ ਹੋਏ ਅਤੇ ਇਨ੍ਹਾਂ ਨੂੰ ਝੂਠੇ ਕਰਜ਼ੇ ਵੀ ਕਿਹਾ ਜਾਣ ਲੱਗਾ, ਕਿਉਂਕਿ ਉਨ੍ਹਾਂ ਕਰਜ਼ਦਾਰਾਂ ਨੇ ਵੀ ਆਪਣੀ ਆਮਦਨ ਵਧਾ-ਚੜ੍ਹਾ ਕੇ ਦੱਸ ਕੇ ਇਹ ਕਰਜ਼ੇ ਲਏ ਜਿਨ੍ਹਾਂ ਲਈ ਆਪਣੀ ਅਸਲ ਆਮਦਨ ਦੇ ਆਧਾਰ ਉਤੇ ਕਰਜ਼ਾ ਲੈ ਸਕਣਾ ਕਰੀਬ ਕਰੀਬ ਅਸੰਭਵ ਸੀ। ਜਦੋਂ ਹਾਊਸਿੰਗ ਮਾਰਕਿਟ ਅਤੇ ਅਰਥਚਾਰਾ ਮੰਦੇ ਵਿਚ ਗਰਕੇ ਤਾਂ ਸਭ ਤੋਂ ਵੱਧ ਇਹੋ ਸਟੇਟਡ ਇਨਕਮ/ਅਸੈਟ ਲੋਨ ਹੀ ਡੁੱਬੇ। ਸਭ ਤੋਂ ਵੱਧ ਇਨ੍ਹਾਂ ਕਰਜ਼ਿਆਂ ਵਾਲਿਆਂ ਨੇ ਹੀ ਫੋਰਕਲੋਜ਼ਰ ਕੀਤੇ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਬੈਂਕਾਂ ਨੇ ਇਹ ਕਰਜ਼ੇ ਦੇਣ ਤੋਂ ਨਾਂਹ ਹੀ ਕਰਨੀ ਸ਼ੁਰੂ ਕਰ ਦਿੱਤੀ।

ਪ੍ਰੰਤੂ ਸਵੈ-ਰੁਜ਼ਗਾਰ ਲੋਕਾਂ ਨੂੰ ਕਰਜ਼ੇ ਹੁਣ ਵੀ ਮਿਲ ਸਕਦੇ ਹਨ। ਫਰਕ ਇਹ ਹੈ ਕਿ ਉਨ੍ਹਾਂ ਨੂੰ ਮਾਰਟਗੇਜ ਲਈ ਅਰਜੀ ਦੇਣ ਸਮੇਂ ਆਪਣੀ ਆਮਦਨ ਦਰਸਾਉਣ ਵਾਸਤੇ ਵੱਧ ਦਸਤਾਵੇਜ ਜੁਟਾਉਣੇ ਪੈਣਗੇ। ਇਹੋ ਨਿਯਮ ਰੀਫਾਇਨਾਂਸਿੰਗ ਵਾਸਤੇ ਵੀ ਲਾਗੂ ਹੁੰਦੇ ਹਨ। ਜੇ ਤੁਸੀਂ ਖੁਦ ਆਪਣੇ ਬਿਜਨਸ ਦੇ ਮਾਲਕ ਹੋ ਤਾਂ ਤੁਹਾਨੂੰ ਇਸ ਗੱਲ ਦਾ ਪਤਾ ਹੀ ਹੈ ਕਿ ਕਿਵੇਂ ਇਨਕਮ ਟੈਕਸ ਰਿਪੋਰਟਾਂ ਫਾਈਲ ਕਰਨੀਆਂ ਹਨ, ਖਰਚੇ ਕਿਵੇਂ ਦਿਖਾਉਣੇ ਹਨ, ਅਜਿਹੀ ਸੂਰਤ ਵਿਚ ਤੁਹਾਡੇ ਲਈ ਮਾਰਟਗੇਜ ਅਰਜੀ ਦੇਣ ਲਈ ਕਾਗਜ਼ਾਤ ਪੈਦਾ ਕਰਨੇ ਕੋਈ ਵੱਡੀ ਮੁਸ਼ਕਿਲ ਨਹੀਂ।

ਮੋਟੇ ਤੌਰ 'ਤੇ, ਤੁਹਾਨੂੰ ਪਿਛਲੇ ਦੋ ਸਾਲਾਂ ਦੇ ਆਪਣੇ ਵਿੱਤੀ ਰਿਕਾਰਡ ਦੀ ਤਫਸੀਲ ਦੇਣੀ ਹੋਵੇਗੀ ਅਤੇ ਨਾਲ ਹੀ ਇਨਕਮ ਟੈਕਸ ਰਿਟਰਨਾਂ ਦੇਣੀਆਂ ਹੋਣਗੀਆਂ। ਤੁਹਾਨੂੰ ਆਈ. ਆਰ. ਐਸ. ਫਾਰਮ 4506 ਜਾਂ 8821 ਦਾਇਰ ਕਰਨਾ ਪਵੇਗਾ। ਇਨ੍ਹਾਂ ਵਿਚੋਂ ਪਹਿਲੇ ਦੇ ਜ਼ਰੀਏ ਤੁਸੀਂ ਆਈ. ਆਰ. ਐਸ. ਤੋਂ ਰਿਟਰਨ ਦੀ ਕਾਪੀ ਇਕ ਫੀਸ ਬਦਲੇ ਸਿੱਧੀ ਬੈਂਕ ਨੂੰ ਭਿਜਵਾ ਦਿੰਦੇ ਹੋ। ਦੂਜੀ ਦੇ ਮਾਮਲੇ ਵਿਚ ਬੈਂਕ ਨੂੰ ਇਹ ਅਖਤਿਆਰ ਹਾਸਲ ਹੁੰਦਾ ਹੈ ਕਿ ਬਿਨਾ ਫੀਸ ਦਿੱਤਿਆਂ ਬੈਂਕ ਤੁਹਾਡੀ ਰਿਟਰਨ ਦੇਖ ਸਕਦਾ ਹੈ। ਬੈਂਕ ਤੁਹਾਡੇ ਤੋਂ ਤੁਹਾਡੇ ਗਾਹਕਾਂ, ਤੁਹਾਡੇ ਨਿਵੇਸ਼, ਕਾਰੋਬਾਰੀ ਵਿੱਤੀ ਰਿਕਾਰਡ ਦੇ ਦਸਤਾਵੇਜ਼ ਅਤੇ ਸ਼ਾਇਦ ਤੁਹਾਡੇ ਅਕਾਊਂਟੈਂਟ ਤੋਂ ਸਟੇਟਮੈਂਟ ਵੀ ਮੰਗ ਸਕਦਾ ਹੈ। ਇਸ ਤੋਂ ਇਲਾਵਾ ਤੁਹਾਡੀ ਆਮਦਨ ਦਾ ਹਿਸਾਬ ਲਾਉਣ ਲਈ ਇਕ-ਦੋ ਮਹੀਨਿਆਂ ਦੀ ਆਮਦਨ ਦਾ ਰਿਕਾਰਡ ਵੀ ਮੰਗ ਸਕਦਾ ਹੈ।



*ਸੁਨੀਤਾ ਚੋਪੜਾ*

ਸਵੈ-ਰੁਜ਼ਗਾਰਯਾਫਤਾ ਲੋਕਾਂ ਨੂੰ ਇਕ ਸਮੱਸਿਆ ਕਈ ਵਾਰ ਇਹ ਆਉਂਦੀ ਹੈ ਕਿ ਬਿਜਨਸ ਦੇ ਖਰਚੇ ਟੈਕਸ ਰਿਟਰਨ ਉਤੇ ਉਨ੍ਹਾਂ ਦੀ ਆਮਦਨ ਘਟਾ ਦਿੰਦੇ ਹਨ। ਜੇ ਤੁਸੀਂ ਅਗਲੇ ਸਾਲ ਜਾਂ ਕੁਝ ਸਮੇਂ ਵਿਚ ਘਰ ਖਰੀਦਣ ਦੀ ਸੋਚ ਰਹੇ ਹੋ ਤਾਂ ਆਪਣੇ ਅਕਾਊਂਟੈਂਟ ਨਾਲ ਇਹ ਗੱਲ ਜ਼ਰੂਰ ਕਰੋ ਕਿ ਇਸ ਸਥਿਤੀ ਤੋਂ ਬਚਣ ਲਈ ਕੀ ਕੀਤਾ ਜਾ ਸਕਦਾ ਹੈ। ਮਿਸਾਲ ਵਜੋਂ ਆਪਣੀਆਂ ਡਿਡਕਸ਼ਨਾਂ ਬਰਕਰਾਰ ਰੱਖਦਿਆਂ ਵੀ ਤੁਸੀਂ ਕੁਝ ਖਰਚੇ ਅਗਲੇ ਸਾਲਾਂ ਉਤੇ ਪਾ ਸਕਦੇ ਹੋ। ਇਸ ਨਾਲ ਇਹ ਦਰਸਾਉਣ ਵਿਚ ਵੀ ਮਦਦ ਮਿਲਦੀ ਹੈ ਕਿ ਬਿਜਨਸ ਮੰਦੇ ਵਿਚ ਆਉਣ ਦੀ ਸੂਰਤ ਵਿਚ ਬਚਾਓ ਲਈ ਤੁਹਾਡੇ ਪਾਸ ਕੁਝ ਵਿੱਤੀ ਰਿਜ਼ਰਵ ਜਾਂ ਨਿਵੇਸ਼ ਮੌਜੂਦ ਹੈ। ਇਸ ਤੋਂ ਇਲਾਵਾ ਆਪਣਾ ਕੈਸ਼ ਫਲੋ ਵਧਾਉਣ ਲਈ ਕੋਈ ਵੀ ਖਪਤਕਾਰੀ ਕਰਜ਼ਾ ਅਦਾ ਕਰਨਾ ਜਾਂ ਇਸ ਨੂੰ ਘੱਟ ਵਿਆਜ ਅਤੇ ਘੱਟ ਕਿਸ਼ਤ ਵਾਲੇ ਕਰਜ਼ੇ ਵਿਚ ਤਬਦੀਲ ਕਰਨਾ ਲਾਹੇਵੰਦ ਹੋ ਸਕਦਾ ਹੈ।

ਮਾਰਟਗੇਜ ਲਈ ਬੈਂਕ ਦੀ ਚੋਣ ਕਰਨ ਵੇਲੇ ਸਵੈ-ਰੁਜ਼ਗਾਰਯਾਫਤਾ ਕਰਜ਼ਦਾਰ ਕਿਸੇ ਮਾਰਟਗੇਜ ਬੈਂਕਰ ਨਾਲ ਕੰਮ ਕਰਕੇ ਫਾਇਦਾ ਉਠਾ ਸਕਦਾ ਹੈ। ਬਰੋਕਰ ਦੀ ਬਹੁਤ ਸਾਰੇ ਲੈਂਡਰਾਂ ਨਾਲ ਵਾਕਫੀਅਤ ਹੋ ਸਕਦੀ ਹੈ ਜਿਨ੍ਹਾਂ ਵਿਚੋਂ ਕਈ ਵੱਡੇ ਬੈਂਕ ਅਤੇ ਛੋਟੀਆਂ ਸਥਾਨਕ ਸੰਸਥਾਵਾਂ ਵੀ ਹੋ ਸਕਦੀਆਂ ਹਨ। ਉਹ ਸਹੀ ਸੰਸਥਾ ਜਾਂ ਸਹੀ ਬੈਂਕ ਚੁਣਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ। ਇਕ ਸਵੈ-ਰੁਜ਼ਗਾਰ ਵਿਅਕਤੀ ਦੇ ਤੌਰ 'ਤੇ ਤੁਸੀਂ ਪੇ ਚੈਕ ਹਾਸਲ ਕਰਨ ਵਾਲੇ ਲੋਕਾਂ ਦੇ ਮੁਕਾਬਲੇ ਵਿਆਜ ਦੀ ਸਭ ਤੋਂ ਸਸਤੀ ਦਰ ਤਾਂ ਸ਼ਾਇਦ ਨਾ ਹਾਸਲ ਕਰ ਸਕੋ ਕਿਉਂਕਿ ਬੈਂਕ ਅਕਸਰ ਸਵੈ-ਰੁਜ਼ਗਾਰ ਵਾਲੇ ਲੋਕਾਂ ਤੋਂ ਅੱਧਾ ਫੀਸਦ ਵੱਧ ਵਿਆਜ ਵਸੂਲ ਕਰਦੇ ਹਨ। ਤੁਹਾਨੂੰ ਵੱਡੀ ਡਾਊਨ ਪੇਮੈਂਟ 20% ਜਾਂ ਇਸ ਤੋਂ ਵੀ ਵੱਧ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ।

# ਦਸਮ ਗ੍ਰੰਥ, ਪ੍ਰੋ. ਦਰਸ਼ਨ ਸਿੰਘ ਅਤੇ ਅਕਾਲ ਤਖ਼ਤ ਦੀ ਮਰਿਆਦਾ

**ਸੰਪਾਦਕ ਦੀ ਡਾਕ**

ਪਹਿਲਾਂ ਹੀ ਵਿਵਾਦਾਂ ਅਤੇ ਵੰਡੀਆਂ ਦਾ ਸ਼ਿਕਾਰ ਹੋਏ ਸਿੱਖ ਪੰਥ ਵਿਚ ਪ੍ਰੋ. ਦਰਸ਼ਨ ਸਿੰਘ ਦੇ ਮਾਮਲੇ ਨੂੰ ਲੈ ਕੇ ਇਕ ਹੋਰ ਵਿਵਾਦ ਤੇ ਵੰਡੀ ਸ਼ੁਰੂ ਹੋ ਗਈ ਹੈ। ਹਾਲਾਤ ਜਿਧਰ ਨੂੰ ਜਾ ਰਹੇ ਹਨ ਜੇਕਰ ਪ੍ਰੋ. ਦਰਸ਼ਨ ਸਿੰਘ ਵਿਰੁਧ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਕਾਰਵਾਈ ਹੋਈ ਤਾਂ ਪੰਥ ਵਿਚ ਇਕ ਹੋਰ ਵੰਡੀ ਪੈ ਜਾਣ ਦੀ ਪੂਰੀ ਸੰਭਾਵਨਾ ਹੈ।

ਪ੍ਰੋ. ਦਰਸ਼ਨ ਸਿੰਘ ਵਲੋਂ ਨਿਊ ਯਾਰਕ ਦੇ ਇਕ ਗੁਰੂ ਘਰ ਵਿਚ ਕੀਤੀ ਕਥਾ ਵਿਆਖਿਆ ਦੌਰਾਨ ਦਸਮ ਗ੍ਰੰਥ ਬਾਰੇ ਕੀਤੀਆਂ ਟਿਪਣੀਆਂ ਨੂੰ ਕਥਿਤ ਤੌਰ 'ਤੇ ਤੋੜ ਮਰੋੜ ਕੇ ਪੇਸ਼ ਕੀਤੇ ਜਾਣ ਤੋਂ ਇਹ ਸਾਰਾ ਵਿਵਾਦ ਆਰੰਭ ਹੋਇਆ ਹੈ। ਪ੍ਰੋ. ਦਰਸ਼ਨ ਸਿੰਘ ਅਤੇ ਉਨ੍ਹਾਂ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਚਰਿਤ੍ਰੋਪਾਖਿਆਨ ਦੀ ਇਕ ਕਥਾ ਬਾਰੇ ਪ੍ਰੋ. ਸਾਹਿਬ ਦੀ ਟਿੱਪਣੀ ਨੂੰ ਗੁਰਚਰਨ ਸਿੰਘ ਲਾਂਬਾ ਵਲੋਂ ਜਸ ਟੀ.ਵੀ. ਉਤੇ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਅਤੇ ਗਲਤ ਰੰਗਣ ਦਿੱਤੀ ਗਈ। ਇਥੇ ਇਹ ਵੀ ਵਿਚਾਰਨਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਾਰੇ ਵਿਵਾਦ ਦੀ ਜੜ ਵਿਚ ਜਾਣ ਦੀ ਥਾਂ ਪ੍ਰੋ. ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਉਤੇ ਤਲਬ ਕਰ ਲਿਆ ਅਤੇ ਉਨ੍ਹਾਂ ਦੇ ਕੀਰਤਨ ਉਤੇ ਵੀ ਪਾਬੰਦੀਆਂ ਲਾ ਦਿੱਤੀਆਂ। ਹਰ ਵਿਚਾਰਵਾਨ ਦਾ ਇਹ ਖਿਆਲ ਹੈ ਕਿ ਵਿਵਾਦ ਵਾਲੇ ਇਸ ਮਸਲੇ ਵਿਚ ਪ੍ਰੋ. ਸਾਹਿਬ ਦੇ ਵਿਖਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤੇ ਜਾਣ ਦੇ ਦੋਸ਼ਾਂ ਦੀ ਵੀ ਪੜਤਾਲ ਪਹਿਲਾਂ ਕੀਤੀ ਜਾਣੀ ਚਾਹੀਦੀ ਸੀ। ਇਹ ਗੱਲ ਮੰਨੀ ਜਾ ਰਹੀ ਹੈ ਕਿ ਪ੍ਰੋਗਰਾਮ ਦੀ ਅਸਲ ਸੀ.ਡੀ. ਵਿਚ ਗੱਲ ਹੋਰ ਹੈ ਅਤੇ ਸ੍ਰੀ ਲਾਂਬਾ ਵਲੋਂ ਪੇਸ਼ ਕੀਤੀ ਗਈ ਹੋਰ।

ਖੈਰ, ਅਕਾਲ ਤਖ਼ਤ 'ਤੇ ਪ੍ਰੋ. ਦਰਸ਼ਨ ਸਿੰਘ ਨੂੰ ਤਲਬ ਕਰ ਲਿਆ ਗਿਆ ਅਤੇ ਉਹ ਉਥੇ ਪਹੁੰਚੇ ਵੀ। ਸੁਹਿਰਦ ਸਿੱਖ ਹਿਰਦਿਆਂ ਨੂੰ ਇਹ ਜਾਣ ਕੇ ਦੁੱਖ ਹੋਇਆ ਹੈ ਕਿ ਅਕਾਲ ਤਖ਼ਤ ਦੇ ਇਕ ਸਾਬਕਾ ਜਥੇਦਾਰ ਹੁੰਦਿਆਂ ਵੀ ਪ੍ਰੋ. ਦਰਸ਼ਨ ਸਿੰਘ ਅਕਾਲ ਤਖ਼ਤ ਉਤੇ ਇਕ ਨਿਮਾਣੇ ਸਿੱਖ ਵਜੋਂ ਨਹੀਂ ਸਗੋਂ ਆਪਣੀ ਗੱਲ 'ਤੇ ਅੜਨ ਵਾਲੇ ਸ਼ਖ਼ਸ ਵਜੋਂ ਪੇਸ਼ ਹੋਏ। ਜਿਵੇਂ ਕਿ ਹੁਣ ਅਖਬਾਰਾਂ ਵਿਚ ਆ ਚੁੱਕਾ ਹੈ ਉਨ੍ਹਾਂ ਨੇ ਆਪਣਾ ਪੱਖ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਸਿੰਘ ਸਾਹਿਬਾਨ ਅੱਗੇ ਪੇਸ਼ ਕਰਨ ਦੀ ਥਾਂ ਲਿਖਤੀ ਰੂਪ ਵਿਚ ਅਕਾਲ ਤਖ਼ਤ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਦਿੱਤਾ। ਜੇ ਇਹ ਮੰਨ ਵੀ ਲਿਆ ਜਾਵੇ ਕਿ ਪ੍ਰੋ. ਸਾਹਿਬ ਨੂੰ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਤਖ਼ਤ ਪਟਨਾ ਸਾਹਿਬ ਅਤੇ ਤਖ਼ਤ ਹਜ਼ੂਰ ਸਾਹਿਬ ਦੇ ਜਥੇਦਾਰਾਂ ਵਲੋਂ ਪ੍ਰੇਸ਼ਾਨ ਕੀਤੇ ਜਾਣ ਦੀ ਸੰਭਾਵਨਾ ਸੀ ਕਿਉਂਕਿ ਇਨ੍ਹਾਂ ਦੋਹਾਂ ਤਖ਼ਤਾਂ 'ਤੇ ਦਸਮ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ, ਤਦ ਵੀ ਪ੍ਰੋ. ਸਾਹਿਬ ਦਾ ਇਹ ਕਹਿਣਾ ਕਿ ਉਹ ਸਿਰਫ ਖੁੱਲ੍ਹੇ ਵਿਚ ਹੀ ਸਿੰਘ ਸਾਹਿਬਾਨ ਅੱਗੇ ਪੇਸ਼ ਹੋਣਗੇ, ਜਾਇਜ਼ ਨਹੀਂ ਜਾਪਦਾ। ਅਸੀਂ ਪ੍ਰੋ. ਸਾਹਿਬ ਤੋਂ ਜਾਣਨਾ ਚਾਹੁੰਦੇ ਹਾਂ ਕਿ ਜਦੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ ਤਾਂ ਜੇ ਕਿਸੇ ਸਿੱਖ ਨੂੰ ਉਨ੍ਹਾਂ ਹੁਕਮ ਭੇਜ ਕੇ ਸ੍ਰੀ ਅਕਾਲ ਤਖ਼ਤ 'ਤੇ ਸੱਦਿਆ ਸੀ ਤਾਂ ਕੀ ਉਹ ਸ਼ਖ਼ਸ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋਇਆ ਸੀ ਜਾਂ ਫਿਰ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਖੁੱਲ੍ਹੇ ਵਿਹੜੇ ਵਿਚ ਆਪਣੇ ਸਾਥੀਆਂ ਸਮੇਤ ਬੈਠ ਕੇ ਵਾਪਸ ਮੁੜ ਗਿਆ ਸੀ। ਜੇ ਉਨ੍ਹਾਂ ਦੇ ਜਥੇਦਾਰ ਹੁੰਦਿਆਂ ਅਜਿਹੀ ਹੀ ਸਥਿਤੀ ਹੁੰਦੀ ਤਾਂ ਉਨ੍ਹਾਂ ਦਾ ਕੀ ਰਵੱਈਆ ਹੁੰਦਾ? ਪ੍ਰੋ. ਦਰਸ਼ਨ ਸਿੰਘ ਨੇ ਆਪਣੇ ਵੇਲੇ ਵਿਚ ਉਸ ਸਮੇਂ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਸਜ਼ਾ ਸੁਣਾਈ ਸੀ ਅਤੇ ਸ. ਬਰਨਾਲਾ ਨੇ ਨਿਮਾਣੇ ਸਿੱਖ ਵਾਂਗ ਗਲ 'ਚ ਤਖ਼ਤੀ ਪੁਆ ਕੇ ਇਹ ਸਜ਼ਾ ਪਰਵਾਨ ਵੀ ਕੀਤੀ ਸੀ।

ਪ੍ਰੋ. ਸਾਹਿਬ ਦੀ ਇਸ ਗੱਲ ਨਾਲ ਅਸੀਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਨਾ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਰਜਾ ਦਿਤਾ ਜਾ ਸਕਦਾ ਹੈ ਅਤੇ ਨਾ ਹੀ ਇਸ ਦਾ ਬਰਾਬਰ ਪ੍ਰਕਾਸ਼ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਇਸ ਗ੍ਰੰਥ ਨੂੰ ਮੂਲੋਂ ਹੀ ਰੱਦ ਕਰਨਾ ਵੀ ਸਹੀ ਨਹੀਂ ਹੈ। ਇਸ ਗ੍ਰੰਥ ਵਿਚਲੀਆਂ ਕੁਝ ਬਾਣੀਆਂ ਦਾ ਪਿਛਲੀਆਂ ਤਿੰਨ ਸਦੀਆਂ ਤੋਂ ਨਿਤਨੇਮ ਦੇ ਨਾਲ ਜਾਪ ਹੁੰਦਾ ਆ ਰਿਹਾ ਹੈ ਅਤੇ ਇਸੇ ਵਿਚੋਂ ਹੀ ਅਰਦਾਸ ਪੜ੍ਹੀ ਜਾ ਰਹੀ ਹੈ। ਅੰਮ੍ਰਿਤ ਪਾਨ ਦੀਆਂ ਪੰਜ ਵਿਚੋਂ ਤਿੰਨ ਬਾਣੀਆਂ ਇਸੇ ਦਸਮ ਗ੍ਰੰਥ ਵਿਚੋਂ ਹਨ। ਪ੍ਰੋ. ਦਰਸ਼ਨ ਸਿੰਘ ਖੁਦ ਵੀ ਇਹੋ ਅਰਦਾਸ ਕਰਦੇ ਰਹੇ ਹਨ। ਪ੍ਰੋ. ਸਾਹਿਬ ਅੱਗੇ ਬੇਨਤੀ ਹੈ ਕਿ ਉਹ ਜਦੋਂ ਤਨਖਾਹ ਲੁਆਉਣ ਲਈ ਅਕਾਲ ਤਖ਼ਤ 'ਤੇ ਪਹੁੰਚਣ ਤਾਂ ਇਕ ਨਿਮਾਣੇ ਸਿੱਖ ਵਜੋਂ ਹੀ ਪੇਸ਼ ਹੋਣ। ਸਿੱਖ ਸੰਗਤਾਂ ਉਨ੍ਹਾਂ ਤੋਂ ਇਹੋ ਆਸ ਰੱਖਦੀਆਂ ਹਨ।

ਅੱਜ ਕੁਝ ਧਿਰਾਂ ਵਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਅਰਦਾਸ ਬਦਲੀ ਜਾਵੇ। ਕੋਈ ਵੀ ਧਰਮ ਵਿਸ਼ਵਾਸ 'ਤੇ ਚੱਲਦਾ ਹੈ ਜੇ ਇਸ ਤਰ੍ਹਾਂ ਸਿੱਖੀ ਦੀਆਂ ਸਾਰੀਆਂ ਰਵਾਇਤਾਂ ਬਦਲੀਆਂ ਜਾਣ ਲੱਗੀਆਂ ਤਾਂ ਫਿਰ ਧਰਮ ਦਾ ਬਚੇਗਾ ਵੀ ਕੀ? ਸਿੰਘ ਸਾਹਿਬਾਨ ਅੱਗੇ ਵੀ ਬੇਨਤੀ ਹੈ ਕਿ ਉਹ ਰਾਜਨੀਤੀ ਅਤੇ ਸ਼ਖ਼ਸੀ ਵਫਾਦਾਰੀ ਤੋਂ ਉਪਰ ਉਠ ਕੇ ਨਿਰੋਲ ਗੁਰੂ ਦੇ ਸਿੰਘ ਬਣ ਕੇ ਫੈਸਲੇ ਲੈਣ ਅਤੇ ਪ੍ਰੋ. ਦਰਸ਼ਨ ਸਿੰਘ ਦੇ ਮਾਮਲੇ ਵਿਚ ਉਨ੍ਹਾਂ ਨੂੰ ਵੀ ਤਲਬ ਕਰਨ ਜਿਨ੍ਹਾਂ ਨੇ ਕਿਸੇ ਕਥਿਤ ਸਾਜ਼ਿਸ਼ ਅਧੀਨ ਭੰਨ ਤੋੜ ਕੀਤੀ ਹੈ। ਇਹ ਕਿਹਾ ਜਾ ਰਿਹਾ ਹੈ ਕਿ ਪ੍ਰੋ. ਦਰਸ਼ਨ ਸਿੰਘ ਵਿਰੁਧ ਕਾਰਵਾਈ ਰਾਜਨੀਤੀ ਤੋਂ ਵੀ ਪ੍ਰੇਰਤ ਹੈ। ਸਿੰਘ ਸਾਹਿਬਾਨ ਨੂੰ ਐਸਾ ਫੈਸਲਾ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਉਪਰ ਸਿਆਸੀ ਫੈਸਲੇ ਲੈਣ ਦਾ ਦੋਸ਼ ਨਾ ਲੱਗੇ ਕਿਉਂਕਿ ਉਹ ਸਭ ਤੋਂ ਵੱਧ ਗੁਰੂ ਨੂੰ ਜਵਾਬਦੇਹ ਹਨ।

ਇਸੇ ਦੌਰਾਨ ਸਿੰਘ ਸਾਹਿਬਾਨ ਨੂੰ ਮਾਮਲੇ ਨੂੰ ਦਰੀ ਥੱਲੇ ਢੱਕ ਕੇ ਅੱਖੋਂ ਪਰੋਖੇ ਕਰਨ ਦੀ ਥਾਂ ਦਸਮ ਗ੍ਰੰਥ ਬਾਰੇ ਵਿਦਵਾਨਾਂ ਦੀ ਕੋਈ ਕਮੇਟੀ ਤੁਰਤ ਬਣਾਉਣੀ ਚਾਹੀਦੀ ਹੈ ਜੋ ਇਹ ਫੈਸਲਾ ਕਰੇ ਕਿ ਕਿਹੜੀਆਂ ਬਾਣੀਆਂ ਗੁਰੂ ਸਾਹਿਬ ਦੀਆਂ ਮੰਨੀਆਂ ਜਾ ਸਕਦੀਆਂ ਹਨ, ਕਿਹੜੀਆਂ ਸਿੱਖ ਸਾਹਿਤ ਦਾ ਹਿੱਸਾ ਹਨ ਅਤੇ ਕਿਹੜੀਆਂ ਨਿਰੋਲ ਬ੍ਰਾਹਮਣਵਾਦੀ ਰਲਾ। ਇਸ ਫੈਸਲੇ ਨੂੰ ਪੰਥਕ ਫੈਸਲਾ ਬਣਾ ਕੇ ਅਕਾਲ ਤਖ਼ਤ ਤੋਂ ਹੁਕਮ ਜਾਰੀ ਹੋਣਾ ਚਾਹੀਦਾ ਹੈ।

*-ਮੱਖਣ ਸਿੰਘ ਕਲੇਰ, ਸ਼ਿਕਾਗੋ*

# ਬਲਵਿੰਦਰ ਨੇ ਨਹੀਂ ਭੁਲਾਇਆ ਪਿੰਡ ਦੀਆਂ ਹਨੇਰੀਆਂ ਗਲੀਆਂ ਨੂੰ

**ਨਿਊ ਯਾਰਕ:** ਜ਼ਿਲਾ ਕਪੂਰਥਲਾ ਦੇ ਪਿੰਡ ਬਲੇਅਰ ਖਾਨਪੁਰ ਦਾ ਜੰਮਪਲ ਬਲਵਿੰਦਰ ਸਿੰਘ ਸੰਨ 2001 ਵਿਚ ਚੰਗੇਰੇ ਭਵਿੱਖ ਦੀ ਆਸ ਵਿਚ ਅਮਰੀਕਾ ਆ ਵੱਸਿਆ ਪਰ ਉਹ ਆਪਣੇ ਪਿੰਡ ਦੀਆਂ ਜੂਹਾਂ ਨਹੀਂ ਭੁੱਲਿਆ। ਬਲਵਿੰਦਰ ਸਿੰਘ ਨੇ ਪਿਛਲੇ ਕੁਝ ਸਾਲਾਂ ਵਿਚ ਆਪਣੇ ਦੋਸਤਾਂ ਅਪਾਰ ਸਿੰਘ, ਜਗਜੀਤ ਸਿੰਘ, ਪਰਮਜੀਤ ਸਿੰਘ, ਕਿੰਦਰ, ਲਵਲੀ ਤੇ ਮੋਨੂ, ਕਿੱਟੂ, ਸੁਬੇਗ ਸਿੰਘ ਤੇ ਰੁਪਿੰਦਰ ਸਿੰਘ ਦੇ ਸਹਿਯੋਗ ਨਾਲ ਆਪਣੇ ਪਿੰਡ ਤੋਂ ਗੁਰਦੁਆਰਾ ਟਾਹਲੀ ਸਾਹਿਬ ਤੱਕ ਸੜਕ ਦੇ ਦੋਨੋਂ ਪਾਸੀਂ ਸਾਢੇ ਤਿੰਨ ਲੱਖ ਰੁਪਇਆ ਖਰਚ ਕੇ ਲਾਈਟਾਂ ਲਗਵਾਈਆਂ ਹਨ।

ਇਨ੍ਹਾਂ ਲਾਈਟਾਂ ਦਾ ਉਦਘਾਟਨ ਬਲਵਿੰਦਰ ਸਿੰਘ ਦੇ ਪਿਤਾ ਸ. ਸਾਧੂ ਸਿੰਘ ਤੇ ਮਾਤਾ ਜਗੀਰ ਕੌਰ ਨੇ ਪਿੰਡ ਦੇ ਸਰਪੰਚ ਸੂਬੇਦਾਰ ਲਛਮਣ ਸਿੰਘ, ਪੰਚਾਇਤ ਮੈਂਬਰਾਂ ਜਸਵੀਰ ਸਿੰਘ ਟੌਹਰ, ਪੰਡਤ ਦੇਵ ਰਾਜ ਅਤੇ ਹੋਰ ਪਤਵੰਤੇ ਸੱਜਣਾਂ ਦੀ ਮੌਜੂਦਗੀ ਵਿਚ ਕੀਤਾ। ਬਲਵਿੰਦਰ ਸਿੰਘ ਦਾ ਅਗਲਾ ਨਿਸ਼ਾਨਾ ਆਪਣੇ ਪਿੰਡ ਦੇ ਸਰਕਾਰੀ ਸੈਕੰਡਰੀ ਸਕੂਲ ਵਿਚ ਜਨਰੇਟਰ ਲਗਵਾਉਣਾ ਹੈ ਤਾਂ ਜੋ ਬੱਚਿਆਂ ਨੂੰ ਮੁਸ਼ਕਲ ਨਾ ਆਵੇ।


## Editing & Translation

**Professional Text Editing in English and Translation Work from Punjabi to English (Academic, Technical and Creative)**

**Prithvi Raj**
**prithviraj46@yahoo.com**
**shaprithvi@gmail.com**
**Cell (India)-094173-50789**


# Matrimonials

Parents seek Jat Sikh professional, tall, US educated match for their US born and educated daughter 26, 5'6", currently doing MBA and MHA. Family well settled in Florida. Father medical physician in Florida. One brother, senior in H. S and top Jr. golfer in Florida. Contact: r5645@strato.net

ਜੱਟ ਸਿੱਖ, 22 ਸਾਲ, 6 ਫੁੱਟ ਅਮਰੀਕਨ ਇਮੀਗ੍ਰਾਂਟ ਲੜਕੇ ਲਈ ਇੰਡੀਆ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦੇ ਇੰਡੀਆ ਰਹਿੰਦੇ ਇਕੱਲੇ ਭਰਾ, 24 ਸਾਲ, 5'12" ਲਈ ਅਮਰੀਕਨ ਸਿਟੀਜ਼ਨ ਲੜਕੀ ਦੀ ਜ਼ਰੂਰਤ ਹੈ। ਸੰਪਰਕ ਕਰੋ: 317-313-5909 ਜਾਂ 317-217-9930

Ramgariah Sikh Family looking for suitable match for their son, performing residency (DPM). Girl should be well educated and belong to ramgariah family. Send photograph/ biodata to angelhavok@aol.com

ਚੰਡੀਗੜ੍ਹ ਦੀ ਜੰਮਪਲ, ਸੈਣੀ ਸਿੱਖ, 28 ਸਾਲ, 5'3", ਐਮ.ਏ. (ਸਾਇਕੋਲੋਜੀ), ਬੀ ਐਡ, ਯੂ.ਜੀ.ਸੀ. ਨੈਟ ਪਾਸ, ਅਲਾਇੰਸ ਫਰੌਂਸੇ ਤੋਂ ਫਰੈਂਚ ਭਾਸ਼ਾ ਦੀ ਉਚ ਡਿਗਰੀ ਦੇ 7 ਲੈਵਲ ਪਾਸ, ਯੂਨੀਵਰਸਿਟੀ ਕਾਲਜ ਲੈਕਚਰਰ, ਤਨਖਾਹ 30,000 ਰੁ, ਰੰਗ ਗੋਰਾ, ਸੋਹਣੇ ਨੈਣ ਨਕਸ਼, ਸੁਚੱਜੀ ਤੇ ਸੁਸ਼ੀਲ ਲੜਕੀ ਲਈ ਯੋਗ ਸਿੱਖ ਲੜਕੇ ਦੀ ਜ਼ਰੂਰਤ ਹੈ। ਪਿਤਾ ਕਾਲਜ ਲੈਕਚਰਰ, ਧਰਮੀਤ, ਮਾਂ ਐਂਜਲਾ। ਸੰਪਰਕ:ਮੋਬਾਇਲ-91-94171-32373, ਘਰ (ਐਤਵਾਰ):91-172-2703943

Sikh Parents seeking a Jatt Skih match for their beautiful, U.S. Citizen daughter, Born and raised in India, Feb 1978, 5' 7", Licensed Vocational Nurse, California; currently working as LVN and studying for Registered Nursing Diploma. All immediate family settled in United States. Looking for qualified match within U.S. someone with Student visa, H1B visa are also welcomed. Send your info along with your most current photo to sunny@prolynks.com or call 408-661-7285

Parents seek suitable match for 27 years 5 feet 8.5 inches tall Jat Sikh Electrical Engineer boy and 25 years 5 feet 3 inches High school girl, US Citizen, family well settled in Ludhiana and US. Please contact jspludhiana1@gmail.com or (510)715-9045

ਆਦਿ ਧਰਮੀ ਲੜਕਾ, 34 ਸਾਲ, 5' 7", ਵੈਸ਼ਨੂੰ, ਵਰਕ ਪਰਮਿਟ 'ਤੇ ਰਹਿ ਰਹੇ ਲੜਕੇ ਲਈ ਲੜਕੀ ਦੀ ਲੋੜ। ਫੋਨ:916-730-8029

Jat Sikh parents invite correspondence for their US born handsome, clean shaven, 26, 6'1" Engineer son, professionally employed in a large national corporation. The girl should be Jat Sikh, beautiful and university graduate. Please contact: sikh5family@gmail.com

# Classified Ads


**Business Directory**

**India Desi Bazaar**
**11304 NE Fourth Plain Rd.,**
**Vancouver WA 98662**
**Ph:(360) 882-7703**

## Help Wanted

Help wanted for eyebrow threading salon in grand rapids, mi. Must know eyebrow threading. $8.00 an hour plus tips. hours as many as you wanted. Pl contact

**Fantastic Eyes**
**Manjinder Grover**
**586-321-3824 or 586-321-2844**

# ਬਣ ਕੇ ਭੂਤਨਾ ਚਿੰਬੜ ਗਿਆ

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

***ਭੂਤ ਹਾਲੇ ਤੀਕਰ ਵਿਹਲੜਾਂ ਨੂੰ ਚਿੰਬੜੇ ਹਨ ਕੰਮ ਕਰਨ ਵਾਲਿਆਂ ਨੂੰ ਨਹੀਂ। ਪਖੰਡ ਜ਼ਿਹਨੀ ਅਤੇ ਦਿਮਾਗੀ ਤੌਰ 'ਤੇ ਬਿਮਾਰ ਲੋਕਾਂ ਦੇ ਕੰਧੇ 'ਤੇ ਬੈਠਾ ਰਿਹਾ ਹੈ। ਤੰਦਰੁਸਤਾਂ ਨੇ ਤਾਂ ਇਸ ਦਾ ਬੁਥਾੜ ਭੰਨਿਆ ਹੈ। ਮਹਿੰਗੇ ਕੱਪੜੇ 'ਮੈਂ' ਨੂੰ ਹੋਰ ਸ਼ਿੰਗਾਰਨ ਦਾ ਯਤਨ ਹੁੰਦੇ ਹਨ, ਬੁਢਾਪੇ 'ਚ ਕੱਪੜਿਆਂ ਵਲ ਬਹੁਤੀ ਤਵੱਕੋ ਇਸ ਕਰਕੇ ਨਹੀਂ ਰਹਿੰਦੀ ਕਿਉਂਕਿ ਕੋਈ ਵੇਖਣ ਵਾਲਾ ਹੁੰਦਾ ਈ ਨ੍ਹੀਂ। ਬੰਗਾਲ ਦੇ ਜਾਦੂ ਨੇ ਬਹੁਤ ਲੋਕਾਂ ਨੂੰ ਸਹਿਮ ਨਾਲ ਕੱਠੇ ਕੀਤਾ ਹੋਇਆ ਹੈ। ਤਾਂਤਰਿਕਾਂ ਨੇ ਭਲਿਆਂ ਦੀਆਂ ਜੇਬਾਂ 'ਤੇ ਨਿਗ੍ਹਾ ਟਿਕਾਈ ਹੋਈ ਹੈ ਕਿਉਂਕਿ ਉਹ ਜਾਣਦੇ ਹਨ ਕਿ ਜਾਅਲੀ ਕਰੰਸੀ ਅਸਲੀ 'ਚ ਮਿਲਾ ਕੇ ਹੀ ਚੱਲ ਸਕਦੀ ਹੈ। ਜਿਵੇਂ ਪ੍ਰੇਮੀ ਤੇ ਪ੍ਰੇਮਿਕਾ ਪਤੀ-ਪਤਨੀ ਨਾਲੋਂ ਵੀ ਵਧ ਕਸ ਕੇ ਬੱਝੇ ਹੋਏ ਹੁੰਦੇ ਹਨ, ਇਵੇਂ ਪਖੰਡ ਤੇ ਚਲਾਕੀ ਅਣਜਾਣਾਂ ਦੀਆਂ ਵੱਖੀਆਂ ਭੰਨ ਰਹੀ ਹੁੰਦੀ ਹੈ। ਆਪਣੇ ਪੰਜਾਬ ਵਿਚ ਭੂਤ-ਪ੍ਰੇਤਾਂ ਦਾ ਰੌਲਾ ਪਾਉਣ ਵਾਲਿਆਂ 'ਚੋਂ ਤਰਕਸ਼ੀਲਾਂ ਦਾ ਵੱਡਾ ਇਨਾਮ ਹਾਲੇ ਤੀਕਰ ਕੋਈ ਇਸ ਕਰਕੇ ਨਹੀਂ ਜਿੱਤ ਸਕਿਆ ਕਿਉਂਕਿ ਚੱਕੀਰਾਹੇ ਦੀਆਂ ਲੱਤਾਂ ਛੋਟੀਆਂ ਹੁੰਦੀਆਂ ਹਨ ਤੇ ਨੁਕੀਲੀ ਚੁੰਜ ਲੰਬੀ। ਲੋਕੀਂ ਹਾਲੇ ਤੀਕਰ ਇਹ ਨਹੀਂ ਜਾਣ ਸਕੇ ਕਿ ਭੂਤ-ਪ੍ਰੇਤ ਉਤਾਰਨ ਦੇ ਚੱਕਰ ਵਿਚ ਅੱਧੀ ਰਾਤ ਨੂੰ ਚੁਰਸਤੇ 'ਚ ਪਈ ਮਹਿੰਗੀ ਸ਼ਰਾਬ ਦੀ ਬੋਤਲ ਤੇ ਤਿੰਨ ਕਿਲੋ ਦਾ ਕਾਲਾ ਮੁਰਗਾ ਆਖਿਰ ਚਲੇ ਕਿਥੇ ਜਾਂਦਾ ਹੈ? ਅਸਲ ਵਿਚ ਪਖੰਡ ਵਿਸ਼ਵਾਸ ਦਾ ਚੋਲਾ ਪਾ ਕੇ ਲੁੱਡੀਆਂ ਪਾਉਂਦਾ ਆਇਆ ਹੈ ਤੇ ਅਗਿਆਨੀ ਮਨੁੱਖ ਨੇ ਤਾੜੀ ਵਜਾ ਕੇ ਇਸਨੂੰ ਹੋਰ ਹੱਲਾਸ਼ੇਰੀ ਦਿੱਤੀ ਹੈ। ਕਿਵੇਂ ਲੋਕਾਂ ਨੂੰ ਸਮਝਾ ਸਕੋਗੇ ਕਿ ਉਸ ਦਰਖ਼ਤ 'ਤੇ ਤਾਂ ਪੰਛੀ ਵੀ ਆਲ੍ਹਣਾ ਨਹੀਂ ਪਾਉਂਦੇ ਜਿਨ੍ਹਾਂ 'ਤੇ ਬਸੰਤ 'ਚ ਪੱਤੇ ਨਹੀਂ ਉੱਗਦੇ? ਜਿਹੜੇ ਆਪ ਔਤ ਨੇ ਉਹ ਦੂਜਿਆਂ ਨੂੰ ਔਲਾਦ ਵੰਡਣ ਦਾ ਟੈਂਡਰ ਭਰ ਰਹੇ ਹਨ। ਸਮਝ ਲੈਣਾ ਚਾਹੀਦਾ ਹੈ ਕਿ ਸਿੱਪੀ 'ਚ ਮੋਤੀ ਤਾਂ ਹੋ ਸਕਦਾ ਹੈ, ਮੋਤੀਆਂ ਦੀ ਖਾਣ ਨਹੀਂ, ਗਿਆਨ ਕੱਲੇ-ਕਹਿਰੇ ਕੋਲ ਤਾਂ ਮਾਸਾ ਟਕਾ ਹੋ ਸਕਦੈ ਵੱਗ ਕੋਲੇ ਨ੍ਹੀਂ। ਤੇ ਵੱਗ ਜਿਧਰ ਨੂੰ ਵੀ ਨਿਕਲਦੇ ਹਨ ਫੱਕਾ ਨ੍ਹੀਂ ਛੱਡਦੇ। ਮੰਨਦੇ ਕਿਉਂ ਨ੍ਹੀਂ ਕਿ ਆਪਣੀ ਧਰਤੀ ਗੁਰੂਆਂ ਪੀਰਾਂ, ਦੇਵੀ-ਦੇਵਤਿਆਂ, ਯੋਧਿਆਂ ਸ਼ਹੀਦਾਂ ਦੀ ਹੈ ਭੂਤਾਂ-ਪ੍ਰੇਤਾਂ ਦੀ ਨਹੀਂ। ਫਿਰ ਪਖੰਡੀਆਂ ਮੂਹਰੇ ਧੌਣ ਨੀਵੀਂ ਕਰਨ ਨਾਲੋਂ ਇਨ੍ਹਾਂ ਦੀ ਧੌਣ 'ਤੇ ਗੋਡਾ ਰੱਖਣ ਦਾ ਢੰਗ ਕਿਤੋਂ ਸਿੱਖਣ ਜਾਣੈ?***

ਜਗਤ-ਤਮਾਸ਼ਾ ਤਾਂ ਚੱਲ ਰਿਹਾ ਹੈ ਕਿਉਂਕਿ ਅਧੂਰੇ ਬੰਦੇ ਸਰਵਕਲਾ ਸਮਰਥ ਹੋਣ ਦਾ ਭਰਮ ਪਾਲ ਰਹੇ ਹਨ। ਵਿਆਹ ਦਾ ਅਰਥ ਇਹ ਹੁੰਦਾ ਹੈ ਕਿ ਜ਼ਿੰਦਗੀ ਲਈ ਰੋਜ਼ ਸੰਘਰਸ਼ ਕਰਨ ਲਈ ਤਿਆਰ ਰਹੋ। ਬੰਦੇ ਦਾ ਛੜਾ ਹੋਣਾ ਇਸਤਰੀ ਦਾ ਸਾਰੀ ਉਮਰ ਕੁਆਰੀ ਰਹਿਣਾ, ਵਿਆਹ ਤੋਂ ਪਹਿਲਾਂ ਮਰਦ ਦਾ ਸੰਗ ਕਰਨਾ ਸਮਾਜ ਵਿਚਲੀ ਹਨੇਰਗਰਦੀ ਹੈ। ਮਰ ਗਿਆਂ ਨੂੰ ਭੂਤ-ਪ੍ਰੇਤ ਬਣਾਉਣਾ, ਫਿਰ ਇਨ੍ਹਾਂ ਦਾ ਚਿੰਬੜਨਾ ਤੇ ਫਿਰ ਇਨ੍ਹਾਂ ਨੂੰ ਉਤਾਰਨਾ ਅਜਿਹੇ ਪਖੰਡ ਦੀ ਸਥਿਤੀ ਹੈ ਕਿ ਚੂਲ ਢਿੱਲੀ ਹੋਈ ਜਾਂਦੀ ਹੈ ਪਰ ਠੋਕਣ ਲਈ ਫਾਲ੍ਹ ਨਹੀਂ ਲੱਭ ਰਹੀ।

ਮੇਰੇ ਜਿਸ ਹਿੰਦੋਸਤਾਨ ਬਾਰੇ ਇਹ ਕਿਹਾ ਜਾਂਦਾ ਹੈ 'ਸਾਰੇ ਜਹਾਂ ਸੇ ਅੱਛਾ', ਉਹ ਕਿੰਨਾ ਕੁ ਪਖੰਡੀਆਂ ਨੇ ਅੱਛਾ ਰਹਿਣ ਦਿੱਤਾ ਹੈ? ਇਹਦੇ ਬਾਰੇ ਤਾਂ ਬਾਅਦ 'ਚ ਕੁਝ ਘਟਨਾਵਾਂ ਦਾ ਜ਼ਿਕਰ ਕਰਕੇ ਦੱਸਾਂਗਾ ਤੇ ਤੁਸੀਂ ਵੀ ਹੈਰਾਨ ਹੋ ਜਾਵੋਗੇ ਕਿ ਹੈਂ ਇਉਂ ਵੀ ਹੋਈ ਜਾਂਦਾ ਹੈ? ਉਸ ਤੋਂ ਪਹਿਲਾਂ ਉਨ੍ਹਾਂ ਦੁਰਘਟਨਾਵਾਂ ਤੋਂ ਪਰਦਾ ਹਟਾਉਂਦਾ ਹਾਂ ਜਿਹੜੀਆਂ ਅੱਖਾਂ ਨਾਲ ਵੇਖੀਆਂ ਤੇ ਕੰਨਾਂ ਨਾਲ ਸੁਣੀਆਂ ਹਨ।

ਬਾਬਿਆਂ ਤੇ ਸਾਧਾਂ ਤੋਂ ਹਟ ਕੇ ਉਨ੍ਹਾਂ ਲੋਕਾਂ ਦੁਆਲੇ ਪਰਿਕਰਮਾ ਕਰਦੇ ਹਾਂ ਜਿਹੜੇ ਇਹ ਕਹਿੰਦੇ ਹਨ ਕਿ ਭਟਕਦੀਆਂ ਆਤਮਾਵਾਂ ਤੋਂ ਖਹਿੜਾ ਛੁਡਾ ਕੇ ਜ਼ਿੰਦਗੀ ਨੂੰ ਸੁਖਾਲੀ ਕਿਵੇਂ ਕਰਨਾ ਹੈ? ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਮੈਂ ਹੁਸ਼ਿਆਰਪੁਰ ਜ਼ਿਲੇ ਦੇ ਕਸਬਾਨੁਮਾ ਪਿੰਡ ਕੋਟ ਫਤੂਹੀ ਦੇ ਸਰਕਾਰੀ ਸਕੂਲ ਵਿਚ ਅਧਿਆਪਕ ਸਾਂ। ਮੇਰੇ ਕੋਲ ਪੜ੍ਹਨ ਵਾਲੇ ਇਕ ਬੱਚੇ ਦਾ ਬਾਪ ਆਇਆ ਤੇ ਤਰਲਾ ਲੈ ਕੇ ਕਹਿਣ ਲੱਗਾ,

'ਮਾਹਟਰ ਜੀ ਕੱਲ ਛੁੱਟੀ ਐ?'

'ਹਾਂ ਕੱਲ ਨੂੰ ਐਤਵਾਰ ਹੈ।'

'ਮੇਰੇ ਨਾਲ...ਦੇ ਡੇਰੇ ਚੱਲ ਸਕਦੇ ਹੋ?

ਇਹ ਨਾਂ ਸੁਣਦਿਆਂ ਹੀ ਮੈਂ ਕੰਨ ਚੁੱਕ ਲਏ। ਉਥੇ ਕੀ ਕਰਨੈ, ਸੁੱਖ ਤਾਂ ਹੈ? ਮੈਂ ਉਤਸੁਕਤਾ ਨਾਲ ਪੁਛਿਆ।

''ਖੈਰ! ਜੇ ਹੁੰਦੀ ਤਾਂ ਤੁਹਾਨੂੰ ਕਾਹਨੂੰ ਕਸ਼ਟ ਦੇਣਾ ਸੀ। ਆਪਣੀ ਸੀਤੋ ਠੀਕ ਨ੍ਹੀਂ ਰਹਿੰਦੀ ਓਪਰੀ ਹਵਾ ਆਉਂਦੀ ਐ। ਤੁਸੀਂ ਸਾਨੂੰ ਆਪਣੀ ਕਾਰ 'ਚ ਲੈ ਚਲੋਗੇ?'

ਹਾਂ ਮੈਂ ਇਸ ਕਰਕੇ ਕਰ ਦਿੱਤੀ ਕਿ ਚਲੋ ਜ਼ਿੰਦਗੀ ਦਾ ਇਕ ਹੋਰ ਤਜ਼ਰਬਾ ਹਾਸਿਲ ਕਰਦੇ ਹਾਂ। ਤੇ ਅਗਲੇ ਦਿਨ ਅਸੀਂ ਵਿਚਾਰੀ ਡਰੀ ਤੇ ਸਹਿਮੀ ਸੀਤੋ ਨੂੰ ਲੈ ਕੇ ਰੋਪੜ ਜ਼ਿਲ੍ਹੇ ਵਿਚ ਪੈਂਦੇ ਉਸ ਡੇਰੇ 'ਤੇ ਗਿਆਰਾਂ ਕੁ ਵਜੇ ਪੁੱਜ ਗਏ।

ਹੈਰਾਨਕੁਨ ਦ੍ਰਿਸ਼ ਇਹ ਸੀ ਕਿ ਡੇਰੇ ਦੇ ਵਿਹੜੇ ਵਿਚ ਵਾਲ ਖਿਲਾਰੀ ਅੱਧੀ ਕੁ ਦਰਜਨ ਬੀਬੀਆਂ ਬੈਠੀਆਂ ਸਨ, ਸ਼ਾਇਦ ਉਹ ਵੀ ਓਪਰੀ ਹਵਾ ਦੀਆਂ ਹੀ ਮਰੀਜ ਸਨ। ਵਿਚਾਰੀ ਸੀਤੋ ਵੀ ਉਨ੍ਹਾਂ ਦੇ ਨਾਲ ਹੀ ਜਾ ਬੈਠੀ। ਘੰਟੇ ਕੁ ਪਿੱਛੋਂ ਇਕ ਬਾਬਾ ਜੀਹਦੇ ਹੱਥਾਂ 'ਚ ਲੋਹੇ ਦੀਆਂ ਸੰਗਲੀਆਂ ਵਾਲੀਆਂ ਦੋ ਭਾਰੀ ਛੜਾਂ ਸਨ, ਪੰਮੀ ਬਾਈ ਦੇ ਗੀਤਾਂ ਵਾਂਗ ਨੱਚਦਾ ਅੰਦਰੋਂ ਨਿਕਲ ਆਇਆ। ਸ਼ਾਇਦ ਉਹਦੇ ਸਿਰ ਹਵਾ ਨ੍ਹੀਂ ਨੇਰ੍ਹੀ ਆਈ ਹੋਵੇ। ਸੀਤੋ ਦਾ ਬਾਪੂ ਮੁਖਤਿਆਰ ਸਿਹੁੰ ਮੇਰੇ ਕੰਨ 'ਚ ਕਹਿਣ ਲੱਗਾ ਇਹੋ ਬਾਬੇ ਨੇ। ਇਨ੍ਹਾਂ ਹੀ ਇਲਾਜ ਕਰਨੈ ਓਪਰੀਆਂ ਹਵਾਵਾਂ ਦਾ। ਉਸ ਬਾਬੇ ਨੇ ਫੂਕਾਂ ਮਾਰਦਿਆਂ, ਕਿਲਕਾਰੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਜਿਉਂ ਹੀ ਇਨ੍ਹਾਂ ਬੀਬੀਆਂ ਦੇ ਸਿਰ 'ਤੇ ਹੱਥ ਫੇਰਿਆ ਉਹ ਵੀ ਚਾਬੀ ਵਾਲੀਆਂ ਗੁੱਡੀਆਂ ਵਾਂਗ ਜਾਂ ਫਿਰ ਗੀਤਾਂ 'ਚ ਨੱਚਣ ਵਾਲੀਆਂ ਕੁੜੀਆਂ ਵਾਂਗ ਮੇਲ੍ਹਣ ਲੱਗ ਪਈਆਂ।

ਮੁਖਤਿਆਰ ਸਿਹੁੰ ਡਰ ਨਾਲ 'ਕੱਠਾ ਹੋ ਗਿਆ, ਜਦੋਂ ਬਾਬੇ ਨੇ ਉਲਰ ਕੇ ਪਿੱਠ 'ਚ ਲੱਤ ਮਾਰੀ ਤੇ ਇਕ ਹੱਥ ਵਿਚਲੀ ਲੋਹੇ ਦੀ ਛੜ ਪਰਾਂ ਰੱਖ ਕੇ ਉਹਦੇ ਨਾਲ ਸੀਤੋ ਦੇ ਵਾਲ ਖਿੱਚੇ। ਦੂਜੀ ਛੜ ਵਗਾਹ ਕੇ ਮਾਰੀ ਤੇ ਬੋਲਿਆ 'ਕੌਣ ਏ ਤੂੰ?'

'ਮੈਂ ਮੁਖਤਿਆਰ ਸਿਹੁੰ ਦੀ ਧੀ ਸੀਤੋ ਆਂ।'

'ਉਹ ਤਾਂ ਸਾਨੂੰ ਵੀ ਪਤੈ ਪਰ ਤੇਰੇ ਵਿਚ ਕੌਣ ਐ?'

'ਹਾਲੇ ਤੱਕ ਤਾਂ ਕੋਈ ਨ੍ਹੀਂ।'

'ਆਏਂ ਨੀ ਤੂੰ ਬੋਲਣਾ, ਹੁਣ ਬੋਲ।' ਤੇ ਉਹਨੇ ਦੋ ਛੜਾਂ ਏਨੇ ਜ਼ੋਰ ਦੀ ਸੀਤੋ ਦੀ ਪਿੱਠ ਤੇ ਵਰ੍ਹਾਈਆਂ ਕਿ ਉਹ ਚੀਕਦਿਆਂ ਬੋਲੀ, 'ਰੱਬ ਦੇ ਵਾਸਤੇ ਮਾਰੋ ਨਾ ਮੈਂ ਬਚਨੇ ਦਾ ਪਾਲਾ ਆਂ।'

'ਬਾਬਾ ਜੀ ਇਹ ਦੋ ਕੁ ਸਾਲ ਪਹਿਲਾਂ ਐਕਸੀਡੈਂਟ 'ਚ ਮਰ ਗਿਆ ਸੀ, ਗੁਆਂਢੀ ਪਿੰਡੋਂ।' ਮੁਖਤਿਆਰ ਸਿੰਘ ਵਿਚੋਂ ਬੋਲ ਪਿਆ।

'ਚੁੱਪ ਕਰਕੇ ਬੈਠਾ ਰਹਿ ਤੈਨੂੰ ਕਿਸੇ ਨੇ ਪੁੱਛਿਆ।' ਬਾਬੇ ਨੇ ਮੁਖਤਿਆਰ ਸਿੰਘ ਨੂੰ ਘੂਰਦਿਆਂ ਕਿਹਾ 'ਇਹਨੂੰ ਆਪੇ ਬੁਲਾ ਲਵਾਂਗੇ।'

ਤੇ ਛੜ 'ਤੇ ਛੜ ਸੀਤੋ ਦੀ ਪਿੱਠ 'ਤੇ ਸਾਉਣ ਦੇ ਛਰਾਟੇ ਵਾਂਗ ਵਰ੍ਹਦੀ ਗਈ। ਬਾਬਾ ਸਾਰੀਆਂ ਬੀਬੀਆਂ ਦੇ ਉਪਰ ਦੀ ਗੇੜੀ ਦੇ ਕੇ ਫਿਰ ਸੀਤੋ ਨੂੰ ਪੁੱਛਣ ਲੱਗਾ, 'ਪਾਲਿਆ ਤੂੰ ਚਾਹੁੰਨਾ ਕੀ ਐਂ। ਤੂੰ ਜੁੱਤੀਆਂ ਖਾਣੀਆਂ ਕਿ ਜਾਣੈਂ?''

''ਮੈਂ ਸੀਤੋ ਨੂੰ ਪਿਆਰ ਕਰਦਾਂ, ਇਹਨੂੰ ਲੈ ਕੇ ਜਾਣੈਂ।''

'ਠਹਿਰ ਜਰਾ ਤੇਰੇ ਨਾਲ ਤੋਰਦੇ ਹਾਂ, ਬੋਲ ਕਿੱਦਾਂ ਜਾਵੇਂਗਾ? ਤੇ ਸੀਤੋ ਦੇ ਇਕ ਹੋਰ ਪਈ ਤੇ ਵਾਲ ਖਿੱਚ ਕੇ ਬਾਬੇ ਨੇ ਕੁੜੀ ਹੇਠਾਂ ਸੁੱਟ ਲਈ ਤੇ ਛਾਤੀ 'ਤੇ ਲੱਤ ਰੱਖ ਕੇ ਲਲਕਾਰਿਆ, 'ਦਸ ਇਹਦਾ ਪਿੱਛਾ ਛੱਡਣ ਦਾ ਕੀ ਲਵੇਂਗਾ?''

'ਜੇ ਮੇਰੇ ਨਾਲ ਨ੍ਹੀਂ ਭੇਜਣੀ ਤਾਂ ਇਹਦਾ ਵਿਆਹ ਕਰ ਦਿਓ।'

'ਜਾਹ ਦਫ਼ਾ ਹੋ ਜਾ ਅਸੀਂ ਕੁੜੀ ਦਸਾਂ ਦਿਨਾਂ 'ਚ ਵਿਆਹ ਦਿਆਂਗੇ। ਮੁੜ ਕੇ ਇਸ ਘਰ 'ਚ ਪੈਰ ਨਾ ਰੱਖੀਂ ਵਰਨਾ ਬੁਰੀ ਕਰਾਂਗੇ।'

'ਮੁਖਤਿਆਰ ਸਿਹਾਂ ਕਿੰਨੇ ਕੁ ਸਾਲਾਂ ਦੀ ਹੋ ਗਈ ਸੀਤੋ? ਮੈਂ ਹੌਲੀ ਦੇਣੀ ਪੁੱਛਿਆ।

'ਪੱਕਾ ਤਾਂ ਪਤਾ ਨ੍ਹੀਂ, ਪੈਂਤੀਆਂ ਕੁ ਦੀ ਤਾਂ ਹੋਊ।'

ਤੇ ਓਪਰੀ ਹਵਾ ਦੀ ਗੱਲ ਖਾਨੇ ਪੈ ਗਈ ਸੀ। ਸੀਤੋ ਮੁੜਦੀ ਵਾਰ ਕੁੱਟ ਖਾ ਕੇ ਸਾਹ ਵੀ ਉੱਚੀ ਦੇਣੀ ਨਹੀਂ ਲੈ ਰਹੀ ਸੀ ਤੇ ਮੁਖਤਿਆਰ ਸਿਹੁੰ ਉਹਦੇ ਵਿਆਹ ਬਾਰੇ ਸੋਚੀ ਜਾ ਰਿਹਾ ਸੀ।

ਦਸ ਤਾਂ ਕੀ ਸੀਤੋਂ ਅੱਠਵੇਂ ਦਿਨ ਘਰੋਂ ਤੋਰ 'ਤੀ। ਬਾਰਾਂ ਸਾਲ ਹੋ ਗਏ ਸੀਤੋ ਦੇ ਤਿੰਨ ਨਿਆਣੇ ਹੋ ਗਏ ਨੇ ਮੁੜ ਕੇ ਕਦੇ ਹਵਾ ਨ੍ਹੀਂ ਆਈ। ਤੇ ਮੈਨੂੰ ਇਹ ਗੱਲ ਸਮਝ ਨਹੀਂ ਪਈ ਸੀ ਕਿ ਕੁੜੀ ਦੀ ਛਿੱਲ ਲੁਹਾ ਕੇ ਪਤਾ ਨ੍ਹੀਂ ਪਿਉ ਨੇ ਹੱਥ ਪੀਲੇ ਕਿਉਂ ਕੀਤੇ?

ਇਕ ਪਵਿੱਤਰ ਤੇ ਪੂਜਣਯੋਗ ਸਥਾਨ 'ਤੇ ਸਾਡੇ ਜ਼ਿਲ੍ਹੇ ਵਿਚ ਬੈਠੇ ਇਕ ਪਖੰਡੀ ਬਾਬੇ ਦੇ ਡੇਰੇ 'ਤੇ ਗਿਆ ਤਾਂ ਮੈਂ ਉਥੇ ਪਹੁੰਚੇ ਇਕ ਡੀ. ਐਸ. ਪੀ. ਨੂੰ ਮਿਲਣਾ ਸੀ, ਪਰ ਬੀਬੀਆਂ ਤੇ ਲੋਕਾਂ ਦਾ ਵਾਹਵਾ ਜਮਘਟਾ ਵੇਖ ਕੇ ਮੈਂ ਵੀ ਡੀ. ਐਸ. ਪੀ. ਕੋਲ ਭੁੰਜੇ ਬਹਿ ਗਿਆ। ਬਾਬਾ ਧਰਮ ਰਾਜ ਵਾਂਗ ਤਖਤ ਪੋਸ਼ 'ਤੇ ਬੈਠਾ ਤਰ੍ਹਾਂ-ਤਰ੍ਹਾਂ ਦੀਆਂ ਫਰਿਆਦਾਂ ਸੁਣ ਰਿਹਾ ਸੀ।

ਪਿੱਛਿਓਂ ਇਕ ਬੀਬੀ ਉੱਠ ਕੇ ਖੜ੍ਹੀ ਹੋਈ ਤੇ ਬਾਬਾ ਬੋਲਿਆ, 'ਹਾਂ ਬੀਬੀ ਦੱਸ ਤੈਨੂੰ ਕੀ ਤਕਲੀਫ ਐ?'

'ਬਾਬਾ ਜੀ ਜੋੜਾਂ ਦਾ ਦਰਦ ਨ੍ਹੀਂ ਹਟਦਾ, ਮਸਾਂ ਰੀਂਘ ਰੀਂਘ ਕੇ ਆਈ ਆਂ। ਤੇ ਆਹ ਢੂਹੀ ਏਨੀ ਦੁਖਦੀ ਐ ਕਿ ਰਾਤ ਨੂੰ ਸਿੱਧੀ ਨ੍ਹੀਂ ਲੇਟ ਹੁੰਦਾ।'

'ਉਰ੍ਹੇ ਆ ਉੱਠ ਕੇ।'

ਤੇ ਬਾਬੇ ਨੇ ਬੀਬੀ ਦੀ ਬਾਂਹ ਮਰੋੜ ਕੇ ਪਿੱਛੇ ਲਾਈ ਤੇ ਮੂੰਹ 'ਚ ਪਾਈ ਸੀਟੀ ਵਜਾ ਕੇ ਮਾਰਿਆ ਢੂਹੀ 'ਚ ਕੱਸ ਕੇ ਹੂਰਾ, ਜਾਹ ਬੀਬੀ ਜੇ ਕੱਲ ਤੱਕ ਦਰਦ ਦਾ ਨਾਂ ਨਿਸ਼ਾਨ ਵੀ ਰਹਿ ਗਿਆ ਤਾਂ ਆਖੀਂ।'

ਬੀਬੀ ਦਾ ਦਰਦ ਠੀਕ ਹੋਇਆ ਕਿ ਨਹੀਂ ਇਹ ਤਾਂ ਪਤਾ ਨ੍ਹੀਂ, ਪਰ ਅਗਲੀ ਬੀਬੀ ਦੀ ਕਹਾਣੀ ਬੜੀ ਦੁਖਦਾਇਕ ਸੀ। ਬੀਬੀ ਨੇ ਇਕ ਅੱਠ ਨੌਂ ਮਹੀਨੇ ਦਾ ਸੁੱਕਿਆ ਸੜਿਆ ਪੁੱਤ ਬਾਬੇ ਵਲ ਕਰਦਿਆਂ ਆਖਿਆ, 'ਬਾਬਾ ਜੀ ਜਦੋਂ ਦਾ ਜੰਮਿਆ ਬਿਮਾਰ ਹੀ ਰਹਿੰਦੈ, ਕਰੋ ਮੇਰਾ ਪਾਰ ਉਤਾਰਾ।'

'ਗੱਲ ਕੀ ਐ ਮਾੜਾ ਕਿਉਂ ਏਨਾ?'

'ਬਾਬਾ ਜੀ ਸਤਮਾਹਾਂ।'

'ਬੀਬੀ ਗੁੱਸਾ ਨਾ ਕਰੀਂ, ਇਹਦੇ ਖੁਣੋ ਕੀ ਖੜ੍ਹੈ। ਇਸ ਕਾਂ ਦੇ ਬੱਚੇ ਨੇ ਕਿਤੇ ਡੀ.ਸੀ. ਲੱਗਣੈ।'

'ਨਾ ਬਾਬਾ ਜੀ ਏਦਾਂ ਨਾ ਕਹੋ, ਤਿੰਨ ਧੀਆਂ ਪਿੱਛੋਂ ਸੁੱਖਾਂ ਸੁਖਦਿਆਂ ਇਹ ਦਿਨ ਵੇਖੇ ਐ, ਪਿਓ ਦੇ ਦੁਬਈ ਜਾਣ ਤੋਂ ਚਾਰ ਮਹੀਨਿਆਂ ਪਿੱਛੋਂ ਇਹ ਜੰਮਿਆ ਤੇ ਉਹ ਵੀ ਉਥੇ ਧੱਕੇ ਠੇਡੇ ਖਾਂਦੈ।'

ਤੇ ਬਾਬੇ ਨੇ ਰੋਂਦੇ ਕੁਰਲਾਉਂਦੇ ਬੱਚੇ ਨੂੰ ਤਿੰਨ ਚਾਰ ਫੁੱਟ ਉਪਰ ਵੱਲ ਉਲਾਰ ਕੇ ਦਬੋਚਿਆ ਤੇ ਬੀਬੀ ਦੀ ਝੋਲੀ 'ਚ ਪਾਉਂਦਿਆਂ ਕਿਹਾ ਸਵਰਨੀਏ ਲੈ ਸਾਡਾ ਵੀ ਨਾਂ ਬਦਲ ਦੇਈਂ, ਜੇ ਮਹੀਨੇ 'ਚ ਘੋੜੇ ਵਰਗਾ ਨਾ ਹੋਇਆ।

ਤੇ ਮੰਨੋਗੇ ਮਹੀਨਾ ਕੀਹਨੂੰ ਪਾਉਣਾ ਸੀ, ਉਹ ਬੱਚਾ ਤਾਂ ਹਫਤੇ ਬਾਅਦ ਰੱਬ ਦੇ ਚਰਨੀਂ ਜਾ ਲੱਗਾ ਤੇ ਪਤਾ ਨ੍ਹੀਂ ਉਹ ਬੀਬੀ ਫਿਰ ਦੁਬਾਰਾ ਬਾਬੇ ਤੋਂ ਪੁੱਤ ਲੈਣ ਆਈ ਕਿ ਨਹੀਂ?

ਦੁੱਖ ਇਸ ਕਰਕੇ ਤੜਫਾਉਂਦਾ ਹੈ ਕਿ ਇਹ ਆਵੇ ਤਾਂ ਜਾਂਦਾ ਨ੍ਹੀਂ ਤੇ ਸੁੱਖ ਦੀ ਉਡੀਕ ਮੁੱਕੀ ਵੀ ਨਹੀਂ ਹੁੰਦੀ ਕਿ ਇਹ ਫਤਿਹ ਵੀ ਬੁਲਾ ਜਾਂਦਾ ਹੈ। ਦੁੱਖ ਭੱਜੇ ਆਉਂਦੇ ਨੇ ਤੇ ਸੁੱਖਾਂ ਲਈ ਰੱਬ ਦੇ ਹਾੜ੍ਹੇ ਕੱਢਣੇ ਪੈਂਦੇ ਨੇ ਤਰਲੇ ਮਿੰਨਤਾਂ ਦੀ ਚਾਦਰ ਵਿਛਾਉਣੀ ਪੈਂਦੀ ਹੈ।

ਲਗਦਾ ਨਹੀਂ ਕਿ ਆਪਣੇ ਮੁਲਕ ਵਿਚ ਪਖੰਡ ਨਾ ਪਸਰਿਆ ਹੁੰਦਾ ਤਾਂ ਬਾਬੇ, ਸਾਧ ਤੇ ਭੂਤਾਂ-ਪ੍ਰੇਤਾਂ ਦੇ ਮਾਹਿਰ ਲੋਕ ਅਹਿਮ ਪਾਤਰ ਬਣ ਕੇ ਨਾ ਵਿਚਰਦੇ। ਜਿਹੜਾ ਹਿੰਦੋਸਤਾਨ 'ਸਾਰੇ ਜਹਾਂ ਸੇ ਅੱਛਾ' ਅਖਵਾਉਂਦਾ ਹੈ ਉਥੇ ਹੇਠਲੀਆਂ ਗੱਲਾਂ ਵਰਤਮਾਨ ਦੀਆਂ ਹਨ ਭੂਤਕਾਲ ਦੀਆਂ ਨਹੀਂ।

ਹਾਲ ਹੀ ਵਿਚ ਅਮਰਾਵਤੀ (ਅਗਰਤਲਾ) 'ਚ ਤਿੱਖੇ ਕੰਡਿਆਂ 'ਤੇ ਤੁਰਨ ਵਾਲੇ ਪਖੰਡੀ ਭਗਤ ਜਦੋਂ ਲਹੂ-ਲੁਹਾਨ ਹੋ ਕੇ ਹਸਪਤਾਲ ਲਿਆਂਦੇ ਗਏ ਤਾਂ ਉਹ ਇਲਾਜ ਕਰਨ ਵਾਲੇ ਡਾਕਟਰ ਦੇ ਢਿੱਡ 'ਚ ਲੱਤਾਂ ਇਸ ਕਰਕੇ ਮਾਰਨ ਲੱਗ ਪਏ ਕਿ ਤੁਸੀਂ ਇਹਦਾ ਇਲਾਜ ਨ੍ਹੀਂ ਕਰ ਸਕਦੇ ਸਾਡੇ ਬਾਬਾ ਜੀ ਆਪ ਹੀ ਕਰ ਲੈਣਗੇ।

ਆਂਧਰਾ ਪ੍ਰਦੇਸ਼ ਵਿਚ ਅਨੰਤਪੁਰ, ਜਿਹੜਾ

***(ਅਗਲੇ ਸਫੇ 'ਤੇ ਜਾਰੀ)***

## ਸੱਚ ਦੇ ਨੇੜੇ-ਤੇੜੇ

ਇੰਗਲੈਂਡ ਵਿਚ ਵਸਦੇ ਤੇ ਆਪਣੇ ਆਪਨੂੰ ਸੋਲਾਂ ਕਲਾਂ ਸੰਪੂਰਨ ਸਮਝਦੇ ਇਕ ਪਖੰਡੀ ਬਾਬੇ ਨੂੰ ਅਮਰੀਕਾ ਤੋਂ ਇਕ ਬੀਬੀ ਨੇ ਫੋਨ ਕੀਤਾ।

'ਤੁਸੀਂ....ਬਾਬਾ ਜੀ ਬੋਲ ਰਹੇ ਹੋ?'

'ਹਾਂ ਬੀਬੀ ਤੁਸੀਂ ਕੌਣ ਹੋ? ਕਿਥੋਂ ਬੋਲ ਰਹੇ ਹੋ?

'ਬਾਬਾ ਜੀ ਮੈਂ ਅਮਰੀਕਾ ਤੋਂ ਬਲਵੰਤ ਕੌਰ ਬੋਲ ਰਹੀ ਹਾਂ। ਤੁਹਾਡੀ ਸੋਭਾ ਬੜੀ ਸੁਣੀ ਐ, ਮੇਰੇ 'ਤੇ ਵੀ ਰਹਿਮ ਕਰੋ।'

'ਬੋਲ ਬੀਬੀ ਬਾਬੇ ਬੈਠੇ ਹੋਰ ਕਿਹੜੇ ਕੰਮ ਲਈ ਨੇ?'

'ਬਾਬਾ ਜੀ ਮੇਰੀ ਧੀ ਠੀਕ ਨਹੀਂ ਰਹਿੰਦੀ, ਖਾਧਾ-ਪੀਤਾ ਵੀ ਨਹੀਂ ਲਗਦਾ, ਸੁੱਕ ਕੇ ਤੀਲਾ ਹੋਈ ਜਾਂਦੀ ਐ, ਜਵਾਨੀ 'ਚ ਵੀ ਰੰਗ ਪੂਣੀ ਵਰਗਾ ਹੋਇਆ ਪਿਐ।'

'ਕੀ ਨਾਂ ਏ ਬੇਟੀ ਦਾ ਤੇ ਉਮਰ ਕਿੰਨੀ ਕੁ ਐ?'

'ਨਾਂ ਬਬਲੀ ਐ ਤੇ ਉਮਰ ਹੋਏਗੀ ਕੋਈ ਅਠਾਈ ਕੁ ਸਾਲ।'

'ਇੰਡੀਆ ਕਦੋਂ ਗਈ ਸੀ?'

'ਤਿੰਨ ਕੁ ਸਾਲ ਹੋ ਗਏ ਨੇ।'

'ਉਦੋਂ ਦੀ ਕੁਝ ਜ਼ਿਆਦਾ ਢਿੱਲੀ ਰਹਿਣ ਲੱਗ ਪਈ ਹੋਈ ਆ।'

'ਸੱਚ ਆਖਿਆ ਤੁਸੀਂ ਮੇਰੇ ਮਨ ਦੀ ਬੁੱਝ ਗਏ।'

'ਵਿਆਹੀ ਤਾਂ ਨ੍ਹੀ ਹਾਲੇ?'

'ਕਾਹਨੂੰ, ਜਿਥੇ ਇਹ ਕਰਾਉਣ ਨੂੰ ਆਖਦੀ ਹੈ, ਇਹਦਾ ਅੜਬ ਪੇ ਪਿੰਡੇ ਤੇ ਪਾਣੀ ਨੀ ਪੈਣ ਦੇਂਦਾ। 4-5 ਸਾਲ ਤੋਂ ਪਰਨਾਲਾ ਉਥੇ ਹੀ ਖੜ੍ਹੈ।'

'ਫਿਕਰ ਨਾ ਕਰ ਸਭ ਠੀਕ ਹੋ ਜੂ।'

'ਬਾਬਾ ਜੀ ਡਾਕਟਰਾਂ ਦੀ ਸਮਝ ਵਿਚ ਵੀ ਕੁਝ ਨੀ ਪੈਂਦਾ। ਇਹਨੂੰ ਬੀਮਾਰੀ ਕੀ ਐ?'

'ਉਹੀ ਤਾਂ ਬੀਬੀ ਤੈਨੂੰ ਦੱਸਣ ਲੱਗੇ ਆਂ। ਪਿਛਲੀ ਤੀਜੀ ਪੀੜ੍ਹੀ 'ਚੋਂ ਤੁਹਾਡੇ ਘਰੋਂ ਕੋਈ ਔਤ ਚਲੇ ਗਿਐ, ਉਹੀ ਇਹਨੂੰ ਇਥੇ ਤੰਗ ਕਰਦੈ।'

'ਬਾਬਾ ਜੀ ਪਠਾਨਕੋਟ ਜੰਮੂ ਬਾਰਡਰ 'ਤੇ ਪਹਾੜੀ ਉੱਤੇ ਪਿੰਡ ਐ ਸਾਡਾ ਉਥੇ ਨੂੰ ਤਾਂ ਕੋਈ ਲਾਰੀ ਨੀ ਜਾਂਦੀ। ਉਹ ਔਤ ਭੂਤ ਬਣ ਕੇ ਅਮਰੀਕਾ ਕਿਵੇਂ ਆ ਗਿਆ ਬੇਹ-ਪੈਣਾ।'

'ਬੀਬੀ ਸੁਣ ਜਦੋਂ ਇਹ ਹੁਣ ਇੰਡੀਆ ਗਈ ਤਾਂ ਉਹਨੇ ਇਹਦਾ ਪਿੱਛਾ ਨ੍ਹੀ ਛੱਡਿਆ। ਨਾਲੇ ਜਹਾਜ਼ੇ ਚੜ੍ਹ ਕੇ ਆ ਗਿਆ।'

'ਇਮੀਗ੍ਰੇਸ਼ਨ ਵਾਲੇ ਤਾਂ ਜਹਾਜ਼ ਚੜ੍ਹਨ ਤੋਂ ਪਹਿਲਾਂ ਸਾਰੇ ਕਾਸੇ ਦਾ ਐਕਸਰੇ ਕਰ ਦੇਂਦੇ ਆ, ਜੇਬਾਂ ਫਰੋਲ ਸੁਟਦੇ ਆ, ਇਹ ਕਿਵੇਂ ਆ ਗਿਆ ਬਿਨਾ ਵੀਜ਼ੇ ਤੇ ਬਿਨਾ ਟਿਕਟ ਤੋਂ।'

'ਬੀਬੀ ਇਹ ਹਵਾ ਬਣ ਜਾਂਦੇ ਨੇ, ਧੀ ਨੂੰ ਪੁੱਛੀਂ ਜਹਾਜ ਦੇ ਸਾਰੇ ਸਫਰ 'ਚ ਮੋਢੇ ਸਿਗੇ ਨਾ ਦੋ ਦੋ ਮਣ ਪੱਕੇ ਦੇ ਹੋਇਉ, ਬੱਸ ਇਹਦੇ ਮੋਢਿਆਂ 'ਤੇ ਬਹਿ ਕੇ ਆ ਗਿਆ।'

'ਤੇ ਹੁਣ?'

'ਹੈਥੋਂ ਤਾਂ ਇਸ ਔਤ ਨੂੰ ਅਸੀਂ ਲੈ ਆਵਾਂਗੇ ਇੰਗਲੈਂਡ ਤੱਕ ਕਿਸੇ ਤਰ੍ਹਾਂ ਤੇ ਅੱਗੋਂ ਇੰਡੀਆ ਸਾਨੂੰ ਆਪ ਛੱਡਣ ਜਾਣਾ ਪੈਣਾ।'

'ਬਾਬਾ ਜੀ ਲਾਹੋ ਬਲਾ ਗਲੋਂ।'

'ਲਿਆ ਬੀਬੀ ਆਪਣਾ ਸੋਸ਼ਲ ਸਕਿਉਰਟੀ ਨੰਬਰ ਵੀ ਲਿਖਾ ਦੇ।'

'ਬਾਬਾ ਜੀ ਸੇਵਾ?'

'ਵੇਖ ਇਹਨੂੰ ਵੀ ਨਾਲ ਫੜ ਕੇ ਰੱਖਣਾ ਪੈਣਾ, ਕਾਲੀ ਦੀ ਪੂਜਾ ਵੀ ਦੇਣੀ ਪੈਣੀ ਆ, ਚਾਂਦੀ ਦੀ ਗੁੱਡੀ ਬਣਾ ਕੇ ਇਹਦੇ ਔਤਪੁਣੇ ਦਾ ਫਾਹਾ ਵੱਢਣਾ ਪੈਣਾ, ਫਿਰ ਕੁਛ ਨਾ ਕੁਛ ਦਿੱਲੀ ਆਲੇ ਵੀ ਭਾਲਣਗੇ। ਕਵੰਜਾ ਕੁ ਸੌ ਡਾਲਰ ਨਾਲ ਚੱਲ ਸਾਰ ਲਵਾਂਗੇ।'

ਤੇ ਬਾਬੇ ਨੇ ਬਿੰਦ ਨੀ ਲਾਇਆ ਕਾਰਡ ਹਲਕਾ ਕਰਨੇ ਨੂੰ। ਤੇ ਬਿਲ ਜਦੋਂ ਘਰੇ ਆਇਆ ਤਾਂ ਲੱਗ ਗਿਆ ਹੱਥ ਬਲਵੰਤ ਕੌਰ ਦੇ ਪਤੀ ਸਰਦਾਰ ਸਿਹੁੰ ਦੇ। ਛਿੜ ਪਿਆ ਘਰ 'ਚ ਮਹਾਂਭਾਰਤ। ਉਹ ਉਹਨੇ ਝਮੀਟਣੀਆਂ ਪੱਟੀਆਂ ਬਲਵੰਤ ਕੌਰ ਦੀਆਂ, ਦੋ ਮਹੀਨੇ ਹੋ ਗਏ ਬੱਖੀਆਂ ਨੂੰ ਸੇਕ ਦਿੰਦੀ ਨੂੰ।

ਤੇ ਵਿਚਾਰੀ ਬਬਲੀ ਨੂੰ ਚੜ੍ਹਦਾ ਤਾਂ ਤੇਈਆ ਸੀ ਦੁਆਈ ਢਿੱਡ ਦੁਖਣੇ ਦੀ ਦੇਈ ਜਾਂਦੇ ਐ, ਉਹਨੇ ਤਾਂ ਕੀ ਠੀਕ ਹੋਣਾ ਸੀ, ਅੱਜ ਕੱਲ ਬਲਵੰਤ ਕੌਰ ਵੀ ਢਿੱਲੀ-ਮੱਠੀ ਰਹਿਣ ਲੱਗ ਪਈ ਐ।

ਬਾਬਿਆਂ ਨੂੰ ਫੋਨ ਕਰੋ ਤਾਂ ਆਂਹਦੇ ਨੇ 'ਬਬਲੀ ਨੂੰ ਲੈ ਕੇ ਲੰਡਨ ਈ ਆ ਜਾ ਤੇ ਸਰਦਾਰਾ ਸਿਹੁੰ ਨੂੰ ਕਹਿ ਲੀਕੁਅਰ ਸਟੋਰਾਂ ਦਾ ਕੰਮ ਛੱਡ ਦੇਵੇ।

***-ਐਸ. ਅਸ਼ੋਕ ਭੌਰਾ***



ਖਾਲਸਾ ਪੰਥ

# ਨਾਨਕਸ਼ਾਹੀ ਕੈਲੰਡਰ ਵਿਚ ਕੁਝ ਗੰਭੀਰ ਤਰੁਟੀਆਂ

*ਨਾਨਕਸ਼ਾਹੀ ਕੈਲੰਡਰ ਇਕ ਵਾਰ ਫਿਰ ਵਿਵਾਦ ਵਿਚ ਹੈ। ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਇਹ ਲੇਖ ਕਈ ਸਾਲ ਪਹਿਲਾਂ ਲਿਖਿਆ ਸੀ ਪਰ ਉਨ੍ਹਾਂ ਵਲੋਂ ਉਠਾਏ ਗਏ ਨੁਕਤੇ ਅੱਜ ਵੀ ਉਨੇ ਹੀ ਅਹਿਮ ਹਨ। ਪਾਠਕਾਂ ਤੋਂ ਇਸ ਲੇਖ ਬਾਰੇ ਉਨ੍ਹਾਂ ਦੇ ਵਿਚਾਰਾਂ ਦੀ ਸਾਨੂੰ ਉਡੀਕ ਰਹੇਗੀ। -ਸੰਪਾਦਕ*


**ਡਾ. ਜਸਬੀਰ ਸਿੰਘ ਆਹਲੂਵਾਲੀਆ**

ਨਾਨਕਸ਼ਾਹੀ ਕੈਲੰਡਰ ਦੀ ਸਮੱਸਿਆ ਕਈ ਸਾਲਾਂ ਤੋਂ ਚਲੀ ਆ ਰਹੀ ਹੈ ਤੇ ਇਸ ਸਬੰਧੀ ਵਾਦ-ਵਿਵਾਦ ਨੇ ਕਈ ਮੋੜ ਕੱਟੇ ਹਨ। ਕਿਸੇ ਸਮੇਂ ਕੈਨੇਡਾ ਨਿਵਾਸੀ ਸ. ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਕੀਤੇ ਨਾਨਕਸ਼ਾਹੀ ਕੈਲੰਡਰ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ ਦੇ ਸਿਲਸਿਲੇ ਵਿਚ ਸ੍ਰੀ ਅਕਾਲ ਤਖ਼ਤ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ ਤਿੱਖਾ ਵਿਰੋਧ ਰਿਹਾ ਹੈ। ਨਾਨਕਸ਼ਾਹੀ ਕੈਲੰਡਰ (ਭਾਵੇਂ ਕਿਸੇ ਵੀ ਰੂਪ ਵਿਚ ਹੋਵੇ) ਇਕ ਬਹੁਤ ਹੀ ਅਹਿਮ ਮਸਲਾ ਹੈ ਜਿਸਨੂੰ ਤਰਕ ਪੱਖੋਂ ਵਿਚਾਰਨਾ ਚਾਹੀਦਾ ਹੈ, ਨਾ ਕਿ ਭਾਵਨਾਤਮਕ ਤੌਰ 'ਤੇ ਹੀ।

ਸਿੱਖਾਂ ਲਈ ਵੱਖਰੇ (ਨਾਨਕਸ਼ਾਹੀ ਕੈਲੰਡਰ) ਅਪਨਾਉਣ ਲਈ ਮੋਟੇ ਤੌਰ 'ਤੇ ਦੋ ਦਲੀਲਾਂ ਦਿਤੀਆਂ ਗਈਆਂ ਹਨ। ਪਹਿਲੀ ਦਲੀਲ ਇਹ ਹੈ ਕਿ ਹਰ ਧਰਮ ਦਾ ਆਪਣਾ-ਆਪਣਾ ਵੱਖਰਾ ਕੈਲੰਡਰ ਹੈ ਜੋ ਉਸ ਧਰਮ ਦੀ ਵਿਲੱਖਣਤਾ ਦਾ ਲਖਾਇਕ ਹੈ। ਸਿੱਖ ਮਤਿ ਵੀ ਵਿਲੱਖਣ, ਤੇ ਹੋਰਨਾਂ ਧਰਮਾਂ ਤੋਂ ਵੱਖਰਾ ਮਜ਼ਬ ਹੈ, ਇਸ ਲਈ ਇਸ ਦੀ ਸਵੈ-ਪਛਾਣ ਵਜੋਂ ਵੱਖਰਾ ਸਿੱਖ ਕੈਲੰਡਰ ਜ਼ਰੂਰੀ ਹੈ। ਦੂਸਰੀ ਦਲੀਲ ਇਹ ਦਿੱਤੀ ਜਾਂਦੀ ਰਹੀ ਹੈ ਕਿ ਬਿਕਰਮੀ ਸੰਮਤ (ਜਿਸਨੂੰ ਹਿੰਦੂ ਕੈਲੰਡਰ ਤਸੱਵਰ ਕੀਤਾ ਗਿਆ ਹੈ) ਅਨੁਸਾਰ ਗੁਰਪੁਰਬਾਂ ਆਦਿ ਦੀਆਂ ਮਿਤੀਆਂ ਪੱਛਮੀ ਕੈਲੰਡਰ, ਜਿਸ ਅਨੁਸਾਰ ਅਸੀਂ ਹੁਣ ਵਿਚਰ ਰਹੇ ਹਾਂ, ਵਿਚ ਹਰ ਸਾਲ ਬਦਲ ਜਾਂਦੀਆਂ ਹਨ। ਇਸ ਲਈ ਗੁਰਪੁਰਬਾਂ, ਹੋਰ ਇਤਿਹਾਸਕ ਦਿਹਾੜਿਆਂ ਤੇ ਤਿਓਹਾਰਾਂ ਦੀਆਂ ਮਿਤੀਆਂ ਹਮੇਸ਼ਾ-ਹਮੇਸ਼ਾ ਲਈ ਇਕਸਾਰਤਾ ਅਨੁਸਾਰ ਨਿਸ਼ਚਿਤ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਦੋਹਾਂ ਦਲੀਲਾਂ ਦਾ ਵਿਸ਼ਲੇਸ਼ਣ ਜ਼ਰੂਰੀ ਹੈ।

ਇਹ ਸੱਚ ਹੈ ਕਿ ਸਿੱਖ ਮਤਿ ਇਕ ਵਿਲੱਖਣ ਤੇ ਵੱਖਰਾ ਧਰਮ ਹੈ ਜਿਸ ਦੀ ਆਪਣੀ ਵਿਸ਼ਿਸ਼ਟ ਸਿਧਾਂਤਕ ਦਾਰਸ਼ਨਿਕ, ਸੰਸਥਾਤਮਕ ਤੇ ਭਾਈਚਾਰਕ ਸਵੈ-ਪਛਾਣ ਹੈ। ਪੰਜ ਕਕਾਰੀ ਖਾਲਸਾਈ ਨਿਆਰਾਪਣ 'ਜਬ ਲਗ ਖਾਲਸਾ ਰਹੇ ਨਿਆਰਾ...' ਇਸ ਸਵੈ-ਪਛਾਣ ਦਾ ਅਟੁੱਟ ਪਹਿਲੂ ਹੈ। ਸਿੱਖ ਫ਼ਲਸਫ਼ਾ ਵਿਸ਼ਾਲ ਅਰਥ ਵਿਚ ਹਿੰਦੂ ਧਰਮ ਦੇ ਆਧਾਰ-ਰੂਪੀ ਖੱਟ ਦਰਸ਼ਨ (ਸਾਖ, ਯੋਗ, ਵੈਸ਼ੇਸ਼ਕ, ਨਿਆਇ, ਮਿਮਾਂਸ ਤੇ ਵੇਦਾਂਤ) ਤੋਂ ਵਿਭਿੰਨ ਹੈ। ਸਿੱਖ ਮਤਿ ਵਿਚ ਪਰੰਪਰਾਗਤ ਛੇ ਭੇਖਾਂ ਤੇ ਛੇ ਕਰਮਾਂ ਨੂੰ ਵੀ ਸਵੀਕਾਰ ਨਹੀਂ ਕੀਤਾ ਗਿਆ। ਮੱਧ-ਕਾਲ ਦੀਆਂ ਹਿੰਦੂ ਭਗਤੀ ਲਹਿਰਾਂ (ਨਿਰਗੁਣ ਤੇ ਸਰਗੁਣ) ਵੀ ਸਿੱਖ ਭਗਤੀ ਤੋਂ ਮੂਲਕ ਤੌਰ 'ਤੇ ਵੱਖਰੀਆਂ ਹਨ। ਸਿੱਖ ਦਰਸ਼ਨ ਵਿਚ ਰਚਨਹਾਰ ਤੇ ਰਚਨਾ ਦੇ ਹਿੰਦੂ ਫ਼ਲਸਫ਼ੇ ਦੇ ਅੰਤਰਗਤ ਸਬੰਧਾਂ (ਵਿਵਰਤਵਾਦ, ਸਤਕਾਰਜਵਾਦ) ਨੂੰ ਵੀ ਪ੍ਰਵਾਨ ਨਹੀਂ ਕੀਤਾ ਗਿਆ। ਗੁਰਬਾਣੀ ਦਾ ਰਚਨਾ-ਸਿਧਾਂਤ ਇਸਾਈ ਫ਼ਲਸਫ਼ੇ ਦੇ ਨਿਰੰਤਰ ਰਚਨਾ ਦੇ ਸੰਕਲਪ ਤੋਂ ਵੀ ਵੱਖ ਹੈ। ਧਰਮ ਹਸਤੀ ਬਾਰੇ ਸਿੱਖ ਮਜ਼ਬ ਦਾ ਅਪਰੰਪਾਰ (Transcendental) ਸੰਕਲਪ ਇਸਲਾਮੀ ਅਪਰੰਪਾਰਤਾ ਤੋਂ ਵੀ ਵਿਲੱਖਣ ਹੈ। ਸਿੱਖ ਫ਼ਲਸਫ਼ੇ ਦੇ ਇਨ੍ਹਾਂ ਦਾਰਸ਼ਨਿਕ ਸੰਕਲਪਾਂ ਦਾ ਵਿਸ਼ਲੇਸ਼ਣ ਮੈਂ ਆਪਣੀਆਂ ਦੋ ਪੁਸਤਕਾਂ, "ਦਾ ਸਾਰਨਿਟੀ ਆਫ ਸਿੱਖ ਡੌਕਟਰਾਈਨ" ਅਤੇ "ਇਕੀਵੀਂ ਸਦੀ ਦੇ ਸੰਦਰਭ ਵਿਚ ਸਿੱਖ ਫ਼ਲਸਫਾ"-ਵਿਚ ਵਿਸ਼ੇਸ਼ ਤੌਰ 'ਤੇ ਕੀਤਾ ਹੈ। ਪਰ ਨਾਲ ਹੀ ਇਹ ਸੱਚਾਈ ਵੀ ਸਵੀਕਾਰ ਕਰਨੀ ਹੋਵੇਗੀ ਕਿ ਕੋਈ ਵੀ ਧਰਮ ਸਾਂਸਕ੍ਰਿਤਕ ਖਿਲਾਅ ਵਿਚ ਨਾ ਪੈਦਾ ਹੁੰਦਾ ਹੈ, ਨਾ ਵਿਕਾਸ ਕਰਦਾ ਹੈ। ਹਰ ਨਵਾਂ ਧਰਮ ਆਪਣੇ ਸਾਂਸਕ੍ਰਿਤਕ ਵਿਰਸੇ ਅਤੇ ਸੰਦਰਭ 'ਚੋਂ ਕੁੱਝ ਅੰਸ਼ ਲੈ ਕੇ ਇਨ੍ਹਾਂ ਨੂੰ ਨਵੇਂ ਅਰਥ ਦੇ ਕੇ ਆਪਣੇ ਵਿਚ ਸਮੋ ਲੈਂਦਾ ਹੈ। ਪੰਜਾਬੀ ਭਾਸ਼ਾ ਤੇ ਗੁਰਮੁਖੀ ਦੇ ਅੱਖਰ ਗੁਰੂ ਸਾਹਿਬਾਨ ਤੋਂ ਪਹਿਲੋਂ ਵੀ ਮੌਜੂਦ ਸਨ ਜਿਨ੍ਹਾਂ ਨੂੰ ਅਸੀਂ ਅਪਨਾਇਆ ਹੈ। ਏਸੇ ਤਰ੍ਹਾਂ ਬਿਕਰਮੀ ਸੰਮਤ ਵੀ ਗੁਰੂ-ਕਾਲ ਤੋਂ ਪਹਿਲੋਂ ਤੋਂ ਪ੍ਰਚੱਲਤ ਸੀ। ਦਸਮ ਗ੍ਰੰਥ ਦੀਆਂ ਬਾਣੀਆਂ/ਰਚਨਾਵਾਂ ਵਿਚ ਬਿਕਰਮੀ ਸੰਮਤ ਤੇ ਇਸ ਦੀਆਂ ਤਿੱਥਾਂ ਅੰਕਤ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਬਿਕਰਮੀ ਸੰਮਤ ਅਨੁਸਾਰ ਖਾਲਸੇ ਦੀ ਸਿਰਜਨਾ ਲਈ ਪਹਿਲੀ ਵਿਸਾਖ ਦਾ ਇਤਿਹਾਸਕ ਦਿਨ ਚੁਣਿਆ ਸੀ। ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਵੀ ਗੁਰੂ ਅਰਜਨ ਦੇਵ ਜੀ ਨੇ ਬਿਕਰਮੀ ਸੰਮਤ ਅਨੁਸਾਰ ਭਾਦੋਂ ਸੁਦੀ 1 ਨੂੰ ਕੀਤਾ ਸੀ। ਕਹਿਣ ਦਾ ਭਾਵ ਇਹ ਹੈ ਕਿ ਬਿਕਰਮੀ ਸੰਮਤ ਅਨੁਸਾਰ ਗੁਰਪੁਰਬਾਂ ਆਦਿ ਦੀਆਂ ਮਿਤੀਆਂ ਦਾ ਨਿਰਧਾਰਣ ਸਿੱਖ ਵਿਲੱਖਣਤਾ ਨੂੰ ਭੰਗ ਨਹੀਂ ਕਰਦਾ। ਬਿਕਰਮੀ ਸੰਮਤ, ਨਾਨਕਸ਼ਾਹੀ ਕੈਲੰਡਰ ਜਾਂ ਗਰੈਗੋਰੀਅਨ ਕੈਲੰਡਰ (ਜਿਸ ਨੂੰ ਬਹੁਤੇ ਲੋਕ ਈਸਾਈ ਕੈਲੰਡਰ ਤਸੱਵਰ ਕਰਨ ਦੀ ਗਲਤੀ ਕਰਦੇ ਹਨ) ਦੇ ਸੁਆਲ ਨੂੰ ਧਾਰਮਿਕ ਪਛਾਣ ਨਾਲ ਜੋੜ ਕੇ ਕੇਵਲ ਭਾਵਨਾਵਾਂ ਨੂੰ ਉਤੇਜਿਤ ਕਰਨਾ ਹੀ ਹੈ। ਕਿਉਂਕਿ ਕੋਈ ਵੀ ਦੋ ਕੈਲੰਡਰ ਸਮਾਨਾਂਤਰ ਨਹੀਂ ਹੁੰਦੇ, ਇਸ ਲਈ ਇਕ ਕੈਲੰਡਰ ਦੀਆਂ ਮਿਤੀਆਂ ਦੂਸਰੇ ਕੈਲੰਡਰ ਦੀ ਸਮੇਂ ਦੀ ਤਰਤੀਬ ਵਿਚ ਤਬਦੀਲ ਕਰਨ ਨਾਲ (ਦੂਸਰੇ ਕੈਲੰਡਰ ਵਿਚ) ਹਰ ਸਾਲ ਇਕਸਾਰ ਨਹੀਂ ਰਹਿ ਸਕਦੀਆਂ। ਈਸਾਈ ਧਰਮ ਵਿਚ ਯਸੂ ਮਸੀਹ ਨੂੰ ਸੂਲੀ 'ਤੇ ਟੰਗਣ ਦੇ ਦਿਨ ਨੂੰ ਵਿਸ਼ੇਸ਼ ਮਹੱਤਤਾ ਪ੍ਰਾਪਤ ਹੈ ਜਿਸ ਨੂੰ ਸ਼ੁਭ ਸ਼ੁਕਰਵਾਰ (ਗੁੱਡ ਫ਼ਰਾਈਡੇ) ਕਿਹਾ ਜਾਂਦਾ ਹੈ। ਗਰੈਗੋਰੀਅਨ ਕੈਲੰਡਰ ਵਿਚ ਵੀ, ਜਿਸਨੂੰ ਭੁਲੇਖੇ ਨਾਲ ਕਈ ਲੋਕ, ਸਮੇਤ ਵਿਦਵਾਨਾਂ ਦੇ, ਈਸਾਈ ਕੈਲੰਡਰ ਕਹਿ ਬੈਠਦੇ ਹਨ। "ਸ਼ੁਭ ਸ਼ੁਕਰਵਾਰ" (ਗੁੱਡ ਫਰਾਈਡੇ) ਦੀਆਂ ਮਿਤੀਆਂ ਬਦਲਦੀਆਂ ਰਹਿੰਦੀਆਂ ਹਨ। ਸੰਨ 2000 ਵਿਚ "ਸ਼ੁਭ ਸ਼ੁਕਰਵਾਰ" 21 ਅਪ੍ਰੈਲ ਨੂੰ ਮਨਾਇਆ ਗਿਆ। ਸੰਨ 2001 ਵਿਚ 13 ਅਪ੍ਰੈਲ ਨੂੰ, ਸੰਨ 2002 ਵਿਚ 29 ਮਾਰਚ ਨੂੰ ਤੇ ਸੰਨ 2003 ਵਿਚ ਇਹ ਪਾਵਨ ਦਿਵਸ 18 ਅਪ੍ਰੈਲ ਨੂੰ ਮਨਾਇਆ ਗਿਆ। ਪ੍ਰਸਤਾਵਿਤ ਨਾਨਕਸ਼ਾਹੀ ਕੈਲੰਡਰ ਦੇ ਮਾਨਯੋਗ ਮੁੱਦਈ ਅਸਲੀਅਤ ਵਿਚ ਕੀ ਕਹਿ ਰਹੇ ਹਨ? ਉਹ ਗਰੈਗੋਰੀਅਨ ਕੈਲੰਡਰ ਵਿਚ ਗੁਰਪੁਰਬਾਂ ਆਦਿ ਦੀਆਂ ਹਰ ਸਾਲ ਇਕੋ (ਪੱਕੀਆਂ) ਮਿਤੀਆਂ ਵੇਖਣਾ ਚਾਹੁੰਦੇ ਹਨ। (ਮਿਸਾਲ ਵਜੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਹਰ ਸਾਲ ਗਰੈਗੋਰੀਅਨ ਕੈਲੰਡਰ ਵਿਚ 5 ਜਨਵਰੀ ਨੂੰ)। ਫਿਰ ਇਸ ਗਰੈਗੋਰੀਅਨ ਕੈਲੰਡਰ ਦੀ 5 ਜਨਵਰੀ ਦੇ ਸਮਾਨਾਂਤਰ ਨਾਨਕਸ਼ਾਹੀ ਕੈਲੰਡਰ ਦੀ 23 ਪੋਹ ਦੀ ਮਿਤੀ ਨਿਸ਼ਚਿਤ ਕਰ ਦਿਤੀ ਗਈ ਹੈ। ਜੇਕਰ ਮਸਲਾ ਗੁਰਪੁਰਬਾਂ ਤੇ ਹੋਰ ਇਤਿਹਾਸਕ ਦਿਹਾੜਿਆਂ ਲਈ ਗਰੈਗੋਰੀਅਨ ਕੈਲੰਡਰ ਅਨੁਸਾਰ ਪੱਕੀਆਂ ਤਾਰੀਖਾਂ ਕਰਨ ਦਾ ਹੀ ਹੈ ਫਿਰ ਇਹ ਮਸਲਾ ਤਾਂ ਨਾਨਕਸ਼ਾਹੀ ਕੈਲੰਡਰ ਤੋਂ ਬਿਨਾ ਵੀ ਹਲ ਹੋ ਸਕਦਾ ਹੈ, ਜਿਵੇਂ ਅਸੀਂ ਗਰੈਗੋਰੀਅਨ ਕੈਲੰਡਰ ਅਨੁਸਾਰ ਹਰ ਸਾਲ ਫਤਿਹਗੜ੍ਹ ਸਾਹਿਬ ਸ਼ਹੀਦੀ ਜੋੜ ਮੇਲੇ ਲਈ ਦਸੰਬਰ ਦੇ ਚੌਥੇ ਹਫਤੇ ਵਿਚ ਮਿਤੀਆਂ ਨਿਸ਼ਚਿਤ ਕੀਤੀਆਂ ਹੋਈਆਂ ਹਨ।

ਨਾਨਕਸ਼ਾਹੀ ਕੈਲੰਡਰ ਬਣਾਉਣ ਦੀ ਗੱਲ ਭਾਵੇਂ ਗੁਰਪੁਰਬਾਂ ਆਦਿ ਲਈ ਪੱਕੀਆਂ ਮਿਤੀਆਂ ਨਿਸ਼ਚਿਤ ਕਰਨ ਤੋਂ ਚੱਲੀ ਸੀ ਪਰ ਹੁਣ ਇਸਨੂੰ ਸਿੱਖ ਵਿਲੱਖਣਤਾ ਨਾਲ ਜੋੜ ਦਿਤਾ ਗਿਆ ਹੈ, ਇਸ ਦਲੀਲ ਦੇ ਆਧਾਰ 'ਤੇ ਕਿ ਜਿਵੇਂ ਹੋਰਨਾਂ ਧਰਮਾਂ ਦੇ ਆਪਣੇ-ਆਪਣੇ ਕੈਲੰਡਰ ਹਨ, ਏਸੇ ਤਰ੍ਹਾਂ ਸਿੱਖ ਮਜ਼ਬ ਦਾ ਵੀ ਆਪਣਾ ਵੱਖਰਾ ਕੈਲੰਡਰ ਹੋਣਾ ਚਾਹੀਦਾ ਹੈ। ਵਿਸ਼ਵ ਇਤਿਹਾਸ ਉੱਪਰ ਸਭ ਤੋਂ ਵਧ ਜਿਸ ਮਜ਼ਬ ਦਾ ਪ੍ਰਭਾਵ ਪਿਆ ਹੈ ਉਹ ਹੈ ਈਸਾਈ ਧਰਮ। ਪਰ ਈਸਾਈ ਮਤਿ ਦਾ ਕੋਈ ਇਕ ਵਿਸ਼ੇਸ਼ ਕੈਲੰਡਰ ਨਹੀਂ। ਆਪਣੇ ਆਰੰਭ ਤੋਂ ਲੈ ਕੇ 1500 ਸਾਲਾਂ ਤੱਕ ਈਸਾਈ ਚਰਚ ਜੂਲੀਅਨ ਕੈਲੰਡਰ ਦੀ ਵਰਤੋਂ ਕਰਦਾ ਰਿਹਾ, ਜਿਸਨੂੰ ਰੋਮ ਦੇ ਸ਼ਹਿਨਸ਼ਾਹ ਜੂਲੀਅਸ ਸੀਜ਼ਰ ਨੇ ਵਿਧੀਵਤ ਤੌਰ 'ਤੇ ਰੋਮਨ ਸਲਤਨਤ ਵਿਚ ਲਾਗੂ ਕੀਤਾ ਸੀ। ਰੋਮਨ ਕੈਥੋਲਿਕ ਚਰਚ ਨੇ ਪਹਿਲੀ ਵਾਰ ਜੂਲੀਅਨ ਕੈਲੰਡਰ ਦੀ ਥਾਂ ਸੰਨ 1582 ਵਿਚ ਗਰੈਗੋਰੀਅਨ ਕੈਲੰਡਰ ਅਪਨਾਇਆ। ਮੱਧ-ਕਾਲ ਵਿਚ ਈਸਾਈ ਚਰਚ ਦੀ ਸਰਦਾਰੀ ਹੇਠ ਆਏ ਯੂਰਪ ਵਿਚ ਸੰਨ 1582 ਤੋਂ ਪਹਿਲੋਂ ਜੂਲੀਅਨ ਕੈਲੰਡਰ ਹੀ ਵਰਤਿਆ ਜਾਂਦਾ ਰਿਹਾ। ਇੰਗਲੈਂਡ, ਅਮਰੀਕਾ ਆਦਿ ਦੇਸ਼ਾਂ ਵਿਚ ਇਹ ਗਰੈਗੋਰੀਅਨ ਕੈਲੰਡਰ ਅਠਾਰ੍ਹਵੀਂ ਸਦੀ ਦੇ ਅੱਧ ਵਿਚ ਪ੍ਰਵਾਨ ਕੀਤਾ ਗਿਆ। ਰੂਸ ਵਿਚ ਰੂਸੀ ਚਰਚ ਨੇ ਇਸ ਗਰੈਗੋਰੀਅਨ ਕੈਲੰਡਰ ਨੂੰ ਪ੍ਰਵਾਨ ਹੀ ਨਹੀਂ ਕੀਤਾ। 1917 ਦੇ ਬੌਲਸ਼ਵਿਕ ਇਨਕਲਾਬ ਤੋਂ ਬਾਅਦ ਲੈਨਿਨ ਨੇ ਇਸ ਗਰੈਗੋਰੀਅਨ ਕੈਲੰਡਰ ਨੂੰ ਅਪਨਾਇਆ। ਪਰ ਇਨ੍ਹਾਂ ਤੱਥਾਂ ਦੇ ਬਾਵਜੂਦ ਸਾਡੇ ਕੁੱਝ ਲੋਕ ਇਸ ਗਰੈਗੋਰੀਅਨ ਕੈਲੰਡਰ ਨੂੰ ਈਸਾਈ ਕੈਲੰਡਰ ਕਹਿਣ ਦੀ ਗਲਤੀ ਕਰਦੇ ਹਨ। ਸ਼ਾਇਦ ਭੁਲੇਖਾ ਇਸ ਕਰਕੇ ਪੈਂਦਾ ਰਿਹਾ ਹੈ ਕਿ ਇਸ ਸੰਮਤ ਨਾਲ ਬੀ.ਸੀ. (ਪੂਰਵ-ਈਸਾ) ਤੇ ਏ.ਡੀ. (ਉਤਰ-ਈਸਾ) ਜੋੜਿਆ ਜਾਂਦਾ ਰਿਹਾ ਹੈ। ਪਰ ਇਹ ਪੁਰਾਣੀ ਰਵਾਇਤ ਸੀ। ਹੁਣ ਇਸ ਕੈਲੰਡਰ ਅਰਥਾਤ ਸੰਮਤ ਨਾਲ ਸੀ. ਈ. ਅਰਥਾਤ ਸਾਂਝਾ ਸੰਮਤ (ਕਾਮਨ ਈਰਾ) ਵਰਤਿਆ ਜਾਂਦਾ ਹੈ ਜੋ ਅੱਜ ਵਿਸ਼ਵ ਭਰ ਵਿਚ ਪ੍ਰਧਾਨ ਕੈਲੰਡਰ ਹੈ। ਇਸ ਲੇਖ ਵਿਚ ਗਰੈਗੋਰੀਅਨ ਕੈਲੰਡਰ ਦੀ ਸ਼ਬਦਾਵਲੀ ਦੀ ਥਾਂ "ਵਿਸ਼ਵ ਵਿਆਪੀ ਸਾਂਝਾ ਸੰਮਤ" ਜਾਂ ਕਾਮਨ ਈਰਾ (ਸੀ.ਈ.) ਦਾ ਨਾਮ ਵਰਤਿਆ ਜਾਵੇਗਾ ਕਿਉਂਕਿ ਸਾਰੀ ਦੁਨੀਆਂ ਵਿਚ ਇਸ ਨੂੰ ਹੁਣ ਕਾਮਨ ਈਰਾ ਕਿਹਾ ਜਾਂਦਾ ਹੈ। ਈਸਾਈ ਜਗਤ ਵਿਚ ਇਕ ਨਿਰੋਲ ਈਸਾਈ ਕੈਲੰਡਰ ਦੀ ਮੰਗ ਕਦੇ ਵੀ ਨਹੀਂ ਉੱਠੀ। ਕਿਉਂਕਿ ਕੈਲੰਡਰ ਅਥਵਾ ਸੰਮਤ ਦਾ ਸੰਬੰਧ ਸਮੇਂ ਦੀ ਤਰਤੀਬ-ਵਿਵਸਥਾ ਨਾਲ ਹੈ, ਕਿਸੇ ਧਰਮ ਦੇ ਸਿਧਾਂਤ ਜਾਂ ਸਿਧਾਂਤਕ ਪਛਾਣ ਨਾਲ ਨਹੀਂ।




ਇੱਕ ਦਲੀਲ ਇਹ ਵੀ ਦਿੱਤੀ ਜਾ ਰਹੀ ਹੈ ਕਿ ਜੇਕਰ ਅਸਾਂ ਇਤਿਹਾਸਕ ਪੁਰਬਾਂ ਦੀਆਂ ਮਿਤੀਆਂ ਨਿਸ਼ਚਿਤ ਨਾ ਕੀਤੀਆਂ ਤੇ ਬਿਕਰਮੀ ਸੰਮਤ ਹੀ ਅਪਨਾਉਂਦੇ ਰਹੇ ਤਾਂ ਇਸ ਕੈਲੰਡਰ ਅਨੁਸਾਰ 13000 ਸਾਲਾਂ ਬਾਅਦ ਵਿਸਾਖੀ ਅਕਤੂਬਰ ਵਿਚ ਆਵੇਗੀ। ਸੋ ਇਹ "ਭਾਣਾ" ਵਰਤਣ ਤੋਂ ਪਹਿਲੋਂ ਹੁਣੇ ਹੀ ਉਪਾਅ ਕਰ ਲੈਣਾ ਚਾਹੀਦਾ ਹੈ। 13000 ਸਾਲਾਂ ਬਾਅਦ ਸਭਿਅਤਾ ਦੀ ਕੀ ਰੂਪ-ਰੇਖਾ ਹੋ ਸਕਦੀ ਹੈ, ਇਹ ਨਵਾਂ ਕੈਲੰਡਰ ਬਣਾਉਣ ਵਾਲੇ ਹੀ ਦਸ ਸਕਦੇ ਹਨ!!

ਪ੍ਰਸਤਾਵਿਤ (ਅਰੰਭਕ/ਸੰਸ਼ੋਧਿਤ) ਨਾਨਕਸ਼ਾਹੀ ਕੈਲੰਡਰ ਦੀ ਰੂਪ-ਰੇਖਾ ਕੀ ਹੈ? ਸ਼੍ਰੋਮਣੀ ਕਮੇਟੀ ਤੇ ਫਿਰ ਸ੍ਰੀ ਅਕਾਲ ਤਖ਼ਤ ਵਲੋਂ ਬਣਾਈਆਂ ਕਮੇਟੀਆਂ ਨੇ ਨਾਨਕਸ਼ਾਹੀ ਕੈਲੰਡਰ ਦੀ ਜੋ ਬਣਤਰ ਤਿਆਰ ਕੀਤੀ ਹੈ ਉਸਦਾ ਵਿਸ਼ਲੇਸ਼ਣ ਇਸਦੇ ਤਾਣੇ-ਪੇਟੇ ਵਿਚ ਵਿਚਰ ਰਹੀਆਂ ਕਮਜ਼ੋਰੀਆਂ, ਸਵੈ-ਵਿਰੋਧਤਾਵਾਂ ਅਨਿਯਮਿਤਾਵਾਂ (Arbitrariness) ਤੇ ਵਿਵਹਾਰਿਕ ਕਠਿਨਾਈਆਂ ਨੂੰ ਸਾਹਮਣੇ ਲਿਆਉਂਦਾ ਹੈ। ਸਭ ਤੋਂ ਵੱਡੀ ਸਵੈ-ਵਿਰੋਧਤਾ ਤਾਂ ਇਹ ਹੈ ਕਿ ਭਾਵੇਂ ਨਾਨਕਸ਼ਾਹੀ ਕੈਲੰਡਰ ਦਾ ਪਹਿਲਾ ਵਰ੍ਹਾ ਸੰਨ 1469 ਦੇ ਸਮਾਨਾਂਤਰ ਰੱਖਿਆ ਗਿਆ ਹੈ, ਅਰਥਾਤ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਵਰ੍ਹੇ ਦਾ ਪਹਿਲਾ ਦਿਨ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਨਹੀਂ ਰਖਿਆ ਗਿਆ, ਸਗੋਂ ਪਹਿਲਾ ਦਿਨ ਗੁਰੂ ਹਰਿ ਰਾਏ ਜੀ ਦਾ ਗੁਰਗੱਦੀ ਦਿਵਸ ਰਖਿਆ ਗਿਆ ਹੈ (ਚੇਤ=14 ਮਾਰਚ)। ਸ਼੍ਰੋਮਣੀ ਕਮੇਟੀ ਵਲੋਂ ਬਣਾਈ ਕਮੇਟੀ ਨੇ 30 ਜੂਨ 1999 ਨੂੰ ਆਪਣੀ ਮੀਟਿੰਗ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਦਿਵਸ ਨੂੰ ਬਿਕਰਮੀ ਕੈਲੰਡਰ ਦੀ ਕੱਤਕ ਦੀ ਪੂਰਨਮਾਸ਼ੀ ਨੂੰ ਹੀ ਕਾਇਮ ਰੱਖਣ ਦਾ ਨਿਰਣਾ ਕੀਤਾ ਹੋਇਆ ਹੈ। ਕਿਉਂਕਿ 20ਵੀਂ ਸਦੀ ਦੇ ਅਰੰਭ ਵਿਚ ਸਿੱਖ ਹਲਕਿਆਂ 'ਚ ਕਈ ਸਾਲ ਇਹ ਬਹਿਸ ਚਲਦੀ ਰਹੀ ਕਿ ਗੁਰੂ ਨਾਨਕ ਨੇ ਕੱਤਕ ਜਾਂ ਵਿਸਾਖ ਵਿਚ ਅਵਤਾਰ ਧਾਰਿਆ ਸੀ। ਅੰਤ ਨਿਰਣਾ ਕੱਤਕ ਦੀ ਪੂਰਨਮਾਸ਼ੀ ਦੇ ਹੱਕ ਵਿਚ ਹੋਇਆ ਤੇ ਪਿਛਲੇ ਸੌ ਸਾਲਾਂ ਤੋਂ ਬਿਕਰਮੀ ਸੰਮਤ ਦੀ ਕੱਤਕ ਪੂਰਣਮਾਸੀ ਨੂੰ ਹੀ ਗੁਰੂ ਨਾਨਕ ਦੇਵ ਜੀ ਦਾ ਆਗਮਨ-ਪੁਰਬ ਮਨਾਇਆ ਜਾ ਰਿਹਾ ਹੈ। ਤਰਕ ਅਨੁਸਾਰ ਤਾਂ ਨਾਨਕਸ਼ਾਹੀ ਕੈਲੰਡਰ ਦਾ ਪਹਿਲਾ ਮਹੀਨਾ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਵਰ੍ਹਾ ਹੋਣਾ ਚਾਹੀਦਾ ਹੈ ਤੇ ਪਹਿਲਾ ਦਿਨ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਦਿਵਸ।

ਮਹਾਰਾਜਾ ਰਣਜੀਤ ਸਿੰਘ ਨੇ ਨਾਨਕਸ਼ਾਹੀ ਕੈਲੰਡਰ ਨੂੰ ਕੱਤਕ ਮਹੀਨੇ ਤੋਂ ਹੀ ਅਰੰਭ ਹੁੰਦਿਆਂ ਮੰਨਿਆ ਸੀ। ਭਾਵੇਂ ਪ੍ਰਸਤਾਵਿਤ (ਸੰਸ਼ੋਧਿਤ) ਨਾਨਕਸ਼ਾਹੀ ਕੈਲੰਡਰ ਚੇਤ ਮਹੀਨੇ ਤੋਂ ਆਰੰਭ ਹੋਵੇਗਾ ਪਰ ਪਹਿਲਾ ਦਿਨ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਨਹੀਂ ਹੋਵੇਗਾ, ਗੁਰੂ ਹਰਿ ਰਾਏ ਜੀ ਦੇ ਗੁਰਗੱਦੀ ਦਿਵਸ ਤੋਂ ਨਾਨਕਸ਼ਾਹੀ ਕੈਲੰਡਰ ਦਾ ਪਹਿਲਾ ਦਿਨ (ਚੇਤ 1) ਅਰੰਭ ਹੋਵੇਗਾ। ਨਾਨਕਸਾਹੀ ਕੈਲੰਡਰ ਦਾ ਅਰੰਭਕ ਮਹੀਨਾ ਚੇਤ ਇਸ ਲਈ ਰੱਖਿਆ ਹੈ ਕਿ "ਬਾਰਹ ਮਾਹਾ" ਬਾਣੀ ਚੇਤ ਤੋਂ ਆਰੰਭ ਹੁੰਦੀ ਹੈ। ਪਰ ਨਾਨਕਸਾਹੀ ਕੈਲੰਡਰ ਦੇ ਪਹਿਲੇ ਦਿਨ ਨੂੰ ਗੁਰੂ ਹਰਿ ਰਾਏ ਜੀ ਦੇ ਗੱਦੀ ਦਿਵਸ ਰੱਖਣ ਪਿੱਛੇ ਕੀ ਕਾਰਨ ਜਾਂ ਦਲੀਲ ਹੈ, ਇਸ ਬਾਰੇ ਕੁੱਝ ਸਪੱਸ਼ਟ ਨਹੀਂ। ਪਰ ਨਾਨਕਸ਼ਾਹੀ ਕੈਲੰਡਰ ਦੀ ਇਹ ਸਵੈ-ਵਿਰੋਧਤਾ ਰੜਕਦੀ ਰਹੇਗੀ। ਜੇ ਨਾਨਕਸ਼ਾਹੀ ਕੈਲੰਡਰ ਦਾ ਪਹਿਲਾ ਮਹੀਨਾ ਨਿਸ਼ਚਿਤ ਕਰਨ ਲਈ "ਬਾਰਹ ਮਾਹਾ" ਨੂੰ ਆਧਾਰ ਬਣਾਇਆ ਗਿਆ ਹੈ ਤਾਂ ਫਿਰ ਏਸੇ ਤਰਕ ਅਨੁਸਾਰ ਗੁਰਮੁਖੀ ਅੱਖਰਾਂ ਦੀ "ਪੈਂਤੀ" (ਵਰਣਮਾਲਾ) "ੳ" ਤੋਂ ਨਹੀਂ ਸਗੋਂ "ਸ" ਤੋਂ ਸ਼ੁਰੂ ਕਰ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ "ਪੱਟੀ" "ਸ" ਤੋਂ ਸ਼ੁਰੂ ਹੁੰਦੀ ਹੈ ਜਿਸ ਵਿਚ "ਪੈਂਤੀ" ਦੇ ਅੱਖਰਾਂ ਨੂੰ ਕ੍ਰਮ ਅਨੁਸਾਰ ਲੈ ਕੇ ਉਪਦੇਸ਼ ਦਿਤੇ ਗਏ ਹਨ। ਨਾਨਕਸ਼ਾਹੀ ਕੈਲੰਡਰ ਦੀ ਇਕ ਵੱਡੀ ਕਮਜ਼ੋਰੀ ਇਹ ਹੈ ਕਿ ਇਹ ਵਿਸ਼ਵ ਵਿਆਪੀ ਕਾਮਨ ਈਰਾ ਸੰਮਤ (ਗਰੈਗੋਰੀਅਨ) ਅਤੇ ਬਿਕਰਮੀ ਸੰਮਤ ਦਾ ਮਿਲਗੋਭਾ ਹੀ ਹੈ। ਇਸ ਵਿਚ ਖ਼ਾਲਸੇ ਦਾ ਸਿਰਜਣਾ ਦਿਵਸ ਬਿਕਰਮੀ ਸੰਮਤ ਅਨੁਸਾਰ ਪਹਿਲੀ ਵਿਸਾਖ (ਵਿਸਾਖੀ ਦਿਹਾੜਾ) ਹੀ ਰੱਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਛਤਰ ਛਾਇਆ ਹੇਠ ਬਣਾਈ ਗਈ ਕੈਲੰਡਰ ਕਮੇਟੀ ਵਲੋਂ 30 ਜੂਨ 1999 ਨੂੰ ਨਿਰਨਾ ਲਿਆ ਗਿਆ ਸੀ ਕਿ ਹੋਲਾ-ਮਹੱਲਾ ਬਿਕਰਮੀ ਸੰਮਤ ਅਨੁਸਾਰ ਹੁਣ ਵਾਂਗ ਹੋਲੀ ਦੇ ਨਾਲ ਲਗਵੇਂ ਦਿਨ ਹੀ ਮਨਾਇਆ ਜਾਵੇਗਾ। ਬੰਦੀ ਛੋੜ ਦਿਵਸ ਵਜੋਂ ਦੀਵਾਲੀ ਵੀ ਬਿਕਰਮੀ ਸੰਮਤ ਅਨੁਸਾਰ ਹੁਣ ਵਾਂਗ ਹੀ ਮਨਾਈ ਜਾਵੇਗੀ। ਸ. ਪਾਲ ਸਿੰਘ ਪੁਰੇਵਾਲ ਵਲੋਂ ਬਣਾਏ ਨਾਨਕਸ਼ਾਹੀ ਕੈਲੰਡਰ ਵਿਚ ਮਾਘੀ, ਹੋਲਾ-ਮਹੱਲਾ, ਦੀਵਾਲੀ (ਬੰਦੀ ਛੋੜ ਦਿਵਸ) ਬਿਕਰਮੀ ਸੰਮਤ ਦੀਆਂ ਮਿਤੀਆਂ ਤੋਂ ਅਲੱਗ ਕਰ ਦਿੱਤੀਆਂ ਗਈਆਂ ਸਨ। ਇਉਂ ਕਰਨ ਨਾਲ ਹਰ ਸਾਲ ਸਿੱਖ ਦੋ ਲੋਹੜੀਆਂ, ਦੋ ਮਾਘੀਆਂ, ਦੋ ਹੋਲੀਆਂ, ਦੋ ਦੀਵਾਲੀਆਂ (ਵੱਖ-ਵੱਖ ਦਿਨਾਂ ਨੂੰ) ਮਨਾਉਣਗੇ। ਸ. ਪੁਰੇਵਾਲ ਦੇ ਬਣਾਏ ਕੈਲੰਡਰ ਵਿਚ ਸਾਲ 2003 ਵਿਚ ਮਾਘੀ 13 ਜਨਵਰੀ ਨੂੰ ਰਖੀ ਗਈ ਸੀ ਜਦ ਕਿ ਬਿਕਰਮੀ ਸੰਮਤ ਅਨੁਸਾਰ ਮਾਘੀ ਤਿਉਹਾਰ 14 ਜਨਵਰੀ ਨੂੰ ਮਨਾਇਆ ਗਿਆ। ਇਸ ਸੰਦਰਭ ਵਿਚ ਇਹ ਭੁਲਾ ਦਿੱਤਾ ਗਿਆ ਕਿ ਸਿੱਖਾਂ ਤੇ ਹਿੰਦੂਆਂ ਦੀ ਸੰਪ੍ਰਜਾਤੀ (Ethnicity) ਇਕੋ ਹੈ-ਅਰਥਾਤ ਪੰਜਾਬੀਅਤ। ਪੰਜਾਬੀਅਤ ਨੂੰ ਦਰਸਾਉਂਦੇ ਤਿਓਹਾਰਾਂ ਨੂੰ ਹਿੰਦੂਆਂ ਤੇ ਸਿੱਖਾਂ ਵਲੋਂ ਵੱਖ-ਵੱਖ ਮਿਤੀਆਂ ਨੂੰ ਮਨਾਉਣਾ ਪੰਜਾਬੀਅਤ ਦੀ ਭਾਵਨਾ ਨੂੰ ਭੰਗ ਕਰਨਾ ਹੋਵੇਗਾ। ਸੰਖੇਪ ਵਿਚ, ਨਾਨਕਸ਼ਾਹੀ ਕੈਲੰਡਰ ਵਿਚ ਵਿਸ਼ਵਵਿਆਪੀ ਕਾਮਨ ਈਰਾ (ਗਰੈਗੋਰੀਅਨ) ਕੈਲੰਡਰ ਅਨੁਸਾਰ ਕੁੱਝ ਨਿਸ਼ਚਿਤ ਮਿਤੀਆਂ ਨੂੰ ਬਰਕਰਾਰ ਰੱਖ ਕੇ (ਜਿਵੇਂ ਕਿ ਸ਼ਹੀਦੀ ਜੋੜ ਮੇਲਾ) ਅਤੇ ਬਿਕਰਮੀ ਸੰਮਤ ਦੀਆਂ ਕੁਝ ਮਿਤੀਆਂ ਕਾਇਮ ਰੱਖ ਕੇ (ਜਿਵੇਂ ਕਿ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ) ਇਸ ਨਵੇਂ ਕੈਲੰਡਰ ਨੂੰ ਮਿਲਗੋਭਾ ਹੀ ਬਣਾ ਦਿੱਤਾ ਗਿਆ ਹੈ। ਵਿਚਾਰਾਧੀਨ ਨਾਨਕਸ਼ਾਹੀ ਕੈਲੰਡਰ ਦੀ ਇਕ ਬਹੁਤ ਵੱਡੀ ਅਨਿਯਮਿਤਾ ਬਹੁਤ ਸ਼ਿੱਦਤ ਨਾਲ ਰੜਕਦੀ ਹੈ। ਕਿਸ ਫਾਰਮੂਲੇ ਜਾਂ ਨਿਯਮ ਅਨੁਸਾਰ ਬਿਕਰਮੀ ਸੰਮਤ ਦੀਆਂ ਸਿੱਖ ਮਤਿ ਨਾਲ ਸਬੰਧਤ ਮਿਤੀਆਂ ਨੂੰ ਨਾਨਕਸ਼ਾਹੀ ਕੈਲੰਡਰ ਵਿਚ ਢਾਲਿਆ ਗਿਆ ਹੈ? ਇਕ ਮਿਸਾਲ ਦੇ ਕੇ ਮੈਂ ਪ੍ਰਸ਼ਨ ਨੂੰ ਸਪੱਸ਼ਟ ਕਰਾਂਗਾ। ਗੁਰੂ ਅਰਜਨ ਦੇਵ ਜੀ ਦੁਆਰਾ ਤਿਆਰ ਕੀਤੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਲਈ ਗੁਰੂ ਸਾਹਿਬ ਨੇ ਬਿਕਰਮੀ ਸੰਮਤ ਦੇ ਸਾਲ 1661 ਦੀ ਭਾਦੋਂ ਸੁਦੀ 1 ਨੂੰ ਚੁਣਿਆ ਸੀ। ਬਿਕਰਮੀ ਸੰਮਤ 1661 ਦੀ ਭਾਦੋਂ ਸੁਦੀ 1 ਵਿਸ਼ਵਵਿਆਪੀ ਕਾਮਨ ਈਰਾ ਕੈਲੰਡਰ (ਗਰੈਗੋਰੀਅਨ) ਅਨੁਸਾਰ ਅਰਥਾਤ ਸੰਨ 1604 ਦੇ ਅਗਸਤ ਮਹੀਨੇ ਵਿਚ ਪੈਂਦੀ ਹੈ ਪਰ ਸ. ਪੁਰੇਵਾਲ ਦੇ ਨਾਨਕਸਾਹੀ ਕੈਲੰਡਰ ਵਿਚ ਸ੍ਰੀ ਆਦਿ ਗ੍ਰੰਥ ਦੇ ਪਹਿਲੇ ਪ੍ਰਕਾਸ਼ ਲਈ ਪਹਿਲੀ ਸਤੰਬਰ ਮੁਕਰਰ ਕੀਤੀ ਗਈ ਹੈ ਜਿਸ ਦੇ ਸਮਾਨਾਂਤਰ ਨਾਨਕਸ਼ਾਹੀ ਕੈਲੰਡਰ ਦੀ ਮਿਤੀ 17 ਭਾਦੋਂ ਰੱਖੀ ਗਈ ਹੈ। ਕਿਸ ਆਧਾਰ ਤੇ? ਕਿਸ ਨਿਯਮ ਅਨੁਸਾਰ? ਕਿਸ ਫਾਰਮੂਲੇ ਤਹਿਤ? ਏਹੋ ਸੁਆਲ ਹੋਰ ਗੁਰਪੁਰਬਾਂ ਤੇ ਇਤਿਹਾਸਕ ਦਿਵਸਾਂ ਦੇ ਸਿਲਸਿਲੇ ਵਿਚ ਵੀ ਉਠਦਾ ਹੈ। ਇਕ ਫਾਰਮੂਲਾ ਤਾਂ ਇਹ ਹੋ ਸਕਦਾ ਹੈ ਕਿ ਜਿਸ ਬਿਕਰਮੀ ਵਰ੍ਹੇ ਵਿਚ ਜੋ ਗੁਰਪੁਰਬ ਆਉਂਦਾ ਹੋਵੇ ਉਸ ਦੀ ਬਿਕਰਮੀ ਮਿਤੀ ਨੂੰ ਉਸੇ ਬਿਕਰਮੀ ਸੰਮਤ ਦੇ ਸਮਾਨਾਂਤਰ ਗਰੈਗੋਰੀਅਨ ਕੈਲੰਡਰ ਵਿਚ ਢਾਲਿਆ ਜਾਵੇ (ਜਿਵੇਂ ਕਿ ਹੁਣ ਤੱਕ ਸਾਰੇ ਸਿੱਖ ਇਤਿਹਾਸ ਦੀਆਂ ਮਿਤੀਆਂ ਨੂੰ ਢਾਲਿਆ ਗਿਆ ਹੈ) ਅਤੇ ਫਿਰ ਇਨ੍ਹਾਂ ਮਿਤੀਆਂ ਨੂੰ ਨਾਨਕਸ਼ਾਹੀ ਮਹੀਨਿਆਂ ਅਨੁਸਾਰ ਤਰਤੀਬਬੱਧ ਕਰ ਲਿਆ ਜਾਵੇ। ਦੂਸਰਾ ਨਿਯਮ ਇਹ ਹੋ ਸਕਦਾ ਹੈ ਕਿ ਸੰਨ 1469 ਕਾਮਨ ਈਰਾ (ਗਰੈਗੋਰੀਅਨ) ਨੂੰ ਆਧਾਰ ਵਰ੍ਹਾ ਮੰਨ ਕੇ ਇਸ ਦੇ ਸਮਾਨਾਂਤਰ ਬਿਕਰਮੀ ਸੰਮਤ ਦੇ ਅੰਤਰਗਤ ਬਾਅਦ ਵਿਚ ਆਉਣ ਵਾਲੀਆਂ ਸਾਰੀਆਂ ਬਿਕਰਮੀ ਸਦੀਆਂ ਵਿਚ ਆਉਂਦੀਆਂ ਸਿੱਖ ਇਤਿਹਾਸਕ ਮਿਤੀਆਂ ਨੂੰ ਬਿਕਰਮੀ ਸਾਲ 1526 (=ਸੰਨ 1469 ਸੀ. ਈ.) ਕਰ ਲਿਆ ਜਾਵੇ, ਫਿਰ ਉਨ੍ਹਾਂ ਮਿਤੀਆਂ ਦੇ ਸਮਾਨਾਂਤਰ ਮਿਤੀਆਂ ਸੰਨ 1469 ਵਿਚ ਨਿਸ਼ਚਿਤ ਕਰ ਲਈਆਂ ਜਾਣ। ਉਪਰੰਤ ਸੰਨ 1469 ਵਿਚ ਨਿਸ਼ਚਿਤ ਮਿਤੀਆਂ ਨੂੰ ਨਾਨਕਸ਼ਾਹੀ ਮਹੀਨਿਆਂ ਵਿਚ ਕ੍ਰਮ-ਅਨੁਸਾਰ ਕਰ ਦਿੱਤਾ ਜਾਵੇ। ਉਪਰੋਕਤ ਦੋਵੇਂ ਤਰੀਕਿਆਂ ਨਾਲ ਨਿਯਮਤ ਢੰਗ ਨਾਲ ਪੱਕੀਆਂ ਤਾਰੀਖਾਂ ਤਾਂ ਨਿਸ਼ਚਿਤ ਹੋ ਜਾਣਗੀਆਂ ਪਰ ਇਸ ਗੱਲ ਨੂੰ ਬਿਲਕੁਲ ਯਕੀਨੀ ਨਹੀਂ ਬਣਾਇਆ ਜਾ ਸਕੇਗਾ ਕਿ ਅਸੀਂ ਗੁਰਪੁਰਬਾਂ ਅਤੇ ਹੋਰ ਇਤਿਹਾਸਕ ਦਿਹਾੜਿਆਂ ਨੂੰ ਠੀਕ ਉਨ੍ਹਾਂ ਦਿਨਾਂ ਅਨੁਸਾਰ ਹੀ ਮਨਾ ਰਹੇ ਹਾਂ ਜਦੋਂ ਇਹ ਦਿਵਸ ਪ੍ਰਗਟ ਹੋਵੇ। ਹੁਣ ਤੱਕ ਤਾਂ ਸਾਨੂੰ ਇਹ ਪਤਾ ਸੀ ਕਿ ਅਸੀਂ ਸ੍ਰੀ ਗੁਰੂ ਆਦਿ ਗ੍ਰੰਥ ਦਾ ਪ੍ਰਕਾਸ਼ ਦਿਵਸ ਬਿਕਰਮੀ ਸੰਮਤ ਦੀ ਭਾਦੋਂ ਸੁਦੀ 1 ਨੂੰ ਹੀ ਮਨਾ ਰਹੇ ਹਾਂ ਜੋ ਮਿਤੀ ਗੁਰੂ ਅਰਜਨ ਦੇਵ ਜੀ ਨੇ ਚੁਣੀ ਸੀ। ਪਰ ਨਾਨਕਸ਼ਾਹੀ ਕੈਲੰਡਰ (ਪੁਰੇਵਾਲ-ਰੂਪ ਵਿਚ ਜਾਂ ਸੋਧੇ ਰੂਪ ਵਿਚ) ਅਪਨਾਉਣ ਉਪਰੰਤ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉਤਸਵ ਉਸ ਮਿਤੀ ਨੂੰ ਨਹੀਂ ਮਨਾ ਰਹੇ ਹੋਵਾਂਗੇ ਜੋ ਤਾਰੀਖ ਗੁਰੂ ਅਰਜਨ ਦੇਵ ਜੀ ਨੇ ਚੁਣੀ ਸੀ, ਸਗੋਂ ਆਪਣੇ ਵਲੋਂ, ਨਾਨਕਸਾਹੀ ਕੈਲੰਡਰ ਵਿਚ, ਮਿੱਥੀ ਗਈ ਮਿਤੀ ਅਨੁਸਾਰ ਮਨਾ ਰਹੇ ਹੋਵਾਂਗੇ। ਭਾਵੇਂ ਉਸ ਨਾਨਕਸਾਹੀ ਕੈਲੰਡਰ ਉਪਰ ਮੁਹਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਹੋਵੇ ਜਾਂ ਸ਼੍ਰੋਮਣੀ ਕਮੇਟੀ ਦੀ। ਮਿਤੀਆਂ "ਪੱਕੀਆਂ" ਕਰਦੇ ਕਰਦੇ ਅਸੀਂ ਗੁਰੂ ਸਾਹਿਬਾਨ ਵਲੋਂ ਨਿਸ਼ਚਿਤ ਮਿਤੀਆਂ ਤੋਂ ਦੂਰ ਹੁੰਦੇ ਜਾਵਾਂਗੇ। ਮਿਤੀਆਂ ਤਾਂ ਹੁਣ ਵੀ ਪੱਕੀਆਂ ਹਨ ਬਿਕਰਮੀ ਸੰਮਤ ਅਨੁਸਾਰ ਜਿਸ ਦੇ ਅੰਤਰਗਤ ਗੁਰੂ

*(ਬਾਕੀ ਅਗਲੇ ਸਫੇ 'ਤੇ)*

# ਵੰਡ ਦੀ ਕਹਾਣੀ:ਮਾਤਾ ਸੁਰਜੀਤ ਕੌਰ ਦੀ ਜ਼ੁਬਾਨੀ

## ਦੁਖਦੀ ਰਗ

**ਕਾਬਲ ਸਿੰਘ ਫ਼ੀਨਾ**

ਮਾਂ ਅੱਜ ਕੁਝ ਗੁੰਮ-ਸੁੰਮ ਤੇ ਚੁੱਪ-ਚੁੱਪ ਸੀ। ਸਾਰਾ ਪਰਿਵਾਰ ਬੈਠਾ ਗੱਲਾਂ ਕਰ ਰਿਹਾ ਸੀ ਪਰ ਮਾਂ ਕੋਈ ਹੁੰਗਾਰਾ ਨਹੀਂ ਭਰ ਰਹੀ ਸੀ ਅਤੇ ਨਾ ਹੀ ਕਿਸੇ ਗੱਲ 'ਚ ਕੋਈ ਦਿਲਚਸਪੀ ਲੈ ਰਹੀ ਸੀ। ਉਦਾਸੀ ਦੇ ਸਾਏ ਮਾਂ ਦੇ ਚਿਹਰੇ 'ਤੇ ਛਾਏ ਹੋਏ ਸਨ। ਬੜਾ ਕੁਰੇਦਿਆ ਉਸਨੂੰ ਪਰ ਉਹ ਕੁਝ ਨਾ ਬੋਲੀ।

ਫੇਰ ਅਚਾਨਕ ਉਸ ਦਾ ਗੱਚ ਭਰ ਆਇਆ ਤੇ ਉਹ ਫਿਸ ਪਈ, ''ਅੱਜ 62 ਸਾਲ ਹੋ ਗਏ ਪਰ ਉਹ ਹੌਲਨਾਕ ਦ੍ਰਿਸ਼ ਅੱਜ ਵੀ ਮੇਰਾ ਪਿੱਛਾ ਨਹੀਂ ਛੱਡਦੇ।'' ਮਾਂ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਉਸਨੇ ਦੱਸਿਆ, ''ਜਿਸ ਵੇਲੇ ਪਾਕਿਸਤਾਨ ਬਣਿਆ ਉਸ ਸਮੇਂ ਮੇਰੀ ਉਮਰ ਲਗਪਗ 18 ਕੁ ਸਾਲ ਦੀ ਸੀ। ਅਸੀਂ ਪੰਜ ਭੈਣ ਭਰਾ ਸੀ ਤੇ ਮੈਂ ਸਭ ਤੋਂ ਛੋਟੀ ਸੀ। ਮਾਪਿਆਂ ਨੇ ਮੇਰਾ ਨਾਂ ਤਾਂ ਸੁਰਜੀਤ ਕੌਰ ਰੱਖਿਆ ਸੀ ਪਰ ਸਾਰੇ ਮੈਨੂੰ ਸੁਰਜੀਤੋ ਹੀ ਸੱਦਦੇ ਸਨ। ਪਿਤਾ ਭਾਵੇਂ ਸਾਧਾਰਨ ਕਿਸਾਨ ਤੇ ਕਾਸ਼ਤਕਾਰ ਸਨ ਪਰ ਮੇਰੇ ਦਾਦਾ ਸਾਬਕਾ ਫੌਜੀ ਸਨ ਅਤੇ ਅਸੀਂ ਪਾਕਿਸਤਾਨ ਬਣਨ ਤੋਂ 30 ਸਾਲ ਪਹਿਲਾਂ ਸਰਹੱਦ ਦੇ ਨਾਲ ਲਗਦੇ ਪਿੰਡ ਬੱਚੀ ਵਿੰਡ ਤੋਂ ਉਠ ਕੇ ਪਾਕਿਸਤਾਨ ਦੇ ਮਿੰਟਗੁੰਮਰੀ ਜ਼ਿਲੇ ਵਿਚ ਹੜੱਪਾ ਸ਼ਹਿਰ ਦੇ ਲਾਗੇ ਚੱਕ ਨੰਬਰ-86 ਵਿਚ ਜਾ ਕੇ ਵਸੇ ਸੀ। ਇਸ ਖਿੱਤੇ ਨੂੰ ਉਥੋਂ ਦੀ ਭਾਸ਼ਾ ਵਿਚ ਗੰਜੀਬਾਰ ਕਿਹਾ ਜਾਂਦਾ ਸੀ, ਜੋ ਕਿ ਜੰਗਲ ਬੀਆਬਾਨ ਸੀ। ਅੰਗਰੇਜ਼ ਸਰਕਾਰ ਦਾ ਮਕਸਦ ਉਸਨੂੰ ਵਾਹੀਯੋਗ ਬਣਾਉਣਾ ਸੀ। ਅੰਗਰੇਜ਼ਾਂ ਨੇ ਪੂਰਬੀ ਪੰਜਾਬ ਵਿਚੋਂ ਮਿਹਨਤੀ ਕਿਸਾਨਾਂ ਅਤੇ ਸਾਬਕਾ ਫੌਜੀਆਂ, ਜਿਨ੍ਹਾਂ ਨੇ ਫੌਜੀ ਪੈਨਸ਼ਨ ਨਹੀਂ ਸੀ ਲਈ, ਨੂੰ ਮੁਫਤ ਮੁਰੱਬਾ (25 ਕਿੱਲੇ) ਪ੍ਰਤੀ ਪਰਿਵਾਰ ਅਲਾਟ ਕੀਤਾ ਸੀ। ਮੇਰੇ ਦਾਦਾ ਜੀ ਨੇ ਵੀ ਪੈਨਸ਼ਨ ਨਹੀਂ ਸੀ ਲਈ ਅਤੇ ਉਨ੍ਹਾਂ ਨੂੰ ਇਕ ਮੁਰੱਬਾ ਜ਼ਮੀਨ ਅਲਾਟ ਕਰਨ ਲਈ ਫੌਜੀ ਅਫਸਰਾਂ ਨੇ ਸੱਦਿਆ। ਮੇਰੇ ਦਾਦਾ ਜੀ ਨੇ ਲਿਖਤੀ ਬੇਨਤੀ ਕੀਤੀ ਕਿ ਉਨ੍ਹਾਂ ਦੇ 4 ਪੁੱਤਰ ਹਨ ਜਿਸ ਕਰਕੇ ਉਨ੍ਹਾਂ ਨੂੰ ਦੋ ਮੁਰੱਬੇ ਜ਼ਮੀਨ ਅਲਾਟ ਕੀਤੀ ਜਾਵੇ। ਅੰਗਰੇਜ਼ ਅਫਸਰ ਨੇ ਮੇਰੇ ਦਾਦਾ ਜੀ ਦੀ ਬੇਨਤੀ ਮੰਨ ਕੇ ਉਸਨੂੰ 2 ਮੁਰੱਬੇ ਜ਼ਮੀਨ ਹੀ ਅਲਾਟ ਕਰ ਦਿੱਤੀ। ਸਾਡੇ ਉਸ ਪਿੰਡ ਵਿਚ ਕੋਈ 150 ਕੁ ਘਰ ਸਨ, ਦੋ ਮੁਸਲਮਾਨਾਂ ਦੇ ਅਤੇ ਬਾਕੀ ਘਰ ਸਿੱਖਾਂ ਦੇ ਪੂਰਬੀ ਪੰਜਾਬ ਦੇ ਵੱਖ-ਵੱਖ ਭਾਗਾਂ ਵਿਚੋਂ ਆ ਕੇ ਵਸੇ ਸਨ। ਘਰ ਬਹੁਤ ਖੁੱਲ੍ਹੇ ਸਨ, ਹਰੇਕ ਪਰਿਵਾਰ ਨੇ ਆਪਣੇ ਹਾਤੇ (ਹਵੇਲੀ) ਵਿਚ ਹੀ ਮਜ਼ਦੂਰਾਂ ਦੇ ਰਹਿਣ ਵਾਸਤੇ ਛੋਟੇ-ਛੋਟੇ ਕਮਰੇ ਬਣਾ ਕੇ ਦਿੱਤੇ ਸਨ। ਮਜ਼ਦੂਰਾਂ ਦੀ ਵੱਖਰੀ ਠੱਠੀ ਪਿੰਡ ਵਿਚ ਨਹੀਂ ਸੀ। ਪੀਣ ਵਾਸਤੇ ਪਿੰਡ ਵਿਚ ਬਹੁਤ ਵੱਡਾ ਸਾਂਝਾ ਖੂਹ ਸੀ ਇਸ ਖੂਹ ਤੋਂ ਸਾਰੇ ਪਿੰਡ ਦੇ ਲੋਕ ਪਾਣੀ ਪੀਂਦੇ ਸੀ। ਅਸੀਂ ਆਪਣੇ ਘਰ ਵੱਖਰੀ ਖੂਹੀ ਬਣਾਈ ਸੀ ਜਿਸ ਦਾ ਪਾਣੀ ਕੱਪੜੇ ਧੋਣ ਦੇ ਕੰਮ ਆਉਂਦਾ ਸੀ। ਪੀਣ ਵਾਸਤੇ ਪਾਣੀ ਪਿੰਡ ਦੇ ਮਹਿਰੇ (ਮਜ਼ਦੂਰ) ਵੱਡੀ ਖੂਹੀ ਤੋਂ ਲਿਆ ਕੇ ਸਾਡੇ ਘੜੇ ਭਰ ਜਾਂਦੇ ਸੀ। ਜ਼ਮੀਨ ਬਹੁਤ ਉਪਜਾਊ ਸੀ। ਪਿੰਡ ਦੇ ਲਾਗਿਓਂ ਵੱਡੀ ਨਹਿਰ ਲੰਘਦੀ ਸੀ। ਖੇਤਾਂ ਦੀ ਸਿੰਜਾਈ ਉਸ ਨਹਿਰ ਦੇ ਪਾਣੀ ਨਾਲ ਹੁੰਦੀ ਸੀ। ਮੁੱਖ ਫਸਲਾਂ ਕਣਕ, ਨਰਮਾ, ਮੱਕੀ, ਗੰਨਾ, ਛੋਲੇ, ਮਾਂਹ ਆਦਿ ਸਨ।

ਪਾਕਿਸਤਾਨ ਬਣਨ ਦਾ ਰੌਲਾ ਕਦੋਂ ਪਿਆ ਇਸਦੀ ਪੱਕੀ ਤਾਰੀਖ ਤਾਂ ਮੈਨੂੰ ਯਾਦ ਨਹੀਂ ਪਰ ਸਾਉਣ ਦੇ ਅਖੀਰ ਵਿਚ ਅਫਵਾਹਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ ਕਿ ਦੇਸ਼ ਵਿਚ ਕੋਈ ਰੌਲਾ ਚੱਲ ਰਿਹਾ ਹੈ। ਮੇਰਾ ਚਾਚਾ ਅਠਵੀਂ ਪਾਸ ਸੀ ਉਸ ਕੋਲ ਰੇਡੀਓ ਸੀ ਜਿਸ ਤੋਂ ਉਹ ਖ਼ਬਰਾਂ ਸੁਣਦਾ ਰਹਿੰਦਾ ਸੀ। ਗੜਬੜ ਦੀਆਂ ਖ਼ਬਰਾਂ ਸੁਣ ਕੇ ਲਾਗਲੇ ਪਿੰਡਾਂ ਦੇ ਲੋਕ ਗੱਡਿਆਂ 'ਤੇ ਸਾਮਾਨ ਲੱਦ ਕੇ ਸਾਡੇ ਖੁੱਲ੍ਹੇ ਵਿਹੜੇ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ ਪਰ ਸਾਡਾ ਪਰਿਵਾਰ ਇਸ ਖਤਰੇ ਤੋਂ ਬੇਖਬਰ ਆਪਣੇ ਰੋਜ਼ ਮੱਰਾ ਦੇ ਕੰਮ ਧੰਦੇ ਵਿਚ ਰੁਝਿਆ ਰਹਿੰਦਾ ਸੀ ਅਤੇ ਆਉਣ ਵਾਲੇ ਭਿਆਨਕ ਸਮੇਂ ਤੋਂ ਅਣਜਾਣ ਸੀ। ਇਕ ਦਿਨ ਮੇਰਾ ਵੱਡਾ ਵੀਰ ਹੜੱਪੇ ਸ਼ਹਿਰ ਗਿਆ ਤਾਂ ਉਸਨੇ ਆ ਕੇ ਦੱਸਿਆ ਕਿ ਪਾਕਿਸਤਾਨ ਬਣ ਗਿਆ ਹੈ ਸਾਨੂੰ ਆਪਣਾ ਪਿੰਡ ਛੱਡ ਕੇ ਜਾਣਾ ਪੈਣਾ ਹੈ। ਪਰਿਵਾਰ ਦੇ ਸਾਰੇ ਮੈਂਬਰ ਸੋਗ ਵਿਚ ਡੁਬ ਗਏ।

ਆਸ-ਪਾਸ ਤੋਂ ਮਾਰ-ਧਾੜ, ਲੁੱਟ ਮਾਰ, ਵੱਢ-ਟੁੱਕ ਦੀਆਂ ਖ਼ਬਰਾਂ ਆਉਣ ਦਾ ਸਿਲਸਿਲਾ ਤੇਜ਼ ਹੋ ਗਿਆ। ਸਾਡੀ ਗੁਆਂਢਣ ਨਿਆਮਤਾਂ, ਜੋ ਮੇਰੀ ਸਹੇਲੀ ਸੀ, ਨੇ ਸਾਡੇ ਘਰ ਆ ਕੇ ਮੈਨੂੰ ਕਿਹਾ, ''ਆਪਣੇ ਵੀਰਾਂ ਨੂੰ ਸੁਨੇਹਾ ਦੇ ਦਈਂ ਕਿ ਤੁਹਾਡਾ ਗੱਡਾ ਪੁਰਾਣਾ ਹੈ, ਤੁਸੀਂ ਸਾਡਾ ਨਵਾਂ ਗੱਡਾ ਲੈ ਜਾਓ। ਜੇ ਕਿਸੇ ਹੋਰ ਨੇ ਮੰਗ ਲਿਆ ਤਾਂ ਸਾਥੋਂ ਨਾਂਹ ਨਹੀਂ ਹੋਣੀ।'' ਮੇਰੇ ਵੀਰ ਉਨ੍ਹਾਂ ਦਾ ਨਵਾਂ ਗੱਡਾ ਰੇੜ੍ਹ ਕੇ ਆਪਣੇ ਘਰ ਲੈ ਆਏ। ਰਾਤੋ-ਰਾਤ ਖਾਣ-ਪੀਣ ਦਾ ਸਾਮਾਨ ਤਿਆਰ ਕੀਤਾ। ਖਰਾਸ ਜੋੜ ਕੇ ਦੋ ਤੋੜੇ ਆਟਾ ਪੀਹ ਲਿਆ। ਕੀਮਤੀ ਸਾਮਾਨ ਇਕੱਠਾ ਕਰਕੇ ਗੱਡਿਆਂ ਉਪਰ ਲੱਦ ਕੇ ਸਾਰੇ ਪਰਿਵਾਰ ਦੇ ਮੈਂਬਰਾਂ ਨੂੰ ਗੱਡਿਆਂ ਉਪਰ ਬਿਠਾ ਲਿਆ। ਅਸੀਂ ਸਭ ਤੋਂ ਅਖੀਰ ਵਿਚ ਆਪਣਾ ਘਰ ਛੱਡਿਆ। ਮੇਰੇ ਛੋਟੇ ਭਰਾ ਨੂੰ ਕਿਹਾ ਕਿ ਉਹ ਡੰਗਰਾਂ ਦੇ ਰੱਸੇ ਵੱਢ ਦੇਵੇ ਤਾਂ ਕਿ ਉਹ ਭੁੱਖੇ ਤ੍ਰਿਹਾਏ ਕਿਲਿਆਂ 'ਤੇ ਬੱਝੇ ਨਾ ਮਰ ਜਾਣ। ਡੰਗਰਾਂ ਦੇ ਸਾਰੇ ਵੱਗ ਨੂੰ ਖੇਤਾਂ ਵਿਚ ਛੱਡ ਕੇ ਮੇਰਾ ਭਰਾ ਧਾਹੀਂ ਮਾਰਦਾ ਹੋਇਆ ਭੱਜ ਗੱਡੇ 'ਤੇ ਚੜ੍ਹ ਗਿਆ। ਮੇਰੇ ਦਾਦਾ ਜੀ ਗਸ਼ ਖਾ ਕੇ ਵਿਹੜੇ ਵਿਚ ਡਿੱਗ ਪਏ। ਬੜੀ ਮੁਸ਼ਕਲ ਨਾਲ ਉਨ੍ਹਾਂ ਨੂੰ ਚੁੱਕ ਕੇ ਗੱਡੇ ਵਿਚ




ਲੰਮੇ ਪਾਇਆ ਤੇ ਗੱਡੇ ਭਜਾ ਕੇ ਪਿੰਡੋਂ ਨਿਕਲੇ। ਨਾਲ ਵਾਲੇ ਪਿੰਡ ਮੁਸਲਮਾਨਾਂ ਦਾ ਕਾਫਲਾ ਸਪੀਕਰ ਵਿਚ ਅਨਾਊਂਸਮੈਂਟ ਕਰ ਰਿਹਾ ਸੀ, ''ਸਭ ਸਿੱਖੜੇ ਮਾਰ ਦਿਓ, ਲੁੱਟ ਲਓ ਕੋਈ ਬੱਚ ਕੇ ਨਹੀਂ ਜਾਣਾ ਚਾਹੀਦਾ।''

ਮੇਰੇ ਚਾਚੇ ਨੇ ਚੁਬਾਰੇ ਤੇ ਚੜ੍ਹ ਕੇ ਵੇਖਿਆ ਤਾਂ ਮੁਸਲਮਾਨਾਂ ਦਾ ਇਕ ਵੱਡਾ ਕਾਫਲਾ ਸਾਡੇ ਪਿੰਡ ਵਲ ਹਥਿਆਰਾਂ ਸਮੇਤ ਭੱਜਾ ਆ ਰਿਹਾ ਸੀ। ਉਸਨੇ ਭੱਜ ਕੇ ਆ ਕੇ ਗੱਡੇ ਵਾਲਿਆਂ ਨੂੰ ਇਹ ਖ਼ਬਰ ਸੁਣਾਈ। ਅਸੀਂ ਗੱਡੇ ਭਜਾ ਕੇ ਪਿੰਡੋਂ ਮੀਲ ਕੁ ਦੂਰ ਸਰਦਾਰਾਂ ਦੇ ਫਾਰਮ ਵਿਚ ਵਾੜ ਦਿੱਤੇ। ਉਥੇ ਪਹਿਲਾਂ ਹੀ ਕਈ ਪਿੰਡਾਂ ਦੇ ਲੋਕ ਇਕੱਠੇ ਹੋਏ ਸਨ। ਸਰਦਾਰਾਂ ਦਾ ਫਾਰਮ ਨਹਿਰ ਦੇ ਕੰਢੇ ਸਥਿਤ ਸੀ। ਇਹ ਫਾਰਮ 8 ਮੁਰੱਬੇ ਦਾ ਸੀ। ਸਾਰੇ ਫਾਰਮ ਦੇ ਆਲੇ ਦੁਆਲੇ ਉੱਚੀ ਕੰਧ ਕੀਤੀ ਹੋਈ ਸੀ। ਉਸਦਾ ਕੇਵਲ ਇਕ ਹੀ ਮੇਨ ਗੇਟ ਸੀ। ਫਾਰਮ ਵਿਚ ਕਈ ਕਿਸਮ ਦੇ ਫਲ ਵਾਲੇ ਬੂਟੇ ਸਨ। ਫਾਰਮ ਵਿਚ ਸਰਦਾਰ ਨੇ ਬਹੁਤ ਵੱਡੀ ਦੋ ਮੰਜ਼ਿਲਾ ਕੋਠੀ ਪਾਈ ਹੋਈ ਸੀ। ਉਸ ਦੇ ਉਪਰ ਵੱਡੇ ਵੱਡੇ ਬਨੇਰੇ ਸਨ ਅਤੇ ਸੁਰਖਿਆ ਲਈ ਉਸ ਦੇ ਮੋਰੀਆਂ ਰੱਖੀਆਂ ਹੋਈਆਂ ਸਨ। ਸ਼ਾਇਦ ਉਸਦੀ ਆਪਣੀ ਖੰਡ ਮਿੱਲ ਵੀ ਸੀ ਜਿਸ ਦਾ ਗੁਦਾਮ, ਫਾਰਮ ਵਿਚ ਸੀ। ਇਕ ਫੈਕਟਰੀ ਸੁਰਬਤ, ਫਲਾਂ ਦਾ ਜੂਸ ਬਣਾਉਣ ਵਾਲੀ ਵੀ ਫਾਰਮ ਵਿਚ ਲੱਗੀ ਹੋਈ ਸੀ। ਫਾਰਮ ਵਿਚ 28 ਪਿੰਡਾਂ ਦੇ ਸਿੱਖ ਇਕੱਠੇ ਹੋਏ ਸਨ। ਸਰਦਾਰ ਨੇ ਹੁਕਮ ਕੀਤਾ ਕਿ ਜਿਨ੍ਹਾਂ ਪਾਸ ਬੰਦੂਕਾਂ ਹਨ ਉਹ ਆਪਣੇ ਅਸਲੇ ਸਮੇਤ ਕੋਠੀ ਉਪਰ ਆ ਜਾਣ ਬਾਕੀ ਸਾਰੇ ਮਰਦ ਮੈਂਬਰ ਫਾਰਮ ਦੀ ਕੰਧ ਦੇ ਬਾਹਰਲੇ ਪਾਸੇ ਆਪਣੇ ਨੇਜ਼ੇ ਜ਼ਮੀਨ 'ਤੇ ਗੱਡ ਕੇ ਲੇਟ ਜਾਣ। ਸਾਰਿਆਂ ਨੇ ਉਸ ਦੀ ਸਲਾਹ ਮੰਨ ਕੇ ਤੇਜ਼ੀ ਨਾਲ ਆਪਣੀਆਂ ਪੁਜ਼ੀਸ਼ਨਾਂ ਲੈ ਲਈਆਂ। ਸਰਦਾਰ ਆਪ ਕੋਠੀ ਦੀ ਉਪਰਲੀ ਛੱਤ 'ਤੇ ਦੂਰਬੀਨ ਲਾ ਕੇ ਸਾਰੀ ਸਥਿਤੀ 'ਤੇ ਨਜ਼ਰ ਰੱਖ ਰਿਹਾ ਸੀ। ਇਕ ਜਹਾਜ਼ ਨੇ ਉਸ ਸਮੇਂ ਫਾਰਮ ਦੇ ਦੁਆਲੇ ਕਈ ਚੱਕਰ ਕੱਢੇ। ਇਹ ਜਹਾਜ਼ ਕਿਸ ਦਾ ਸੀ ਇਸ ਬਾਰੇ ਸਾਨੂੰ ਕੁਝ ਪਤਾ ਨਾ ਲੱਗਾ। ਜਹਾਜ਼ ਦੇ ਚੱਕਰ ਮਾਰਨ ਤੋਂ ਬਾਅਦ ਸੈਂਕੜੇ ਮੁਸਲਮਾਨਾਂ ਦੇ ਕਾਫਲੇ ਨੇ ਫਾਰਮ ਨੂੰ ਘੇਰ ਲਿਆ। ਗੋਲੀਬਾਰੀ ਸ਼ੁਰੂ ਹੋ ਗਈ। ਕੋਠੀ ਦੇ ਚੁਬਾਰੇ ਤੋਂ ਹੁੰਦੀ ਫਾਇਰਿੰਗ ਬੜੀ ਕਾਰਗਰ ਸਿੱਧ ਹੋ ਰਹੀ ਸੀ। ਗੋਲੀ ਸਿੱਧੀ ਘੋੜੇ 'ਤੇ ਚੜ੍ਹੇ ਧਾੜਵੀ ਦੇ ਲੱਗ ਜਾਂਦੀ ਅਤੇ ਘੋੜ ਸਵਾਰ ਜ਼ਮੀਨ 'ਤੇ ਡਿੱਗ ਪੈਂਦਾ ਤੇ ਘੋੜੀ ਭੱਜ ਕੇ ਫਾਰਮ ਵਿਚ ਆ ਜਾਂਦੀ ਸੀ। ਤਿੰਨ ਦਿਨ ਲਗਾਤਾਰ ਮੁਕਾਬਲਾ ਚੱਲਦਾ ਰਿਹਾ। ਕਾਫਲੇ ਦੀਆਂ ਦਲੇਰ ਇਸਤਰੀਆਂ ਆਪਣੇ ਸਿਰਾਂ 'ਤੇ ਪੱਗਾਂ ਬੰਨ੍ਹ ਕੇ ਹੱਥਾਂ ਵਿਚ ਨੇਜ਼ੇ ਫੜ ਕੇ ਲੰਮੇ ਪਏ ਆਪਣੇ ਬੰਦਿਆਂ ਨੂੰ ਖਾਣ-ਪੀਣ ਦੀਆਂ ਵਸਤਾਂ ਪਹੁੰਚਾ ਰਹੀਆਂ ਸਨ। ਮੁਸਲਮਾਨਾਂ ਦੇ ਕਾਫਲੇ ਦਾ ਭਾਰੀ ਜਾਨੀ ਨੁਕਸਾਨ ਹੋਇਆ। ਉਹ ਫਾਰਮ ਦੇ ਅੰਦਰ ਨਾ ਵੜ ਸਕੇ। ਸ਼ਾਇਦ ਉਨ੍ਹਾਂ ਦਾ ਹੌਸਲਾ ਟੁੱਟ ਗਿਆ, ਉਹ ਪਿੱਛੇ ਮੁੜ ਗਏ। ਸਾਡੇ ਫਾਰਮ ਦੇ ਬੰਦਿਆਂ ਕੋਲ ਵੀ ਗੋਲੀ-ਸਿੱਕਾ ਮੁੱਕ ਗਿਆ ਸੀ। ਫਾਰਮ ਤੋਂ ਮੁੜਦੇ ਸਮੇਂ ਇਨ੍ਹਾਂ ਧਾੜਵੀਆਂ ਨੇ ਬਾਅਦ ਵਿਚ ਸਿੱਖਾਂ ਦੇ ਘਰਾਂ 'ਚ ਲੁੱਟ ਕੀਤੀ।

ਹੁਣ ਕੀ ਕੀਤਾ ਜਾਵੇ? ''ਕਾਫਲੇ ਦੇ ਚੋਣਵੇਂ ਬੰਦਿਆਂ ਨੇ ਸਰਦਾਰ ਦੀ ਅਗਵਾਈ ਹੇਠ ਮੀਟਿੰਗ ਕੀਤੀ। ਫੈਸਲਾ ਹੋਇਆ ਕਿ ਜੇਕਰ ਧਾੜਵੀਆਂ ਨੇ ਦੁਬਾਰਾ ਹਮਲਾ ਕੀਤਾ ਤਾਂ ਉਹ ਆਪਣੇ ਹੱਥੀਂ ਆਪਣੇ ਪਰਿਵਾਰ ਦੀਆਂ ਸਾਰੀਆਂ ਇਸਤਰੀਆਂ ਵੱਢ ਦੇਣਗੇ ਅਤੇ ਆਪ ਧਾੜਵੀਆਂ ਨਾਲ ਲੜਦੇ ਲੜਦੇ ਮਰ ਜਾਣਗੇ। ਸਾਰੇ ਪਾਸੇ ਸੋਗੀ ਮਾਹੌਲ ਸੀ। ਕੋਈ ਕਿਸੇ ਨਾਲ ਬੋਲ ਨਹੀਂ ਸੀ ਰਿਹਾ। ਦਿਨ ਦੇ ਦਸ ਵਜੇ ਫੌਜ ਦੀਆਂ ਗੱਡੀਆਂ ਆ ਗਈਆਂ। ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਸਾਡੀ ਸੁਰੱਖਿਆ ਵਾਸਤੇ ਆਏ ਹਨ ਅਤੇ ਸਾਨੂੰ ਹੁਣ ਕੋਈ ਖਤਰਾ ਨਹੀਂ ਹੈ। ਸਾਰੇ ਕਾਫਲੇ ਨੇ ਖੁਸ਼ੀ 'ਚ ਜੈਕਾਰੇ ਛੱਡੇ। ਫੌਰਨ ਗੱਡੇ ਤੋਰਨ ਦਾ ਹੁਕਮ ਹੋਇਆ। ਗੱਡਿਆਂ ਦਾ ਚਾਰ ਕੁ ਮੀਲ ਦਾ ਕਾਫਲਾ ਫੌਜ ਦੀ ਅਗਵਾਈ ਹੇਠ ਚੱਲ ਪਿਆ, ਸ਼ਾਮ ਦੇ 7 ਵਜੇ ਸਾਰਾ ਕਾਫਲਾ ਸਾਹੀਵਾਲ ਸ਼ਹਿਰ ਦੀ ਖੁੱਲ੍ਹੀ ਗਰਾਊਂਡ ਵਿਚ ਰੁਕ ਗਿਆ। ਫੌਜ ਨੇ ਕਾਫਲੇ ਦੇ ਚਾਰੇ ਪਾਸੇ ਸੁਰਖਿਆ ਲਾ ਦਿੱਤੀ। ਜਦੋਂ ਅਸੀਂ ਫਾਰਮ ਤੋਂ ਬਾਹਰ ਆਏ ਤਾਂ ਫਾਰਮ ਦੇ ਬਾਹਰ ਮਨੁੱਖੀ ਲਾਸ਼ਾਂ ਰੁਲ ਰਹੀਆਂ ਸਨ। ਸ਼ਾਇਦ ਇਹ ਤਿੰਨ ਦਿਨ ਚੱਲੀ ਗੋਲੀਬਾਰੀ ਦੌਰਾਨ ਮਾਰੇ ਗਏ ਧਾੜਵੀਆਂ ਦੀਆਂ ਸਨ। ਇਸੇ ਦੌਰਾਨ ਸਾਨੂੰ ਖ਼ਬਰ ਮਿਲੀ ਕਿ ਇਕ ਗੱਡੀ ਮੁਲਤਾਨ ਤੋਂ ਚੱਲ ਕੇ ਲਾਹੌਰ ਆਉਣੀ ਸੀ। ਇਹ ਗੱਡੀ ਮੁਸਲਮਾਨਾਂ ਨੇ ਸਾਹੀਵਾਲ ਸ਼ਹਿਰ ਵਿਚ ਰੋਕ ਕੇ ਉਸ ਵਿਚ ਸਫਰ ਕਰ ਰਹੇ ਸਿੱਖ ਵੱਢ ਦਿੱਤੇ ਅਤੇ ਲਾਹੌਰ ਆਉਣ ਦੀ ਬਜਾਏ ਗੱਡੀ ਮੁੜ ਮੁਲਤਾਨ ਵਾਲੇ ਪਾਸੇ ਮੁੜ ਗਈ। ਜਦੋਂ ਗੱਡੀ ਹੌਲੀ-ਹੌਲੀ ਸਾਡੇ ਕਾਫਲੇ ਨੇੜਿਓਂ ਲੰਘੀ ਤਾਂ ਗੱਡੀ ਵਿਚ ਮਨੁੱਖੀ ਲਾਸ਼ਾਂ ਸਪਸ਼ਟ ਦਿੱਸ ਰਹੀਆਂ ਸਨ। ਅਸੀਂ ਲਾਈਨ 'ਤੇ ਜਾ ਕੇ ਦੇਖਿਆ ਕਿ ਮਨੁੱਖੀ ਲਹੂ ਗੱਡੀ ਦੀ ਲਾਈਨ 'ਤੇ ਡਿੱਗਾ ਦਿੱਸ ਰਿਹਾ ਸੀ।

ਵੱਢ-ਟੁੱਕ ਦੀ ਸ਼ੁਰੂਆਤ ਕਿੱਥੋਂ ਹੋਈ, ਉਸ ਬਾਰੇ ਮਾਂ ਨੇ ਦੱਸਿਆ ਕਿ ਉਦੋਂ ਸੁਣਨ 'ਚ ਆਇਆ ਸੀ ਕਿ ਸ਼ੁਰੂਆਤ ਚੜ੍ਹਦੇ ਪੰਜਾਬ ਵਾਲੇ ਪਾਸੇ ਤੋਂ ਹੋਈ ਸੀ। ਹੋ ਸਕਦੈ ਇਹ ਸੱਚ ਨਾ ਵੀ ਹੋਵੇ ਪਰ ਕਹਿੰਦੇ ਨੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਤੋਂ ਪੂਰੀ ਗੱਡੀ ਦੇ ਮੁਸਾਫਿਰ ਵੱਢ ਕੇ ਗੱਡੀ ਲਾਹੌਰ ਭੇਜੀ ਗਈ ਸੀ। ਉਸਤੋਂ ਬਾਅਦ ਸਾਡੇ ਪਾਸੇ ਵੱਢ-ਟੁੱਕ ਸ਼ੁਰੂ ਹੋਈ। ਲਾਹੌਰ ਵਾਲੇ ਪਾਸੇ ਜ਼ਿਆਦਾ ਗੜਬੜ ਹੋਣ ਕਰਕੇ ਸਾਡੇ ਕਾਫਲੇ ਨੂੰ ਸੁਲੇਮਾਨ ਦੇ ਹੈੱਡ ਵਾਲੇ ਪਾਸੇ ਫੌਜ ਦੀ ਸੁਰੱਖਿਆ ਹੇਠ ਲਿਆਂਦਾ ਗਿਆ। ਦੋ ਦਿਨ ਬਾਅਦ ਸਾਡਾ ਸਾਰਾ ਕਾਫਲਾ ਸੁਲੇਮਾਨ ਦੇ ਹੈੱਡ 'ਤੇ ਪਹੁੰਚ ਗਿਆ। ਲਗਦਾ ਸੀ ਕਿ ਉਸ ਵੇਲੇ ਫੌਜ ਵੀ ਫਿਰਕੂ ਰੰਗ ਵਿਚ ਰੰਗੀ ਗਈ ਸੀ। ਜਦੋਂ ਸਾਡਾ ਕਾਫਲਾ ਕਿਸੇ ਮੁਸਲਮਾਨ ਪਿੰਡ ਲਾਗਿਓਂ ਲੰਘਦਾ ਤਾਂ ਉਥੇ ਦੇ ਲੋਕ ਡਰ ਦੇ ਮਾਰੇ ਖੇਤਾਂ ਵਲ ਭੱਜ ਜਾਂਦੇ ਸਨ। ਫੌਜੀ ਜਵਾਨ ਕਾਫਲੇ ਦੇ ਲੋਕਾਂ ਨੂੰ ਮੁਸਲਮਾਨਾਂ ਦੇ ਘਰਾਂ ਦੀ ਲੁੱਟਮਾਰ ਕਰਨ ਲਈ ਅਤੇ ਮੁਸਲਮਾਨਾਂ ਨੂੰ ਜਾਨੋਂ ਮਾਰਨ ਲਈ ਉਕਸਾਉਂਦੇ ਸਨ।

ਜੇਕਰ ਰਸਤੇ ਵਿਚ ਕੋਈ ਇਕੱਲਾ-ਦੁਕੱਲਾ ਮੁਸਲਮਾਨ ਕਾਫਲੇ ਦੇ ਕਾਬੂ ਆ ਜਾਂਦਾ ਤਾਂ ਉਹ ਫੌਜ ਦੇ ਸਾਹਮਣੇ ਹੀ ਉਸਨੂੰ ਮਾਰ ਮੁਕਾਉਂਦੇ ਸਨ। ਸੁਲੇਮਾਨ ਦੇ ਹੈੱਡ 'ਤੇ 12 ਕੁ ਵਜੇ ਸਾਡਾ ਕਾਫਲਾ ਪਾਕਿਸਤਾਨੀ ਫੌਜ ਨੇ ਰੋਕ ਲਿਆ ਤੇ ਕਿਹਾ ਕਿ ਉਹ ਪੂਰੀ ਤਲਾਸ਼ੀ ਲੈਣਗੇ ਅਤੇ ਕੋਈ ਵੀ ਕੀਮਤੀ ਸਾਮਾਨ ਭਾਰਤ ਵਾਲੇ ਪਾਸੇ ਨਹੀਂ ਜਾਣ ਦੇਣਗੇ। ਦੋ ਘੰਟੇ ਸਿਖਰ ਦੁਪਹਿਰ ਸਾਡਾ ਕਾਫਲਾ ਪੁਲ ਦੇ ਵਿਚਕਾਰ ਰੁਕਿਆ ਰਿਹਾ। ਭਾਰਤੀ ਫੌਜ ਤਲਾਸ਼ੀ ਨਾ ਹੋਣ ਦੇਣ ਲਈ ਬਜ਼ਿਦ ਸੀ। ਆਖਰ ਉੱਚ ਪੱਧਰੀ ਫੌਜੀ ਗੱਲਬਾਤ ਹੋਣ ਤੇ ਕਾਫਲੇ ਨੂੰ ਬਿਨਾ ਤਲਾਸ਼ੀ ਲਿਆਂ ਭਾਰਤ ਵਾਲੇ ਪਾਸੇ ਆਉਣ ਦਿੱਤਾ ਗਿਆ। ਫਾਜ਼ਿਲਕਾ ਆ ਕੇ ਅਸੀਂ ਦੋ ਦਿਨ ਰਹੇ ਤੇ ਉਥੇ ਸਾਡੇ ਹੋਰ ਵੀ ਰਿਸ਼ਤੇਦਾਰ ਜਿਹੜੇ ਕਿ ਪਾਕਿਸਤਾਨ ਤੋਂ ਆਏ ਸੀ, ਸਾਨੂੰ ਮਿਲ ਪਏ। ਉਸ ਤੋਂ ਅੱਗੇ ਸਾਡਾ ਕਾਫਲਾ ਬਿਖਰ ਗਿਆ, ਸਾਡੇ ਕੇਵਲ ਵੀਹ ਕੁ ਗੱਡੇ ਰਹਿ ਗਏ। ਹੁਣ ਅਸੀਂ ਸੁਰੱਖਿਅਤ ਮਹਿਸੂਸ ਕਰ ਰਹੇ ਸੀ।

ਗੱਲਾਂ ਕਰਦਿਆਂ-ਕਰਦਿਆਂ ਮਾਂ ਨੇ ਪਾਣੀ ਦਾ ਗਿਲਾਸ ਮੰਗਿਆ, ਉਸ ਦਾ ਗਲਾ ਖੁਸ਼ਕ ਹੋ ਗਿਆ ਸੀ। ਪਾਣੀ ਪੀ ਕੇ ਉਸ ਨੇ ਦੱਸਿਆ, ਸਭ ਤੋਂ ਭਿਆਨਕ ਦ੍ਰਿਸ਼, ਜਿਸ ਨੇ ਮੈਨੂੰ ਸਾਰੀ ਉਮਰ ਬੇਚੈਨ ਕਰ ਰੱਖਿਆ, ਉਹ ਮੁਕਤਸਰ ਲਾਗੇ ਦਾ ਹੈ। ਹੋਇਆ ਇਸ ਤਰ੍ਹਾਂ ਕਿ ਮੁਕਤਸਰ ਤੋਂ ਇਕ ਮੀਲ ਪਿੱਛੇ ਮੁਸਲਮਾਨਾਂ ਦਾ ਕਾਫਲਾ ਪਾਕਿਸਤਾਨ ਜਾਣ ਲਈ ਇਕੱਠਾ ਹੋਇਆ ਸੀ। ਉਸ ਕਾਫਲੇ ਉਪਰ ਸਿੱਖ ਧਾੜਵੀਆਂ ਨੇ ਹਮਲਾ ਕਰ ਦਿੱਤਾ। ਸੈਂਕੜਿਆਂ ਦੀ ਗਿਣਤੀ ਵਿਚ ਮੁਸਲਮਾਨਾਂ ਦੇ ਪਰਿਵਾਰ ਵੱਢ ਦਿੱਤੇ ਗਏ। ਅਚਾਨਕ ਉਥੇ ਪਾਕਿਸਤਾਨੀ ਫੌਜ ਦੀ ਟੁਕੜੀ ਪਹੁੰਚ ਗਈ। ਧਾੜਵੀ ਭੱਜ ਗਏ ਤੇ ਕਾਫਲੇ ਦਾ ਕੁਝ ਹਿੱਸਾ ਬਚ ਗਿਆ, ਉਸ ਸਮੇਂ ਸਾਡਾ ਕਾਫਲਾ ਸੜਕ ਉਪਰੋਂ ਲੰਘ ਰਿਹਾ ਸੀ। ਉਸ ਸਮੇਂ ਅਸੀਂ ਆਪਣੀਆਂ ਅੱਖਾਂ ਨਾਲ ਬੇਸ਼ੁਮਾਰ ਲਾਸ਼ਾਂ ਨੂੰ ਤੜਫਦੇ ਦੇਖਿਆ ਸੀ। ਇਕ ਬੱਚਾ ਜਿਉਂਦਾ ਆਪਣੀ ਮਰੀ ਮਾਂ ਦਾ ਦੁੱਧ ਚੁੰਘ ਰਿਹਾ ਸੀ। ਉਹ ਬੇਪ੍ਰਵਾਹ ਕਦੇ ਸਾਡੇ ਕਾਫਲੇ ਵਲ ਦੇਖ ਲੈਂਦਾ ਕਦੇ ਆਪਣੀ ਮਰੀ ਮਾਂ ਉਪਰ ਡਿੱਗ ਕੇ ਦੁੱਧ ਚੁੰਘਣ ਲੱਗ ਜਾਂਦਾ ਸੀ। ਇਹ ਦ੍ਰਿਸ਼ ਹੁਣ ਵੀ ਜਦੋਂ ਮੇਰੀਆਂ ਅੱਖਾਂ ਅੱਗੇ ਆਉਂਦਾ ਹੈ ਤਾਂ ਮੇਰਾ ਰੋਣ ਨਿਕਲ ਜਾਂਦਾ ਹੈ।

ਕੁਝ ਚਿਰ ਖਾਮੋਸ਼ ਰਹਿਣ ਤੋਂ ਬਾਅਦ ਮਾਂ ਨੇ ਦੱਸਿਆ, ''ਭਾਰਤ ਆ ਕੇ ਮੌਤ ਨੂੰ ਅਸੀਂ ਬਿਲਕੁਲ ਨੇੜਿਓਂ ਤੱਕਿਆ। ਹੋਇਆ ਇਹ ਕਿ ਜਿਹੜਾ ਮੁਸਲਮਾਨਾਂ ਦਾ ਕਾਫਲਾ ਮੁਕਤਸਰ ਨੇੜੇ ਵੱਢਿਆ ਗਿਆ ਸੀ, ਉਸਨੂੰ ਦੇਖ ਕੇ ਪਾਕਿਸਤਾਨੀ ਫੌਜੀ ਗੁੱਸੇ ਵਿਚ ਆ ਗਏ। ਉਨ੍ਹਾਂ ਦੀ ਫੌਜ ਦੀ ਇਕ ਟੁਕੜੀ ਨੇ ਸਾਡੇ ਕਾਫਲੇ ਨੂੰ ਘੇਰ ਲਿਆ। ਫੌਜੀ ਕਹਿ ਰਹੇ ਸਨ, ''ਸਿੱਖਾਂ ਨੇ ਸਾਡੇ ਬੇਦੋਸ਼ੇ ਪਰਿਵਾਰਾਂ ਨੂੰ ਮਾਰ ਮੁਕਾਇਆ ਹੈ। ਅਸੀਂ ਤੁਹਾਨੂੰ ਮੌਤ ਦੇ ਘਾਟ ਉਤਾਰ ਦੇਣਾ ਹੈ।'' ਸਾਡੇ ਕਾਫਲੇ ਵਿਚ ਸੰਨਾਟਾ ਛਾ ਗਿਆ। ਸਾਡੇ ਕਾਫਲੇ ਦੇ ਇਕ ਸਾਬਕਾ ਫੌਜੀ ਨੇ ਉਨ੍ਹਾਂ ਨੂੰ ਆਪਣੀ ਫੌਜੀ ਪਹਿਚਾਣ ਕਰਵਾਉਂਦੇ ਹੋਏ ਕਿਹਾ, ''ਇਨ੍ਹਾਂ ਦਾ ਕੀ ਕਸੂਰ ਹੈ? ਇਹ ਤਾਂ ਆਪ ਲੁੱਟੇ-ਪੁੱਟੇ ਗਏ ਹਨ। ਮਾਰਨ ਵਾਲੇ ਤਾਂ ਕੋਈ ਹੋਰ ਦਰਿੰਦੇ ਸਨ।'' ਉਨ੍ਹਾਂ ਦੇ ਮਨ ਮੇਹਰ ਪੈ ਗਈ ਤੇ ਉਨ੍ਹਾਂ ਸਾਡੇ ਕਾਫਲੇ ਨੂੰ ਅੱਗੇ ਜਾਣ ਦਿੱਤਾ। ਫਿਰ ਇਕ ਮਹੀਨੇ ਦੇ ਵਕਫੇ ਬਾਅਦ ਅਸੀਂ ਹੌਲੀ-ਹੌਲੀ ਧੱਕੇ ਖਾਂਦੇ ਗੱਡਿਆਂ 'ਤੇ ਆਪਣੇ ਜੱਦੀ ਪਿੰਡ ਬੱਚੀ ਵਿੰਡ ਵਿਚ 30 ਸਾਲ ਬਾਅਦ ਆਪਣੀ ਵਰ੍ਹਿਆਂ ਦੀ ਕਮਾਈ ਪਾਕਿਸਤਾਨ ਵਿਚ ਰੋੜ੍ਹ ਕੇ ਲੱਖਪਤੀ ਤੋਂ ਕੱਖਪਤੀ ਹੋ ਕੇ ਪੁੱਜੇ। ਆਪਣੇ ਪੁਰਾਣੇ ਘਰ, ਜਿਸਨੂੰ ਅਸੀਂ ਆਪਣੇ ਕਿਸੇ ਰਿਸ਼ਤੇਦਾਰ ਸਪੁਰਦ ਕਰ ਕੇ ਗਏ ਸੀ, ਵਿਚ ਹੀ ਅਸੀਂ ਆਪਣਾ ਸਾਮਾਨ ਟਿਕਾ ਕੇ ਰਹਿਣ ਲੱਗ ਪਏ।

ਮਾਂ ਨੇ ਦੱਸਿਆ, ''ਸਾਡੇ ਪਰਿਵਾਰ ਦਾ ਜਾਨੀ ਨੁਕਸਾਨ ਹੋਣੋਂ ਬਚ ਗਿਆ ਪਰ ਭਰਜਾਈ ਦੇ ਦੋ ਭਰਾ ਮਾਰੇ ਗਏ ਤੇ ਇਕ ਭੈਣ ਮੁਸਲਮਾਨ ਖੋਹ ਕੇ ਲੈ ਗਏ। ਚਾਚੀ ਦਾ ਤਾਇਆ, ਉਸਦੇ ਦੋ ਲੜਕੇ, ਜਿਨ੍ਹਾਂ ਵਿਚ ਇਕ ਥਾਣੇਦਾਰ ਸੀ, ਮਾਰੇ ਗਏ। ਚਾਚੇ ਦੀ ਕੁੜੀ, ਜੋ ਲਾਹੌਰ ਦੇ ਨੇੜੇ ਗੰਜੇ ਪਿੰਡ ਵਿਆਹੀ ਹੋਈ ਸੀ, ਦੇ ਪਰਿਵਾਰ ਨੂੰ ਜਦੋਂ ਧਾੜਵੀ ਪਏ ਤਾਂ ਸਾਰਾ ਪਰਿਵਾਰ ਘੋੜਿਆਂ 'ਤੇ ਚੜ੍ਹ ਕੇ ਭੱਜ ਪਿਆ। ਚਾਚੇ ਦੀ ਕੁੜੀ ਕੋਲੋਂ ਘੋੜੀ 'ਤੇ ਚੜ੍ਹਿਆ ਨਾ ਗਿਆ ਉਹ ਰਹਿ ਗਈ। ਸ਼ਾਮ ਦਾ ਸਮਾਂ ਸੀ ਪਰਿਵਾਰ ਦੇ ਮਰਦ ਮੈਂਬਰਾਂ ਨੇ ਘੋੜੀਆਂ ਰੋਕ ਕੇ ਵੇਖਿਆ ਤਾਂ ਉਹ ਮੇਰੀ ਭੈਣ ਨੂੰ ਕਿਰਪਾਨਾਂ ਨਾਲ ਵੱਢ ਰਹੇ ਸਨ। ਉਹ ਘੋੜੀਆਂ ਭਜਾ ਕੇ ਸਰਹੱਦ ਦੇ ਨਾਲ ਲਗਦੇ ਪਿੰਡ ਕਿਸੇ ਰਿਸ਼ਤੇਦਾਰ ਪਾਸ ਪਹੁੰਚ ਗਏ। ਸਲਾਹ ਹੋਈ ਕਿ ਉਸ ਦੀ ਲਾਸ਼ ਇਧਰ ਲਿਆਂਦੀ ਜਾਵੇ। ਉਸੇ ਰਾਤ ਪੰਜ ਘੋੜੀਆਂ ਤੇ ਦਸ ਆਦਮੀ ਹਥਿਆਰ ਲੈ ਕੇ ਉਸਦੇ ਪਿੰਡ ਪਹੁੰਚੇ ਤੇ ਵੇਖਿਆ ਕਿ ਉਹ ਅਜੇ ਮਰੀ ਨਹੀਂ ਸੀ ਕੋਈ-ਕੋਈ ਸਾਹ ਲੈ ਰਹੀ ਸੀ। ਉਸਨੂੰ ਰਾਤ ਵੇਲੇ ਘੋੜੀ 'ਤੇ ਲੱਦ ਕੇ ਪਿੰਡ ਲਿਆਂਦਾ ਗਿਆ। ਉਸਦੇ ਲਹੂ-ਲੁਹਾਨ ਸਰੀਰ ਉਪਰ 22 ਟੱਕ ਕਿਰਪਾਨ ਦੇ ਮਾਰੇ ਹੋਏ ਸਨ। ਉਸਦਾ ਇਲਾਜ ਕਰਵਾਇਆ ਤੇ ਉਹ ਬਚ ਗਈ ਜੋ ਅੱਜ ਤਕ ਜ਼ਿੰਦਾ ਹੈ ਤੇ ਹੁਣ ਉਹ ਬਹੁਤ ਬਜ਼ੁਰਗ ਹੋ ਗਈ ਹੈ।

''ਵਧੀ ਨੂੰ ਕਾਹਦਾ ਖਤਰਾ ਹੈ'', ਮਾਂ ਨੇ ਆਪਣੀ ਗੱਲ ਮੁਕਾਉਂਦੇ ਕਿਹਾ।

''ਮਾਂ ਤੁਸੀਂ ਆਪਣਾ ਘਰ ਵੇਖਣਾ ਚਾਹੁੰਦੇ ਹੋ?'' ਮੈਂ ਸਵਾਲ ਕੀਤਾ।

ਉਸ ਦਾ ਜਵਾਬ ਸੀ, ''ਮੇਰੀ ਦਿਲੀ ਇੱਛਾ ਹੈ ਕਿ ਮੈਂ ਆਪਣਾ ਘਰ ਵੇਖ ਸਕਾਂ। ਮੈਂ ਬਜ਼ੁਰਗ ਹੋ ਗਈ ਹਾਂ ਜੇਕਰ ਤੂੰ ਮੇਰੀ ਇੱਛਾ ਪੂਰੀ ਕਰ ਸਕਦਾ ਹੈ ਤਾਂ ਕਰ ਦੇ। ਮੇਰਾ ਤੇ ਆਪਣਾ ਪਾਸਪੋਰਟ ਬਣਾ ਲਵੀਂ ਤੇ ਮੈਨੂੰ ਮੇਰਾ ਪਿੰਡ ਦਿਖਾ ਲਿਆਵੀਂ। ਉਂਜ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਬਜ਼ੁਰਗਾਂ ਦੀ ਇਹ ਇੱਛਾ ਕੋਈ ਵਿਸ਼ੇਸ਼ ਸਕੀਮ ਬਣਾ ਕੇ ਪੂਰੀ ਕਰੇ।''

# ਨਾਨਕਸ਼ਾਹੀ ਕੈਲੰਡਰ

ਸਾਹਿਬਾਨ ਨੇ ਪਾਵਨ ਦਿਹਾੜੇ ਚੁਣੇ ਸਨ। ਜਿਵੇਂ ਕਿ ਖਾਲਸੇ ਦੀ ਸਿਰਜਣਾ ਲਈ ਪਹਿਲੀ ਵਿਸਾਖ, ਸ੍ਰੀ ਆਦਿ-ਗ੍ਰੰਥ ਦੇ ਪਹਿਲੇ ਪ੍ਰਕਾਸ਼ ਲਈ ਭਾਦੋਂ ਸੁਦੀ 1, ਪਰ ਜੇਕਰ ਬਿਕਰਮੀ ਸੰਮਤ ਨੂੰ ਇਸ ਕਰਕੇ ਰੱਦ ਕਰਨਾ ਹੈ ਕਿ ਇਹ ਹਿੰਦੂ ਕੈਲੰਡਰ ਹੈ ਤਾਂ ਇਹ ਦਲੀਲ ਵੀ ਬਹੁਤ ਵਜ਼ਨ ਨਹੀਂ ਰੱਖਦੀ। ਜੇਕਰ ਕੋਈ ਹਿੰਦੂ ਕੈਲੰਡਰ ਹੈ ਤਾਂ ਉਹ ਹੈ ਸ਼ੱਕ ਸੰਮਤ ਜੋ ਭਾਰਤ ਸਰਕਾਰ ਨੇ ਵੀ ਅਪਨਾਇਆ ਹੋਇਆ ਹੈ। ਇਸ ਦਲੀਲ ਦਾ ਜਵਾਬ, ਕਿ ਸਿੱਖ ਮਤਿ ਵੱਖਰਾ ਮਤਿ ਹੈ ਤੇ ਹਰ ਮਜ਼੍ਹਬ ਦਾ ਵੱਖਰਾ ਵੱਖਰਾ ਕੈਲੰਡਰ ਹੋਣਾ ਲਾਜ਼ਮੀ ਹੈ, ਉਪਰ ਦਿੱਤਾ ਜਾ ਚੁੱਕਿਆ ਹੈ।

ਨਵੇਂ ਕੈਲੰਡਰ ਨਾਲ ਕਈ ਵਿਵਹਾਰਿਕ ਸਮਸਿਆਵਾਂ ਵੀ ਉਤਪੰਨ ਹੋਣਗੀਆਂ। ਅਰਥਾਤ ਪੁਰਾਣੇ ਗੁਰਮਤਿ ਸਹਿਤ ਦੀਆਂ ਨਵੇਂ ਸਿਰ ਤੋਂ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਿਤੀਆਂ ਦਾ ਨਿਰਧਾਰਣ ਕਰਨਾ। ਵਰਨਾ ਪਿਛਲੀਆਂ ਚਾਰ ਸਦੀਆਂ ਦਾ ਸਿੱਖ ਇਤਿਹਾਸ ਬਿਕਰਮੀ ਸੰਮਤ ਵਿਚ ਹੋਵੇਗਾ। 20ਵੀਂ ਸਦੀ ਦਾ ਸਿੱਖ ਇਤਿਹਾਸ ਗਰੈਗੋਰੀਅਨ ਕੈਲੰਡਰ ਅਨੁਸਾਰ, ਤੇ 21ਵੀਂ ਸਦੀ ਤੋਂ ਚਲਦਾ ਇਤਿਹਾਸ ਨਵੇਂ ਨਾਨਕਸ਼ਾਹੀ ਕੈਲੰਡਰ ਅਨੁਸਾਰ। ਸਿੱਟਾ ਇਹ ਨਿਕਲੇਗਾ, ''ਕੁੱਝ ਨਾ ਸਮਝੇ, ਖ਼ੁਦਾ ਕਰੇ, ਕੋਈ। ''

ਨਾਨਕਸ਼ਾਹੀ ਕੈਲੰਡਰ ਜ਼ਰੂਰ ਬਣਾਓ, ਪਰ ਉਹ ਕੈਲੰਡਰ ਮੌਜੂਦਾ ਗਰੈਗੋਰੀਅਨ ਕੈਲੰਡਰ ਤੋਂ ਵਧ ਤਰਕਸ਼ੀਲ ਹੋਵੇ, ਜਿਸਨੂੰ ਵਧੇਰੇ ਵਿਗਿਆਨਕ ਸਮਝ ਕੇ ਵਿਸ਼ਵ ਦੇ ਦੇਸ਼ ਵੀ ਅਪਨਾ ਸਕਣ। ਫਿਰ ਤਾਂ ਇਹ 21ਵੀਂ ਸਦੀ ਵਿਚ ਸਿੱਖ ਮਤਿ ਦੀ ਵਿਸ਼ਵ ਸਭਿਅਤਾ ਨੂੰ ਇੱਕ ਨਵੀਂ ਦੇਣ ਹੋਵੇਗੀ, ਵਰਨਾ ਇਹ ਯਤਨ ਇਕ ਹਉਮੈ-ਤ੍ਰਿਪਤੀ ਤੋਂ ਵੱਧ ਕੁਝ ਨਹੀਂ ਹੋਵੇਗੀ।

#

# ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਅਤੇ ਸਿੱਖਾਂ ਦੀ ਕੌਮੀ ਬਣਤਰ

**ਡਾ. ਗੁਰਵਿੰਦਰ ਕੌਰ**

ਸਿੱਖ ਇਤਿਹਾਸ ਅਦੁੱਤੀ ਕੁਰਬਾਨੀਆਂ ਦਾ ਮਾਣ-ਮੱਤਾ ਇਤਿਹਾਸ ਹੈ। ਸਿੱਖ ਕੌਮ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਅਣਗਿਣਤ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ ਹਨ ਪਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਤਸਵੀਰ ਜਦੋਂ ਵੀ ਅੱਖਾਂ ਸਾਹਮਣੇ ਆਉਂਦੀ ਹੈ ਤਾਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੇ ਆਪਣੇ ਧਰਮ ਦੀ ਰੱਖਿਆ ਲਈ ਲਾਸਾਨੀ ਸ਼ਹਾਦਤ ਦਿੱਤੀ ਜੋ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਨਾਲ ਲਿਖੀ ਗਈ ਹੈ। ਇਕ ਸਿੱਖ ਵਿਦਵਾਨ ਅਨੁਸਾਰ,

## ਸਾਕਾ ਸਰਹਿੰਦ ਦੀ ਦਾਸਤਾਨ

"ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਚੇਤੰਨ ਸਰੂਪ ਵਿਚ ਆਪ ਸਿਰਜੇ ਤੇ ਰੂਪਮਾਨ ਕੀਤੇ ਬਹਾਦਰੀ ਦੇ ਜੌਹਰ ਸਨ ਜੋ ਕੌਮ ਅਤੇ ਦੇਸ਼ ਦਾ ਫ਼ਖ਼ਰ ਬਣੇ। ਇਨ੍ਹਾਂ ਅੰਦਰ ਗੁਰੂ-ਪਿਤਾ, ਗੁਰੂ-ਦਾਦਾ, ਗੁਰੂ-ਵਿਰਸੇ ਤੋਂ ਪ੍ਰਾਪਤ ਨਾਮ-ਰੰਗ ਦੀ ਸੂਰਮਗਤੀ ਸੀ।"

ਸਿੱਖ ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 22 ਦਸੰਬਰ ਸੰਨ 1704 ਨੂੰ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਦੀ 27 ਦਸੰਬਰ ਸੰਨ 1704 ਨੂੰ ਹੋਈ ਸੀ ਜਿਸ ਦੀ ਮਿਸਾਲ ਵਿਸ਼ਵ-ਧਰਮਾਂ ਦੇ ਇਤਿਹਾਸ ਵਿਚ ਨਹੀਂ ਮਿਲਦੀ। ਹਰ ਸਾਲ ਸੰਗਤਾਂ ਲਹੂ-ਭਿੱਜੀਆਂ ਯਾਦਗਾਰਾਂ ਨੂੰ ਪ੍ਰਣਾਮ ਕਰਨ ਲਈ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸਖ਼ਤ ਸਰਦੀ ਵਿਚ ਚਮਕੌਰ ਸਾਹਿਬ ਤੇ ਫਤਹਿਗੜ੍ਹ ਸਾਹਿਬ ਪੁੱਜਦੀਆਂ ਹਨ। ਪਵਿੱਤਰ ਸਥਾਨਾਂ ਨੂੰ ਜਾਂਦਿਆਂ ਸਾਰੀਆਂ ਸੜਕਾਂ 'ਤੇ ਥਾਂ-ਥਾਂ ਲੰਗਰ ਤੇ ਛਬੀਲਾਂ ਲਗਾ ਕੇ ਗੁਰੂ-ਪਿਆਰੇ ਹੱਥ ਬੰਨ੍ਹੀ ਸੰਗਤਾਂ ਨੂੰ ਰੋਕ ਕੇ ਸੇਵਾ ਪ੍ਰਵਾਨ ਕਰਨ ਲਈ ਤਰਲੇ ਲੈਂਦੇ ਦਿਖਾਈ ਦਿੰਦੇ ਹਨ ਤਾਂ ਕਿ ਅਦੁੱਤੀ ਸ਼ਹੀਦਾਂ ਨੂੰ ਅਕੀਦਤ ਦੇ ਫੁੱਲ ਭੇਟ ਕਰ ਸਕਣ। ਇਹ ਸਿਲਸਿਲਾ ਸਦੀਵ ਕਾਲ ਤਕ ਚਲਦਾ ਰਹੇਗਾ ਕਿਉਂਕਿ ਇਕ ਸ਼ਾਇਰ ਦਾ ਕਥਨ ਹੈ:

ਸ਼ਹੀਦੋਂ ਕੀ ਕਤਲਗਾਹ ਸੇ
ਕਿਆ ਬੇਹਤਰ ਕਾਬਾ?
ਸ਼ਹੀਦੋਂ ਕੀ ਖ਼ਾਕ ਪੇ ਤੋ
ਖ਼ੁਦਾ ਭੀ ਕੁਰਬਾਨ ਹੋਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰਾਂ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦਾ ਜਨਮ ਕ੍ਰਮਵਾਰ-ਸੰਨ 1687, 1689, 1696 ਅਤੇ 1699 ਨੂੰ ਹੋਇਆ। ਗੁਰੂ ਜੀ ਨੇ ਆਪਣੇ ਸਾਹਿਬਜ਼ਾਦਿਆਂ ਲਈ ਸ੍ਰੀ ਆਨੰਦਪੁਰ ਸਾਹਿਬ ਵਿਚ ਰਹਿੰਦਿਆਂ ਧਾਰਮਿਕ ਵਿੱਦਿਆ ਦੇ ਨਾਲ-ਨਾਲ ਸਰੀਰਿਕ ਤੰਦਰੁਸਤੀ, ਘੋੜਸਵਾਰੀ, ਤੀਰ-ਅੰਦਾਜ਼ੀ, ਤਲਵਾਰ ਤੇ ਨੇਜ਼ੇ ਆਦਿ ਸ਼ਸਤਰਾਂ ਦੀ ਸਿਖਲਾਈ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ।

ਬਾਬਾ ਅਜੀਤ ਸਿੰਘ ਦੀ ਨਿਪੁੰਨਤਾ ਸੰਬੰਧੀ ਇਤਿਹਾਸ ਵਿਚ ਇਕ ਘਟਨਾ ਦਾ ਜ਼ਿਕਰ ਆਉਂਦਾ ਹੈ ਕਿ ਇਕ ਦਿਨ ਗੁਰੂ-ਦਰਬਾਰ ਵਿਚ ਦੇਵ ਦਾਸ ਨਾਮ ਦਾ ਇਕ ਬ੍ਰਾਹਮਣ ਫਰਿਆਦ ਕਰਨ ਆਇਆ ਕਿ ਉਸ ਦੀ ਨਵ-ਵਿਆਹੀ ਪਤਨੀ ਨੂੰ ਬਸੀ ਪਿੰਡ ਦੇ ਨੇੜੇ ਰਾਹ ਵਿਚ ਜਾਂਦਿਆਂ ਪਠਾਣਾਂ ਨੇ ਖੋਹ ਲਿਆ ਹੈ, ਉਸ ਦੀ ਮਦਦ ਕੀਤੀ ਜਾਵੇ ਤੇ ਉਸ ਦੀ ਬ੍ਰਾਹਮਣੀ ਨੂੰ ਵਾਪਸ ਦਿਵਾਇਆ ਜਾਵੇ। ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਹੁਕਮ ਦਿੱਤਾ ਕਿ ਉਹ ਕੁਝ ਸਿੰਘਾਂ ਨੂੰ ਨਾਲ ਲਿਜਾ ਕੇ ਬਸੀ ਦੇ ਪਠਾਣ ਜ਼ਾਬਰ ਖਾਂ ਤੋਂ ਇਸ ਬ੍ਰਾਹਮਣ ਦੀ ਘਰ ਵਾਲੀ ਨੂੰ ਛੁਡਾ ਕੇ ਇਸ ਦੇ ਹਵਾਲੇ ਕਰਨ ਅਤੇ ਜ਼ਾਬਰ ਖਾਂ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ। ਕਹਿੰਦੇ ਹਨ ਕਿ ਸਾਹਿਬਜ਼ਾਦਾ ਅਜੀਤ ਸਿੰਘ ਨੇ 100 ਘੋੜ ਸਵਾਰ ਸਿੰਘਾਂ ਦੇ ਦਸਤੇ ਨੂੰ ਨਾਲ ਲੈ ਕੇ ਸਵੇਰ ਹੋਣ ਤੋਂ ਪਹਿਲਾਂ ਹੀ ਜ਼ਾਬਰ ਖਾਂ ਦੀ ਹਵੇਲੀ ਨੂੰ ਜਾ ਘੇਰਿਆ। ਬੂਹਾ ਤੋੜ ਕੇ ਅੰਦਰੋਂ ਜ਼ਾਬਰ ਖਾਂ ਨੂੰ ਪਕੜ ਕੇ ਘੋੜੇ 'ਤੇ ਬੰਨ੍ਹ ਲਿਆ ਤੇ ਬ੍ਰਾਹਮਣੀ ਨੂੰ ਪਠਾਣ ਦੀ ਕੈਦ ਤੋਂ ਆਜ਼ਾਦ ਕਰਵਾ ਕੇ ਵਾਪਸ ਸ੍ਰੀ ਆਨੰਦਪੁਰ ਸਾਹਿਬ ਆ ਗਏ। ਬ੍ਰਾਹਮਣੀ ਫਰਿਆਦੀ ਦੇ ਹਵਾਲੇ ਕੀਤੀ ਅਤੇ ਕੁਕਰਮੀ ਜ਼ਾਬਰ ਖਾਂ ਦੇ ਨੀਚ ਕਰਮਾਂ ਦੀ ਕਰੜੀ ਸਜ਼ਾ ਦਿੱਤੀ ਗਈ। ਗੁਰੂ-ਪਿਤਾ ਸਾਹਿਬਜ਼ਾਦੇ ਦੇ ਇਸ ਕਰਨਾਮੇ 'ਤੇ ਬਹੁਤ ਖ਼ੁਸ਼ ਹੋਏ। ਆਪਣੇ ਗੁਰੂ-ਪਿਤਾ ਦੀ ਦੇਖ-ਰੇਖ ਵਿਚ ਰਹਿੰਦਿਆਂ ਚਾਰਾਂ ਸਾਹਿਬਜ਼ਾਦਿਆਂ ਨੇ ਸਿੱਖੀ ਦੀ ਜੀਵਨ-ਜਾਚ ਦ੍ਰਿੜ੍ਹ ਕੀਤੀ।

ਸ਼ਹਾਦਤ ਦਾ ਪਿਛੋਕੜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਾਜਨਾ ਨਾਲ ਜਾ ਜੁੜਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਅਰੰਭ ਕੀਤੇ ਕਾਰਜ ਨੂੰ ਸੰਪੂਰਨਤਾ ਬਖ਼ਸ਼ਣ ਲਈ ਗੁਰੂ ਜੀ ਨੇ ਸੰਮਤ 1756 ਦੀ ਵਿਸਾਖੀ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ ਤੇ ਅੰਮ੍ਰਿਤ ਦੀ ਦਾਤ ਬਖ਼ਸ਼ੀ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਉਨ੍ਹਾਂ ਤੋਂ ਆਪ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਦੀ ਮਰਯਾਦਾ ਚਲਾਈ। ਗੁਰੂ ਜੀ ਦੇ ਦੋਹਾਂ ਵੱਡੇ ਸਪੁੱਤਰਾਂ ਨੇ ਵੀ ਅੰਮ੍ਰਿਤਪਾਨ ਕੀਤਾ ਤੇ ਤਿਆਰ ਬਰ ਤਿਆਰ ਸਿੰਘ ਸਜੇ। ਸਾਰੀਆਂ ਜਾਤਾਂ ਦੇ ਸਿੱਖਾਂ ਨੂੰ ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਉਚ-ਨੀਚ ਦਾ ਭੇਦ-ਭਾਵ ਮਿਟਾ ਦਿੱਤਾ ਤੇ ਸਾਰਿਆਂ ਨੂੰ ਸ਼ਸਤਰਧਾਰੀ ਬਣਾ ਦਿੱਤਾ। ਇਕ ਅਕਾਲ ਪੁਰਖ ਦੀ ਉਪਾਸ਼ਨਾ ਕਰਨ ਤੇ ਵਹਿਮਾਂ ਭਰਮਾਂ ਦਾ ਤਿਆਗ ਕਰਨ ਦਾ ਹੁਕਮ ਦਿੱਤਾ। ਇਹ ਸਭ ਕੁਝ ਅਖੌਤੀ ਉੱਚੀਆਂ ਜਾਤਾਂ ਵਾਲੇ ਪੰਡਤਾਂ, ਬ੍ਰਾਹਮਣਾਂ, ਖੱਤਰੀਆਂ ਤੇ ਰਾਜਪੂਤਾਂ ਨੂੰ ਫੁੱਟੀ ਅੱਖ ਨਾ ਭਾਇਆ।

ਪਹਾੜੀ ਰਾਜੇ ਵੀ ਗੁਰੂ ਜੀ ਦੀ ਵਧਦੀ ਤਾਕਤ ਤੋਂ ਭੈ-ਭੀਤ ਹੋ ਗਏ। ਇਸ ਲਈ ਅੰਦਰ-ਖਾਤੇ ਗੁਰੂ ਜੀ ਨੂੰ ਖਤਮ ਕਰਨ ਦੇ ਮਨਸੂਬੇ ਬਣਾਉਣ ਲੱਗੇ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦੀਆਂ ਫੌਜਾਂ ਗੁਰੂ ਜੀ ਦੇ ਬਹਾਦਰ ਸਿੰਘਾਂ ਦਾ ਮੁਕਾਬਲਾ ਨਹੀਂ ਕਰ ਸਕਦੀਆਂ, ਇਸ ਲਈ ਫੈਸਲਾ ਕੀਤਾ ਕਿ ਸਰਹਿੰਦ ਦੇ ਨਵਾਬ ਰਾਹੀਂ ਸ਼ਾਹੀ ਫੌਜ ਦੀ ਸਹਾਇਤਾ ਪ੍ਰਾਪਤ ਕੀਤੀ ਜਾਵੇ। ਨਵਾਬ ਵਜ਼ੀਰ ਖਾਂ ਨੂੰ ਚਿੱਠੀ ਲਿਖੀ ਤੇ ਬੇਨਤੀ ਕੀਤੀ ਕਿ ਗੁਰੂ ਗੋਬਿੰਦ ਸਿੰਘ ਮੁਗ਼ਲ ਸਰਕਾਰ ਤੇ ਤੁਹਾਡੇ ਲਈ ਵੀ ਖ਼ਤਰਾ ਹੈ, ਤਾਂ ਤੇ ਇਸ ਖ਼ਤਰੇ ਦਾ ਮੁਕਾਬਲਾ ਰਲ ਕੇ ਕਰਨ ਲਈ ਫੌਜ ਭੇਜੀ ਜਾਵੇ।

ਵਜ਼ੀਰ ਖਾਨ ਨੇ ਨਵਾਬ ਪੈਂਦੇ ਖਾਨ ਅਤੇ ਦੀਨਾ ਬੇਗ ਦੀ ਕਮਾਨ ਹੇਠ 10 ਹਜ਼ਾਰ ਫੌਜ ਭੇਜ ਦਿੱਤੀ। ਬਾਈਧਾਰ ਦੇ ਰਾਜਿਆਂ ਦੀ 20 ਹਜ਼ਾਰ ਫੌਜ ਨਾਲ ਮਿਲ ਕੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਲੜਾਈ ਵਿਚ ਪੈਂਦੇ ਖਾਂ ਗੁਰੂ ਜੀ ਦੇ ਹੱਥੋਂ ਮਾਰਿਆ ਗਿਆ, ਦੀਨਾ ਬੇਗ ਵੀ ਫੱਟੜ ਹੋਣ 'ਤੇ ਭੱਜ ਗਿਆ।

ਰਾਜਾ ਭੀਮ ਚੰਦ ਨੇ ਹੋਰ ਪਹਾੜੀ ਰਾਜਿਆਂ ਨਾਲ ਸਲਾਹ ਬਣਾਈ ਕਿ ਬਹੁਤ ਸਾਰੀ ਫੌਜ ਇਕੱਠੀ ਕਰ ਕੇ ਸ੍ਰੀ ਆਨੰਦਪੁਰ ਸਾਹਿਬ ਦੇ ਦੁਆਲੇ ਘੇਰਾ ਪਾਇਆ ਜਾਵੇ ਤਾਂ ਕਿ ਅੰਦਰ ਰਸਦ-ਪਾਣੀ ਜਾਣੋਂ ਬੰਦ ਕਰ ਕੇ ਗੁਰੂ ਜੀ ਨੂੰ ਹਾਰ ਮੰਨਣ ਲਈ ਮਜਬੂਰ ਕੀਤਾ ਜਾ ਸਕੇ। ਉਸ ਨੇ ਗੁਰੂ ਜੀ ਨੂੰ ਇਕ ਲੰਬੀ ਚਿੱਠੀ ਲਿਖ ਕੇ ਕਿਹਾ, "ਜਾਂ ਤਾਂ ਮੇਰੀ ਰਿਆਸਤ ਵਿਚੋਂ ਨਿਕਲ ਜਾਓ ਨਹੀਂ ਤਾਂ ਮੇਰੀ ਰਈਅਤ ਬਣ ਕੇ ਤੇ ਅਧੀਨ ਹੋ ਕੇ ਰਹੋ ਅਤੇ ਟਕੇ ਭਰੋ।"

ਪਰ ਜਦੋਂ ਗੁਰੂ ਜੀ ਨੇ ਦੋਵੇਂ ਗੱਲਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਰਾਜਾ ਭੀਮ ਚੰਦ ਨੇ ਹੋਰ ਰਾਜਿਆਂ, ਮੁਸਲਮਾਨ ਗੁੱਜਰਾਂ ਤੇ ਰੰਘੜਾਂ ਨੂੰ ਨਾਲ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਦਾ ਘੇਰਾ ਘੱਤ ਲਿਆ। ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਮਸਤ ਸ਼ਰਾਬੀ ਹਾਥੀ ਨੂੰ ਅੱਗੇ ਭੇਜਿਆ ਪਰ ਜਦੋਂ ਭਾਈ ਬਚਿੱਤਰ ਸਿੰਘ ਨੇ ਪੂਰੇ ਜ਼ੋਰ ਨਾਲ ਨੇਜ਼ਾ ਉਸ ਦੇ ਮੱਥੇ ਵਿਚ ਮਾਰਿਆ ਤਾਂ ਉਹ ਚੀਕਾਂ ਮਾਰਦਾ ਹੋਇਆ ਆਪਣੀਆਂ ਫੌਜਾਂ ਨੂੰ ਮਿੱਧਦਾ ਹੋਇਆ ਭੱਜ ਗਿਆ। ਸਾਰੀ ਫੌਜ ਨੂੰ ਭਾਜੜਾਂ ਪੈ ਗਈਆਂ। ਹੁਣ ਪਹਾੜੀ ਰਾਜਿਆਂ ਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਗੁਰੂ ਜੀ ਦੇ ਵਿਰੁੱਧ ਪ੍ਰੇਰਿਆ ਤੇ ਮਦਦ ਲਈ ਸ਼ਾਹੀ ਫੌਜਾਂ ਦੀ ਸਹਾਇਤਾ ਲਈ ਅਰਜ਼ੋਈ ਕੀਤੀ। ਉਸ ਨੇ ਸੂਬਾ ਲਾਹੌਰ ਤੇ ਸੂਬਾ ਸਰਹਿੰਦ ਨੂੰ ਹੁਕਮ ਭੇਜਿਆ ਕਿ ਪਹਾੜੀ ਰਾਜਿਆਂ ਦੇ ਨਾਲ ਹੋ ਕੇ ਗੁਰੂ ਜੀ ਉੱਪਰ ਤੁਰੰਤ ਹਮਲਾ ਕੀਤਾ ਜਾਵੇ। ਇਸ ਹੁਕਮ ਅਨੁਸਾਰ ਭਾਰੀ ਫੌਜ ਨੇ ਸ੍ਰੀ ਆਨੰਦਪੁਰ ਸਾਹਿਬ 'ਤੇ ਚੜ੍ਹਾਈ ਕਰ ਦਿੱਤੀ। ਇਕ ਪਾਸੇ ਲੱਖਾਂ ਦੀ ਫੌਜ ਅਤੇ ਮੁਲਖਈਆ ਸੀ ਤੇ ਦੂਜੇ ਪਾਸੇ ਸਿੱਖ ਫੌਜ ਦੀ ਗਿਣਤੀ 10 ਕੁ ਹਜ਼ਾਰ ਸੀ। ਖ਼ਾਲਸਾ ਫੌਜ ਨੇ ਬੇਮਿਸਾਲ ਬੀਰਤਾ ਤੇ ਦ੍ਰਿੜ੍ਹਤਾ ਨਾਲ ਡਟ ਕੇ ਮੁਕਾਬਲਾ ਕੀਤਾ। ਸ੍ਰੀ ਆਨੰਦਪੁਰ ਸਾਹਿਬ ਵਿਚ ਹੋਈਆਂ ਲੜਾਈਆਂ ਵਿਚ ਬਾਬਾ ਅਜੀਤ ਸਿੰਘ ਨੇ ਵੀ ਬਹਾਦਰੀ ਦੇ ਕਈ ਜੌਹਰ ਵਿਖਾਏ। ਲਗਭਗ 6 ਮਹੀਨੇ ਜੰਗ ਜਾਰੀ ਰਿਹਾ ਪਰ ਹਾਰ-ਜਿੱਤ ਦਾ ਫੈਸਲਾ ਨਾ ਹੁੰਦਾ ਵੇਖ ਕੇ ਰਾਜਿਆਂ ਤੇ ਮੁਗ਼ਲ ਫੌਜਾਂ ਦੇ ਜਰਨੈਲਾਂ ਨੇ ਗੁਰੂ ਜੀ ਨੂੰ ਕਿਲ੍ਹੇ ਵਿਚੋਂ ਕੱਢਣ ਦੀ ਇਕ ਚਾਲ ਸੋਚੀ। ਗਊ ਅਤੇ ਕੁਰਾਨ ਦੀ ਕਸਮ ਖਾ ਕੇ ਕਿਹਾ, "ਤੁਸੀਂ ਇਕ ਵਾਰ ਕਿਲ੍ਹਾ ਛੱਡ ਜਾਓ। ਤੁਹਾਡੇ ਇਸ ਤਰ੍ਹਾਂ ਕਰਨ ਨਾਲ ਸਾਡੀ ਇੱਜ਼ਤ ਬਣੀ ਰਹੇਗੀ। ਤੁਸੀਂ ਅਮਨ-ਅਮਾਨ ਨਾਲ ਚਲੇ ਜਾਇਓ। ਅਸੀਂ ਆਪਣੀਆਂ ਫੌਜਾਂ ਲੈ ਕੇ ਵਾਪਸ ਚਲੇ ਜਾਵਾਂਗੇ। ਫੇਰ ਤੁਸੀਂ ਬੇਸ਼ੱਕ ਵਾਪਸ ਆ ਜਾਣਾ।"

ਸ੍ਰੀ ਆਨੰਦਪੁਰ ਸਾਹਿਬ ਛੱਡਣਾ ਤੇ ਪਰਿਵਾਰ ਦਾ ਵਿਛੋੜਾ: ਗੁਰੂ ਜੀ ਦੇ ਸਿੱਖ ਲੰਮੇ ਘੇਰੇ ਕਾਰਨ ਥੱਕੇ ਪਏ ਸਨ। ਉਨ੍ਹਾਂ ਨੇ ਮਾਤਾ ਗੁਜਰੀ ਜੀ ਨੂੰ ਵਿਚ ਪਾ ਕੇ ਗੁਰੂ ਜੀ ਨੂੰ ਕਿਲ੍ਹਾ ਛੱਡ ਕੇ ਜਾਣ ਲਈ ਮਨਾ ਲਿਆ। ਮਾਤਾ ਜੀ ਅਤੇ ਸਿੱਖਾਂ ਦੇ ਵਾਰ-ਵਾਰ ਕਹਿਣ ਤੇ 6 ਪੋਹ, ਸੰਮਤ 1761 (20 ਦਸੰਬਰ, 1704 ਈਸਵੀ) ਦੀ ਠੰਢੀ ਰਾਤ ਨੂੰ ਪਰਿਵਾਰ ਅਤੇ ਸਿੱਖਾਂ ਸਮੇਤ ਕਿਲ੍ਹਾ ਖਾਲੀ ਕਰ ਦਿੱਤਾ ਅਤੇ ਰੋਪੜ ਵੱਲ ਚਾਲੇ ਪਾ ਦਿੱਤੇ।

ਗੁਰੂ ਜੀ ਦੇ ਕਿਲ੍ਹੇ ਵਿਚੋਂ ਨਿਕਲਣ ਦਾ ਪਤਾ ਲਗਦਿਆਂ ਸਾਰ ਹੀ ਦੁਸ਼ਮਣ ਫੌਜਾਂ ਨੇ ਆਪਣੀਆਂ ਕਸਮਾਂ ਭੁਲਾ ਕੇ ਹਮਲਾ ਕਰ ਦਿੱਤਾ। ਰਾਤ ਦੇ ਹਨੇਰੇ ਤੇ ਵਰ੍ਹਦੇ ਮੀਂਹ ਵਿਚ ਸਰਸਾ ਨਦੀ ਦੇ ਕੰਢੇ ਘਮਸਾਨ ਦੀ ਲੜਾਈ ਹੋਈ। ਅਨੇਕਾਂ ਸਿੰਘਾਂ ਨੇ ਸੂਰਬੀਰਤਾ ਨਾਲ ਦੁਸ਼ਮਣ ਫੌਜ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪਾਈਆਂ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਕੁਝ ਸਿੰਘਾਂ ਨਾਲ ਦੁਸ਼ਮਣ ਫੌਜ ਨੂੰ ਰੋਕੀ ਰੱਖਿਆ। ਬਾਕੀ ਦਾ ਸੰਗ ਨਦੀ ਵਿਚ ਠਿੱਲ੍ਹ ਪਿਆ। ਇਸ ਸਮੇਂ ਨਦੀ ਜ਼ੋਰਾਂ 'ਤੇ ਸੀ। ਗੁਰੂ ਜੀ ਦਾ ਸਾਰਾ ਸਾਮਾਨ ਤੇ ਕੀਮਤੀ ਕਾਵਿ-ਗ੍ਰੰਥ ਸਰਸਾ ਨਦੀ ਵਿਚ ਰੁੜ੍ਹ ਗਏ। ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਸੰਗ ਨਾਲੋਂ ਵਿਛੜ ਗਏ। ਰਸੋਈਏ ਗੰਗੂ ਦੇ ਕਹਿਣ 'ਤੇ ਉਹ ਉਸ ਦੇ ਨਾਲ ਉਸ ਦੇ ਪਿੰਡ ਖੇੜੀ (ਸਹੇੜੀ) ਚਲੇ ਗਏ। ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਨਾਲ ਦਿੱਲੀ ਵਲ ਚਲੇ ਗਏ। ਗੁਰੂ ਜੀ ਵੱਡੇ ਸਾਹਿਬਜ਼ਾਦਿਆਂ ਤੇ ਹੋਰ 40 ਦੇ ਕਰੀਬ ਸਿੰਘਾਂ ਨਾਲ ਚਮਕੌਰ ਸਾਹਿਬ ਦੇ ਪਾਸ ਪੁੱਜ ਗਏ। ਇਥੇ ਚੌਧਰੀ ਬਿਧੀ ਚੰਦ ਦੀ ਇਕ ਗੜ੍ਹੀਨੁਮਾ ਕੱਚੀ ਹਵੇਲੀ ਸੀ। ਵਾਹੋ-ਦਾਹੀ ਪਿੱਛਾ ਕਰ ਰਹੀ ਸ਼ਾਹੀ ਫੌਜ ਦਾ ਟਾਕਰਾ ਕਰਨ ਲਈ ਗੁਰੂ ਜੀ ਨੇ ਇਸ ਵਿਚ ਲੜਾਈ ਪੱਖੋਂ ਮੋਰਚਾਬੰਦੀ ਕਰ ਲਈ।

ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ: ਜਦੋਂ ਸਰਹਿੰਦ ਦੇ ਸੂਬੇ ਵਜ਼ੀਰ ਖਾਂ ਨੂੰ ਪਤਾ ਲੱਗਿਆ ਤਾਂ ਉਸ ਨੇ 10 ਲੱਖ ਫੌਜ ਨਾਲ ਚਮਕੌਰ ਦੀ ਗੜ੍ਹੀ ਨੂੰ ਘੇਰ ਲਿਆ। ਇਕ ਪਾਸੇ ਲੱਖਾਂ ਦੀ ਗਿਣਤੀ ਵਿਚ ਮੁਗ਼ਲ ਸੈਨਾ ਤੇ ਦੂਜੇ ਪਾਸੇ ਗੁਰੂ ਲਈ ਕੁਰਬਾਨ ਹੋਣ ਵਾਲੇ ਮਰਜੀਵੜੇ 40 ਸਿੱਖ। 5-5 ਸਿੰਘਾਂ ਦਾ ਜਥਾ ਵੈਰੀ ਨਾਲ ਜੂਝਣ ਲਈ ਮੈਦਾਨੇ-ਜੰਗ ਵਿਚ ਜਾਂਦਾ, ਸਿੰਘ ਜੈਕਾਰਿਆਂ ਦੀ ਗੂੰਜ ਨਾਲ ਵੈਰੀਆਂ 'ਤੇ ਟੁੱਟ ਪੈਂਦੇ ਤੇ ਸੈਂਕੜੇ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਆਪ ਸ਼ਹੀਦ ਹੋ ਜਾਂਦੇ। ਜਦੋਂ ਕਾਫ਼ੀ ਸਿੰਘ ਸ਼ਹੀਦ ਹੋ ਗਏ ਤਾਂ ਬਾਕੀ ਬਚੇ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਰਾਤ ਦੇ ਹਨੇਰੇ ਵਿਚ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਗੜ੍ਹੀ 'ਚੋਂ ਬਾਹਰ ਨਿਕਲ ਜਾਣ। ਪਰ ਗੁਰੂ ਜੀ ਨੇ ਉੱਤਰ ਦਿੱਤਾ ਕਿ ਉਹ ਸਾਰੇ ਹੀ ਉਨ੍ਹਾਂ ਦੇ ਪੁੱਤਰ ਹਨ। ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਜੰਗ ਵਿਚ ਜਾਣ ਲਈ ਆਪਣੇ ਹੱਥੀਂ ਤਿਆਰ ਕੀਤਾ ਤੇ ਅਸ਼ੀਰਵਾਦ ਦੇ ਕੇ ਪੰਜ ਸਿੰਘਾਂ ਨਾਲ ਮੈਦਾਨੇ-ਜੰਗ ਲਈ ਤੋਰਿਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਆਪਣੀ ਬਹਾਦਰੀ ਦੇ ਅਜਿਹੇ ਜੌਹਰ ਵਿਖਾਏ ਕਿ ਵੈਰੀ-ਦਲ ਦੰਗ ਰਹਿ ਗਿਆ ਤੇ 'ਅੱਲਾ-ਅੱਲਾ' ਪੁਕਾਰਨ ਲੱਗ ਪਿਆ। ਆਖ਼ਰੀ ਦਮ ਤਕ ਜੂਝਦਿਆਂ ਬਾਬਾ ਅਜੀਤ ਸਿੰਘ ਅਤੇ ਬਾਕੀ ਸਿੰਘਾਂ ਨੇ ਸ਼ਹੀਦੀ ਦਾ ਜਾਮ ਪੀਤਾ।

ਆਪਣੇ ਵੀਰ ਦੀ ਬਹਾਦਰੀ ਤੋਂ ਉਤਸ਼ਾਹਿਤ ਹੁੰਦਿਆਂ ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਵੀ ਆਪਣੇ ਵੱਡੇ ਵੀਰ ਦੀਆਂ ਪੈੜਾਂ 'ਤੇ ਚਲਣ ਲਈ ਗੁਰੂ-ਪਿਤਾ ਤੋਂ ਜੰਗ ਵਿਚ ਜਾਣ ਦੀ ਆਗਿਆ ਮੰਗੀ। ਇਸ ਗੱਲਬਾਤ ਨੂੰ ਇਕ ਸ਼ਾਇਰ ਜੋਗੀ ਅੱਲ੍ਹਾ ਯਾਰ ਖਾਂ ਨੇ ਇਸ ਤਰ੍ਹਾਂ ਬਿਆਨਿਆ ਹੈ:

'ਇਸ ਵਕਤ ਕਹਾ
ਨੰਨ੍ਹੇ ਸੇ ਮਾਸੂਮ ਪਿਸਰ ਨੇ
ਰੁਖ਼ਸਤ ਹਮੇਂ ਦਿਲਵਾਓ ਪਿਤਾ,
ਜਾਏਂਗੇ ਮਰਨੇ!
ਭਾਈ ਸੇ ਬਿਛੜ ਕਰ
ਹਮੇਂ ਜੀਨਾ ਨਹੀਂ ਆਤਾ।
ਸੋਨਾ ਨਹੀਂ, ਖਾਨਾ ਨਹੀਂ,
ਪੀਨਾ ਨਹੀਂ ਭਾਤਾ!'
ਪਿਤਾ ਜੀ ਦਾ ਉੱਤਰ:
'ਮਰਨੇ ਸੇ ਕਿਸੀ ਯਾਰ ਕੋ
ਹਮ ਨੇ ਨਹੀਂ ਰੋਕਾ।
ਫਰਜ਼ੰਦ ਵਫ਼ਾਦਾਰ ਕੋ
ਹਮ ਨੇ ਨਹੀਂ ਰੋਕਾ।
ਖ਼ੁਸ਼ਨੂਦੀਏ ਕਰਤਾਰ ਕੋ
ਹਮ ਨੇ ਨਹੀਂ ਰੋਕਾ।
ਅਬ ਦੇਖੀਏ ਸ਼ੁਕਰ ਕੋ
ਹਮ ਨੇ ਨਹੀਂ ਰੋਕਾ।
ਤੁਮ ਕੋ ਭੀ ਇਸੀ ਰਾਹ,
ਮੇਂ ਕੁਰਬਾਨ ਕਰੇਂਗੇ!
ਸਦ ਸ਼ੁਕਰ ਹੈ ਹਮ ਭੀ
ਕਭੀ ਖੰਜਰ ਸੇ ਮਰੇਂਗੇ!!
ਲੋ ਜਾਓ, ਸਿਧਾਰੋ!
ਤੁਮ੍ਹੇਂ ਕਰਤਾਰ ਕੋ ਸੌਂਪਾ।
ਸਿਖੀ ਕੋ ਉਭਾਰੋ,
ਤੁਮ੍ਹੇਂ ਕਰਤਾਰ ਕੋ ਸੌਂਪਾ!
ਵਾਹਿਗੁਰੂ ਅਬ ਜੰਗ ਕੀ,
ਹਿੰਮਤ ਤੁਮ੍ਹੇਂ ਬਖ਼ਸ਼ੇ।
ਪਿਆਸੇ ਹੋ ਜਾਤ,
ਜਾਮਿ-ਸ਼ਹਾਦਤ ਤੁਮ੍ਹੇਂ ਬਖ਼ਸ਼ੇ"!


ਪਿਤਾ-ਗੁਰੂ ਨੇ ਆਪਣੇ ਦੂਜੇ ਪੁੱਤਰ ਨੂੰ ਵੀ ਅਸੀਸ ਦੇ ਕੇ ਪੰਜ ਸਿੰਘਾਂ ਨਾਲ ਖ਼ੁਸ਼ੀ-ਖ਼ੁਸ਼ੀ ਤੋਰਿਆ। ਬਾਬਾ ਜੁਝਾਰ ਸਿੰਘ ਵੈਰੀਆਂ ਦੇ ਆਹੂ ਲਾਹੁੰਦੇ ਰਹੇ ਤੇ ਅੰਤ ਵਿਚ ਸਾਥੀਆਂ ਸਮੇਤ ਵੈਰੀਆਂ ਨਾਲ ਜੂਝਦਿਆਂ ਸ਼ਹੀਦੀ ਪ੍ਰਾਪਤ ਕੀਤੀ। ਦਸਮੇਸ਼ ਪਿਤਾ ਨੇ ਗੜ੍ਹੀ ਵਿਚੋਂ ਆਪਣੇ ਸਪੁੱਤਰਾਂ ਦੀ ਬਹਾਦਰੀ ਦੇ ਕਾਰਨਾਮੇ ਵੇਖੇ ਤੇ ਫਿਰ ਸ਼ਹੀਦ ਹੁੰਦਿਆਂ ਨੂੰ ਵੇਖ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਕਿ ਦੋਵੇਂ ਬੱਚੇ ਸਿੱਖੀ ਸਿਦਕ ਵਿਚ ਪੂਰੇ ਉਤਰੇ ਹਨ ਤੇ ਇਮਤਿਹਾਨ ਵਿਚੋਂ ਪਾਸ ਹੋਏ ਹਨ। ਤੇਰੀ ਅਮਾਨਤ ਤੈਨੂੰ ਹੀ ਸੌਂਪ ਦਿੱਤੀ, "ਹੈ ਕੋਈ ਸੰਸਾਰ ਦੇ ਇਤਿਹਾਸ ਵਿਚ ਅਜਿਹੀ ਮਿਸਾਲ ਕਿਸੇ ਹੋਰ ਰਹਿਬਰ ਦੀ ਜਿਸ ਤੋਂ ਉਸ ਦੇ ਸਿੱਖ ਜਾਨਾਂ ਵਾਰਨ ਨੂੰ ਤਿਆਰ ਹੋਣ ਤੇ ਉਹ ਆਪਣੇ ਬੱਚਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਸ਼ਹੀਦ ਹੁੰਦਾ ਦੇਖ ਪਰਮਾਤਮਾ ਦਾ ਸ਼ੁਕਰ ਗੁਜ਼ਾਰ ਰਿਹਾ ਹੋਵੇ?" ਇਹ ਦੋਵੇਂ ਸ਼ਹੀਦੀਆਂ 8 ਪੋਹ ਸੰਮਤ 1761 (22 ਦਸੰਬਰ, 1704) ਨੂੰ ਹੋਈਆਂ। "ਸੰਸਾਰ ਦੇ ਯੁੱਧਾਂ ਦੇ ਇਤਿਹਾਸ ਵਿਚ ਕਿਤੇ ਵੀ ਐਸੀ ਉਦਾਹਰਣ ਨਹੀਂ ਮਿਲਦੀ ਜਿੱਥੇ 40-50 ਸੂਰਮਿਆਂ ਨੇ ਲੱਖਾਂ ਦੀ ਗਿਣਤੀ ਵਿਚ ਸ਼ਾਹੀ ਸੈਨਾ ਨਾਲ ਲੋਹਾ ਲਿਆ ਹੋਵੇ। 'ਸਵਾ ਲਾਖ ਸੇ ਏਕ ਲੜਾਊਂ' ਦਾ ਨਜ਼ਾਰਾ ਚਮਕੌਰ ਦੀ ਗੜ੍ਹੀ ਵਿਚ ਪ੍ਰਤੱਖ ਹੋਇਆ।"

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ: ਜਿਵੇਂ ਕਿ ਉੱਪਰ ਜ਼ਿਕਰ ਕੀਤਾ ਹੈ ਕਿ ਸਰਸਾ ਨਦੀ ਦੀ ਜੰਗ ਉਪਰੰਤ ਦੋਵੇਂ ਛੋਟੇ ਸਾਹਿਬਜ਼ਾਦੇ ਆਪਣੀ ਦਾਦੀ ਮਾਤਾ ਗੁਜਰੀ ਨਾਲ ਗੰਗੂ ਰਸੋਈਏ ਦੇ ਪਿੰਡ ਸਹੇੜੀ ਚਲੇ ਗਏ ਸਨ। ਜਦੋਂ ਰਾਤ ਨੂੰ ਮਾਤਾ ਜੀ ਅਤੇ ਬੱਚੇ ਸੁੱਤੇ ਪਏ ਸਨ ਤਾਂ ਗੰਗੂ ਦੀ ਨੀਯਤ ਖਰਾਬ ਹੋ ਗਈ। ਉਸ ਨੇ ਜ਼ੇਵਰਾਂ ਅਤੇ ਮੋਹਰਾਂ ਵਾਲੀ ਥੈਲੀ ਖਿਸਕਾ ਲਈ। ਸਵੇਰ ਹੋਣ 'ਤੇ ਜਦੋਂ ਮਾਤਾ ਜੀ ਨੇ ਪੁੱਛਿਆ ਤਾਂ ਨਮਕਹਰਾਮ ਗੰਗੂ ਸਾਫ਼ ਮੁੱਕਰ ਗਿਆ। ਉਸ ਨੇ ਮੁਸਲਮਾਨ ਹਕੂਮਤ ਕੋਲੋਂ ਇਨਾਮ ਹਾਸਲ ਕਰਨ ਲਈ ਮਾਤਾ ਜੀ ਅਤੇ ਮਾਸੂਮ ਬੱਚਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਗੰਗੂ ਦੀ ਬਦਨੀਤੀ ਕਾਰਨ ਨੰਨੇ ਮੁੰਨ੍ਹੇ ਬੇਦੋਸ਼ੇ ਬਾਲਾਂ ਨੂੰ ਪੋਹ ਮਹੀਨੇ ਦੀਆਂ ਰਾਤਾਂ ਵਿਚ ਦਾਦੀ ਦੇ ਨਾਲ ਠੰਢੇ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਅਗਲੇ ਦਿਨ ਬੱਚਿਆਂ ਨੂੰ ਸਰਹਿੰਦ ਦੇ ਨਵਾਬ ਦੀ ਕਚਹਿਰੀ ਵਿਚ ਪੇਸ਼ ਕਰਨ ਦਾ ਫ਼ੁਰਮਾਨ ਜਾਰੀ ਹੋਇਆ। ਮਾਤਾ ਗੁਜਰੀ ਜੀ ਦਸੰਬਰ ਦੀ ਬਰਫ ਵਰਗੀ ਠੰਢੀ ਰਾਤ ਨੂੰ ਆਪਣੇ ਪੋਤਿਆਂ ਨੂੰ ਸਰੀਰ ਨਾਲ ਘੁੱਟ-ਘੁੱਟ ਕੇ ਗਰਮਾਉਂਦੀ ਤੇ ਸੁਆਣ ਦਾ ਯਤਨ ਕਰਦੇ ਰਹੇ ਤੇ ਨਾਲ ਹੀ ਸਿੰਘਾਂ ਦੀ ਬਹਾਦਰੀ ਦੀਆਂ ਕਹਾਣੀਆਂ ਸੁਣਾ-ਸੁਣਾ ਕੇ ਉਨ੍ਹਾਂ ਵਿਚ ਬੀਰਤਾ ਦਾ ਜਜ਼ਬਾ ਭਰਦੇ ਰਹੇ ਤਾਂ ਕਿ ਉਹ ਅਗਲੇ ਦਿਨ ਹਾਕਮਾਂ ਦੇ ਸਾਹਮਣੇ ਡੋਲ ਨਾ ਜਾਣ। ਸਵੇਰੇ

*(ਅਗਲੇ ਸਫੇ 'ਤੇ ਜਾਰੀ)*



*ਗੁਰਦੁਆਰਾ ਜੋਤੀ ਸਰੂਪ, ਫਤਹਿਗੜ੍ਹ ਸਾਹਿਬ*



*ਗੁਰਦੁਆਰਾ ਫਤਹਿਗੜ੍ਹ ਸਾਹਿਬ*

# ਜ਼ੁਲਮੀ ਹਨੇਰੀਆਂ ਵਿਚ ਠੰਡੀ ਫੁਹਾਰ

## 'ਹਾਅ ਦਾ ਨਾਹਰਾ' ਦਾ ਇਤਿਹਾਸਕ ਮਹੱਤਵ

ਨਿਰਪਾਲ ਸਿੰਘ ਜਲਾਲਦੀਵਾਲ

ਕੌਮਾਂ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਘਟਨਾਵਾਂ ਘਟਦੀਆਂ ਰਹਿੰਦੀਆਂ ਹਨ, ਜਿਨ੍ਹਾਂ ਤੋਂ ਕੌਮਾਂ ਦੇ ਵਿਕਾਸ ਅਮਲ ਦੇ ਪੜਾਅ ਨਿਰਧਾਰਤ ਹੁੰਦੇ ਰਹਿੰਦੇ ਹਨ। ਇਹ ਘਟਨਾਵਾਂ ਕੌਮਾਂ ਦੇ ਗੌਰਵ ਨੂੰ ਵਧਾ ਕੇ ਅੰਬਰਾਂ ਤਕ ਪਹੁੰਚਾਉਂਦੀਆਂ ਹਨ ਤੇ ਰਸਾਤਲ ਤਕ ਵੀ ਨਿਘਾਰ ਸਕਦੀਆਂ ਹਨ। ਕੌਮਾਂ ਨੂੰ ਸੇਧ ਤੇ ਸ਼ਕਤੀ ਵੀ ਦਿੰਦੀਆਂ ਹਨ ਤੇ ਕੌਮਾਂ ਦੇ ਮੱਥੇ 'ਤੇ ਸਦੀਵੀ ਦਾਗ ਬਣ ਕੇ ਕਲੰਕਿਤ ਕਰਨ ਦੀਆਂ ਭਾਗੀ ਵੀ ਬਣ ਜਾਂਦੀਆਂ ਹਨ। ਅਜਿਹੀ ਹੀ ਇਕ ਬੇਹੱਦ ਦੁਖਦਾਈ ਘਟਨਾ ਹੈ 'ਸਾਕਾ ਸਰਹਿੰਦ', ਜਿਸ ਵਿਚ ਹੱਕ, ਸੱਚ ਤੇ ਇਨਸਾਫ਼ ਲਈ ਧਰਮ ਯੁੱਧ ਲੜਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੋ ਕ੍ਰਮਵਾਰ ਨੌਂ ਸਾਲ ਤੇ ਸੱਤ ਸਾਲ ਦੇ ਮਾਸੂਮ ਸਨ, ਨੂੰ ਸੂਬਾ ਸਰਹਿੰਦ ਵਜ਼ੀਰ ਖ਼ਾਨ ਦੀ ਵਹਿਸ਼ਤ ਕਾਰਨ ਜਿਉਂਦੇ ਜੀਅ ਨੀਹਾਂ 'ਚ ਚਿਣਵਾ ਕੇ ਸ਼ਹੀਦ ਕੀਤਾ ਗਿਆ ਸੀ।

ਯਾਦ ਰਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਾਕਮਾਂ ਨਾਲ ਤੇ ਸਮੇਂ ਦੇ ਅਤਿ ਸ਼ਕਤੀਸ਼ਾਲੀ ਮੁਗ਼ਲ ਸਾਮਰਾਜ ਨਾਲ ਲੜਾਈ ਕਿਸੇ ਰਾਜ-ਭਾਗ ਜਾਂ ਜ਼ਮੀਨ ਦੇ ਟੁਕੜੇ ਜਾਂ ਰਿਆਸਤ ਪ੍ਰਾਪਤੀ ਦੀ ਲੜਾਈ ਨਹੀਂ ਸੀ ਸਗੋਂ ਮਨੁੱਖੀ ਅਣਖ ਤੇ ਆਨ-ਸ਼ਾਨ ਦੇ ਨਾਲ ਧਾਰਮਿਕ ਆਜ਼ਾਦੀ ਤੇ ਸਮਾਜਿਕ ਬਰਾਬਰੀ ਦੇ ਉੱਚ- ਆਦਰਸ਼ਾਂ 'ਤੇ ਆਧਾਰਤ ਸੀ। ਜਦੋਂ ਉਪਰੋਕਤ ਘਟਨਾਵਾਂ ਮੁਗ਼ਲ ਹਕੂਮਤ ਨੇ ਇਸਲਾਮ ਦੀ ਸੇਵਾ ਤੇ ਬਿਹਤਰੀ ਲਈ ਕਰਨ ਦੀ ਗੱਲ ਕਰ ਕੇ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਤੇ ਧਾਰਮਿਕ ਲਿਬਾਸ ਵਿਚ ਛੁਪੇ ਸ਼ੈਤਾਨ ਕਾਜ਼ੀ ਤੋਂ ਫਤਵਾ ਜਾਰੀ ਕਰਵਾਇਆ ਤਾਂ ਇਸਲਾਮ ਦੇ ਪੈਰੋਕਾਰਾਂ ਨੇ ਹੀ ਇਸ ਦਾ ਵੱਡੀ ਪੱਧਰ 'ਤੇ ਬੁਰਾ ਮਨਾਇਆ। ਸੈਂਕੜੇ ਸਾਲਾਂ ਤੋਂ ਇਨ੍ਹਾਂ ਘਟਨਾਵਾਂ ਨੇ ਮਨੁੱਖੀ ਮਨ ਨੂੰ ਟੁੰਬਿਆ ਤੇ ਝੰਜੋੜਿਆ ਹੈ ਤੇ ਅਨੇਕਾਂ ਕਵੀਆਂ ਤੇ ਸਾਹਿਤਕਾਰਾਂ ਨੇ ਆਪਣੀਆਂ ਕਲਮਾਂ ਰਾਹੀਂ ਖ਼ੂਨ ਦੇ ਅੱਥਰੂ ਰੋਏ ਹਨ। ਪਰ ਜਿੰਨੀ ਸ਼ਿੱਦਤ ਤੇ ਦਰਦ ਨਾਲ ਇਨ੍ਹਾਂ ਘਟਨਾਵਾਂ ਨੂੰ 'ਅੱਲਾ ਯਾਰ ਖ਼ਾਂ ਜੋਗੀ' ਨਾਂ ਦੇ ਮੁਸਲਮਾਨ ਕਵੀ ਨੇ ਬਿਆਨ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਵੀ ਸਥਿਤੀ ਦਾ ਅਲੋਕਾਰ ਵਿਅੰਗ ਹੀ ਹੈ ਕਿ ਮੁਗ਼ਲ ਹਕੂਮਤ ਦੌਰਾਨ ਦੀਵਾਨ ਸੁੱਚਾ ਨੰਦ ਨੇ ਮਾਸੂਮ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਉਣ ਵਿਚ ਮੁੱਖ ਭੂਮਿਕਾ ਨਿਭਾਈ ਜਦ ਕਿ ਮਹਾਨ ਮਨੁੱਖ ਮੋਤੀ ਮਹਿਰੇ ਨੇ ਅਨੇਕਾਂ ਖ਼ਤਰੇ ਸਹੇੜ ਕੇ ਮਾਤਾ ਗੁਜਰੀ ਤੇ ਮਾਸੂਮ ਬੱਚਿਆਂ ਦੀ ਮਹਾਨ ਸੇਵਾ ਕੀਤੀ ਤੇ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਬਦਲੇ ਮਾਤਾ ਜੀ ਤੇ ਬੱਚਿਆਂ ਦੇ ਅੰਤਮ ਸੰਸਕਾਰ ਲਈ ਥਾਂ ਪ੍ਰਾਪਤ ਕੀਤੀ। ਇਨ੍ਹਾਂ ਸਭ ਮਹਾਨ ਸ਼ਖ਼ਸੀਅਤਾਂ ਤੋਂ ਬਿਨਾ ਇਤਿਹਾਸ ਦੇ ਪੰਨੇ ਮੁਗ਼ਲ ਹਕੂਮਤ ਦੇ ਅੰਗ ਮੰਨੇ ਜਾਂਦੇ ਮਲੇਰਕੋਟਲੇ ਦੇ ਨਵਾਬ ਮੁਹੰਮਦ ਸ਼ੇਰ ਖ਼ਾਨ ਦੀ ਇਸ ਸਾਕੇ ਵਿਚ ਨਿਭਾਈ ਮਾਨਵੀ ਭੂਮਿਕਾ ਨੂੰ ਹਮੇਸ਼ਾ ਲਈ ਸੰਭਾਲੀ ਬੈਠੇ ਹਨ। ਭਾਵੇਂ ਚਮਕੌਰ ਦੀ ਜੰਗ ਵਿਚ ਮੁਹੰਮਦ ਸ਼ੇਰ ਖ਼ਾਨ ਦਾ ਭਰਾ ਨਾਹਰ ਖ਼ਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤੀਰ ਦਾ ਨਿਸ਼ਾਨਾ ਬਣ ਕੇ ਮਾਰਿਆ ਗਿਆ ਸੀ ਪਰ ਫਿਰ ਵੀ ਛੋਟੇ ਸਾਹਿਬਜ਼ਾਦਿਆਂ ਦੀ ਹੋਣੀ ਦਾ ਫ਼ੈਸਲਾ ਕਰਨ ਲਈ ਸਰਹਿੰਦ ਦੇ ਕਿਲ੍ਹੇ ਵਿਚ ਜੁੜੀ ਵਜ਼ੀਰ ਖ਼ਾਨ ਦੀ 'ਚੰਡਾਲ ਚੌਕੜੀ' ਵੱਲੋਂ ਮਾਸੂਮ ਬੱਚਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰਨ ਦੇ ਫ਼ੈਸਲੇ ਦਾ ਨਵਾਬ ਮਲੇਰਕੋਟਲੇ ਵਲੋਂ ਵਿਰੋਧ ਕੀਤਾ ਗਿਆ। ਉਸ ਨੇ ਧਾਰਮਿਕ ਤੁਅੱਸਬ ਤੇ ਜਨੂੰਨ ਵਿਚ ਸੜਦੇ ਵਜ਼ੀਰ ਖ਼ਾਨ ਨੂੰ ਸਮਝਾਉਣ ਦਾ ਯਤਨ ਕੀਤਾ ਸੀ ਕਿ ਇਸਲਾਮ ਪਿਤਾ ਦੇ ਕਸੂਰ ਦਾ ਬਦਲਾ ਉਸ ਦੇ ਮਾਸੂਮ ਬੱਚਿਆਂ ਤੋਂ ਲੈਣ ਦੀ ਆਗਿਆ ਨਹੀਂ ਦਿੰਦਾ। ਉਸ ਨੇ ਵਜ਼ੀਰ ਖ਼ਾਨ ਨੂੰ ਕਿਹਾ ਸੀ ਕਿ ਉਹ ਇਨ੍ਹਾਂ ਮਾਸੂਮਾਂ ਤੋਂ ਬਦਲਾ ਲੈਣ ਦੀ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਟੱਕਰ ਲਵੇ ਜਿਸ ਵਿਚ ਉਹ ਉਸ ਦੀ ਹਰ ਮਦਦ ਲਈ ਤਿਆਰ ਹੈ। ਜਦੋਂ ਵਜ਼ੀਰ ਖ਼ਾਨ ਤੇ ਉਸ ਦੀ ਚੰਡਾਲ ਚੌਕੜੀ ਆਪਣੇ ਫ਼ੈਸਲੇ 'ਤੇ ਅੜ ਗਈ ਤਾਂ ਇਹ ਸਭਾ ਵਿਚੋਂ ਉੱਠ ਆਇਆ ਸੀ। ਇਸ ਤਰ੍ਹਾਂ ਭਾਵੇਂ ਉਹ ਸਾਹਿਬਜ਼ਾਦਿਆਂ ਨੂੰ ਬਚਾ ਨਹੀਂ ਸੀ ਸਕਿਆ ਪਰ ਉਸ ਵਲੋਂ ਮਾਸੂਮ ਬੱਚਿਆਂ ਦੇ ਹੱਕ ਵਿਚ ਮਾਰਿਆ ਗਿਆ 'ਹਾਅ ਦਾ ਨਾਹਰਾ' ਜ਼ੁਲਮੀ ਹਨੇਰੀਆਂ ਵਿਚ ਸਦੀਵੀ ਤੌਰ 'ਤੇ 'ਠੰਡੀ ਫੁਹਾਰ' ਬਣ ਕੇ ਤੱਤੀਆਂ ਹਵਾਵਾਂ ਵਿਚ ਮਾਨਵਤਾ ਦਾ 'ਦੀਪ' ਜਗਦਾ ਰੱਖ ਰਿਹਾ ਹੈ। ਮੁਹੰਮਦ ਸ਼ੇਰ




ਖ਼ਾਨ ਦੀ ਇਸ ਬਹਾਦਰੀ ਨੇ ਸਿੱਖਾਂ ਦੇ ਹਮੇਸ਼ਾ ਲਈ ਦਿਲ ਜਿੱਤ ਲਏ।

ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੇ ਸਿੱਖਾਂ ਦੇ ਮਨ ਵਿਚ ਬੇਹੱਦ ਗਮ ਤੇ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ। ਖ਼ੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਸਾਹਿਬ ਤੋਂ ਮਾਛੀਵਾੜਾ, ਆਲਮਗੀਰ ਤੇ ਰਾਏਕੋਟ ਤਕ ਪਹੁੰਚ ਕੇ ਰਾਏਕੋਟ ਦੇ ਮੁਸਲਮਾਨ ਸ਼ਾਸਕ 'ਰਾਏ ਕੱਲ੍ਹਾ' ਦੇ ਪਾਸ ਰਹਿ ਕੇ 'ਭਾਈ ਨੂਰਾ ਮਾਹੀ' ਨੂੰ ਸਰਹਿੰਦ ਭੇਜ ਕੇ ਬੱਚਿਆਂ ਤੇ ਮਾਤਾ ਗੁਜਰੀ ਜੀ ਦਾ ਪਤਾ ਮੰਗਵਾਇਆ। ਭਾਈ ਨੂਰੇ ਮਾਹੀ ਨੇ ਸਰਹਿੰਦ ਤੋਂ ਵਾਪਸ ਆ ਕੇ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ 'ਹੋਣੀ' ਦੇ ਬੀਤ ਜਾਣ ਤੋਂ ਲੈ ਕੇ ਮਲੇਰਕੋਟਲੇ ਦੇ ਨਵਾਬ ਮੁਹੰਮਦ ਸ਼ੇਰ ਖ਼ਾਨ ਬਾਰੇ ਦੱਸਿਆ ਤਾਂ ਮੁਹੰਮਦ ਸ਼ੇਰ ਖ਼ਾਨ ਪ੍ਰਤੀ ਸਤਿਕਾਰ ਪ੍ਰਗਟ ਕਰਦਿਆਂ ਗੁਰੂ ਜੀ ਨੇ ਬੜੇ ਰੋਹ ਵਿਚ 'ਦੱਭ' ਦੇ ਬੂਟੇ ਨੂੰ ਪੁੱਟਦਿਆਂ ਕਿਹਾ ਸੀ ਕਿ ਹੁਣ ਜ਼ਾਲਮ ਮੁਗ਼ਲ ਹਕੂਮਤ ਦੀ 'ਜੜ੍ਹ ਪੁੱਟੀ' ਜਾਵੇਗੀ। ਸੱਚਮੁਚ ਹੀ ਪਾਪੀ ਨੂੰ ਮਾਰਨ ਲਈ ਪਾਪ 'ਮਹਾਂਬਲੀ' ਹੋ ਨਿੱਬੜਦਾ ਹੈ। ਰਾਏਕੋਟ ਤੋਂ ਅੱਗੇ ਜਾ ਕੇ 'ਦੀਨਾ ਕਾਂਗੜ' ਦੀ ਧਰਤੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਇਕ ਜਿੱਤ ਦੀ ਚਿੱਠੀ 'ਜ਼ਫ਼ਰਨਾਮਾ' ਲਿਖ ਕੇ ਭੇਜਿਆ ਸੀ ਜਿਸ ਵਿਚ ਔਰੰਗਜ਼ੇਬ ਨੂੰ ਕਾਫ਼ਰ ਤੇ ਜ਼ਾਲਮ ਕਹਿ ਕੇ ਵੰਗਾਰਿਆ ਸੀ ਕਿ ਕੀ ਹੋਇਆ ਜੇ ਚਾਰ ਪੁੱਤਰ ਸ਼ਹੀਦ ਹੋ ਗਏ ਹਨ, ਹਾਲੇ ਕੁੰਡਲੀਆ ਸੱਪ ਖਾਲਸਾ ਜਿਉਂਦਾ ਹੈ। ਇਤਿਹਾਸ ਗਵਾਹ ਹੈ ਕਿ ਖ਼ਾਲਸੇ ਦੀ ਅਜਿਹੀ ਚੜ੍ਹਦੀ ਕਲਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਜਿਹੀ ਬੇਬਾਕੀ ਨੂੰ ਪੜ੍ਹ ਕੇ ਔਰੰਗਜ਼ੇਬ ਦੀ ਰੂਹ ਕੰਬ ਉੱਠੀ ਸੀ ਤੇ ਇਸ ਤੋਂ ਬਾਅਦ ਹੀ ਉਸ ਨੇ ਗੁਰੂ ਜੀ ਨੂੰ ਸਤਿਕਾਰ ਸਹਿਤ ਸੁਲ੍ਹਾ ਲਈ ਦੱਖਣ ਵਿਚ ਸੱਦਿਆ ਸੀ ਪਰ ਮੁਗ਼ਲ ਹਕੂਮਤ ਵਲੋਂ ਵਜ਼ੀਰ ਖ਼ਾਨ ਵਿਰੁਧ ਕੋਈ ਕਾਰਵਾਈ ਨਾ ਕਰਨ ਤੇ ਖਾਲਸੇ ਨੂੰ ਨਾ ਸੌਂਪਣ 'ਤੇ ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਹਿਲਾਉਣ ਲਈ 'ਤੂਫਾਨ' ਬਣਾ ਕੇ ਭੇਜਿਆ ਸੀ।

ਬਾਬਾ ਬੰਦਾ ਸਿੰਘ ਬਹਾਦਰ ਨੇ ਉੱਤਰੀ ਭਾਰਤ ਵਿਚੋਂ ਸ਼ਕਤੀਸ਼ਾਲੀ ਮੁਗ਼ਲ ਹਕੂਮਤ ਨੂੰ ਬੁਰੀ ਤਰ੍ਹਾਂ ਉਖਾੜ ਕੇ 'ਪਹਿਲਾ ਸਿੱਖ ਰਾਜ' ਸਥਾਪਤ ਕੀਤਾ ਸੀ ਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿਤੀ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਤ ਸਮੇਂ ਜਦੋਂ ਕੈਥਲ, ਸਮਾਣਾ, ਸ਼ਾਹਬਾਦ, ਮੁਸਤਫਾਬਾਦ, ਸਢੌਰਾ ਤੇ ਸਰਹਿੰਦ ਦੇ ਮੁਗ਼ਲ ਸ਼ਾਸਕਾਂ ਦੇ ਰਾਜ ਢਹਿ-ਢੇਰੀ ਕੀਤੇ ਗਏ ਸਨ, ਮੁਹੰਮਦ ਸ਼ੇਰ ਖ਼ਾਨ ਦੀ ਮੁਸਲਿਮ ਰਿਆਸਤ ਨੂੰ ਪੂਰੀ ਤਰ੍ਹਾਂ ਸੁਰੱਖਿਆ ਦੇ ਕੇ ਨਵਾਬ ਸਾਹਿਬ ਦੇ 'ਹਾਅ ਦੇ ਨਾਹਰੇ' ਦਾ ਅਦਬ ਕੀਤਾ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪਰੰਤ ਸਿੱਖ ਮਿਸਲਾਂ ਦੇ 'ਲਹੂ ਵੀਟਵੇਂ' ਸੰਘਰਸ਼ ਦੌਰਾਨ ਵੀ ਮਲੇਰਕੋਟਲਾ ਰਿਆਸਤ ਦੇ ਹਾਕਮਾਂ ਤੇ ਲੋਕਾਂ ਪ੍ਰਤੀ ਖਾਲਸੇ ਦੀ ਕਿਰਪਾ-ਦ੍ਰਿਸ਼ਟੀ ਬਰਕਰਾਰ ਰਹੀ। ਕੁੱਪ-ਰੋਹੀੜਾ ਤੇ ਕੁਤਬਾ-ਬਾਹਮਣੀਆਂ ਵਿਚ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਵਲੋਂ ਜਿਨ੍ਹਾਂ ਦੀ ਮਦਦ ਮਲੇਰਕੋਟਲਾ ਤੇ ਹੋਰ ਇਲਾਕਿਆਂ ਦੇ ਸ਼ਾਸਕ ਕਰ ਰਹੇ ਸਨ, ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਵਾ ਕੇ ਵੀ ਖਾਲਸੇ ਦਾ ਨਿਸ਼ਾਨਾ ਅਬਦਾਲੀ ਬਣਿਆ ਜਿਸ ਨੂੰ ਅਗਲੇ ਹੀ ਸਾਲ 1763 ਵਿਚ ਖਾਲਸਾ ਫ਼ੌਜਾਂ ਨੇ ਬੁਰੀ ਤਰ੍ਹਾਂ ਹਰਾਇਆ ਸੀ। ਸਿੱਖ ਮਿਸਲਾਂ ਤੋਂ ਬਾਅਦ ਉਸਰੇ ਸ਼ਕਤੀਸ਼ਾਲੀ 'ਸਿੱਖ ਸਾਮਰਾਜ' ਤੋਂ ਬਿਨਾ ਸਤਲੁਜ ਦੇ ਪੂਰਬ-ਦੱਖਣ ਦੀਆਂ ਸਿੱਖ ਰਿਆਸਤਾਂ ਕਪੂਰਥਲਾ, ਫਰੀਦਕੋਟ, ਪਟਿਆਲਾ, ਨਾਭਾ, ਜੀਂਦ ਆਦਿ ਦੇ ਐਨ ਵਿਚਕਾਰ ਕੇਵਲ ਮਲੇਰਕੋਟਲਾ ਮੁਸਲਿਮ ਰਿਆਸਤ ਗੁਲਦਸਤੇ ਵਾਂਗ ਸੁਸ਼ੋਭਿਤ ਰਹੀ ਤੇ ਪੂਰੇ ਸਿੱਖ ਸਮਾਜ ਵਲੋਂ ਸਤਿਕਾਰੀ ਜਾਂਦੀ ਰਹੀ। ਦੇਸ਼ ਦੀ ਵੰਡ ਸਮੇਂ ਵੀ ਮੁਹੰਮਦ ਸ਼ੇਰ ਖ਼ਾਨ ਜੀ ਦੀ ਖਾਲਸੇ ਪ੍ਰਤੀ ਭਾਵਨਾ ਤੇ ਸਾਹਿਬਜ਼ਾਦਿਆਂ ਪ੍ਰਤੀ ਮਾਰੇ 'ਹਾਅ ਦੇ ਨਾਹਰੇ' ਦੀ ਪੂਰੀ ਕਦਰ ਸੀ। 1947 ਵਿਚ ਸਾਰੇ ਪੰਜਾਬ ਵਿਚੋਂ ਲੱਖਾਂ ਆਦਮੀਆਂ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਤੇ ਕਰੋੜਾਂ ਲੋਕ ਇਧਰੋਂ-ਉਧਰ ਤੇ ਉਧਰੋਂ-ਇਧਰ ਧੱਕੇ ਗਏ ਪਰ ਰਿਆਸਤ ਮਲੇਰਕੋਟਲਾ ਗੁਰੂ ਦੀ ਕਿਰਪਾ ਨਾਲ ਪੂਰੀ ਤਰ੍ਹਾਂ ਸੁਰੱਖਿਅਤ ਹੋ ਕੇ ਅੱਜ ਵੀ ਉਸੇ ਰੂਪ ਵਿਚ ਸੁਭਾਇਮਾਨ ਹੈ। ਪੂਰੇ ਭਾਰਤੀ ਉਪ-ਮਹਾਂਦੀਪ ਵਿਚ ਮਲੇਰਕੋਟਲਾ ਰਿਆਸਤ ਅੱਜ ਵੀ ਫ਼ਿਰਕੂ ਇਕਸੁਰਤਾ ਦੀ ਜੀਵੰਤ ਉਦਾਹਰਣ ਹੈ ਜੋ 1947 ਤੋਂ ਪਹਿਲਾਂ ਦੇ ਭਾਰਤੀ ਸਮਾਜ ਦਾ ਉੱਤਮ ਨਮੂਨਾ ਹੈ।

# ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ

ਦਾਦੀ ਨੇ ਆਪਣੇ ਪੋਤਿਆਂ ਨੂੰ ਪਿਆਰ ਨਾਲ ਤਿਆਰ ਕੀਤਾ ਤੇ ਕਿਹਾ, "ਆਪਣੇ ਧਰਮ ਨੂੰ ਜਾਨਾਂ ਵਾਰ ਕੇ ਵੀ ਕਾਇਮ ਰੱਖਣਾ। ਤੁਸੀਂ ਉਸ ਗੁਰੂ ਗੋਬਿੰਦ ਸਿੰਘ ਦੇ ਸ਼ੇਰ ਬੱਚੇ ਹੋ, ਜਿਸ ਨੇ ਜ਼ਾਲਮਾਂ ਤੋਂ ਕਦੀ ਈਨ ਨਹੀਂ ਮੰਨੀ। ਉਸ ਦਾਦੇ ਦੇ ਪੋਤੇ ਹੋ ਜਿਸ ਨੇ ਧਰਮ ਦੀ ਖ਼ਾਤਰ ਆਪਣਾ ਸੀਸ ਵਾਰ ਦਿੱਤਾ। ਵੇਖਿਓ, ਕਿਤੇ ਵਜ਼ੀਰ ਖਾਂ ਵਲੋਂ ਦਿੱਤੇ ਡਰਾਵਿਆਂ ਜਾਂ ਲਾਲਚ ਕਾਰਨ ਧਰਮ ਵੱਲੋਂ ਕਮਜ਼ੋਰੀ ਨਾ ਵਿਖਾ ਜਾਇਓ!"

ਦੋਵਾਂ ਨੇ ਹੌਂਸਲੇ ਨਾਲ ਜਵਾਬ ਦਿੱਤਾ: 'ਧੰਨਯ ਭਾਗ ਹਮਰੇ ਹੈਂ ਮਾਈ। ਧਰਮ ਹੇਤ ਤਨ ਦੇ ਕਰ ਜਾਈ।' ਨਵਾਬ ਦੇ ਸਿਪਾਹੀ ਲੈਣ ਆ ਗਏ ਤੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ।

ਖਾਫ਼ੀ ਖ਼ਾਂ ਇਤਿਹਾਸਕਾਰ ਅੱਖੀਂ ਡਿੱਠਾ ਹਾਲ ਲਿਖਦਾ ਹੈ ਕਿ ਇਕ ਸਾਜ਼ਿਸ਼ ਰਚੀ ਗਈ ਜਿਸ ਅਨੁਸਾਰ ਉਨ੍ਹਾਂ ਨੂੰ ਪੇਸ਼ ਹੋਣ ਵੇਲੇ ਛੋਟੇ ਦਰਵਾਜ਼ੇ ਵਿਚੋਂ ਲੰਘਾਇਆ ਗਿਆ ਤਾਂ ਕਿ ਸੁਤੇ ਹੀ ਉਨ੍ਹਾਂ ਦਾ ਸਿਰ ਝੁਕ ਜਾਵੇ ਤੇ ਜਦੋਂ ਉਹ ਸਿਰ ਨਿਵਾ ਕੇ ਲੰਘਣਗੇ ਤਾਂ ਉਹ ਤਾੜੀ ਮਾਰ ਕੇ ਐਲਾਨ ਕਰ ਦੇਣਗੇ ਕਿ ਸਾਹਿਬਜ਼ਾਦਿਆਂ ਨੇ ਮੁਗ਼ਲ ਸਰਕਾਰ ਅਗੇ ਸਿਰ ਝੁਕਾ ਕੇ ਈਨ ਮੰਨ ਲਈ ਹੈ। ਪਰ ਆਤਮਿਕ ਤੌਰ 'ਤੇ ਬਲਵਾਨ ਬੱਚਿਆਂ ਨੇ ਛੋਟੇ ਦਰਵਾਜ਼ੇ ਵਿਚੋਂ ਲੰਘਦਿਆਂ ਕਚਹਿਰੀ ਵਿਚ ਦਾਖ਼ਲ ਹੋਣ 'ਤੇ ਪੈਰ ਪਹਿਲਾਂ ਕੱਢੇ ਤੇ ਉੱਚੀ ਗਰਜਵੀਂ ਆਵਾਜ਼ ਵਿਚ 'ਵਾਹਿਗੁਰੂ ਜੀ ਕੀ ਫਤਿਹ' ਗਜਾਈ। ਲਾਲਾਂ ਦੇ ਚਿਹਰਿਆਂ ਦਾ ਜਾਹੋਜਲਾਲ ਵੇਖ ਕੇ ਸਭ ਦੀਆਂ ਅੱਖਾਂ ਚੁੰਧਿਆ ਗਈਆਂ। ਦੀਵਾਨ ਸੁੱਚਾ ਨੰਦ ਨੇ ਕਿਹਾ, "ਬੱਚਿਓ! ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰੋ" ਤਾਂ ਬੱਚਿਆਂ ਨੇ ਅਗੋਂ ਜਵਾਬ ਦਿੱਤਾ ਕਿ ਉਨ੍ਹਾਂ ਦਾ ਸਿਰ ਅਕਾਲ ਪੁਰਖ ਤੋਂ ਬਿਨਾ ਕਿਸੇ ਅੱਗੇ ਨਹੀਂ ਝੁਕ ਸਕਦਾ। ਨਵਾਬ ਨੇ ਬੱਚਿਆਂ ਨੂੰ ਇਸਲਾਮ ਕਬੂਲਣ ਲਈ ਕਿਹਾ ਅਤੇ ਨਾ ਮੰਨਣ 'ਤੇ ਉਨ੍ਹਾਂ ਨੂੰ ਮੌਤ ਦਾ ਡਰ ਦਿੱਤਾ। ਇਹ ਵੀ ਕਿਹਾ ਗਿਆ ਕਿ ਤੁਹਾਡੇ ਦੋਵੇਂ ਭਰਾ ਅਤੇ ਪਿਤਾ ਸਾਰੇ ਸਿੱਖਾਂ ਸਮੇਤ ਮਾਰੇ ਗਏ ਹਨ। ਤੁਸੀਂ ਜਾਨਾਂ ਬਚਾ ਸਕਦੇ ਹੋ। ਤੁਹਾਨੂੰ ਬੜੇ ਸੁਖ-ਆਰਾਮ ਨਾਲ ਪਾਲਿਆ ਜਾਵੇਗਾ ਅਤੇ ਉੱਚੇ ਮੁਰਾਤਬੇ ਤੇ ਜਗੀਰਾਂ ਦਿੱਤੀਆਂ ਜਾਣਗੀਆਂ, ਤੁਸੀਂ ਕਲਮਾ ਪੜ੍ਹ ਕੇ ਮੁਸਲਮਾਨ ਹੋ ਜਾਓ। ਜੇ ਨਾ ਮੰਨੋਗੇ ਤਾਂ ਕੋਹੇ ਤੇ ਮਾਰੇ ਜਾਓਗੇ।

ਅਗੋਂ ਸਾਹਿਬਜ਼ਾਦਿਆਂ ਨੇ ਨਿਝੱਕ ਹੋ ਕੇ ਜਵਾਬ ਦਿੱਤਾ, "ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਤਾਨ ਹਾਂ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੋਤੇ ਹਾਂ। ਅਸੀਂ ਧਰਮ ਲਈ ਸ਼ਹੀਦ ਹੋਣਾ ਜਾਣਦੇ ਹਾਂ। ਅਸੀਂ ਧਰਮ ਛੱਡ ਕੇ ਜਿਊਣ ਨੂੰ ਤਿਆਰ ਨਹੀਂ। ਤੁਹਾਡਾ ਜਿਵੇਂ ਜੀਅ ਕਰਦਾ ਹੈ ਕਰ ਲਵੋ।" ਇਸ ਸਮੇਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੇ ਚਿਹਰਿਆਂ 'ਤੇ ਕੋਈ ਡਰ ਦਾ ਚਿੰਨ੍ਹ ਨਹੀਂ ਸੀ। 6 ਸਾਲ ਤੇ 8 ਸਾਲ ਦੇ ਬੱਚਿਆਂ ਦੇ ਦਲੇਰੀ-ਭਰੇ ਉੱਤਰ ਨੂੰ ਸੁਣ ਕੇ ਸਾਰੇ ਪਾਸੇ ਸੰਨਾਟਾ ਛਾ ਗਿਆ। ਹੰਕਾਰੀ ਨਵਾਬ ਨੂੰ ਗੁੱਸਾ ਆ ਗਿਆ। ਸੁੱਚਾ ਨੰਦ ਨੇ ਹੋਰ ਉਕਸਾਇਆ ਕਿ ਇਹ ਸੱਪ ਦੇ ਬੱਚੇ ਹਨ, ਤਰਸ ਦੇ ਲਾਇਕ ਨਹੀਂ। ਵੱਡੇ ਹੋ ਕੇ ਇਹ ਹੋਰ ਔਕੜਾਂ ਖੜ੍ਹੀਆਂ ਕਰਨਗੇ। ਸੂਲਾਂ ਜੰਮਦੀਆਂ ਦੇ ਮੂੰਹ ਤਿੱਖੇ ਹੁੰਦੇ ਹਨ। ਇਨ੍ਹਾਂ 'ਤੇ ਰਹਿਮ ਨਾ ਕਰੋ।' 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਕਰਤਾ ਭਾਈ ਰਤਨ ਸਿੰਘ ਭੰਗੂ ਦੇ ਸ਼ਬਦਾਂ ਵਿਚ ਵਜ਼ੀਦ ਖਾਂ ਨੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਨੂੰ ਸੰਬੋਧਨ ਕਰ ਕੇ ਕਿਹਾ:

ਤੁਮਰੋ ਮਾਰਯੋ ਗੁਰ ਨਾਹਰ ਖਾਂ ਭਾਈ,<br>
ਉਸ ਬੇਟੇ ਤੁਮ ਦੇਹੁ ਮਰਾਈ॥24॥<br>
ਪਰ-<br>
ਸ਼ੇਰ ਮੁਹੰਮਦ ਨਹਿ ਗਨੀ,<br>
ਬੋਲਯੋ ਸੀਸ ਹਿਲਾਇ।<br>
ਹਮ ਮਾਰੈਂ ਸ਼ੀਰ ਖੋਰਿਆਂ,<br>
ਜਗ ਮੈਂ ਔਜਸ ਆਇ॥25॥

ਇਤਿਹਾਸਕਾਰਾਂ ਨੇ ਸ਼ੇਰ ਮੁਹੰਮਦ ਖਾਂ ਦੇ ਭਰਾ ਦੀ ਮੌਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਹੋਣ ਦਾ ਜ਼ਿਕਰ ਕੀਤਾ ਹੈ। ਉਸ ਨੇ ਆਪਣੇ ਭਰਾ ਦੀ ਮੌਤ ਦਾ ਬਦਲਾ ਪਿਤਾ ਦੀ ਥਾਂ ਮਾਸੂਮ ਬੱਚਿਆਂ ਤੋਂ ਲੈਣ ਨੂੰ ਕਾਇਰਤਾ ਮੰਨਿਆ। ਉਸ ਨੇ ਸਾਹਿਬਜ਼ਾਦਿਆਂ ਨੂੰ ਮਾਰਨ ਦੇ ਵਿਰੋਧ ਵਿਚ ਹਾਅ ਦਾ ਨਾਅਰਾ ਮਾਰਿਆ। 11 ਤੇ 12 ਪੋਹ ਨੂੰ ਦੋ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਸੱਦਿਆ ਜਾਂਦਾ ਰਿਹਾ ਅਤੇ ਲਾਲਚ ਤੇ ਡਰਾਵੇ ਦਿੱਤੇ ਜਾਂਦੇ



ਰਹੇ, ਪਰ ਬੱਚੇ ਧਰਮ ਤੋਂ ਨਹੀਂ ਡੋਲੇ। ਦੀਵਾਨ ਸੁੱਚਾ ਨੰਦ ਨੇ ਜਦੋਂ ਬੱਚਿਆਂ ਨੂੰ ਪੁੱਛਿਆ ਕਿ 'ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ?' ਸਾਹਿਬਜ਼ਾਦਿਆਂ ਦਾ ਉੱਤਰ ਸੀ ਕਿ 'ਅਸੀਂ ਵੱਡੇ ਹੋ ਕੇ ਸਿੱਖਾਂ ਨੂੰ ਇਕੱਠੇ ਕਰ ਕੇ ਜ਼ੁਲਮੀ ਰਾਜ ਦੇ ਵਿਰੁਧ ਲੜਾਂਗੇ ਅਤੇ ਤਦ ਤਕ ਲੜਦੇ ਰਹਾਂਗੇ ਜਦੋਂ ਤਕ ਜ਼ਾਲਮਾਂ ਦਾ ਖ਼ਾਤਮਾ ਨਹੀਂ ਕਰ ਲੈਂਦੇ ਜਾਂ ਖ਼ੁਦ ਸ਼ਹੀਦ ਨਹੀਂ ਹੋ ਜਾਂਦੇ।' ਉਨ੍ਹਾਂ ਦਾ ਕਹਿਣਾ ਸੀ:

'ਹਮਰੋ ਬੰਸ ਰੀਤਿ ਇਮ ਆਈ।<br>
ਸੀਸ ਦੇਤਿ ਪਰ ਧਰਮ ਨਾ ਜਾਈ।'

ਅਖੀਰ 13 ਪੋਹ ਵਾਲੇ ਦਿਨ ਨਵਾਬ ਨੇ ਹੁਕਮ ਦੇ ਦਿਤਾ ਕਿ ਸਾਹਿਬਜ਼ਾਦਿਆਂ ਨੂੰ ਜਿਉਂਦੇ ਨੀਹਾਂ ਵਿਚ ਚਿਣ ਦਿੱਤਾ ਜਾਵੇ। ਜੋਗੀ ਅਲ੍ਹਾ ਯਾਰ ਖਾਂ ਦੇ ਸ਼ਬਦਾਂ ਵਿਚ:

'ਹਾਥੋਂ ਮੇਂ ਹਾਥ ਡਾਲ ਕੇ<br>
ਦੋਨੋਂ ਵਹ ਨੌਨਿਹਾਲ।<br>
ਕਹਤੇ ਹੂਏ ਜ਼ਬਾਂ ਸੇ ਬੜ੍ਹੇ<br>
'ਸਤਿ ਸ੍ਰੀ ਅਕਾਲ'।...<br>
ਚਿਹਰੋਂ ਪੇ ਗ਼ਮ ਕਾ ਨਾਮ ਨਾ ਥਾ<br>
ਔਰ ਨਾ ਥਾ ਮਲਾਲ।<br>
ਜਾ ਠਹਰੇ ਸਰ ਪੇ ਮੌਤ ਕੇ,<br>
ਫਿਰ ਭੀ ਨਾ ਥਾ ਖ਼ਯਾਲ।

ਨਵਾਬ ਦੇ ਹੁਕਮ ਅਨੁਸਾਰ ਬੱਚਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਪੋਤਰਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ ਤੇ ਸੱਚਖੰਡ ਪਧਾਰ ਗਏ। ਦੀਵਾਨ ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਸਸਕਾਰ ਕਰਨ ਲਈ ਜਗ੍ਹਾ ਲਈ ਤੇ ਪੂਰਨ ਮਰਯਾਦਾ ਤੇ ਸਤਿਕਾਰ ਨਾਲ ਸਸਕਾਰ ਕਰ ਦਿੱਤਾ। ਇਸ ਸਥਾਨ 'ਤੇ ਗੁਰਦੁਆਰਾ ਸਾਹਿਬ ਜੋਤੀ ਸਰੂਪ ਸੁਸ਼ੋਭਤ ਹੈ। ਇਸ ਅਨਰਥ ਨੂੰ ਵੇਖ ਕੇ ਸ਼ਾਇਰ ਬੇਸਾਖ਼ਤਾ ਇਉਂ ਕੂਕ ਉੱਠਦਾ ਹੈ:

'ਕਤਲਿ ਮਾਸੂਮ ਕਰੋ<br>
ਮਾਹਵਿ ਜਫ਼ਾ ਰਹਿਤੇ ਹੋ।<br>
ਕਿਆ ਇਸੀ ਦੀਨ ਕੋ ਤੁਮ<br>
ਦੀਨਿ ਖ਼ੁਦਾ ਕਹਿਤੇ ਹੋ?'

ਨਿੱਕੀਆਂ ਜਿੰਦਾਂ ਦੀ ਅਦੁੱਤੀ ਸ਼ਹਾਦਤ ਦੀ ਦਰਦਨਾਕ ਵਿਥਿਆ ਮਾਹੀ ਨੇ ਕਾਸਦ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਰਾਇ ਕਲ੍ਹਾ ਦੇ ਸਥਾਨ 'ਤੇ ਰੋ ਰੋ ਕੇ ਤੇ ਹਟਕੋਰੇ ਲੈਂਦਿਆਂ ਸੁਣਾਈ ਤਾਂ ਸੁਣਨ ਵਾਲਿਆਂ ਦੀਆਂ ਭੁੱਬਾਂ ਨਿਕਲ ਗਈਆਂ। ਗੁਰੂ ਜੀ ਅਡੋਲ ਆਪਣੇ ਲਖ਼ਤੇ-ਜਿਗਰਾਂ ਦੀ ਸ਼ਹੀਦੀ ਅਤੇ ਮਾਤਾ ਜੀ ਦੇ ਸੱਚਖੰਡ ਜਾਣ ਦਾ ਬਿਰਤਾਂਤ ਸੁਣਦੇ ਰਹੇ। ਵਾਰਤਾ ਸੁਣਨ ਉਪਰੰਤ ਆਪ ਨੇ ਤੀਰ ਨਾਲ ਇਕ ਦੱਬ ਦਾ ਬੂਟਾ ਜੜ੍ਹ ਸਮੇਤ ਪੁੱਟਿਆ ਤੇ ਫੁਰਮਾਇਆ ਕਿ ਹੁਣ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ ਹੈ। ਜਿਸ ਰਾਜ ਵਿਚ ਮਾਸੂਮਾਂ 'ਤੇ ਜ਼ੁਲਮ ਹੋਣ ਉਹ ਰਾਜ ਖ਼ਤਮ ਹੋ ਗਿਆ ਸਮਝੋ!

ਇਸ ਸੰਦਰਭ ਵਿਚ ਪ੍ਰਿੰ. ਹਰਭਜਨ ਸਿੰਘ ਲਿਖਦੇ ਹਨ ਕਿ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਇਹ ਘਟਨਾ ਮੁਗ਼ਲਾਂ ਦੇ ਜ਼ੁਲਮੀ ਰਾਜ ਦੀ ਜੜ੍ਹ ਉਖਾੜਨ ਦਾ ਸਭ ਤੋਂ ਵੱਡਾ ਕਾਰਨ ਬਣੀ। ਨਿੱਕੀਆਂ ਜਿੰਦਾਂ ਦੇ ਇਸ ਵੱਡੇ ਸਾਕੇ ਨੇ ਸਿੱਖੀ ਦੇ ਮਹੱਲ ਦੀ ਨੀਂਹ ਹੋਰ ਮਜ਼ਬੂਤ ਕੀਤੀ ਅਤੇ ਅਜਿਹੇ ਧੱਕੇਖੋਰ ਰਾਜ ਦੀਆਂ ਜੜ੍ਹਾਂ ਪੁੱਟਣ ਲਈ ਸਿੰਘਾਂ ਵਿਚ ਬੇਪਨਾਹ ਜੋਸ਼ ਤੇ ਦ੍ਰਿੜ੍ਹਤਾ ਦਾ ਸੰਚਾਰ ਕੀਤਾ।...ਆਖਰ ਕਿੱਥੇ ਗਿਆ ਉਹ ਮੁਗ਼ਲ ਰਾਜ ਤੇ ਇਸਲਾਮ ਦੇ ਨਾਦਾਨ ਦੋਸਤ-ਵਜ਼ੀਰ ਖਾਂ ਵਰਗੇ ਜਰਵਾਣੇ? ਪ੍ਰੰਤੂ ਇਨ੍ਹਾਂ ਅਮਰ ਸ਼ਹੀਦਾਂ ਦੀ ਸ਼ਹਾਦਤ (ਗਵਾਹੀ) ਅੱਜ ਵੀ ਲੱਖਾਂ ਸਾਦਿਕ ਦਿਲਾਂ ਵਿਚ ਧਰਮ ਤੋਂ ਕੁਰਬਾਨ ਹੋਣ ਦੀ ਰੂਹ ਭਰਦੀ ਅਤੇ ਜਗਤ-ਕਲਿਆਣ ਲਈ ਰੌਸ਼ਨ-ਮੁਨਾਰੇ ਦਾ ਕੰਮ ਦੇ ਰਹੀ ਹੈ ਅਤੇ ਦਿੰਦੀ ਰਹੇਗੀ।'

ਸਾਡਾ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਮਨਾਉਣਾ ਤਾਂ ਹੀ ਸਕਾਰਥ ਹੈ ਜੇ ਸਾਹਿਬਜ਼ਾਦਿਆਂ ਦੁਆਰਾ ਪਾਏ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਕਰੀਏ ਤੇ ਨੇਕ ਨੀਅਤੀ ਨਾਲ ਉਸ ਪ੍ਰਣ ਨੂੰ ਨਿਭਾਈਏ।

ਕਹਾਣੀ

# ਅੰਦਰਲਾ ਬੰਦਾ

-ਅਜਮੇਰ ਸਿੱਧੂ

ਹੈਅ! ਅੱਜ ਫੇ' ਗੋਲੀ...? ਅਜੇ ਤਾਂ ਮੈਨੂੰ ਦੋ ਹਫ਼ਤੇ ਪਹਿਲਾਂ ਚਲੀ ਗੋਲੀ ਵਾਲੀ ਘਟਨਾ ਨ੍ਹੀਂ ਭੁੱਲਦੀ। ਉਸ ਦਿਨ ਵਿਚਾਰਾ...ਤੇ ਅੱਜ...? ਉਸ ਦਿਨ ਵੀ ਅੱਜ ਵਾਂਗ ਹਾਹਾਕਾਰ ਮੱਚੀ ਸੀ। ਮੈਂ ਕੋਠੇ 'ਤੇ ਚੜ੍ਹਿਆ ਤਾਂ ਸਭ ਲੋਕੀਂ ਭੱਜੇ ਜਾ ਰਹੇ ਸਨ। ਮੈਂ ਵੀ ਮਗਰ ਭੱਜਿਆ।...'ਹੈਅ ਜਿੰਦਰ ਦਾ ਕਤਲ'...ਗੋਲੀਆਂ? ਲੋਕਾਂ ਦੇ ਸਾਹ ਕਾਹਲੇ ਪਏ ਹੋਏ ਸਨ। ਲਾਸ਼ ਕੋਲ ਖੜੇ ਲੋਕ ਸਰਪੰਚ ਨੂੰ ਉਡੀਕਣ ਲਗੇ। ਉਸਨੂੰ ਫੁਰਤੀ ਨਾਲ ਲਿਆਂਦਾ ਗਿਆ ਸੀ। ਉਹ ਲਾਸ਼ ਨੂੰ ਵੇਖ ਕੇ ਘਬਰਾ ਗਿਆ ਸੀ।

''ਜਰਨੈਲ ਸਿਆਂ, ਇਹ ਭਾਣਾ ਕਿਵੇਂ ਵਾਪਰਿਆ?''

''ਸਰਪੰਚ ਸਾਹਿਬ, ਸਲੋਹ ਵਾਲੇ ਪਾਸੇ ਤੋਂ ਗੋਲੀ ਚਲਦੀ ਆਈ ਏ। ਇਹ ਵਿਚਾਰਾ ਲੰਬੜਾਂ ਦੇ ਮੰਜੇ ਠੋਕ ਕੇ ਆ ਰਿਹਾ ਸੀ। ਬੱਸ...ਗੋਲੀ ਛੱਡਦੀ ਕਿਤੇ?''

''ਬਚਾਈਂ ਵਾਹਿਗੁਰੂ।'' ਸਰਪੰਚ ਕਲੇਜਾ ਫੜ ਕੇ ਬੈਠ ਗਿਆ। ਬਚਨ ਸਿੰਘ ਸਰਪੰਚ ਦੁਆਲੇ ਹੋ ਗਿਆ।

''ਕਾਕਾ, ਕੁਝ ਸੋਚੋ। ਬਚਾਅ ਕਰਨ ਦੀ ਸੋਚੋ।'' ਲਹਿਣੇ ਦਾ ਭੰਤਾ ਟਰੱਕ ਲੈ ਕੇ ਆਇਆ ਸੀ। ਉਹ ਦੱਸ ਕੇ ਗਿਆ-ਸ਼ਹਿਰ ਵੀ ਲਗਾਤਾਰ ਗੋਲੀ ਚਲੀ ਐ। ਸੱਤ ਬੰਦੇ ਥਾਂਏ ਮਾਰੇ ਗਏ ਨੇ। ਅੰਧਾਧੁੰਦ ਗੋਲੀਆਂ ਦੀ ਵਾਛੜ ਕਰਦੇ ਸਲੋਹ ਵਲ ਨੂੰ ਨਿਕਲ ਗਏ। ਉਥੇ ਵੀ ਇੱਕ ਮਾਰ 'ਤਾ। ਸਰਪੰਚ ਪਸੀਨੋ-ਪਸੀਨੀ ਹੋ ਗਿਆ ਸੀ।

ਘਟਨਾ ਬਾਰੇ ਲੋਕਾਂ ਦੀਆਂ ਵੱਖ-ਵੱਖ ਰਾਵਾਂ ਸਨ। ਹਰ ਇੱਕ ਦਾ ਆਪਣਾ ਨਜ਼ਰੀਆ ਸੀ। ਇਕ ਤਰ੍ਹਾਂ ਲੋਕਾਂ ਵਿਚ ਸਹਿਮ ਸੀ। ਮੰਗੀ ਨੂੰ ਭਾਈ ਜੀ ਵਲ ਭੇਜ ਦਿੱਤਾ ਸੀ। ਲੋਕਾਂ ਵਿਚ ਤਰ੍ਹਾਂ-ਤਰ੍ਹਾਂ ਦੇ ਚਰਚੇ ਸਨ। ਜਾਗੀਰ ਸਿੰਘ ਪੁਲਿਸ ਦੁਆਲੇ ਹੋ ਗਿਆ ਸੀ।

''ਦੇਖੋ, ਜੀ, ਜਦੋਂ ਉਲਟੀ ਵਾੜ ਹੀ ਖੇਤ ਨੂੰ ਖਾਈ ਜਾਏ। ਫੇ' ਕੀ ਹੋ ਸਕਦੈ? ਸਰਕਾਰ ਅੰਨ੍ਹੀ ਹੋ ਗਈ ਏ। ਕਾਨੂੰਨ ਨੇ ਤਾਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਏ। ਭੰਤਾ ਦੱਸ ਕੇ ਗਿਆ-ਜਦੋਂ ਸ਼ਹਿਰ ਗੋਲੀ ਚੱਲੀ, ਪੁਲਿਸ ਡਰ ਕੇ ਅੰਦਰੀਂ ਵੜ ਗਈ।'' ਸਰਪੰਚ ਅੰਦਰੋਂ ਸਹਿਮਿਆ ਪਿਆ ਸੀ। ਉਹ ਜਾਗੀਰ ਸਿੰਘ ਨੂੰ ਟੁੱਟ ਕੇ ਪੈ ਗਿਆ।

''ਚੁੱਪ ਕਰ, ਜਾਗੀਰ ਸਿਆਂ। ਸਾਨੂੰ ਇਥੇ ਕੁਝ ਸੁਝਦਾ ਨ੍ਹੀਂ ਤੇ ਤੂੰ ਕਾਨੂੰਨ ਨੂੰ ਲਈ ਫਿਰਦੈਂ।...ਓ ਭਾਈ ਦੇਖੋ ਕਿਤੇ, ਭਾਈ ਜੀ ਆ ਰਹੇ ਨੇ ਜਾਂ ਨ੍ਹੀਂ।''

ਸਰਪੰਚਾ, ਜੋ ਕਰਨੈ ਆਪ ਕਰ ਲੋ। ਤੁਹਾਨੂੰ ਭਾਈ ਦਾ ਪਤਾ ਈ ਐ। ਸੰਤ ਬੰਦਾ ਏ। ਉਨ੍ਹਾਂ ਦੁਨੀਆਂਦਾਰੀ ਤੋਂ ਕੀ ਲੈਣੇ? ਕਿਤੇ ਬੈਠਾ ਰੱਬ ਦਾ ਨਾਮ ਜਪਦਾ ਹੋਣੈ। ਜੇ ਉਨ੍ਹਾਂ ਨੂੰ ਹੀ ਉਡੀਕਦੇ ਰਹੇ-ਲਾਸ਼ ਦਾ ਭੁੜਥਾ ਬਣ ਜਾਣੈ।''

''ਚਾਚਾ ਬਚਨ ਸਿਆਂ, ਪਰ ਆਪਾਂ ਨੂੰ ਭਾਈ ਜੀ ਨੂੰ ਜ਼ਰੂਰ ਉਡੀਕਣਾ ਪੈਣੈ। ਨਾਲੇ ਅਜੇ ਪੁਲਿਸ ਨੇ ਆਉਣੈ।'' ਸਰਪੰਚ ਪੁਲਿਸ ਨੂੰ ਵੀ ਉਡੀਕਣਾ ਚਾਹੁੰਦਾ ਸੀ ਪਰ ਭਾਈ ਜੀ ਅਜੇ ਤੱਕ ਪੁੱਜੇ ਨਹੀਂ ਸਨ।

****

ਇਲਾਕੇ ਵਿਚ ਮੇਰੇ ਪਿੰਡ ਵਾਲੇ ਖੁੰਢਿਆਂ ਦਾ ਘਰ ਬੜਾ ਮਸ਼ਹੂਰ ਸੀ। ਗਿਆਨੀ ਕੇਵਲ ਸਿੰਘ ਦੀ ਦੂਰ-ਦੂਰ ਤੱਕ ਪੁੱਛ ਪ੍ਰਤੀਤ ਸੀ। ਲੋਕੀਂ ਉਨ੍ਹਾਂ ਨੂੰ 'ਭਾਈ ਜੀ' ਕਹਿੰਦੇ ਹਨ। ਉਹ ਕਿਸੇ ਸਮੇਂ ਦਾੜ੍ਹੀ ਖੁਲ੍ਹੀ ਛੱਡਦੇ ਸੀ। ਸਿਰ 'ਤੇ ਪੱਗ ਬੰਨ੍ਹਣ ਦੀ ਬਜਾਏ ਸਾਫ਼ਾ ਰਖਦੇ। ਸਫੈਦ ਕੱਪੜਿਆਂ ਵਿਚ ਪੂਰਨ ਰੱਬ ਦੇ ਦੂਤ ਲਗਦੇ। ਉਹ ਘਰ-ਘਰ ਰੱਬ ਦੇ ਨਾਮ ਦੀਆਂ ਖੁਸ਼ਬੋਆਂ ਵੰਡਦੇ।

''ਸਾਰੇ ਜੱਗ ਨੂੰ ਜੀਵਨ ਦੇਣ ਵਾਲਾ ਇਕ ਹੀ ਦਾਤਾ ਹੈ। ਜਿੰਨੇ ਵੀ ਦੁਨੀਆਂ 'ਤੇ ਜੀਵ ਅਸੀਂ ਦੇਖ ਰਹੇ ਹਾਂ, ਉਨ੍ਹਾਂ ਸਭ ਨੂੰ ਪੈਦਾ ਕਰਨ ਵਾਲਾ ਏ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ- 'ਸਭਨਾ ਜੀਆਂ ਕਾ ਇਕੁ ਦਾਤਾ, ਸੋ ਮੈਂ ਵਿਸਿਰ ਨ ਜਾਈ।''

ਅਸੀਂ ਨਿੱਕੇ ਹੁੰਦਿਆਂ ਅਕਸਰ ਭਾਈ ਜੀ ਦੇ ਘਰ ਅੱਗੇ ਖੇਡਣ ਚਲੇ ਜਾਂਦੇ। ਕਈ ਵਾਰ ਸਕੂਲ ਦੇ ਮੈਦਾਨ ਵਿਚ ਚਲੇ ਜਾਂਦੇ ਤਾਂ ਬਾਜੀਗਰਾਂ ਦਾ ਕੈਲਾ ਲੋਹਾ ਲਾਖਾ ਹੋ ਜਾਂਦਾ।

''ਓਏ ਸਾਲਿਓ, ਇਥੇ ਕੀ ਭਾਲਦੇ ਓ? ਖੇਡਣਾ ਈ ਆਂ ਤਾਂ ਭਾਈ ਜੀ ਦੇ ਘਰ ਅਗੇ ਖੇਡੋ। ਮਿੱਠੀਆਂ ਗੋਲੀਆਂ ਮਿਲਣਗੀਆਂ। ਕੀ ਪਤਾ ਪ੍ਰਸ਼ਾਦਿ ਈ ਮਿਲ ਜੇ।'' ਭਾਈ ਜੀ ਪਾਠ ਕਰਨ ਤੋਂ ਬਾਅਦ ਮਿੱਠੀਆਂ ਗੋਲੀਆਂ ਵੰਡਦੇ। ਇਸ ਨਾਲ ਅਸੀਂ ਨੱਚਦੇ-ਟੱਪਦੇ-ਲੁੱਡੀਆਂ ਪਾਉਂਦੇ।

ਭਾਈ ਜੀ ਸਾਨੂੰ ਦੇਖ ਕੇ ਖੁਸ਼ੀ ਮਹਿਸੂਸ ਕਰਦੇ। ਅਸੀਂ ਗੋਲੀਆਂ ਖਾਣ ਦੀ ਤਾਕ ਵਿਚ ਚਲੇ ਤਾਂ ਜਾਂਦੇ ਪਰ ਗੋਲੀਆਂ ਦੀ ਉਡੀਕ ਵਿਚ ਲੁਕਣ-ਮੀਟੀ ਜਾਂ ਚੋਰ-ਸਿਪਾਹੀ ਘੰਟਿਆਂਬੱਧੀ ਖੇਡਣੀ ਪੈਂਦੀ। ਭਾਈ ਜੀ ਇਕ ਮਣਕਿਆਂ ਦੀ ਮਾਲਾ ਲੈ ਕੇ, ਅੱਖਾਂ ਬੰਦ ਕਰਕੇ ਰੱਬ ਦਾ ਨਾਮ ਜਪਦੇ ਰਹਿੰਦੇ। ਸਾਡੇ ਵਿਚੋਂ ਬਾਜੀਗਰਾਂ ਦਾ ਕੈਲਾ ਬੜਾ ਸ਼ਰਾਰਤੀ ਹੁੰਦਾ ਸੀ। ਉਹ ਖੇਡਦਾ-ਖੇਡਦਾ ਭਾਈ ਜੀ ਨੂੰ ਟੋਟਕੇ ਲਾਉਂਦਾ ਰਹਿੰਦਾ।

''ਭਾਈ ਜੀ, ਕਿਉਂ ਲੋਹੇ ਦਾ ਥਣ ਬਣਦੇ ਓ। ਘਰ ਵੀ ਜਾਣੈ। ਬੁੱਢੀ ਛਿੱਤਰ ਮਾਰੇਗੀ।''

''ਸਾਲਿਆ, ਮਰਦਾ ਕਿਉਂ ਜਾਨੈਂ। ਐਵੀਂ ਲਾਲਾਂ ਸੁੱਟੀ ਜਾਨੈਂ।'' ਮੈਂ ਕੈਲੇ ਨੂੰ ਚੁੱਪ ਕਰਾ ਦਿੰਦਾ। ਭਾਈ ਜੀ ਨਾਮ ਜਪਣ ਵਿਚ ਲੀਨ ਰਹਿੰਦੇ। ਉਨ੍ਹਾਂ ਦਾ ਸਵੇਰੇ-ਸ਼ਾਮ ਨਾਮ ਜਪਣ ਅਤੇ ਇਸ਼ਨਾਨ ਕਰਨ ਦਾ ਨਿੱਤ-ਨੇਮ ਸੀ। ਪਿੰਡ ਦੇ ਲੋਕੀਂ ਦਿਨ-ਤਿਉਹਾਰ ਜਾਂ ਕਿਸੇ ਵਿਸ਼ੇਸ਼ ਅਵਸਰ 'ਤੇ ਭਾਈ ਜੀ ਨੂੰ ਨਿਉਂਦਾ ਦਿੰਦੇ। ਉਹ ਸੁਨੇਹਾ ਦੇਣ ਵਾਲੇ ਨੂੰ ਸਮਝਾਉਣ ਲਗਦੇ।

''ਦੇਖੋ ਜੀ, ਮੈਂ ਆ ਤਾਂ ਜਾਊਂ। ਪਰ ਇਕ ਗੱਲ ਦਾ ਖਿਆਲ ਰੱਖਿਓ-ਮੇਰੇ ਲਈ ਤੁਹਾਡੇ ਜਿਸ ਜੀਅ ਨੇ ਪ੍ਰਸ਼ਾਦਾ ਬਣਾਣਾ ਐ-ਛਕਾਣਾ ਐ- ਉਹ ਪਹਿਲਾਂ ਨਹਾਵੇ। ਫੇ' ਸਵੱਛ ਬਸਤਰ ਪਹਿਨੇ।''

ਭਾਈ ਜੀ ਹਰ ਇਕ ਨਾਲ ਸਹਿਜ ਅਤੇ ਸਲੀਕੇ ਨਾਲ ਬੋਲਦੇ। ਇੱਥੋਂ ਤੱਕ ਕਿ ਬੱਚਿਆਂ ਨੂੰ ਵੀ 'ਜੀ' ਕਹਿ ਕੇ ਬੁਲਾਉਂਦੇ। ਉਹ ਕਿਹੜੀ ਗਲੀ ਜਿਥੇ ਭਾਗੋ ਨੀ ਖਲੀ' ਦੇ ਅਖਾਣ ਵਾਂਗ ਪਿੰਡ 'ਚ ਕੋਈ ਵੀ ਮੌਕਾ ਹੁੰਦਾ, ਭਾਈ ਜੀ ਸਭ ਤੋਂ ਅੱਗੇ ਦਿਖਾਈ ਦਿੰਦੇ। ਉਹ ਰੱਬ ਦੀ ਰਜ਼ਾ ਵਿਚ ਰਹਿਣ ਦਾ ਵਿਖਿਆਨ ਕਰਦੇ।

''ਪਰਮਾਤਮਾ ਦੇ ਬੰਦਿਓ, ਮੇਰਾ ਇਹ ਨਿਸ਼ਚਾ ਹੈ-ਪਰਮਾਤਮਾ ਦੀ ਮਰਜ਼ੀ ਤੋਂ ਬਿਨਾ ਪੱਤਾ ਵੀ ਨ੍ਹੀਂ ਹਿੱਲ ਸਕਦਾ। ਅਸੀਂ ਹਮੇਸ਼ਾ ਫ਼ਿਕਰ 'ਚ ਲੱਗੇ ਰਹਿੰਦੇ ਹਾਂ-ਬਈ ਕਤਲ ਹੋ ਗਏ। ਔਰਤਾਂ ਵਿਧਵਾ ਹੋ ਗਈਆਂ-ਬੱਚੇ ਯਤੀਮ ਹੋ ਗਏ-ਰੋਟੀ, ਕੱਪੜੇ ਪਿਛੇ ਦਿਨ ਰਾਤ ਭਟਕਦੇ-ਤੜਫ਼ਦੇ ਫਿਰਦੇ ਹਾਂ। ਮੌਤ ਦਾ ਡਰ ਹਮੇਸ਼ਾ ਲੱਗਾ ਰਹਿੰਦੈ। ਸਾਨੂੰ ਇਸ ਸਭ ਕਾਸੇ ਦਾ ਫ਼ਿਕਰ ਨ੍ਹੀਂ ਕਰਨਾ ਚਾਹੀਦਾ। ਉਹ ਸਭ ਕੁਝ ਜਾਣਦੈ। ਉਹਦੇ ਹੁਕਮ ਨਾਲ ਈ ਸਭ ਕੁਝ ਹੁੰਦੈ।''

ਉਨ੍ਹਾਂ ਦੀ ਅਧਿਆਤਮਿਕ ਸੋਚ ਅਤੇ ਰੱਬੀ ਲਗਨ ਤੋਂ ਅਸੀਂ ਸਾਰੇ ਕਾਇਲ ਸਾਂ। ਉਹ ਨਾਮ ਨੂੰ ਲਿਵ ਵਜੋਂ ਲੈਂਦੇ ਹੋਏ, ਨਾਮ ਭਗਤੀ ਦੀ ਮਹੱਤਤਾ ਬਾਰੇ ਲੋਕਾਂ ਨੂੰ ਜਾਣੂ ਕਰਾਉਂਦੇ ਰਹਿੰਦੇ। ਉਨ੍ਹਾਂ ਦਾ ਇਕ ਅਸੂਲ ਸੀ-ਜਿਨਾ ਚਿਰ ਉਹ ਭਗਤੀ ਤੋਂ ਨਾ ਉੱਠਦੇ, ਘਰ ਦਾ ਕੋਈ ਵੀ ਜੀਅ ਕੁਝ ਖਾ-ਪੀ ਨਹੀਂ ਸਕਦਾ ਸੀ। ਰਾਤ ਨੂੰ ਬੱਚੇ ਤਾਂ ਅਕਸਰ ਭੁੱਖੇ ਢਿੱਡ ਹੀ ਸੌਂ ਜਾਂਦੇ ਸਨ।

ਭਾਈ ਜੀ ਪਿੰਡ ਦੀ ਸੱਥ ਵਿਚ ਜੁੜ ਕੇ ਬੈਠੇ ਲੋਕਾਂ ਨੂੰ ਕੋਈ ਨਾ ਕੋਈ ਉਪਦੇਸ਼ ਦਿੰਦੇ ਰਹਿੰਦੇ। ਉਨ੍ਹਾਂ ਨਸ਼ਿਆਂ ਵਿਰੁਧ ਅਜਿਹੀ ਮੁਹਿੰਮ ਛੇੜੀ ਕਿ ਲੋਕ ਹੁਣ ਕਦੇ ਚੋਰੀ ਛਿਪੇ ਹੀ ਸਿਗਰਟ ਜਾਂ ਦਾਰੂ ਪੀਂਦੇ। ਇਸ ਮੁਹਿੰਮ ਵਿਚ ਮੈਂ ਤੇ ਮੇਰੇ ਸਾਥੀਆਂ ਨੇ ਭਾਈ ਜੀ ਦਾ ਪੂਰਾ ਸਾਥੀ ਦਿੱਤਾ। ਉਨ੍ਹਾਂ ਦੇ ਘਰ ਔਰਤਾਂ ਦੀ ਭੀੜ ਲੱਗੀ ਰਹਿੰਦੀ। ਉਹ ਭਾਈ ਜੀ ਕੋਲ ਹੱਥ ਵਿਖਾਉਣ ਆਉਂਦੀਆਂ। ਬਾਬਾ ਬਚਨ ਸਿੰਘ ਦੂਰ-ਦੂਰਾਡੇ ਤੋਂ ਆਏ ਲੋਕਾਂ ਨੂੰ ਹੱਲਾ-ਸ਼ੇਰੀ ਦਿੰਦਾ।

''ਭਾਈ ਜੀ ਜੋਤਿਸ਼ ਵਿਦਿਆ ਦਾ ਡੂੰਘਾ ਗਿਆਨ ਰੱਖਦੇ ਨੇ। ਇਨ੍ਹਾਂ ਨੂੰ ਗ੍ਰਹਿ ਚਾਲਾਂ ਬਾਰੇ ਬਹੁਤ ਜਾਣਕਾਰੀ ਏ। ਜੋਤਸ਼ੀਆਂ ਨਾਲੋਂ ਵਧੀਆ ਢੰਗ ਨਾਲ ਜੰਤਰੀ ਦੇਖਦੇ ਨੇ। ਲੋਕਾਂ ਦੀਆਂ ਕਿਸਮਤਾਂ, ਦੁੱਖਾਂ-ਕਲੇਸ਼ਾਂ ਨੂੰ ਦੂਰ ਕਰਨ ਦਾ ਉਪਾਅ ਦੱਸਦੇ ਨੇ।''

ਜੇ ਪਿੰਡ ਵਿਚ ਕਿਸੇ ਦਾ ਪਸ਼ੂ ਬਿਮਾਰ ਹੋ ਜਾਂਦਾ ਤਾਂ ਲੋਕੀ ਉਨ੍ਹਾਂ ਦੇ ਪੈਰ ਫੜ ਲੈਂਦੇ।

''ਭਾਈ ਜੀ, ਆਪਣਾ ਲਵੇਰਾ ਜਰਾ ਸਵੇਰ ਦਾ ਭੰਨ ਤੜੱਕੇ ਕਰੀ ਜਾਂਦੈ। ਆਹ ਲੌ ਪੇੜਾ ਕਰਿਓ। ਪਤਾ ਨ੍ਹੀਂ ਕਿਸ ਸਾਲੇ ਦੀ ਨਜ਼ਰ ਲੱਗ ਗਈ।''

ਬਿਮਾਰ ਬੱਚਿਆਂ ਦੀਆਂ ਮਾਵਾਂ ਤਾਂ ਫ਼ੇਰੇ 'ਤੇ ਫੇਰਾ ਲਾਉਂਦੀਆਂ ਰਹਿੰਦੀਆਂ।

''ਭਾਈ ਜੀ, ਆਹ ਜੁਆਕ ਨੂੰ ਲੇਰੀ ਲੱਗੀ ਹੋਈ ਏ। ਪਤਾ ਨ੍ਹੀਂ ਅਹਿਨੂੰ ਕਿਹਦਾ ਪਰਛਾਵਾਂ ਪੈ ਗਿਆ ਏ, ਬੱਸ ਸੁੱਕੀ ਜਾਂਦੈ।'' ਭਾਈ ਜੀ ਬੱਚਿਆਂ ਦੇ ਰੋਗ ਦੂਰ ਕਰਨ ਲਈ ਕਾਫ਼ੀ ਸਮਾਨ ਲਿਖਵਾਉਂਦੇ ਤੇ ਉਸਦਾ ਟੂਣਾ ਕਰਨ ਲਈ ਕਹਿੰਦੇ।

''ਕੁੜੇ ਧੀਏ। ਇਕ ਲਾਲ ਕੱਪੜੇ ਵਿਚ ਲਲੇਰ ਲਪੇਟ ਕੇ ਤੇ ਬਾਕੀ ਜਿਹੜਾ ਸਾਮਾਨ ਲਿਖਵਾਇਐ-ਅਹਿਨੂੰ ਸਾਰੇ ਨੂੰ ਨਹਿਰ ਹਵਾਲੇ ਕਰ ਆਣਾ।''

ਦੂਰੋਂ ਲਾਲ ਕੱਪੜੇ ਵਿਚ ਲਪੇਟਿਆ ਲਲੇਰ ਆਉਂਦਾ ਦੇਖ ਕੇ ਕੈਲਾ ਕੱਪੜੇ ਲਾਹੁੰਦਾ ਤੇ ਨਹਿਰ ਵਿਚ ਧਾਹ ਦੇਣੀ ਛਾਲ ਮਾਰ ਦਿੰਦਾ। ਬਜ਼ੁਰਗ ਉਸਨੂੰ ਰੋਕਦੇ ਵੀ। ਪਰ ਉਹ ਲਲੇਰ ਨੂੰ ਭੰਨਦਾ ਹੋਇਆ ਕਹਿੰਦਾ।

''ਓ ਜਾਣ ਦੇ ਤਾਇਆ। ਭੁੱਖ ਦੇ ਮਾਰੇ ਲੋਕਾਂ ਕੋਲੋਂ ਭੂਤ ਤਾਂ ਕੀ ਰੱਬ ਵੀ ਡਰਦੈ। ਭਲਾ ਇਹ ਤਾਂ ਹੈ ਈ ਲਲੇਰ।''

ਪਿੰਡ ਵਿਚ ਕੋਈ ਮਰਨ ਜੰਮਣ ਹੁੰਦਾ। ਭਾਈ ਜੀ ਮੋਹਰੇ ਹੁੰਦੇ। ਕਿਸੇ ਘਰ ਮੌਤ ਹੋ ਜਾਂਦੀ ਤਾਂ ਲੋਕੀਂ ਰੋਂਦੇ ਕੁਰਲਾਉਂਦੇ ਹੁੰਦੇ। ਪਰ ਭਾਈ ਜੀ ਸਭ ਨੂੰ ਰੱਬ ਦਾ ਭਾਣਾ ਮੰਨਣ ਦਾ ਉਪਦੇਸ਼ ਦਿੰਦੇ। ਉਹ ਪਾਣੀ ਵਾਲੀ ਗੜਬੀ ਚੁੱਕ ਲੈਂਦੇ। ਪਾਠ ਕਰਦੇ। ਜਨਾਜ਼ੇ ਦੇ ਅੱਗੇ ਪਾਣੀ ਦਾ ਛਿੱਟਾ ਦਿੰਦੇ ਤੁਰੇ ਜਾਂਦੇ। ਉਨ੍ਹਾਂ ਦੇ ਚਿਹਰੇ ਤੇ ਪਹਿਲਾਂ ਵਾਂਗ ਹੀ ਭਖਦਾ ਨੂਰ ਹੁੰਦਾ। ਲੋਕ ਗੁੱਸਾ ਨਾ ਕਰਦੇ। ਸਗੋਂ ਉਹ ਭਾਈ ਜੀ ਦਾ ਪੂਰਾ ਸਤਿਕਾਰ ਕਰਦੇ।

''ਭਾਈ ਜੀ ਸਾਡੇ ਨਾਲੋਂ ਸਿਆਣੇ ਨੇ। ਜੋ ਕਰਦੇ ਨੇ। ਠੀਕ ਹੀ ਕਰਦੇ ਹੋਣਗੇ।''

ਜਦੋਂ ਮੈਂ ਦਸਵੀਂ ਜਮਾਤ ਵਿਚ ਪੜ੍ਹਦਾ ਸੀ। ਭੈਣ ਕੁਲਬੀਰੋ ਦੇ ਵਿਆਹ 'ਤੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਵਾਇਆ। ਉਦੋਂ ਭਾਈ ਜੀ ਨੂੰ ਨੇੜਿਓਂ ਤੱਕਣ ਦਾ ਮੌਕਾ ਮਿਲਿਆ। ਉਹ ਸਾਨੂੰ ਉਪਦੇਸ਼ ਦਿੰਦੇ, ''ਕਾਕਾ, ਗੁਰੂ ਆਪਣੇ ਬਚਨਾਂ ਨਾਲ ਕਮਜ਼ੋਰ ਇਰਾਦੇ ਨੂੰ ਬਲਵਾਨ ਕਰਦੈ। ਗੁਰੂ ਤੋਂ ਬਿਨਾ ਮੁਕਤੀ ਨ੍ਹੀਂ ਮਿਲਦੀ। ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਨੇ- 'ਕਹੁ ਨਾਨਕ ਪ੍ਰਭਿ ਇਹੈ ਜਨਾਈ। ਬਿਨ ਗੁਰ ਮੁਕਤਿ ਨ ਪਾਈਐ ਭਾਈ॥' ਗੁਰੂ ਅਰਜਨ ਦੇਵ ਜੀ ਦਾ ਇਕ ਹੋਰ ਸ਼ਲੋਕ ਐ।- 'ਮਤ ਕੋ ਭਰਮਿ ਭੁਲੈ ਸੰਸਾਰਿ। ਗੁਰ ਬਿਨ ਕੋਇ ਨ ਉਤਰਸਿ ਪਾਰਿ।''

ਜਿਸ ਦਿਨ ਭੋਗ ਪਿਆ। ਉਨ੍ਹਾਂ ਸੰਗਤ ਨੂੰ ਆਪਣੇ ਬਚਨਾਂ ਨਾਲ ਨਿਹਾਲ ਕਰਨਾ ਸ਼ੁਰੂ ਕਰ ਦਿੱਤਾ।

''ਗੁਰੂ ਸਾਜੀ-ਨਿਵਾਜੀ ਸਾਧ ਸੰਗਤ ਜੀਓ। ਪਰਮਾਤਮਾ ਇਸ ਸ੍ਰਿਸ਼ਟੀ ਦੇ ਕਣ-ਕਣ ਵਿਚ ਬਿਰਾਜਮਾਨ ਏ। ਸਭਨਾਂ ਜੀਆਂ ਦੀ ਆਤਮਾ ਵਿਚ ਉਸ ਦਾ ਵਾਸਾ ਏ। ਸਾਨੂੰ ਦਿੱਬ ਸ਼ਕਤੀ ਨਾਲ ਗਿਆਨ ਅਤੇ ਭਗਤੀ ਦਾ ਸੁਮੇਲ ਕਰਕੇ ਗਾਡੀ ਰਾਹ ਬਣਾਣਾ ਚਾਹੀਦੈ।...ਭਾਈ! ਗੁਰੂ ਪ੍ਰਸਾਦਿ ਨਾਲ ਹੀ ਹਉਮੈ ਤੋਂ ਮੁਕਤੀ ਮਿਲਦੀ ਐ।....ਇਸ ਨਾਲ ਸਾਡੇ ਸਾਰੇ ਕਰਮ ਸ਼ੁੱਧ ਤਾਂ ਹੁੰਦੇ ਹੀ ਨੇ, ਨਾਲ ਅਕ੍ਰਮ ਤੇ ਨਿਸ਼ਕਾਮ ਅਵਸਥਾ ਵੀ ਮਿਲ ਜਾਂਦੀ ਏ। ਪਰ ਭਾਈ। ਕਲਯੁੱਗ ਵਿਚ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੇ ਦਰਿਆ ਲੋਕਾਂ ਦੇ ਮਨਾਂ ਵਿਚ ਠਾਠਾਂ ਮਾਰਦੇ ਨੇ।''

ਸੰਗਤ ਸ਼ਾਂਤ ਹੋ ਗਈ ਸੀ। ਭਾਈ ਜੀ ਆਪਣੇ ਬਚਨਾਂ ਦੀ ਡੂੰਘਾਈ ਵਿਚ ਹੋਰ ਜਾਣ ਲੱਗੇ।

''ਨਾਸ਼ਵਾਨ ਮਨੁੱਖ, ਕੂੜ ਪ੍ਰਚਾਰ ਕਰਕੇ ਆਪਣੇ ਮੁਫ਼ਾਦਾਂ ਲਈ ਬੁਰੇ ਕਰਮਾਂ ਦਾ ਭਾਰ ਆਪਣੇ ਉੱਤੇ ਲੱਦੀ ਜਾ ਰਿਹੈ। ਮੂਰਖ ਮਨੁੱਖ ਨੇ ਇਸ ਭਾਰ ਥੱਲੇ ਆ ਕੇ ਮਾਰਿਆ ਜਾਣੈ। ਸੋ ਭਾਈ! ਸਾਨੂੰ ਸਿਰਫ ਨਾਮ ਹੀ ਮਲਾਹ ਬਣ ਕੇ ਪਾਰ ਲੰਘਾਏਗਾ। ਮਾੜੇ ਕਰਮ ਕਰਨ ਵਾਲਿਆਂ ਨੂੰ, ਯਮਦੂਤ ਮੁੱਛਾਂ ਤੋਂ ਰੱਸਿਆਂ ਨਾਲ ਬੰਨ੍ਹ ਕੇ ਲੈ ਜਾਣਗੇ।''

ਸਾਰੀ ਸੰਗਤ ''ਵਾਹਿਗੁਰੂ-ਵਾਹਿਗੁਰੂ'' ਕਰਨ ਲਗ ਪਈ। ਕੈਲੇ ਤੋਂ ਰਿਹਾ ਨਾ ਗਿਆ।

''ਬੁੱਢਿਆ, ਜੇ ਵਲੈਤੀ ਬਾਣੀਏ ਵਰਗੇ ਦੀਆਂ ਮੁੱਛਾਂ ਹੀ ਨਾ ਹੋਣ, ਰੱਸਾ ਕਿਥੇ ਪਵੇਗਾ।'' ਮੇਰਾ ਹਾਸਾ ਨਿਕਲ ਗਿਆ। ਮੈਂ ਕੈਲੇ ਦੇ ਹੁੱਜ ਮਾਰੀ। ਇਹੋ ਜਿਹੀ ਸ਼ਖਸੀਅਤ ਦੇ ਵਿਰੁਧ ਕੁਝ ਵੀ ਸੁਣਨਾ ਮੇਰੇ ਵਸੋਂ ਬਾਹਰ ਸੀ। ਉਹ ਦੋ-ਚਾਰ ਗਾਲ੍ਹਾਂ ਹੋਰ ਕੱਢ ਗਿਆ।

ਸਾਲ ਪਹਿਲਾਂ ਪਿੰਡ ਵਿਚ ਇਕ ਦੁੱਖਦਾਈ ਘਟਨਾ ਵਾਪਰੀ। ਫੌਜਣ ਦਾ ਨਿੰਮਾ ਵਿਦੇਸ਼ ਜਾਣ ਲਈ ਦਿੱਲੀ ਗਿਆ। ਪੈਸੇ ਹੜੱਪ ਕਰਨ ਦੇ ਮਨਸ਼ੇ ਨਾਲ ਏਜੰਟ ਨੇ ਉਸਦਾ ਕਤਲ ਕਰਵਾ ਦਿੱਤਾ। ਬਾਬਾ ਬਚਨ ਸਿੰਘ ਕੁਰਲਾ ਉੱਠਿਆ।

''ਓਏ ਉਪਰ ਵਾਲਿਆ! ਤੂੰ ਇਹ ਕੀ ਜ਼ੁਲਮ ਕੀਤਾ। ਵਿਚਾਰੀ ਫੌਜਣ ਨੂੰ ਬੇਸਹਾਰਾ ਕਰਕੇ। ਇਸ ਮੁੰਡੇ ਨੇ ਤਾਂ ਪਹਿਲਾਂ ਹੀ ਬੜੇ ਦੁੱਖ ਝੱਲੇ ਨੇ।... ਪ੍ਰਤਾਪ ਸਿਆਂ! ਜਦੋਂ ਇਹ ਮੁੰਡਾ ਦੋ ਮਹੀਨੇ ਦਾ ਸੀ, ਪਾਕਿਸਤਾਨ ਨਾਲ ਜੰਗ ਲੱਗੀ ਹੋਈ ਸੀ। ਇਹਦਾ ਪਿਓ ਉਦੋਂ ਭੇਟ ਚੜ੍ਹ ਗਿਆ।... ਸਾਲੀਆਂ ਰਾਜਿਆਂ ਦੀਆਂ ਲੜਾਈਆਂ ਤੇ ਸਾਡੇ ਪੁੱਤਰਾਂ ਦਾ ਘਾਣ।'' ਬਜ਼ੁਰਗ ਬਚਨ ਸਿੰਘ ਭੁੱਬਾਂ ਮਾਰ ਕੇ ਰੋਣ ਲੱਗ ਪਿਆ।

ਨਿੰਮੇ ਦੀ ਮੌਤ ਦੀ ਖਬਰ ਇਲਾਕੇ ਨੂੰ ਸੁੰਨ ਕਰ ਗਈ। ਫੌਜਣ ਨੇ ਪਿੱਟ-ਪਿੱਟ ਕੇ ਆਪਣਾ ਬੁਰਾ ਹਾਲ ਕਰ ਲਿਆ ਸੀ। ਉਹ ਲਾਸ਼ ਨਹੀਂ ਚੁੱਕਣ ਦੇ ਰਹੀ ਸੀ। ਭਾਈ ਜੀ ਨੇ ਫੌਜਣ ਨੂੰ ਹੌਸਲਾ ਦਿੱਤਾ।

''ਬੀਬਾ, ਪਾਗਲ ਨ੍ਹੀਂ ਬਣੀਦਾ। ਇਹ ਜੱਗ ਚਲੋ ਚਲੀ ਦਾ ਮੇਲੈ। ਸਭ ਨੇ ਅੱਗੇ ਪਿੱਛੇ ਵਿਛੜ ਜਾਣੈ। ਇਥੇ ਬੈਠੇ ਕੀਹਨੇ ਰਹਿਣੈ।... ਅਸੀਂ ਸਭ ਮਿੱਟੀ ਦੇ ਪੁਤਲੇ ਹਾਂ। ਸਾਡੀ ਜ਼ਿੰਦਗੀ ਇਕ ਪਾਣੀ ਦੇ ਬੁਲਬੁਲੇ ਦੀ ਤਰ੍ਹਾਂ ਏ। ਜੋ ਉਪਰ ਵਾਲਾ ਕਰਦੈ, ਠੀਕ ਈ ਕਰਦਾ। ਜੇ ਸਭ ਨੇ ਉਸ ਕੋਲ ਚਲੇ ਜਾਣੈ ਤਾਂ ਫੇ' ਰੋਣ ਦਾ ਕੀ ਫ਼ੈਦਾ? ਉਪਰ ਵਾਲੇ 'ਤੇ ਭਰੋਸਾ ਰੱਖ, ਬੀਬਾ।'' ਭਾਈ ਜੀ ਪਾਣੀ ਦੀ ਗੜਬੀ 'ਚੋਂ ਛਿੱਟਾ ਦਿੰਦੇ ਨਿੰਮੇ ਦੇ ਜਨਾਜ਼ੇ ਮੋਹਰੇ ਪਾਠ ਪੜ੍ਹਦੇ ਸ਼ਾਂਤ ਮਨ ਨਾਲ ਤੁਰ ਪਏ।

ਨਿੰਮੇ ਦਾ ਸਸਕਾਰ ਕਰਕੇ ਲੋਕੀਂ ਵਾਪਿਸ ਆ ਗਏ। ਮੈਂ ਭਾਈ ਜੀ ਕੋਲ ਬੈਠ ਗਿਆ। ਉਹ ਕਰਮ ਕਾਂਡਾਂ ਦੀਆਂ ਕਹਾਣੀਆਂ ਸੁਣਾ-ਸੁਣਾ ਫ਼ੌਜਣ ਦਾ ਧੀਰਜ ਬੰਨ੍ਹਾ ਰਹੇ ਸਨ।

''ਬੀਬਾ, ਢੇਰੀ ਨੀ' ਢਾਹੀਦੀ। ਗੁਰੂ ਜੀ ਕਹਿੰਦੇ ਨੇ-

'ਦੁੱਖ-ਸੁੱਖ ਦੋਨੋਂ ਸਮ ਕਰ ਜਾਨੈ, ਅਵਰ ਮਾਨ ਅਪਮਾਨਾ॥'

ਜੇ ਉਪਰ ਵਾਲਾ ਨਿੰਮੇ ਵਰਗੇ ਪੁੱਤਰਾਂ ਦੀ ਖੁਸ਼ੀ ਦਿੰਦੈ ਤਾਂ ਉਹਦਾ ਦੁੱਖ ਵੀ ਝੱਲਣਾ ਚਾਹੀਦੈ। ਸਾਡਾ ਕੁਝ ਨੀ' ਐ। ਸਭ ਕੁਝ ਉੱਪਰ ਵਾਲੇ ਦਾ ਏ। ਫ਼ੇ' ਚਿੰਤਾ ਕਿਸ ਗੱਲ ਦੀ, ਭਾਈ ਬੀਬਾ!''

''ਭਾਈ ਜੀ, ਇਕ ਮਾਂ ਦੀ ਹਾਲਤ ਮਾਂ ਹੀ ਜਾਣ ਸਕਦੀ ਏ। ਤੁਸੀਂ ਕੀ ਜਾਣੋ, ਦੁੱਖ ਕੀ ਹੁੰਦੇ ਨੇ? ਪਹਿਲਾਂ ਮੈਨੂੰ ਰੰਡੀ ਕੀਤਾ। ਹੁਣ ਨਪੁੱਤੀ ਕਰ 'ਤਾ। ਇਹੋ ਜਿਹੇ ਰੱਬ ਨੂੰ ਚੁੱਲ੍ਹੇ 'ਚ ਡਾਹੁਣੈ।'' ਫ਼ੌਜਣ ਧਾਹਾਂ ਮਾਰਨ ਲੱਗ ਪਈ।

ਭਾਈ ਜੀ ਅਜੇ ਤੱਕ ਪੁੱਜੇ ਨਹੀਂ ਸਨ। ਸਭ ਲੋਕੀਂ ਉਨ੍ਹਾਂ ਦਾ ਰਾਹ ਤੱਕ ਰਹੇ ਸਨ। ਸਰਪੰਚ ਜ਼ਿਆਦਾ ਚਿੰਤਤ ਸੀ।

''ਚਾਚਾ ਬਚਨ ਸਿਆਂ। ਤੁਹਾਨੂੰ ਭਾਈ ਜੀ ਦੇ ਸੁਭਾਅ ਦਾ ਪਤਾ ਈ ਐ। ਬੇਸ਼ੱਕ ਜਿੰਦਰ ਭਾਈ ਜੀ ਦਾ ਮੁੰਡਾ ਏ। ਪਰ ਜਿੰਦਰ ਦੇ ਮਰਨ ਨਾਲ ਭਾਈ ਜੀ ਨੂੰ ਫ਼ਰਕ ਪੈਣਾ। ਉਨ੍ਹਾਂ ਨੇ ਤਾਂ ਉਪਰ ਵਾਲੇ ਦਾ ਭਾਣਾ ਮੰਨ ਲਿਆ ਹੋਣੈ। ਪਾਠ ਕਰ ਰਹੇ ਹੋਣੇ।''

''ਸਰਪੰਚਾ, ਭਾਈ ਰੱਬ ਦਾ ਬੰਦਾ ਏ। ਉਹਦੇ ਲਈ ਸਭ ਬਰਾਬਰ ਨੇ। ਚਾਹੇ ਨਿੰਮਾ ਹੋਵੇ, ਚਾਹੇ ਜਿੰਦਰ।''

ਜਿੰਦਰ ਦੀ ਲਾਸ਼ ਦੁਆਲੇ ਸਾਰਾ ਪਿੰਡ ਇਕੱਠਾ ਹੋ ਗਿਆ ਸੀ। ਪਰ ਭਾਈ ਜੀ ਕਿਤੇ ਵੀ ਦਿਖ ਨਹੀਂ ਰਹੇ ਸਨ। ਭਾਈ ਜੀ ਦੇ ਨਾ ਆਉਣ ਦੀ ਘੁਸਰ-ਮੁਸਰ ਹੋ ਰਹੀ ਸੀ। ਲੋਕੀਂ ਭਾਈ ਜੀ ਦੇ ਵੱਡੇ ਜੇਰੇ ਦੀ ਸਿਫ਼ਤ ਕਰ ਰਹੇ ਸਨ। ਲਾਸ਼ ਖੂਨ ਨਾਲ ਲੱਥਪੱਥ ਹੋਈ ਪਈ ਸੀ। ਥੋੜ੍ਹੇ ਚਿਰ ਬਾਅਦ ਭਾਈ ਜੀ ਮੰਗੀ ਦੇ ਸਾਈਕਲ ਪਿੱਛੇ ਬੈਠੇ ਲੋਕਾਂ ਦੇ ਨਜ਼ਰੀਂ ਪਏ। ਸਾਰਿਆਂ ਦਾ ਧਿਆਨ ਭਾਈ ਜੀ ਵਲ ਹੋ ਗਿਆ। ਭਾਈ ਜੀ ਸਾਈਕਲ ਤੋਂ ਬੜੇ ਸਹਿਜ ਨਾਲ ਉਤਰੇ। ਉਨ੍ਹਾਂ ਦੇ ਹੱਥ ਵਿਚ ਮਾਲਾ ਸੀ। ਉਹ ਮਣਕਿਆਂ ਨੂੰ ਫੇਰਦੇ ਸ਼ਾਂਤ ਮਨ ਨਾਲ ਲਾਸ਼ ਵਲ ਤੁਰਦੇ ਗਏ। ਉਨ੍ਹਾਂ ਜਿੰਦਰ ਦੇ ਮੂੰਹ ਤੋਂ ਕੱਪੜਾ ਉਤਾਰਿਆ। ਮੂੰਹ ਨੂੰ ਚੁੰਮ ਕੇ ਮੁਸਕਰਾ ਪਏ। ਮੇਰੇ ਮਨ ਵਿਚ ਭਾਈ ਜੀ ਦਾ ਸਤਿਕਾਰ ਹੋਰ ਵਧ ਗਿਆ। ਉਹ ਕਿੰਨਾ ਸਮਾਂ ਚੁੱਪਚਾਪ ਬੈਠੇ ਰਹੇ। ਮੈਨੂੰ ਲੱਗਿਆ ਜਿਵੇਂ ਪਾਠ ਕਰ ਰਹੇ ਹੋਣ। ਭਾਈ ਜੀ ਇਕ ਦਮ ਬੁੜ-ਬੁੜਾਏ ਉਨ੍ਹਾਂ ਲਾਸ਼ ਤੋਂ ਕੱਪੜਾ ਵਗਾਹ ਕੇ ਪਰ੍ਹਾਂ ਮਾਰਿਆ।

''ਓ ਉੱਪਰ ਵਾਲਿਆ। ਇਹ ਤੂੰ ਕੀ ਕਹਿਰ ਕਮਾਇਆ।'' ਭਾਈ ਜੀ ਦੁਹੱਥੜੀ ਮਾਰ ਕੇ ਲਾਸ਼ ਉੱਪਰ ਗਸ਼ ਖਾ ਕੇ ਢੇਰੀ ਹੋ ਗਏ। ਸਰਪੰਚ ਉਨ੍ਹਾਂ ਨੂੰ ਲਾਸ਼ ਤੋਂ ਉਠਾ ਰਿਹਾ ਸੀ ਪਰ ਭਾਈ ਜੀ ਦੀ ਦੰਦਲ ਨਹੀਂ ਸੀ ਟੁੱਟ ਰਹੀ।

## ਪੰਜਾਬੀ ਨੂੰ ਖ਼ਤਰਾ

ਹਲ ਵਾਹੁੰਦੇ ਕਿਸਾਨ ਤੋਂ
ਇੱਟਾਂ ਪੱਥਦੇ ਮਜ਼ਦੂਰ ਤੋਂ
ਜੁੱਤੀ ਗੰਢਦੇ ਮੋਚੀ ਤੋਂ
ਹਜ਼ਾਮਤ ਕਰਦੇ ਨਾਈ ਤੋਂ
ਰਾਮੂ ਭੱਈਏ ਤੋਂ
ਚੁੱਲ੍ਹਾ-ਚੌਂਕਾ ਕਰਦੀ ਤੀਵੀਂ ਤੋਂ
ਧੰਨੇ ਹਲਵਾਈ ਤੋਂ
ਪੰਜਾਬੀ ਨੂੰ ਕੋਈ ਖ਼ਤਰਾ ਨਹੀਂ

ਭੋਲੀਆਂ ਭਾਲੀਆਂ ਸੋਚਾਂ ਤੋਂ
ਮੇਲਿਆਂ-ਮੁਸਾਬਿਆਂ 'ਚ ਜੁੜਦੀ ਭੀੜ ਤੋਂ
ਗੁੱਸੇ 'ਚ ਗਾਲ੍ਹਾਂ ਕੱਢਦੇ ਲੋਕਾਂ ਤੋਂ
ਤੋਤਲਿਆਂ ਬੋਲਾਂ ਤੋਂ
ਜੋਬਨ ਦੀਆਂ ਕਲੋਲਾਂ ਤੋਂ
ਪੰਜਾਬੀ ਨੂੰ ਕੋਈ ਖ਼ਤਰਾ ਨਹੀਂ

ਤਜ਼ਾਰਤੀ ਸੋਚ ਤੋਂ
ਕੈਰੀਅਰ ਮਾਰਕਾ ਬਿਰਤੀ ਤੋਂ
ਨੇਤਾਵਾਦੀ 'ਫਿਰਕੀ' ਤੋਂ
ਆਪਣੀ ਵਿਰਾਸਤ ਪ੍ਰਤੀ ਹੀਣਭਾਵਨਾ ਤੋਂ
ਚਾਤੁਰ-ਮੂਰਖਾਂ ਤੋਂ
ਮੀਸਣੀਆਂ ਸੂਰਤਾਂ ਤੋਂ
ਪੰਜਾਬੀ ਨੂੰ ਬੜਾ ਖਤਰਾ ਹੈ
ਆਮ ਆਦਮੀ
ਪੰਜਾਬੀ ਦੇ ਨਾਲ ਹੈ
ਪੰਜਾਬੀ ਨੂੰ ਕੋਈ ਖ਼ਤਰਾ ਨਹੀਂ...।

## ਇਹ ਵਕਤ

ਇਹ ਵਕਤ
ਬੜਾ ਚੰਦਰਾ
ਕਹਾਂ ਤਾਂ ਕੀ ਕਹਾਂ ਇਸ ਨੂੰ?
ਇਹ ਆਮ ਆਦਮੀ ਕੋਲੋਂ
ਸੁਪਨੇ ਤੱਕ ਵੀ ਖੋਹ ਲੈਂਦਾ
ਤੇ ਖੁਦ ਨੂੰ ਸਾਊ ਹੈ ਕਹਿੰਦਾ

ਇਕ ਅਦਿਸ ਜਾਲ
ਉਡ ਰਹੇ ਹਾਂ ਲੈ ਕੇ ਨਾਲ
ਆਪਣੀ ਅੱਖ 'ਚ ਰੜਕਦੀ
ਆਪਣੀ ਹੀ ਹੋਂਦ
ਬੇਚੈਨ ਮਨ
ਜ਼ਖ਼ਮੀ ਖਿਆਲ

ਇਸ ਮੰਡੀ ਦੇ ਸੱਭਿਆਚਾਰ
ਸਾਡੇ ਨਿੱਕੇ ਨਿੱਕੇ ਹਾਸੇ
ਸਾਡੇ ਨਿੱਕੇ ਨਿੱਕੇ ਚਾਅ
ਚੁੱਪ ਚੁਪੀਤੇ ਕਤਲ ਕੀਤੇ
ਮਾਰੇ ਮੰਦੇ ਦੀ ਮਾਰ

ਉਠੋ!
ਕਿ ਕੋਈ
ਜੀਣ ਜੋਗੀ ਗੱਲ ਕਰੀਏ
ਕਾਲੇ ਅੰਬਰਾਂ 'ਤੇ
ਚਾਨਣਾਂ ਦਾ ਲੇਖ ਕਰੀਏ...।

**ਧਰਮ ਕੰਮੇਆਣਾ**

## ਰੇਹੜੀ

ਰੇਹੜੀ ਨੂੰ ਰੇੜ੍ਹਦੇ ਚਾਰ ਪਹੀਏ
ਪੰਜਵਾਂ ਪਹੀਆ ਉਹ ਆਪ
ਹਰ ਸਾਹ ਦੇ ਨਾਲ
ਜ਼ਿੰਦਗੀ ਦੀ ਟਿਊਬ ਵਿਚ
ਥੋੜ੍ਹੀ-ਥੋੜ੍ਹੀ ਭਰਦਾ ਰਹਿੰਦਾ ਹਵਾ

ਉਹਦਾ 'ਸਫ਼ਰ'
ਅੰਮ੍ਰਿਤ ਵੇਲੇ
ਸਬਜ਼ੀ ਮੰਡੀ ਤੋਂ ਹੁੰਦਾ ਸ਼ੁਰੂ
ਤੇ ਗਲੀਆਂ 'ਚ ਹੋਕਰੇ ਦਿੰਦਿਆਂ
ਉਹਦੇ ਸਿਰ 'ਤੇ ਰਾਤ ਉਤਰ ਆਉਂਦੀ
ਨ੍ਹੇਰਾ ਹੋਏ
ਘਰ ਦੀ ਦੇਹਲੀ ਲੰਘ
ਉਹ ਥਕੇਵਾਂ ਲਾਹੁਣ ਦੇ
ਕਰਦਾ ਕਈ ਯਤਨ

ਪਰ
ਪਤਾ ਨਹੀਂ ਕਿਉਂ?
ਮਨ 'ਚ ਉਤਰਿਆ ਥਕੇਵਾਂ
ਕਦੇ ਨਾ ਲਹਿੰਦਾ...

ਵਧਦੇ ਖਰਚ ਤੇ ਘਟਦੀ ਆਮਦਨ
ਉਹਦੀ ਪਤਨੀ ਨੂੰ ਬਿਮਾਰਾਂ ਹਾਲ ਬਣਾ ਛੱਡਦੀ
ਤੇ ਉਸ ਨੂੰ ਕਦੇ ਕਦੇ
ਘਰ ਵੀ ਖਰਾਬ ਹੋਈ ਰੇਹੜੀ ਲੱਗਦਾ
ਜਿਸ ਨੂੰ ਰੇੜ੍ਹਦਿਆਂ
ਉਹ ਖੁਦ ਰਿੜ੍ਹ ਜਾਏਗਾ...।

# ਪਹਿਲਾਂ ਵਾਲਾ ਜੋਸ਼ ਨਹੀਂ ਰਿਹਾ ਪੰਜਾਬ ਦੀ ਸੰਗੀਤ ਮੰਡੀ 'ਚ

**ਗੀਤ-ਸੰਗੀਤ**

**ਸਵਰਨ ਸਿੰਘ ਟਹਿਣਾ***

ਸੰਗੀਤ ਬਾਜ਼ਾਰ ਵਿਚ ਕੈਸਿਟਾਂ ਦਾ ਮੀਂਹ ਵਰ੍ਹ ਰਿਹੈ, ਪਰ ਇਸ ਮੀਂਹ ਵਿਚ ਨਹਾਉਣ ਤੋਂ ਸਰੋਤੇ ਇੰਜ ਭੱਜ ਰਹੇ ਨੇ, ਜਿਵੇਂ ਅਮਲੀ ਕਣੀਆਂ ਤੋਂ ਭੱਜਦੈ। ਕੈਸਿਟਾਂ ਦਾ ਮੀਂਹ ਪਹਿਲੀ ਵਾਰ ਨਹੀਂ




ਪੈਣ ਲੱਗਾ, ਇਹ ਹਰ ਸਾਲ ਪੈਂਦੈ। ਜੇ ਇਹ ਕਹਿ ਲਿਆ ਜਾਵੇ ਕਿ ਸਤੰਬਰ ਤੋਂ ਫਰਵਰੀ ਮਹੀਨੇ ਤੱਕ ਸੰਗੀਤ ਦੀ ਮੰਡੀ 'ਤੇ ਸਾਉਣ-ਭਾਦੋਂ ਵਾਲਾ ਵੇਲ਼ਾ ਆ ਜਾਂਦੈ ਤਾਂ ਸ਼ਾਇਦ ਹੀ ਕੋਈ ਅਤਿਕਥਨੀ ਹੋਵੇ ਕਿਉਂਕਿ ਜਿਵੇਂ ਸਾਉਣ-ਭਾਦੋਂ ਵਿਚ ਇਹ ਨਹੀਂ ਪਤਾ ਲੱਗਦਾ ਕਿ ਮੀਂਹ ਕਿਹੜੇ ਵੇਲ਼ੇ ਆ ਜਾਵੇ, ਉਵੇਂ ਹੀ ਇਹ ਬਿਲਕੁਲ ਪਤਾ ਨਹੀਂ ਲੱਗਦਾ ਕਿ ਕਿਹੜੇ ਗਾਇਕ ਦੀ ਕੈਸਿਟ ਕਿਹੜੇ ਵੇਲ਼ੇ ਆ ਜਾਵੇ।

ਇਨ੍ਹੀਂ ਦਿਨੀਂ ਮਾਰਕੀਟ ਵਿਚ ਜਿੰਨੀਆਂ ਕੁ ਕੈਸਿਟਾਂ ਆਈਆਂ ਨੇ, ਉਹ ਗਾਇਕ, ਗੀਤਕਾਰ, ਸੰਗੀਤਕਾਰ ਤੇ ਵੀਡੀਓ ਡਾਇਰੈਕਟਰ ਵਲੋਂ ਕੀਤੀ ਮਿਹਨਤ ਮੁਤਾਬਕ ਵਿਕ ਰਹੀਆਂ ਨੇ। ਜਿਸ ਨੇ ਜਿੰਨਾ ਹੰਭਲਾ ਮਾਰਿਆ, ਉਸ ਨੂੰ ਓਨਾ ਕੁ ਫ਼ਲ ਮਿਲ ਰਿਹੈ। ਮਰੂੰ-ਮਰੂੰ ਕਰਨ ਵਾਲੇ ਆਪਣਾ ਫ਼ਰਜ਼ ਨਿਭਾਈ ਜਾਂਦੇ ਨੇ, ਪਾਇਰੇਸੀ ਕਰਨ ਵਾਲਾ ਆਪਣਾ ਤੇ ਸੁਣਨ ਵਾਲੇ ਮੂੰਹ ਵੱਟਣ ਵਾਲਾ ਆਪਣਾ।

ਮਾਰਕੀਟ ਵਿਚ ਇੱਕ ਪਾਸੇ 'ਜਿੰਦੇ ਨੀ ਜਿੰਦੇ ਤੇਰੇ ਵਾਅਦੇ ਦੁੱਖ ਦਿੰਦੇ' ਗੀਤ ਚਰਚਾ ਖੱਟ ਰਿਹੈ ਤੇ ਦੂਜੇ ਪਾਸੇ 'ਜੇ ਨਾ ਘਰਦਿਆਂ ਨੇ ਤੋਰੀ ਯਾਰ ਤੈਨੂੰ ਕੱਢ ਲੈਜੂਗਾ' ਵਰਗਾ ਲਾਹਨਤਾਂ ਪੁਆਉਣ ਵਾਲਾ ਵੀ ਲੋਕ ਬੁੱਲ੍ਹਾਂ 'ਤੇ ਚੜ੍ਹ ਰਿਹੈ। ਇੱਕ ਪਾਸੇ 'ਲੈਂਸਰਾਂ-ਸਫ਼ਾਰੀਆਂ 'ਚ ਜੱਟ ਫਿਰਦੇ, ਫ਼ਸਲਾਂ ਦੇ ਜੇ ਪੂਰੇ ਮੁੱਲ ਮਿਲਦੇ' ਵਰਗਾ ਗੀਤ ਹਕੀਕਤ ਬਿਆਨ ਕਰ ਰਿਹੈ ਤੇ ਦੂਜੇ ਪਾਸੇ 'ਮੂਰਖ ਨੰਬਰ ਵੰਨ' ਦਰਸਾਉਣ ਵਾਲਾ ਗੀਤ 'ਬੰਦਾ ਵੱਢ ਕੇ ਥਾਣੇ ਦੇ ਵਿਚ ਆ ਗਿਆ ਨੀਂ ਜੱਟ ਬਰਨਾਲੇ ਦਾ' ਗੀਤ ਚੱਲ ਰਿਹੈ। ਇੱਕ ਪਾਸੇ 'ਮਰਨੋਂ ਮੂਲ ਨਾ ਡਰਦੇ ਨੀ ਜਿਹੜੇ ਮੌਤ ਦੇ ਵਪਾਰੀ ਆ' ਗੀਤ ਸਭ ਦਾ ਧਿਆਨ ਖਿੱਚ ਰਿਹੈ ਤੇ ਦੂਜੇ ਪਾਸੇ 'ਯਾਰ ਤੇਰੇ ਨੇ ਗੱਡੀ ਲੈ ਲਈ ਟਰਿੱਪਲ ਜ਼ੀਰੋ ਵੰਨ, ਨੀ ਵਿਚ ਪਜੈਰੋ ਦੇ ਰੱਖ ਲਈ ਦੇਸੀ ਗੰਨ' ਵਰਗਾ ਯੱਭਲੀ ਮਾਰਕਾ ਗੀਤ ਵੀ ਚੱਲ ਰਿਹੈ।

ਕਮਾਲ ਇਸ ਗੱਲ ਦੀ ਹੈ ਕਿ ਸਾਰੇ ਕਹਿ ਰਹੇ ਨੇ ਕਿ ਅਸੀਂ ਖ਼ੂਬ ਮਿਹਨਤ ਕੀਤੀ ਹੈ, ਅਸੀਂ ਵੱਖਰਾ ਕੁੱਝ ਕਰਕੇ ਦਿਖਾਇਆ ਹੈ, ਸਾਡੀ ਕੈਸਿਟ ਉੱਤੇ ਪੂਰੀ ਟੀਮ ਨੇ ਦਿਨ-ਰਾਤ ਇੱਕ ਕੀਤਾ ਹੈ। ਪਰ ਗੀਤਾਂ ਦੇ ਬੋਲ ਦੱਸ ਦਿੰਦੇ ਨੇ ਕਿ ਕੀਹਨੇ ਸਰੋਤਿਆਂ ਦੇ ਕੰਨਾਂ ਤੱਕ ਚੰਗੀ ਚੀਜ਼ ਪੁਚਾਉਣ ਲਈ ਦਿਨ-ਰਾਤ ਇੱਕ ਕੀਤੀ ਤੇ ਕੀਹਨੇ ਗਾਇਕੀ ਨੂੰ ਬਦਨਾਮ ਕਰਨ ਲਈ ਰਾਤਾਂ ਦੀ ਨੀਂਦ ਗੁਆਈ ਹੈ।

ਪਿਛਲੇ ਇੱਕ ਮਹੀਨੇ ਤੋਂ ਕੈਸਿਟਾਂ ਰਿਲੀਜ਼ ਹੋਣ ਦੀ ਗਤੀ ਵਿਚ ਅਚਾਨਕ ਵਾਧਾ ਹੋਇਆ ਹੈ। ਇਹ ਹੋਣਾ ਵੀ ਸੀ, ਕਿਉਂਕਿ ਵਿਆਹਾਂ ਦੇ ਸੀਜ਼ਨ ਦਾ ਜ਼ੋਰ ਹੈ। ਚੈਨਲ 'ਤੇ ਜਿਹੜੇ ਗਾਇਕ ਦਾ ਗੀਤ ਦਿਸੇਗਾ, ਵਿਆਹਾਂ 'ਤੇ ਸੱਦਣ ਲਈ ਉਸੇ ਦੀ ਮੰਗ ਵਧੇਗੀ। ਬਾਜ਼ਾਰ ਨੂੰ ਆਪਣੇ ਵੱਲ ਖਿੱਚਣ ਲਈ ਗਾਇਕਾਂ ਵਲੋਂ ਢਕਵੰਜ ਰਚੇ ਜਾ ਰਹੇ ਨੇ, ਪਰ ਹੁੰਗਾਰਾ ਉਸੇ ਨੂੰ ਮਿਲ ਰਿਹੈ ਜਿਸ ਦੇ ਬੋਲਾਂ ਵਿਚ ਦਮ ਹੈ।

ਬੱਬੂ ਮਾਨ ਦੀ 'ਸਿੰਘ ਬੈਟਰ ਦੈਨ ਇਜ਼ ਕਿੰਗ' ਜਿੰਨੀ ਵਿਕਣੀ ਸੀ, ਓਨੀ ਵਿਕ ਚੁੱਕੀ ਹੈ ਤੇ ਦਿਲਜੀਤ ਦੀ 'ਦ ਨੈੱਸਟ ਲੈਵਲ' ਆਪਣਾ ਰੂਪ ਦਿਖਾ ਕੇ ਪਹਿਲੇ ਗੇੜ ਦੇ ਮੁਕਾਬਲੇ ਤੋਂ ਪਾਸੇ ਹੋ ਗਈ ਹੈ। ਇਸ ਵੇਲ਼ੇ ਮੁਕਾਬਲਾ ਕਮਲ ਹੀਰ, ਅਮਰਿੰਦਰ ਗਿੱਲ, ਮਲਕੀਤ ਸਿੰਘ, ਸੁਖਸ਼ਿੰਦਰ ਸ਼ਿੰਦਾ, ਪ੍ਰੀਤ ਹਰਪਾਲ, ਰਵਿੰਦਰ ਗਰੇਵਾਲ, ਸਰਦੂਲ ਸਿਕੰਦਰ, ਬਲਕਾਰ ਸਿੱਧੂ, ਜੱਸੀ ਸੋਹਲ, ਜੈਲੀ, ਹਰਿੰਦਰ ਸੰਧੂ ਅਤੇ ਬਾਕੀ ਬਚਦੇ ਉਨ੍ਹਾਂ ਕਲਾਕਾਰਾਂ ਦੀਆਂ ਕੈਸਿਟਾਂ ਦਰਮਿਆਨ ਹੈ, ਜਿਹੜੇ ਹਾਲੇ ਆਪਣਾ ਨਾਂਅ ਚਮਕਾਉਣ ਦੀਆਂ ਕੋਸ਼ਿਸ਼ਾਂ 'ਚ ਜੁਟੇ ਹੋਏ ਨੇ।

ਪ੍ਰੀਤ ਬਰਾੜ, ਬੰਸੀ ਬਰਨਾਲਾ, ਬਬਲੀ ਬਰਾੜ ਤੇ ਹੋਰ ਕਲਾਕਾਰ ਭਾਵੇਂ ਮਨ ਨੂੰ ਧਰਵਾਸ ਦੇਣ ਲਈ ਕੁੱਝ ਵੀ ਆਖੀ ਜਾਣ ਕਿ ਅਸੀਂ ਕਮਾਲ ਕਰ ਛੱਡੀ, ਪਰ ਸੁਣਨ ਵਾਲੇ ਸਭ ਜਾਣਦੇ ਨੇ ਕਿ ਕਿੰਨੀ ਕੁ ਕਮਾਲ ਕਿਹੜੇ ਨੇ ਕੀਤੀ ਹੈ! ਕਮਲ ਹੀਰ ਦੀ 'ਜਿੰਦੇ ਨੀ ਜਿੰਦੇ' ਵਧੀਆ ਗੀਤਾਂ ਅਤੇ ਸੰਗੀਤ ਕਰਕੇ ਪਸੰਦ ਕੀਤੀ ਜਾ ਰਹੀ ਹੈ ਅਤੇ ਅਮਰਿੰਦਰ ਗਿੱਲ ਦੀ 'ਦੂਰੀਆਂ' ਵੱਖਰੀ ਭਾਂਤ ਦਾ ਸੰਗੀਤ, ਵੱਡੇ ਪੱਧਰ ਦੇ ਵੀਡੀਓਜ਼ ਅਤੇ ਸੋਹਣੀਆਂ ਤਰਜ਼ਾਂ ਕਰਕੇ ਸਭਨਾਂ ਦਾ ਧਿਆਨ ਖਿੱਚ ਰਹੀ ਹੈ। ਜੈਲੀ ਆਪਣੀ ਨਵੀਂ ਕੈਸਿਟ 'ਢੋਲਾ' ਕਰਕੇ ਚਰਚਾ ਖੱਟ ਰਿਹਾ ਹੈ ਕਿਉਂਕਿ ਉਸ ਵਿਚ ਮੁੰਡਿਆਂ-ਖੁੰਡਿਆਂ ਦੀ ਪਸੰਦ ਵਾਲਾ ਮੈਟਰ ਹੈ ਅਤੇ ਜੱਸੀ ਸੋਹਲ ਦੀ 'ਜਵਾਨੀ' ਫੱਬਣ ਦਾ ਕਾਰਨ ਇਹੀ ਹੈ ਕਿ ਉਸ ਵਿਚ ਸਾਦਾ ਮੈਟਰ ਅਤੇ ਸਾਦਾ ਅੰਦਾਜ਼ ਪੇਸ਼ ਕੀਤਾ ਗਿਆ ਹੈ। ਗੋਲਡਨ ਸਟਾਰ ਮਲਕੀਤ ਸਿੰਘ ਦੀ 'ਬਿੱਲੋ ਰਾਣੀ' ਮਾਰਕੀਟ ਵਿਚ ਆ ਚੁੱਕੀ ਹੈ, ਜਿਸ ਵਿਚਲੀ ਸਾਦੇ ਗੀਤ ਧਿਆਨ ਖਿੱਚ ਰਹੇ ਹਨ।

ਰਵਿੰਦਰ ਗਰੇਵਾਲ ਦੀ 'ਦਿਨ' ਅਤੇ ਸੁਖਸ਼ਿੰਦਰ ਸ਼ਿੰਦਾ ਦੀ ਧਾਰਮਿਕ ਕੈਸਿਟ 'ਸਤਿਗੁਰ ਮੇਰਾ' ਦਾ ਜੇ ਮੁਕਾਬਲਾ ਮੰਨਿਆ ਜਾਵੇ ਤਾਂ ਹਾਲ ਦੀ ਘੜੀ ਸ਼ਿੰਦਾ ਅੱਗੇ ਜਾਪਦਾ ਹੈ ਕਿਉਂਕਿ ਉਸ ਦਾ 'ਸੌਖੀ ਨਹੀਂ ਮਿਲਗੀ ਤੈਨੂੰ ਇਹ ਪਗੜੀ ਸਰਦਾਰਾ' ਗੀਤ ਸਿੱਖ ਇਤਿਹਾਸ ਦੇ ਪਰਿਪੇਖ ਤੋਂ ਪੇਸ਼ ਕੀਤਾ ਗਿਆ ਹੈ। ਗਰੇਵਾਲ ਬਾਰੇ ਕਿਹਾ ਜਾ ਰਿਹਾ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਦੇ ਘਟਨਾਕ੍ਰਮ ਨੂੰ ਹੀ 'ਦਿਨ ਉਹ ਨਾ ਰਹੇ ਤਾਂ ਦਿਨ ਇਹ ਵੀ ਨਹੀਂਓਂ ਰਹਿਣਗੇ' ਗੀਤ ਦੇ ਰੂਪ ਵਿਚ ਪੇਸ਼ ਕਰ ਦਿੱਤਾ ਹੈ।

'ਲਾਈਵ' ਕੈਸਿਟਾਂ ਦੇ ਰੁਝਾਨ ਅਤੇ ਘੱਟ ਖਰਚੇ ਨੂੰ ਦੇਖਦਿਆਂ ਪੰਜਾਬ ਦੇ ਬਹੁਤ ਸਾਰੇ ਗਾਇਕ ਇਨ੍ਹੀਂ ਦਿਨੀਂ 'ਲਾਈਵ' ਦੀ ਯੋਜਨਾ ਬਣਾ ਰਹੇ ਹਨ। 'ਵਾਰਿਸ ਭਰਾਵਾਂ' ਵੱਲੋਂ ਸ਼ੁਰੂ ਕੀਤੀ ਗਈ ਇਸ ਪਿਰਤ ਤੋਂ ਬਾਅਦ ਦੇਬੀ ਮਖਸੂਸਪੁਰੀ ਨੇ 'ਦੇਬੀ ਲਾਈਵ' ਜ਼ਰੀਏ ਚੰਗਾ ਰੰਗ ਬੰਨ੍ਹਿਆ।







ਉਸ ਤੋਂ ਬਾਅਦ 'ਸ਼ੀਰਾ ਲਾਈਵ' ਦੀ ਚੰਗੀ ਵਿਕਰੀ ਹੋ ਗਈ ਤੇ ਅੱਜ-ਕੱਲ੍ਹ ਹਰਿੰਦਰ ਸੰਧੂ ਤੇ ਬਲਕਾਰ ਸਿੱਧੂ ਦੀਆਂ 'ਲਾਈਵ' ਕੈਸਿਟਾਂ ਸੁਣਨ ਨੂੰ ਮਿਲ ਰਹੀਆਂ ਨੇ। ਹਰਿੰਦਰ ਦੀ ਕੈਸਿਟ ਦਾ ਨਾਂ 'ਹਰਿੰਦਰ ਸੰਧੂ ਸਟੂਡੀਓ ਲਾਈਵ' ਰੱਖਿਆ ਗਿਆ ਹੈ ਅਤੇ ਬਲਕਾਰ ਦੀ ਦਾ ਨਾਂ 'ਹੱਸਦਿਆਂ ਦੇ ਘਰ ਵੱਸਦੇ' ਰੱਖਿਆ ਗਿਆ ਹੈ। ਹਰਿੰਦਰ ਦਾ ਸਾਰਾ ਮੈਟਰ ਇੱਕੋ ਗੀਤਕਾਰ ਵੱਲੋਂ ਲਿਖਿਆ ਗਿਆ ਹੈ ਤੇ ਬਲਕਾਰ ਦੇ ਗੀਤ ਵੱਖੋ-ਵੱਖਰੇ ਗੀਤਕਾਰਾਂ ਦੇ ਦਿਮਾਗ਼ ਦੀ ਉਪਜ ਹਨ। ਸੁਣਨ 'ਚ ਆ ਰਿਹਾ ਹੈ ਕਿ ਦੋਵੇਂ ਕੈਸਿਟਾਂ ਹੀ ਠੀਕ ਜਾ ਰਹੀਆਂ ਨੇ, ਪਰ ਇਹ ਨਿਤਾਰਾ ਆਉਂਦੇ ਦਿਨਾਂ 'ਚ ਹੋ ਜਾਵੇਗਾ ਕਿ ਕਿਹੜੀ ਕਿੰਨੀ ਕੁ ਵਿਕੀ।

ਆਉਂਦੇ ਸਾਲ ਵਿਚ ਪੰਜਾਬ ਦੇ ਦੋ ਦਰਜਨ ਤੋਂ ਵੱਧ ਗਾਇਕ ਲਾਈਵ ਕੈਸਿਟਾਂ ਕਰਨਗੇ। 'ਬਲਰਾਜ ਲਾਈਵ' ਜਨਵਰੀ ਦੇ ਅੰਤਲੇ ਹਫ਼ਤੇ ਤੱਕ ਰਿਲੀਜ਼ ਹੋ ਜਾਵੇਗੀ। ਮੰਗੀ ਮਾਹਲ, ਸਤਿੰਦਰ ਸੱਤੀ, ਗੋਰਾ ਚੱਕ ਵਾਲਾ, ਰਣਜੀਤ ਰਾਣਾ ਤੇ ਹੋਰ ਬਹੁਤ ਸਾਰੇ ਗਾਇਕ ਲਾਈਵ ਕਰਨ ਦੀਆਂ ਯੋਜਨਾਵਾਂ ਬਣਾ ਰਹੇ ਨੇ।

ਪਿੰਡਾਂ-ਸ਼ਹਿਰਾਂ ਦੇ ਸਰੋਤਿਆਂ ਦੇ ਵਿਚਾਰ ਜਾਣਿਆਂ ਪਤਾ ਲੱਗਦਾ ਹੈ ਕਿ ਮਿਸ ਪੂਜਾ ਦਾ ਜਲਵਾ ਪਹਿਲਾਂ ਦੇ ਮੁਕਾਬਲੇ ਘਟ ਰਿਹਾ ਹੈ। ਸਰੋਤੇ ਦੋਗਾਣਿਆਂ ਦੀਆਂ ਕੈਸਿਟਾਂ ਤੋਂ ਮੂੰਹ ਫੇਰਨ ਲੱਗੇ ਹਨ। ਸੂਝਵਾਨ ਸੰਗੀਤ ਪ੍ਰੇਮੀ ਮਾਰ ਧਾੜ, ਕਤਲੋਗਾਰਤ, ਕਾਲਜਾਂ, ਸਕੂਲਾਂ, ਆਈਲੈਟਸ, ਬੋਲਟ, ਸਫ਼ਾਰੀਆਂ, ਮੋਬਾਈਲਾਂ ਅਤੇ ਹੋਰ ਟੁੱਚੂ ਜਿਹੇ ਵਿਸ਼ਿਆਂ ਵਾਲੇ ਗੀਤਾਂ ਤੋਂ ਕਿਨਾਰਾ ਕਰਨ ਲੱਗੇ ਹਨ।

ਸਰਦੂਲ ਸਿਕੰਦਰ ਅਤੇ ਅਮਰ ਨੂਰੀ ਦੀ ਦੋਗਾਣਾ ਕੈਸਿਟ 'ਇੱਕ ਤੂੰ ਹੋਵੇਂ ਇੱਕ ਮੈਂ ਹੋਵਾਂ' ਲੰਮੇ ਵਕਫ਼ੇ ਬਾਅਦ ਰਿਲੀਜ਼ ਹੋਈ ਹੈ। ਭਾਵੇਂ ਕਿ ਦੋਹਾਂ ਵੱਲੋਂ ਸੋਲੋ ਗਾਇਕੀ ਜਾਰੀ ਰੱਖੀ ਗਈ ਪਰ 'ਤੇਰਾ ਲਿਖਦੂੰ ਸਫ਼ੈਦਿਆਂ 'ਤੇ ਨਾਂ' ਤੋਂ ਬਾਅਦ ਹੁਣ ਸਤਾਰਾਂ ਸਾਲ ਬਾਅਦ ਦੋਗਾਣਾ ਕੈਸਿਟ ਕੀਤੀ ਗਈ ਹੈ, ਜਿਸ ਦੇ ਕਾਮਯਾਬ ਹੋਣ ਦੀਆਂ ਉਮੀਦਾਂ ਬੱਝਦੀਆਂ ਹਨ।

ਇੰਦਰਜੀਤ ਨਿੱਕੂ ਤੇ ਸੁਖਵਿੰਦਰ ਸੁੱਖੀ ਜਲਦ ਆਪਣੀਆਂ ਕੈਸਿਟਾਂ ਲੈ ਕੇ ਹਾਜ਼ਰ ਹੋਣ ਵਾਲੇ ਹਨ। ਹੈਰਾਨੀਜਨਕ ਗੱਲ ਇਹ ਹੈ ਕਿ ਗਾਇਕਾਂ ਦੇ ਮੁਕਾਬਲੇ ਗਾਇਕਾਵਾਂ ਦੀਆਂ ਕੈਸਿਟਾਂ ਪੰਜ ਫ਼ੀਸਦੀ ਵੀ ਦਿਖਾਈ ਨਹੀਂ ਦੇ ਰਹੀਆਂ। ਜਿਹੜੀਆਂ ਇੱਕ-ਦੋ ਗਾਉਣ ਵਾਲੀਆਂ ਦੀਆਂ ਕੈਸਿਟਾਂ ਆਈਆਂ ਹਨ, ਉਹ ਨਾ ਆਇਆਂ ਵਰਗੀਆਂ ਹੀ ਹਨ, ਕਿਉਂਕਿ ਦੇਖਣ ਨੂੰ ਉਹ ਖ਼ੂਬਸੂਰਤ ਜ਼ਰੂਰ ਹਨ, ਪਰ ਉਨ੍ਹਾਂ ਦੀ ਆਵਾਜ਼ ਵਿਚ ਬਹੁਤਾ ਦਮ-ਖਮ ਨਹੀਂ। ਮਿਸ ਪੂਜਾ ਚੈਨਲਾਂ 'ਤੇ ਦੋ-ਦੋ ਮਿੰਟ ਬਾਅਦ ਕਦੇ ਕਿਸੇ ਗਾਇਕ ਨਾਲ ਤੇ ਕਦੇ ਕਿਸੇ ਨਾਲ ਦਿਖਾਈ ਦੇ ਰਹੀ ਹੈ, ਪਰ ਉਸ ਨਾਲ ਗਾਉਣ ਵਾਲਿਆਂ ਦੇ ਕਾਮਯਾਬ ਹੋਣ ਦੇ ਆਸਾਰ ਵੀ ਘਟਦੇ ਨਜ਼ਰ ਆ ਰਹੇ ਹਨ।

ਪੰਜਾਬ ਦੀਆਂ ਜਿਹੜੀਆਂ ਕੰਪਨੀਆਂ ਕਿਸੇ ਵੇਲ਼ੇ ਸਤੰਬਰ-ਅਕਤੂਬਰ ਮਹੀਨੇ ਪੱਬਾਂ ਭਾਰ ਹੋ ਜਾਂਦੀਆਂ ਸਨ ਕਿ ਸੀਜ਼ਨ ਆ ਗਿਐ, ਹੁਣ ਖ਼ੂਬ ਮਾਲ ਵਿਕੇਗਾ, ਉਹ ਵੀ ਸੋਚ ਸਮਝ ਕੇ ਪੱਬ ਚੁੱਕ ਰਹੀਆਂ ਨੇ ਕਿਉਂਕਿ ਉਨ੍ਹਾਂ ਨੂੰ ਪਤਾ ਲੱਗ ਗਿਐ ਕਿ ਇਸ ਲਾਈਨ ਵਿਚੋਂ ਕੱਢਣ-ਪਾਉਣ ਨੂੰ ਬਹੁਤਾ ਕੁਝ ਨਹੀਂ ਬਚਿਆ। ਕੰਪਨੀਆਂ ਚੈਨਲਾਂ ਵਾਲਿਆਂ ਦੀਆਂ ਖ਼ੂਬ ਕਰਜ਼ਾਈ ਹਨ ਤੇ ਜਿਹੜਾ ਕੰਪਨੀ ਵਾਲਾ 'ਝਕਾਨੀਆਂ' ਦੇਣ ਦੀ ਕੋਸ਼ਿਸ਼ ਕਰਦਾ ਹੈ, ਚੈਨਲ ਵਲੋਂ ਉਸ ਦਾ ਪੱਤਾ ਕੱਟਣ 'ਤੇ ਬਹੁਤੀ ਦੇਰ ਨਹੀਂ ਲਗਾਈ ਜਾਂਦੀ।

ਇੱਕ ਵੇਲ਼ਾ ਅਜਿਹਾ ਸੀ ਜਦੋਂ ਇਹ ਮੰਨਿਆ ਜਾਂਦਾ ਸੀ ਕਿ ਬਾਲੀਵੁੱਡ ਦੀਆਂ ਫ਼ਿਲਮਾਂ ਵਾਂਗ ਫ਼ਲਾਣੇ ਤੇ ਫ਼ਲਾਣੇ ਗਾਇਕ ਵਿਚ ਕਾਂਟੇ ਦੀ ਟੱਕਰ ਹੋਵੇਗੀ। ਫ਼ਲਾਣਾ ਅੱਗੇ ਲੰਘੇਗਾ ਤੇ ਫ਼ਲਾਣਾ ਪਛੜ ਜਾਵੇਗਾ, ਪਰ ਹੁਣ ਅਜਿਹਾ ਨਹੀਂ ਰਿਹਾ। ਗਾਇਕ ਸਮਝ ਗਏ ਨੇ ਕਿ ਜਿੰਨਾ ਵੱਧ ਮੁਕਾਬਲਾ ਕਰਾਂਗੇ, ਓਨਾ ਵੱਡਾ ਘਾਟਾ ਖਾਵਾਂਗੇ। ਗਾਇਕ ਪਹਿਲਾਂ ਹੀ ਮੰਨ ਕੇ ਚੱਲਣ ਲੱਗੇ ਹਨ ਕਿ ਕੈਸਿਟ ਵਿਕਣੀ ਤਾਂ ਕੁਦਰਤੀ ਕ੍ਰਿਸ਼ਮੇ ਵਾਲੀ ਗੱਲ ਹੈ, ਬਸ ਚੈਨਲਾਂ 'ਤੇ ਦਿਸੀ ਚੱਲੋ, ਚਰਚਾ ਕਰਾਈ ਚੱਲੋ ਤੇ ਜਿਹੜੇ ਪ੍ਰੋਗਰਾਮ ਮਿਲਦੇ ਨੇ, ਰੱਬ ਦਾ ਨਾਂ ਲੈ ਕੇ ਲਾਈ ਚੱਲੋ।

ਮੰਦੀ ਦੇ ਦੌਰ ਵਿਚ ਜਦੋਂ ਕੈਸਿਟ ਜਗਤ ਧੱਕਾ ਸਟਾਰਟ ਗੱਡੀ ਵਰਗਾ ਹੋ ਗਿਆ ਹੋਵੇ, ਉਦੋਂ ਕਿਸੇ ਵੀ ਕੰਪਨੀ, ਗਾਇਕ, ਗੀਤਕਾਰ, ਸੰਗੀਤਕਾਰ ਜਾਂ ਵੀਡੀਓ ਡਾਇਰੈਕਟਰ ਦਾ ਹੌਸਲਾ ਵਧਦਾ ਨਹੀਂ ਦਿਸਦਾ। ਬਹੁਤੇ ਗਾਇਕ ਇਹ ਕਹਿੰਦੇ ਸੁਣੀਂਦੇ ਨੇ ਕਿ ਜੇ ਇਸ ਲਾਈਨ ਵਿਚ ਨਾ ਆਏ ਹੁੰਦੇ, ਲੋਕਾਂ 'ਚ ਮਾੜੀ ਮੋਟੀ ਪਛਾਣ ਨਾ ਬਣੀ ਹੁੰਦੀ ਤਾਂ ਸਹੁੰ ਰੱਬ ਦੀ ਇਸ ਕੰਮ ਵਿਚੋਂ ਕਦੋਂ ਦੇ ਬਾਹਰ ਹੋ ਗਏ ਹੁੰਦੇ। ਮਜਬੂਰੀ ਵਿਚ ਕੀਤੀਆਂ ਜਾ ਰਹੀਆਂ ਕੈਸਿਟਾਂ ਨਾ ਗਾਇਕਾਂ ਨੂੰ ਤਣ ਪੱਤਣ ਲਗਾ ਰਹੀਆਂ ਨੇ ਤੇ ਨਾ ਹੀ ਕੰਪਨੀਆਂ ਵਾਲਿਆਂ ਨੂੰ ਤੇ ਹੁਣ ਦੇਖਣਾ ਇਹ ਹੈ ਕਿ ਪੰਜਾਬੀ ਸੰਗੀਤ ਜਗਤ ਕਿਸ ਪਾਸੇ ਕਰਵਟ ਲੈਂਦਾ ਹੈ।

*ਫੋਨ:98141-78883

## ਚਲਿੱਤਰ

**ਜਸਵਿੰਦਰ ਕੌਰ ਜਟਾਣਾ**

ਮੇਰੇ ਸਹੁਰੇ ਘਰ ਪਾਰਟੀ ਹੋ ਰਹੀ ਸੀ ਕਿਉਂਕਿ ਸਾਡੇ ਚਾਚਾ ਜੀ ਸਰਪੰਚੀ ਦੀ ਚੋਣ ਜਿੱਤੇ ਸਨ। ਸ਼ਾਮ ਦਾ ਵਕਤ ਸੀ। ਛੋਟਾ ਪਿੰਡ ਹੋਣ ਕਰਕੇ ਕੁਝ ਵਿਰੋਧੀਆਂ ਨੂੰ ਛੱਡ ਕੇ ਸਾਰਾ ਪਿੰਡ ਸਾਡੇ ਘਰ ਪਾਰਟੀ ਵਿਚ ਸ਼ਾਮਲ ਸੀ। ਔਰਤਾਂ ਲਈ ਜਲੇਬੀਆਂ ਤੇ ਮਰਦਾਂ ਲਈ ਉਨ੍ਹਾਂ ਦਾ ਸਾਮਾਨ ਆਮ ਸੀ। ਪਿੰਡ ਦੇ ਵੱਡੇ-ਛੋਟੇ ਟੱਲੀ ਹੋਏ ਫਿਰ ਰਹੇ ਸਨ। ਹਰ ਕੋਈ ਇਹ ਜਤਾ ਰਿਹਾ ਸੀ ਕਿ ਬਈ ਮੇਰੀ ਮਿਹਨਤ ਸਦਕਾ ਅਮਰੀਕ ਸਿੰਘ ਸਰਪੰਚ ਬਣ ਗਿਆ। ਔਰਤਾਂ ਵਿਰੋਧੀ ਧਿਰ ਦੀਆਂ ਔਰਤਾਂ ਨੂੰ ਭੁੰਜੇ ਲਾਹ ਰਹੀਆਂ ਸਨ। ਹਰ ਕੋਈ, 'ਮੈਂ ਇਹ ਕੀਤਾ, ਮੈਂ ਅਹੁ ਕੀਤਾ', ਕਰ ਰਿਹਾ ਸੀ।

ਬੜਾ ਹੀ ਖ਼ੁਸ਼ੀ ਦਾ ਮਾਹੌਲ ਸੀ ਕਿ ਅਚਾਨਕ ਰੌਲਾ ਪੈ ਗਿਆ ਕਿ ਲੜਾਈ ਹੋ ਗਈ। ਮੈਂ ਵੇਖਿਆ ਕਿ ਕੁਝ ਕੁ ਲੜਾਈ ਵਲ ਤੇ ਕੁਝ ਸਾਡੇ ਘਰ ਦੇ ਰਾਈਆਂ ਵਾਲੇ ਦੇ ਦਰਵਾਜ਼ੇ ਰਾਹੀਂ ਆਪਣੇ ਆਪਣੇ ਘਰੀਂ ਤਿੱਤਰ ਹੋ ਗਏ। ਸਾਡੇ ਘਰ ਦੀਆਂ ਔਰਤਾਂ ਵੀ ਲੜਾਈ ਵਿਚ ਸ਼ਾਮਲ ਹੋਣ ਲਈ ਗਲੀ ਵਲ ਦੌੜ ਪਈਆਂ, ਜਿਨ੍ਹਾਂ ਵਿਚ ਮੈਂ ਵੀ ਸ਼ਾਮਲ ਸੀ। ਮੈਂ ਆਪਣੇ ਦੋਵਾਂ ਬੱਚਿਆਂ ਨੂੰ ਬਾਹਰ ਨਾ ਆਉਣ ਦੀ ਤਾੜਨਾ ਕਰ ਕੇ ਮੰਜੇ 'ਤੇ ਬਿਠਾ ਆਈ ਸੀ ਪਰ ਉਹ ਰੋ ਰਹੇ ਸਨ।

ਸਾਡੇ ਇਕੱਤੀ ਮੈਂਬਰਾਂ ਦੇ ਸਾਂਝੇ ਪਰਿਵਾਰ ਦੇ ਗਿਆਰਾਂ ਮੁੰਡੇ ਲੜਾਈ ਵਿਚ ਸ਼ਾਮਲ ਸਨ। ਪਿੰਡ ਦੇ ਕੁਝ ਹੋਰ ਸਾਡੇ ਪੱਖੀ, ਹਾਰੇ ਹੋਈ ਵਿਰੋਧੀਆਂ ਨਾਲ ਉਲਝ ਪਏ ਸਨ। ਮੈਂ ਵੇਖਿਆ ਮੇਰੇ ਪਤੀ ਦੇਵ ਲੜਾਈ ਵਿਚ ਵਧ-ਚੜ੍ਹ ਕੇ ਹਿੱਸਾ ਲੈ ਰਹੇ ਸਨ। ਮੈਂ ਹਿੰਮਤ ਕਰਕੇ ਵਰ੍ਹਦੀਆਂ ਡਾਂਗਾਂ ਦੇ ਵਿਚ ਜਾ ਕੇ ਲੜਾਈ ਹਟਾਉਣ ਦੀ ਕੋਸ਼ਿਸ਼ ਕੀਤੀ, ਪਰ 'ਚੱਕੀ ਰਾਹੁਣੇ ਦੀ ਮੇਲੇ ਵਿਚ ਕੀ ਵੱਟੀਦੀ ਐ' ਕਹਾਵਤ ਮੇਰੇ ਨਾਲ ਹੋਈ। ਮੈਨੂੰ ਪਤਾ ਵੀ ਨਾ ਲੱਗਿਆ ਕਦੋਂ ਮੈਨੂੰ ਕਿਸੇ ਨੇ ਧੱਕਾ ਮਾਰ ਲੜਾਈ ਦੇ ਅਖਾੜੇ 'ਚੋਂ ਬਾਹਰ ਕੱਢ ਦਿੱਤਾ। ਮੈਂ ਫਿਰ ਕੋਸ਼ਿਸ਼ ਕੀਤੀ ਪਰ ਅਸਫਲ ਰਹੀ ਤੇ ਅੰਤ ਮੈਂ ਰੋਂਦੇ ਬੱਚਿਆਂ ਕੋਲ ਮੁੜ ਜਾਣ ਦਾ ਫੈਸਲਾ ਕਰ ਕੇ ਅੰਦਰ ਵਲ ਤੁਰ ਪਈ।

ਮੇਰੀ ਪਤਲੇ ਦਿਲ ਦੀ ਸੱਸ ਤੇ ਮਾਸੀ ਸੱਸ ਸਮੇਤ ਦੋ ਤਿੰਨ ਔਰਤਾਂ ਮੇਰੇ ਵਲ ਬੜੀ ਹੀ ਤੇਜ਼ੀ ਨਾਲ ਆਈਆਂ। ਮੇਰੀ ਸੱਸ ਨੇ ਮੈਨੂੰ ਕਿਹਾ, ''ਤੂੰ ਦੌਰਾ ਪਾ ਲੈ''। ਉਹ ਬੋਲਦੀ ਗਈ, ''ਤੂੰ ਦੌਰਾ ਪਾ ਕੇ ਧਰਤੀ 'ਤੇ ਡਿੱਗ ਪੈ। ਅਸੀਂ ਰੌਲਾ ਪਾ ਦਿਆਂਗੀਆਂ ਤੇ ਮੁੰਡੇ ਤੈਨੂੰ ਚੁੱਕਣ 'ਚ ਉਲਝ ਜਾਣਗੇ, ਲੜਾਈ ਹਟ ਜਾਊਗੀ।'' ਮੈਂ ਸਭ ਸਮਝ ਗਈ ਸੀ ਕਿ ਬਜ਼ੁਰਗ ਔਰਤਾਂ ਮੈਨੂੰ ਡਰਾਮਾ ਕਰਨ ਲਈ ਕਹਿੰਦੀਆਂ ਹਨ। ਮੈਂ ਸੋਚਿਆ ਠੀਕ ਹੈ ਪਰ ਐਨਾ ਵੱਡਾ ਝੂਠਾ ਡਰਾਮਾ ਕਰਨਾ ਠੀਕ ਨਹੀਂ ਲੱਗਿਆ ਕਿਉਂਕਿ ਮੈਂ ਤਾਂ ਕਦੇ ਅਸਲੀਅਤ ਵਿਚ ਵੀ ਗਸ਼ ਖਾ ਕੇ ਨਹੀਂ ਡਿੱਗੀ ਸੀ।

ਮੈਂ ਐਨਾ ਵੱਡਾ ਝੂਠਾ ਡਰਾਮਾ ਨਹੀਂ ਕਰ ਸਕਦੀ ਸੀ। ਸੋ ਮੈਂ ਕਿਹਾ, ''ਨਹੀਂ, ਮੈਥੋਂ ਇਹੋ ਜਿਹਾ ਪਾਖੰਡ ਨਹੀਂ ਹੁੰਦਾ।''

''ਇਹ ਕਾਹਦਾ ਪਾਖੰਡ ਹੈ? ਤੇਰੇ ਘਰ ਵਾਲਾ ਹੀ ਲੜਾਈ ਦਾ ਮੋਹਰੀ ਹੈ।'' ਸਰਪੰਚਣੀ ਬਣੀ ਮਾਸੀ ਨੂੰ ਸ਼ਾਇਦ ਮੇਰੇ ਜਵਾਬ 'ਤੇ ਕੁੱਝ ਗੁੱਸਾ ਆ ਗਿਆ ਸੀ। ਉਹ ਮੂੰਹ ਫੁਲਾ ਕੇ ਬੋਲੀ। ਪਰ ਮੈਂ ਤਾਂ ਨਾਂਹ 'ਤੇ ਹੀ ਅੜੀ ਰਹੀ।

ਅੰਤ ਪਿੰਡ ਦੀ ਇਕ ਬੜਬੋਲੀ ਔਰਤ ਕਹਿੰਦੀ, ''ਨੀ ਕਿੱਡੀ ਖੱਦਰ ਤੀਵੀਂ ਐ, ਆਵਦੇ ਬੰਦੇ ਦਾ ਭੋਰਾ ਮੋਹ ਨੀ, ਤੇਰੀਆਂ ਪੜ੍ਹੀਆਂ ਗਈਆਂ ਖੂਹ ਵਿਚ। ਮੈਂ ਤਾਂ ਸੈਂਕੜਿਆਂ ਵਾਰੀ ਅਜਿਹੇ ਕਰਤਬ ਵਿਖਾਏ ਨੇ।'' ਇੰਨਾ ਕਹਿ ਕੇ ਉਹ ਸਭ ਫਿਰ ਲੜਾਈ ਹੁੰਦੀ ਵਲ ਚਲੀਆਂ ਗਈਆਂ। ਮੈਨੂੰ ਇਨ੍ਹਾਂ ਪੇਂਡੂ ਔਰਤਾਂ ਦਾ ਡਰਾਮੇ ਵਾਲਾ ਹਥਿਆਰ ਚੰਗਾ ਲੱਗਿਆ। ਬੇਸ਼ੱਕ ਇਹ ਬਹੁਤੇ ਤਰਕ ਦੇ ਕੇ ਗੱਲਾਂ ਨਹੀਂ ਕਰ ਸਕਦੀਆਂ ਪਰ ਅਜਿਹੀ ਸਕੀਮ ਅਸੀਂ ਕਦੇ ਸੋਚ ਵੀ ਨਹੀਂ ਸਕਦੇ। ਔਰਤ-ਮਰਦ ਦੀ ਲੜਾਈ ਦੇ ਵਧ ਕੇ ਤਲਾਕ ਤੱਕ ਨਾ ਜਾਣ ਪਿੱਛੇ ਡਰਾਮਾ ਹੀ ਤਾਂ ਕੰਮ ਆਉਂਦਾ ਹੋਵੇਗਾ। ਜਦੋਂ ਕੋਈ ਦੁੱਖ ਖੜ੍ਹਾ ਹੁੰਦਾ ਹੈ ਤਾਂ ਉਸ ਦਾ ਤੋੜ ਵੀ ਨਾਲ ਹੀ ਹੁੰਦਾ ਹੈ। ਉਸੇ ਤਰ੍ਹਾਂ ਹੀ ਪੇਂਡੂ ਤੇ ਘੱਟ ਪੜ੍ਹੀਆਂ ਔਰਤਾਂ ਆਪਣਾ ਤੇ ਆਪਣਿਆਂ ਦਾ ਬਚਾਅ, ਇੰਜ ਆਪਣੇ ਹੀ ਤਰ੍ਹਾਂ ਦੇ ਤੋੜ ਕੱਢ ਕੇ ਕਰਦੀਆਂ ਹਨ। ਅੱਜ ਤੱਕ ਜਿੰਨੀ ਵਾਰੀ ਮਾਸੀ ਸੱਸ ਜਾਂ ਸੱਸ ਨੂੰ ਦੰਦਲ ਪੈਂਦੀ ਜਾਂ ਗਸ਼ ਪੈਂਦੀ ਸੀ ਕੀ ਉਹ ਡਰਾਮਾ ਹੀ ਸੀ? ਇਹ ਗੱਲ ਹੁਣ ਕਈ ਵਾਰੀ ਸੋਚਦੀ ਹਾਂ। ਮੈਨੂੰ ਲਗਦਾ ਹੁੰਦਾ ਸੀ ਕਿ ਕੁਝ ਕੁ ਪੇਂਡੂ ਤੇ ਅਨਪੜ੍ਹ ਔਰਤਾਂ ਕਮਜ਼ੋਰ ਦਿਲ ਹੁੰਦੀਆਂ ਹਨ, ਪਰ ਨਹੀਂ, ਉਹ ਸਕੀਮੀ ਹੁੰਦੀਆਂ ਹਨ।

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

**ਆਖਰੀ ਕਿਸ਼ਤ**

ਕਰਮਜੀਤ ਸਿੰਘ ਕੁੱਸਾ

ਬਾਹਰ ਸੁੱਖੀ ਨੇ ਟੋਕਰਾ ਰੱਖ ਕੇ ਅੰਦਰ ਆ ਕੇ ਪਹਿਲਾਂ ਸਾਰਿਆਂ ਵਲ ਚੁਪ ਚਾਪ ਧਿਆਨ ਨਾਲ ਵੇਖਿਆ। ਉਹ ਇਕਦਮ ਚੁੱਪ ਹੋ ਕੇ ਉਸ ਦੀਆਂ ਪੜਤਾਲੀਆ ਨਜ਼ਰਾਂ ਵਲ ਵੇਖਣ ਲੱਗੇ। ਸੁੱਖੀ ਦੀਆਂ ਅੱਖਾਂ ਵਿਚ ਉਨ੍ਹਾਂ ਨੂੰ ਭੈਅ ਦਿਸਿਆ।

"ਕਹਿੰਦੇ ਹਰਮੰਦਰ ਸਾਹਿਬ ਨੂੰ ਫੌਜ ਨੇ ਘੇਰਾ ਪਾ ਲਿਆ!"

"ਕੌਣ ਕਹਿੰਦਾ!" ਉਹ ਸਾਰੇ ਇਕ ਦਮ ਹੜਬੜਾ ਕੇ ਬੋਲੇ।

"ਸੋਢੀਆਂ ਦੀ ਬਹੂ ਮਿਲੀ ਸੀ। ਉਨ੍ਹਾਂ ਦਾ ਬੁੜਾ ਸਿੱਧਮਾਂ ਤੋਂ ਅੱਜ ਆਇਐ!"

ਉਨ੍ਹਾਂ ਦੇ ਸਾਰਿਆਂ ਦੇ ਉਤਰੇ ਮੂੰਹ ਦੇਖ ਕੇ ਹਰਪਾਲ ਨੇ ਕੁਝ ਕਹਿਣਾ ਚਾਹਿਆ, ਉਸ ਚਾਹ ਦੀ ਆਖਰੀ ਘੁੱਟ ਭਰ ਕੇ ਗਲਾਸ ਪਾਸੇ ਰੱਖ ਦਿੱਤਾ। ਸਾਰਿਆਂ ਦੇ ਉਦਾਸੀ ਵਿਚ ਆਏ ਵਜੂਦ ਭਾਂਪਦਿਆਂ ਹਰਪਾਲ ਬਾਹਰ ਵਿਹੜੇ ਵਿਚ ਆ ਗਿਆ। ਅੰਦਰੋਂ ਗੁਰਬਖਸ਼ ਦੀ ਡਰੀ ਹੋਈ ਆਵਾਜ਼ ਸੁਣਾਈ ਦਿੱਤੀ, "ਤਾਂ ਕਾਰਾ ਹੋ ਗਿਆ ਫੇਰ, ਸਾਲੀ ਸਰਕਾਰ ਕਹਿੰਦੀ ਕੁਸ਼ ਐ, ਕਰਦੀ ਕੁਸ਼ ਐ।"

ਤਿੱਖੀ ਹੁੰਦੀ ਧੁੱਪ 'ਚ ਹਰਪਾਲ ਦੇ ਅੰਦਰ ਅਮੋਲਕ ਦੀਆਂ ਗੱਲਾਂ ਉਤਰ ਆਈਆਂ, ਸਾਥੀ ਜੀ, ਸਟੇਟ ਲਈ ਧਰਮ ਸ਼ਰਧਾ ਨਹੀਂ ਸਗੋਂ ਹਥਿਆਰ ਐ! ਉਦੋਂ ਹੀ ਖਿੜਕ ਖੜਕਿਆ, ਪਾਲ ਨੂੰ ਭਜਨ ਕੁਰ ਆਉਂਦੀ ਦਿਸੀ, ਉਸ ਦਾ ਪਹਿਲਾਂ ਹੀ ਹੰਭਿਆ ਥੱਕਿਆ ਚਿਹਰਾ ਪਿਚਕ ਕੇ ਹੋਰ ਈ ਤਰ੍ਹਾਂ ਹੋਇਆ ਪਿਆ ਸੀ। ਹਰਪਾਲ ਉਸ ਵਲ ਸਿੱਧਾ ਝਾਕਦਾ ਰਿਹਾ, ਉਹ ਨੇੜੇ ਆ ਕੇ ਦੋਵੇਂ ਹੱਥ ਉਤਾਂਹ ਹਵਾ 'ਚ ਉਲਾਰ ਥੱਲੇ ਕਰਦੀ ਹੋਈ ਬੋਲੀ, "ਵੇ ਪੁੱਤ ਮੈਂ ਤਾਂ ਹੋਰ ਈ ਗੱਲ ਸੁਣੀ ਐ। ਆਂਹਦੇ ਇੰਦਰਾ ਨੇ ਅੰਬਰਸਰ ਆਲੇ ਗੁਰਦੁਆਰੇ 'ਤੇ ਧਾਵਾ ਬੋਲ-ਤਾ!"

"ਸੁਣਿਐ ਤਾਂ ਮਾਸੀ ਅਸੀਂ ਵੀ ਐ!"

ਸਾਹਬ ਕੁਰ ਨੇ ਬਾਹਰ ਆਉਂਦਿਆਂ ਡੈਬਰ ਕੇ ਭਜਨ ਕੁਰ ਵਲ ਦੇਖਿਆ, ਭਜਨ ਕੁਰ ਨੇ ਉਸ ਵਲ ਜਾਂਦਿਆਂ ਢਿੱਡ ਨੂੰ ਹੱਥ ਪਾ ਕੇ ਲਿੱਸੀ ਆਵਾਜ਼ ਵਿਚ ਕਿਹਾ, "ਸਾਹਬ ਕੁਰੇ, ਮੇਰੇ ਤਾਂ ਉਦੋਂ ਦਾ ਡੋਬ ਪਈ ਜਾਂਦੈ! ਦੁਨੀਆਂ 'ਤੇ ਕੀ 'ਨ੍ਹੇਰੀ ਉੱਠ-ਪੀ, ਹੁਣ ਰੱਬ ਦੇ ਘਰ ਨੂੰ ਈ ਢਾਹੁਣ ਤੁਰ ਪੇ!"

"ਪਰਲੋ ਏਸੇ ਨੂੰ ਕਹਿੰਦੇ ਐ!" ਸਾਹਬ ਕੁਰ ਨੇ ਹਉਕਾ ਭਰ ਕੇ ਆਖਿਆ, "ਰੱਬ ਦਾ ਤੇ ਅੱਤ ਦਾ ਵੈਰ ਹੁੰਦਾ ਐ।"

"...ਨਾਲੇ ਇੰਦਰਾ ਗਾਂਧੀ ਦੇ ਤਾਂ ਮੁੱਢੋਂ ਈ ਪੁੱਠੇ ਕੰਮ ਐ। ਪਹਿਲਾਂ ਜਾ-ਵੱਢੀ ਨੇ ਦੀਨ ਭਰਿਸ਼ਟ ਕਰਿਆ! ਮੁਸਲੇ ਨਾਲ ਵਿਆਹ ਕਰਾਇਐ! ਹੁਣ ਪਰਮਾਤਮਾ ਨੂੰ ਮਾਰਨ ਤੁਰ-ਪੀ! ਤੂੰ ਦੇਖ ਲੀਂ! ਬੱਚਦੀ ਇਹ ਵੀ ਨ੍ਹੀਂ!"

ਹਰਪਾਲ ਨੇ ਉਨ੍ਹਾਂ ਵਲ ਅੱਖਾਂ ਭਰ ਕੇ ਵੇਖਿਆ, ਪਰ ਕੁਝ ਆਖਣ ਦਾ ਹੀਆ ਉਨ੍ਹਾਂ ਦੇ ਹਰਾਸੇ ਹੋਏ ਚਿਹਰੇ ਵੇਖ ਕੇ ਫੇਰ ਨਾ ਪਿਆ।

"ਹੁਣ ਨੀ ਦੁਨੀਆਂ ਬਚਦੀ!" ਭਜਨ ਕੁਰ ਨੇ ਹਵਾ ਵਿਚ ਹੱਥ ਉਲਾਰ ਕੇ ਚਿਹਰੇ ਨੂੰ ਸੋਗੀ-ਭੈਅ ਵਿਚ ਕਰਦਿਆਂ ਆਖਿਆ।

"ਕਿਹੋ-ਜੇ ਵੇਲੇ ਆ-ਗੇ! ਲੋਕ ਸੁੱਖ ਦੀ ਨੀਂਦ ਸੌਂਦੇ ਸੀ! ਅੱਜ ਐਥੇ ਮਾਰ-ਤਾ, ਕੱਲ੍ਹ ਔਥੇ ਮਾਰਤਾ! ਇਕ ਗੱਲ ਅਜੇ ਪੁਰਾਣੀ ਨ੍ਹੀਂ ਹੁੰਦੀ, ਹੋਰ ਨਵਾਂ ਚੰਦ ਚੜ੍ਹ ਪੈਂਦੈ! ਐਹੋ-ਜੀਆਂ ਅੱਲੋਕਾਰ ਗੱਲਾਂ ਸੁਣ-ਸੁਣ ਕੇ ਜਾਣੀਂ ਚਿੱਤ ਨੂੰ ਕੁਸ਼ ਖਾਂਦੈ!"

ਹਰਪਾਲ ਉਨ੍ਹਾਂ ਵਲ ਝਾਕ ਕੇ ਬਾਹਰ ਜੰਗਲ ਪਾਣੀ ਚਲਿਆ ਗਿਆ। ਰਾਹ ਵਿਚ ਜੋ ਮਿਲਿਆ, ਹਰ ਇਕ ਦੇ ਚਿਹਰੇ ਤੇ ਅਜੀਬ ਕਿਸਮ ਦਾ ਪ੍ਰਭਾਵ ਸੀ। ਇਕ ਦੋਂਹ ਕੋਲ ਖਲੋਤਾ ਵੀ, ਸਾਰਿਆਂ ਦਾ ਫਿਕਰਾਂ 'ਚ ਡੁੱਬਿਆ ਚਿਹਰਾ ਵੇਖ ਕੇ ਉਹਨੇ ਚੁੱਪ ਸਾਧੀ ਰੱਖਣੀ ਚੰਗੀ ਸਮਝੀ। ਜਦੋਂ ਬਾਹਰੋਂ ਮੁੜ ਕੇ ਆਇਆ, ਸਾਹਬ ਕੁਰ ਰੋਟੀ ਪਕਾਉਂਦੀ ਵੀ ਏਹੀ ਗੱਲਾਂ ਕਰੀ ਜਾਂਦੀ ਸੀ। ਗੁਰਬਖਸ਼ ਸਿੰਘ ਰੇਡੀਓ ਹਿਲਾ ਚਲਾ ਕੇ ਵੇਖ ਰਿਹਾ ਸੀ, ਰੇਡੀਓ ਘਰੜ-ਘਰੜ ਕਰਦਾ ਆਵਾਜ਼ ਫੜ ਰਿਹਾ ਸੀ, ਸੁੱਖੀ ਢਾਕਾਂ 'ਤੇ ਹੱਥ ਰੱਖੀ ਕੋਲ ਖਲੋਤੀ ਸੀ।

"ਪਾਪਾ ਜੀ, ਪਾਕਿਸਤਾਨ 'ਤੇ ਲਾਵੋ! ਸੋਢੀਆਂ ਦਾ ਗਿੰਦਾ ਕਹਿੰਦਾ, ਉਹ ਸੱਚੋ ਸੱਚ ਦੱਸਦੇ ਐ! ਆਪਣੇ ਵਾਲੇ ਤਾਂ ਝੂਠ ਤੂਫਾਨ ਰੋੜ੍ਹੀ ਜਾਂਦੇ ਐ!"

ਜਿੰਨਾ ਚਿਰ ਹਰਪਾਲ ਰੋਟੀ ਖਾਂਦਾ ਰਿਹਾ, ਗੁਰਬਖਸ਼ ਰੇਡੀਓ ਨੂੰ ਚਿੰਬੜਿਆ ਰਿਹਾ। ਸੁੱਖੀ ਵੀ ਉਥੇ ਹੀ ਖਲੋਤੀ ਰਹੀ। ਰੋਟੀ ਖਾਂਦਿਆਂ ਉਹਨੇ ਕਈ ਵਾਰ ਉਨ੍ਹਾਂ ਵਲ ਝਾਤ ਪਾਈ। ਧੁੱਪ ਤਿੱਖੀ ਹੁੰਦੀ ਤਾੜ ਕੇ, ਪਸ਼ੂਆਂ ਨੂੰ ਪਾਣੀ ਪਿਆ ਕੇ ਕਿੱਕਰਾਂ ਹੇਠ ਬੰਨ੍ਹਣ ਲੱਗ ਪਿਆ। ਬੀਹੀ ਦੀ ਕੰਨੀ ਕੋਲ ਚਾਰ-ਪੰਜ ਬੁੜ੍ਹੇ ਖਲੋਤੇ ਗੱਲਾਂ ਕਰ ਰਹੇ ਸਨ। ਸੋਢੀਆਂ ਦਾ ਬੁੜ੍ਹਾ ਜਿਸ ਦਾ ਦੋਹਾਂ ਹੱਥਾਂ ਨਾਲ ਖੂੰਡਾ ਫੜਿਆ ਹੋਇਆ ਅਤੇ ਮੂੰਹ ਐਨਕਾਂ ਸਮੇਤ ਉਤਾਂਹ ਚੁਕਿਆ ਹੋਇਆ ਸੀ। ਤਦੋਂ ਹੀ ਉਸਦਾ ਉੱਚਾ ਬੋਲ ਹਰਪਾਲ ਦੇ ਕੰਨਾਂ ਨਾਲ ਟਕਰਾਇਆ, "ਕਮਲਿਆ ਸਿੰਘਾਸ਼ਾਹੀ ਤੋਂ ਬਾਣੀਆ ਕੌਮ ਤ੍ਰਹਿੰਦੀ ਐ! ਸਿੰਘਾਂ ਨੂੰ ਸਿਰ ਚੱਕਦੀਆਂ ਨ੍ਹੀਂ ਸਹਾਰ ਸਕਦੀ।"

ਹਰਪਾਲ ਨੇ ਛੇਤੀ ਨਾਲ ਸੰਗਲ ਕਿੱਲੇ ਵਿਚ ਪਾਇਆ, ਮੱਝ ਡਰ ਕੇ ਪਰਾਂਹ ਨੂੰ ਹੋ ਗਈ। ਉਸਦਾ ਹੱਥ ਸੰਗਲ ਵਿਚ ਘੁੱਟਣ ਤੋਂ ਮੁਸ਼ਕਲ ਨਾਲ ਹੀ ਬਚਿਆ। ਵਗ ਕੇ ਘਰ ਆਇਆ, ਗੁਰਬਖਸ਼ ਹਾਲੇ ਵੀ ਰੇਡੀਓ ਕੋਲ ਬੈਠਾ ਸੀ, ਹੁਣ ਸਾਹਬ ਕੁਰ ਵੀ ਉਨ੍ਹਾਂ ਕੋਲ ਖਲੋਤੀ ਸੀ। ਰੇਡੀਓ ਦੀ ਆਵਾਜ਼ ਕਦੇ ਉੱਚੀ ਹੋ ਜਾਂਦੀ ਅਤੇ ਕਦੇ ਥੱਲੇ ਬਹਿ ਜਾਂਦੀ। ਹਰਪਾਲ ਪਲ ਕੁ ਉਨ੍ਹਾਂ ਕੋਲ ਖਲੋਤਾ, ਧੀਮੇ ਜਿਹੇ ਸੰਗੀਤ ਦੀ ਆਵਾਜ਼ ਆ ਰਹੀ ਸੀ। ਉਸਨੂੰ ਖੁਦ ਮਹਿਸੂਸ ਹੋਇਆ, ਜਿਵੇਂ ਉਸਨੂੰ ਚੱਕਰ ਆਉਣ ਲੱਗ ਪਏ ਹੋਣ ਅਤੇ ਉਹ ਬੇਮਤਲਬ ਹੀ ਬੈਠਕ ਵਲ ਹੋ ਲਿਆ। ਕਿੰਨਾ ਚਿਰ ਅੰਦਰ ਫਰੋਲਾ-ਫਰਾਲੀ ਕਰਦਾ ਰਿਹਾ, ਦਿਮਾਗ ਵਿਚ ਬੇਸ਼ੁਮਾਰ ਖਿਆਲ ਉਲਝੇ ਹੋਏ ਸਨ। ਫੇਰ ਬਿਨਾ ਕੁਝ ਸੋਚੇ ਸਮਝੇ ਬਾਹਰ ਆ ਗਿਆ। ਪਿੰਡ ਦੀ ਵਿਚਕਾਰਲੀ ਗਲੀ ਵਿਚ ਤੁਰਦਿਆਂ ਉਸਨੂੰ ਲੋਕਾਂ ਵਿਚ ਪਈ ਹਲਚਲ ਅਜੀਬੋ-ਗਰੀਬ ਲਗ ਰਹੀ ਸੀ। ਜੰਟੇ ਕੇ ਘਰ ਕੋਲ ਆ ਕੇ ਉਸ ਪੈਰ ਮਲਿਆ, ਸਾਹਮਣੇ ਲੰਮੇ ਸਾਰੇ ਵਿਹੜੇ ਵਿਚ ਧੁੱਪ ਤੜਪ ਰਹੀ ਸੀ। ਘਰ ਵਿਚ ਕੋਈ ਰੜਕਦਾ ਨਾ ਹੋਣ ਕਰਕੇ ਉਹ ਅਗਾਂਹ ਤੁਰ ਪਿਆ। ਬਾਹਰਲੀ ਫਿਰਨੀ ਉਪਰ ਖੜੋ ਕੇ ਜਦੋਂ ਉਸ ਬਕਰੈਣ ਵਲ ਨਜ਼ਰ ਮਾਰੀ, ਜੰਟਾ ਉਹਨੂੰ ਦੂਰੋਂ ਹੀ ਕੋਠੜੀ ਕੋਲ ਤੁਰਿਆ ਫਿਰਦਾ ਦਿਸ ਪਿਆ। ਮੋਟਰ ਚਲ ਰਹੀ ਸੀ, ਜੰਟੇ ਦੇ ਨੇੜੇ ਤਿੰਨ ਕੁ ਭੱਈਏ ਭੁੰਜੇ ਹੀ ਬੈਠੇ ਸਨ। ਉਨ੍ਹਾਂ ਦੀਆਂ ਲਾਲ-ਨੀਲੀਆਂ ਧੋਤੀਆਂ ਵਲ ਹਰਪਾਲ ਨੇ ਗਹੁ ਨਾਲ ਵੇਖਿਆ। ਜੰਟਾ ਉਸਨੂੰ ਵੇਖ ਕੇ ਮੁਸਕਰਾਇਆ।

"ਆ ਉਇ ਲੇਹ ਦਿਆ ਫੁੱਲਾ! ਪੀਰਾ, ਗੁੱਗੇ ਵਾਂਗੂ ਵੱਟ 'ਚ ਈ ਦਿਖਾਲੀ ਦਿੰਨੈ! ਤੂੰ ਆਖਿਆ ਹੋਣੈਂ ਅੱਜ ਹੋਰ ਕੰਮ-ਧੰਦੇ ਤਾਂ ਜਾ ਨੀ ਹੋਣਾ, ਜੰਟੇ ਵਲ ਗੇੜਾ ਕੱਢ ਆਉਨੇ ਆਂ?"

ਹਰਪਾਲ ਉਹਦੇ ਵਲ ਵੇਖ ਕੇ ਮੁਸਕਰਾਇਆ।

"ਹੋਰ ਫੇਰ ਕਿਵੇਂ ਐ?"

"ਠੀਕ ਐ!" ਪਾਲ ਨੇ ਉਹਦੇ ਬਰਾਬਰ ਮੰਜੇ 'ਤੇ ਬਹਿੰਦਿਆਂ ਕਿਹਾ, ਪਰ ਅਗਲੇ ਹੀ ਪਲ ਬੋਲਿਆ, "ਮੇਰਾ ਤਾਂ ਯਾਰ, ਅੱਜ ਊਂਈ ਕਿਧਰੇ ਜੀਅ ਜਿਹਾ ਨ੍ਹੀਂ ਲਗਦਾ!"

"ਜੀਅ ਕੀ ਲੱਗਣਾ, ਐਡੀ ਵੱਡੀ ਗੱਲ ਹੋ-ਗੀ! ਊਂ ਮੈਂ ਤੈਨੂੰ ਇਕ ਗੱਲ ਆਹਨਾਂ, ਬਾਬੇ ਖਾਲਸਿਆਂ ਦੀ ਢੂਹੀ ਨ੍ਹੀਂ ਲੱਗਣ ਦਿੰਦੇ।"

"ਫੌਜ ਮੂਹਰੇ ਕੀ ਵੱਟੀਦਾ ਐ!" ਹਰਪਾਲ ਨੇ ਜੰਟੇ ਨੂੰ ਟੇਢਾ ਝਾਕਦਿਆਂ ਕਿਹਾ, ਪਰ ਉਸਦੇ ਚਿਹਰੇ 'ਤੇ ਪੂਰੀ ਤਰ੍ਹਾਂ ਗੰਭੀਰਤਾ ਛਾਈ ਹੋਈ ਸੀ।

"ਪਾਕਿਸਤਾਨ ਨਾ ਕਰੂ ਕੁਸ਼, ਜ਼ਰੂਰ ਕਰੂ, ਵਿੰਹਦਾ ਜਾਹ!"

"ਉਹ ਤੋਂ ਆਪਦੀ ਲਿਬੜੀ ਝੋਲੀ ਪੂੰਝ ਨਹੀਂ ਹੁੰਦੀ।"

"ਕਰੂ ਕਿਵੇਂ ਨਾ ਯਾਰ, ਮੁੱਢੋਂ 'ਕੱਠੇ ਰਹਿੰਦੇ ਰਹੇ ਐ। ਤਾਂ ਕੀ ਹੋਇਆ, ਹੁਣ ਵੱਖੋ-ਵੱਖ ਐ! ਆਪਾਂ ਸਕੇ ਭਰਾ ਨ੍ਹੀਂ ਅੱਡ ਹੁੰਦੇ! ਫੇਰ ਇਕ ਦੂਜੇ ਦੇ ਦੁਖ ਸੁਖ 'ਚ ਨ੍ਹੀਂ ਜਾਂਦੇ!"

"ਸਰਦਾਰ ਜੀ, ਹਮਾਰਾ ਭੀ ਕਰੋ ਕੁਸ਼।" ਭੱਈਆਂ ਵਿਚੋਂ ਇਕ ਕਾਲਾ ਭੱਈਆ ਬੋਲਿਆ, ਜਿਸਦੇ ਚਿਹਰੇ ਉੱਤੇ ਮਾਤਾ ਦੇ ਦਾਗ ਸਨ।"

"ਉਇ ਕਰਦੇ ਆਂ ਕੁਸ਼।" ਜੰਟੇ ਨੇ ਉਨ੍ਹਾਂ ਨੂੰ ਰੜਕਵੀਂ ਆਵਾਜ਼ 'ਚ ਘੂਰਿਆ, "ਥੋਨੂੰ ਸਾਲਿਓ, ਜਾਣ ਦੀ ਅੱਗ ਲੱਗੀ ਐ, ਏਥੇ ਜ਼ਿੰਦਗੀ-ਮੌਤ ਦਾ ਸੁਆਲ ਬਣਿਆ ਪਿਐ। ਪੈਸੇ ਸ਼ਹਿਰੋਂ ਆੜਤੀਆਂ ਤੋਂ ਈ ਲਿਆ ਕੇ ਦੇਵਾਂਗੇ! ਕਿਤੇ ਜਾ ਨ੍ਹੀਂ ਸਕਦੇ, ਆ ਨ੍ਹੀਂ ਸਕਦੇ!"

"ਹਮਨੇ ਦੇਸ ਭੀ ਜਾਨਾ ਹੈ!"

"ਦੇਸ਼ ਰਾਕਟ 'ਤੇ ਚੜ੍ਹ ਕੇ ਜਾ ਵੜੋਂਗੇ! ਗੱਡੀਆਂ ਤਾਂ ਸਾਰੀਆਂ ਥੋਡੀਆਂ ਲੱਗਦੀਆਂ ਬੰਦ ਪਈਆਂ!"

"ਕੀ ਕਹਿੰਦੇ ਐ ਇਹ।" ਪਰਿਉਂ ਜੰਟੇ ਦੇ ਸੋਲਾਂ ਕੁ ਸਾਲ ਦੇ ਭਤੀਜੇ ਸ਼ੇਰ ਨੇ ਆ ਕੇ ਪੁੱਛਿਆ।

"ਆਂਹਦੇ, ਦੇਸ਼ ਨੂੰ ਦਫਾ ਹੋਣੈ!"

"ਭੈਣ ਦੇਣਿਓ, ਤੁਸੀਂ ਜਾਣ ਨੂੰ ਫਿਰਦੇ ਐਂ! ਤੁਸੀਂ ਉੱਠਗੇ, ਮਗਰੋਂ ਅਸੀਂ ਵੱਢਾਂਗੇ ਕੀਹਨੂੰ!"

ਹਰਪਾਲ ਸ਼ੇਰ ਵਲ ਝਾਕਿਆ, ਉਸਦੇ ਗੋਲ ਭਰਵੇਂ ਚਿਹਰੇ ਉਪਰ ਮੁਸਕਰਾਹਟ ਲਾਲੀ ਵਿਚ ਰਲੀ ਪਈ ਸੀ। ਨਾਲ ਹੀ ਭੱਈਆਂ ਦਾ ਹਾਸਾ ਸੁਣ ਕੇ ਉਸ ਉਧਰ ਧੌਣ ਮੋੜੀ, ਭੱਈਏ ਜ਼ਰਦੇ ਖਾਧੇ ਦੰਦ ਖੋਹਲ ਕੇ ਹੱਸ ਰਹੇ ਸਨ। ਕੁਦਰਤੀ ਹਰਪਾਲ ਦੇ ਅੰਦਰੋਂ ਲਹਿਰ ਉੱਠੀ। ਉਸ ਚੁਪਾਸੇ ਨਜ਼ਰ ਮਾਰੀ, ਚਾਰ ਚੁਫੇਰੇ ਚਾਰ ਪੱਤੇ ਕੱਢਦੇ ਝੋਨੇ ਦੇ ਬੂਝੇ ਪਾਣੀ ਵਿਚ ਲਹਿਰਾ ਰਹੇ ਸਨ।

"ਕੋਈ ਨਾ ਦਿਲ ਰੱਖੋ, ਪੈਸੇ ਥੋਨੂੰ ਦੇ ਕੇ ਤੋਰਾਂਗੇ! ਚਾਹ-ਗੁੜ, ਆਟੇ-ਊਟੇ ਦੀ ਲੋੜ ਐ, ਘਰੋਂ ਲੈ ਜਿਓ ਦੋ ਚਾਰ ਦਿਨ ਦੀ ਗੱਲ ਐ!"

ਹਰਪਾਲ ਜੰਟੇ ਵਲ ਝਾਕਿਆ, ਉਹਦੇ ਚਿਹਰੇ ਉਪਰ ਕਿਸੇ ਕਿਸਮ ਦਾ ਰੰਗ ਨਹੀਂ ਸੀ, ਜੰਟੇ ਨੇ ਵੀ ਉਹਦੇ ਵਲ ਵੇਖਿਆ, ਹਰਪਾਲ ਦਾ ਅੰਦਰ ਰਤਾ ਕੁ ਖਿੜਿਆ, ਉਸ ਮੋਟਰ ਦੀ ਪੈਂਦੀ ਧਾਰ ਵਲ ਤਕਦਿਆਂ ਪੁੱਛਿਆ, "ਅੱਜ ਦਿਨ ਦੀ ਵਾਰੀ ਐ!"

"ਕਾਹਨੂੰ!" ਜੰਟੇ ਨੇ ਤਿੱਖੀ ਆਵਾਜ਼ ਵਿਚ ਆਖਿਆ, "ਕੱਲ੍ਹ ਦੀ ਗਈ ਈ ਨਹੀਂ! ਅੱਗੇ ਮੇਰੇ ਸਾਲੇ ਅੱਠ ਘੰਟੇ ਮਸਾਂ ਦਿੰਦੇ ਸੀ, ਵਿਚ ਦੀ ਕਈ ਵਾਰ ਟਰਿੱਪ ਮਾਰ ਜਾਂਦੀ ਸੀ।...ਵੇਖ ਲੈ, ਖਾਲਸਿਆਂ ਦੀਆਂ ਬਰਕਤਾਂ। ਅਜੇ ਤਾਂ ਮੱਥਾ ਈ ਲਾਇਐ ਪਹਿਲੀ ਸੱਟੇ ਬਿਜਲੀ ਚੌਵੀ ਘੰਟੇ ਕਰ-ਤੀ!"

ਹਰਪਾਲ ਇਸ ਵਾਰ ਫਿਰ ਮੁਸਕਰਾਇਆ, ਪਰ ਬੋਲਿਆ ਕੁਝ ਨਹੀਂ। ਦਿਨ ਢਲਦਿਆਂ ਅਸਮਾਨ ਹੇਠਾਂ ਬਦਲਵਾਈ ਹੋ ਗਈ ਸੀ। ਅਚਾਨਕ ਪਿੰਡ ਦੀ ਬਾਹਰਲੀ ਫਿਰਨੀ ਉੱਤੇ ਇੱਕ ਜੀਪ ਧੂੜ ਉਡਾਉਂਦੀ ਦਿਸੀ, ਜੰਟਾ ਉੱਠ ਕੇ ਖੜਾ ਹੋ ਗਿਆ, ਦੋ ਤਿੰਨ ਗਭਰੇਟ ਜਿਹੇ ਮੁੰਡੇ ਭੱਜਦੇ ਨਜ਼ਰ ਚੜ੍ਹੇ, ਜੰਟੇ ਨੇ ਨੀਝ ਲਾ ਕੇ ਦੇਖਦਿਆਂ ਆਖਿਆ, "ਕੋਈ ਗੱਲ ਹੋ-ਗੀ!"

ਜੀਪ ਅੱਗੇ ਲੰਘ ਗਈ, ਫਿਰਨੀ ਦੇ ਪਰਲੇ ਪਾਸੇ ਪੈਂਦਾ ਰੌਲਾ ਸੁਣਿਆ। ਹੌਲੀ ਹੌਲੀ ਰੌਲੇ ਦੀਆਂ ਆਵਾਜ਼ਾਂ ਬਹਿੰਦੀਆਂ ਜਾਂਦੀਆਂ ਸਨ। ਤਦੇ ਪਿੰਡ ਵਲੋਂ



ਇੱਕ ਬੰਦਾ ਆਉਂਦਾ ਦਿਸਿਆ। ਉਹ ਢੇਲਿਆਂ ਦਾ ਅੱਧਖੜ ਲਾਲ ਸੀ। ਜੰਟੇ ਨੇ ਉਹਨੂੰ ਅੱਧੇ ਕਿੱਲੇ ਤੋਂ ਵਾਜ ਮਾਰੀ, "ਭਲਾ ਚਾਚਾ, ਆਹ ਰੌਲਾ ਕੇਹਾ ਐ!"

ਉਹਨੇ ਖੜੋ ਕੇ ਆਪਣੇ ਪਤਲੇ ਗੋਰੇ ਮੂੰਹ 'ਤੇ ਅਜੀਬ ਰੰਗਤ ਲਿਆਉਂਦਿਆਂ ਆਖਿਆ, "ਭਤੀਜ ਰੌਲਾ ਚੌਧਰ ਦਾ!" ਫਿਰ ਉਹ ਆਪ ਹੀ ਹੱਸ ਪਿਆ, ਉਸ ਦੀ ਮਖੌਲੀਆ ਗੱਲ ਸੁਣ ਕੇ ਜੰਟੇ ਨੇ ਉਹਨੂੰ ਹੌਲੀ ਜਿਹੀ ਗਾਲ ਕੱਢੀ, ਪਰ ਉੱਚੀ ਬੋਲਿਆ, "ਮਖਿਆ ਆਹ ਜੀਪ-ਜੀ ਲੰਘੀ ਸੀ!"

"ਜੀਪਾਂ ਭਤੀਜ ਸਰਕਾਰ ਦੀਆਂ, ਹੋਰ ਮੇਰੇ ਵਰਗੇ ਤਾਂ ਆਹ ਤੇਰੇ ਸਾਹਮਣੇ ਪੈਦਲ ਮਾਰਚ ਕਰਦੇ ਫਿਰਦੇ ਐ।"

ਗੱਲ ਪਿੜ ਪੱਲੇ ਨਾ ਪੈਂਦੀ ਵੇਖ ਕੇ ਜੰਟੇ ਨੇ ਉਸ ਵਲੋਂ ਧਿਆਨ ਹਟਾ ਕੇ ਪਿੰਡ ਵਲ ਲਾਉਂਦਿਆਂ ਬੁੜ-ਬੁੜ ਕੀਤੀ, ਹੁਣ ਕੋਈ ਰੌਲਾ ਮਹਿਸੂਸ ਨਹੀਂ ਹੁੰਦਾ ਸੀ। ਲਾਲ ਵਲ ਵੇਖਿਆ, ਉਸ ਦੀ ਪਿੱਠ ਵੇਖ ਕੇ ਫੇਰ ਕਈ ਗਾਲਾਂ ਕੱਢੀਆਂ। ਦਿਨ ਢਲਦਾ ਵੇਖ ਕੇ ਉਸ ਮੰਜੇ ਉਪਰ ਲੰਮੇ ਪਏ ਪਾਲ ਨੂੰ ਅੱਖ ਮਾਰੀ, "ਕਿਵੇਂ ਐਂ ਫੇਰ! ਕਰੀਏ ਫਿਰ ਬੱਦਲਵਾਈ ਸੰਘਣੀ!"

ਹਰਪਾਲ ਫਿਰ ਉਸ ਵਲ ਆਪਣੀਆਂ ਸੰਘਣੀਆਂ ਕਵਾਰੀਆਂ ਅੱਖਾਂ ਵਿਚ ਕਾਸ਼ਨੀ ਹਾਸਾ ਭਰਦਿਆਂ ਬੋਲਿਆ, "ਤੈਨੂੰ ਬੱਦਲਵਾਈ ਸੰਘਣੀ ਕਰਨ ਦੀ ਪਈ ਐ, ਉਧਰ ਕੀੜੀ ਤੇ ਕਟਕ ਚੜ੍ਹਿਐ ਪਿਐ।"

"ਤਾਂ ਹੀ ਚਿੱਤ ਨੂੰ ਧਰਵਾਸ ਦੇਣਾ ਐ!" ਹਰਪਾਲ ਦੇ ਕੰਨ ਕੋਲ ਮੂੰਹ ਕਰਦਾ ਹੋਇਆ ਹੌਲੀ ਬੋਲਿਆ, "ਛਿੱਟ ਛਿੱਟ ਦਾ ਕੀ ਡਰ ਐ!" ਫਿਰ ਉਠ ਕੇ ਉੱਚੀ ਸਾਰੀ ਬੋਲਿਆ, "ਉਇ ਤੂੰ ਵਹਿਮ ਨਾ ਕਰ, ਇਉਂ ਬਾਬੇ ਸਿੱਖ ਕੌਮ ਦੀ ਹੇਠੀ ਨ੍ਹੀਂ ਹੋਣ ਦਿੰਦੇ! ਮਰਨੀ ਮਰ ਜਾਣਗੇ! ਥਾਂਏ ਸ਼ਹੀਦ ਹੋ ਜਾਣਗੇ! ਪਿੱਠ ਨੀ ਵਖਾਉਂਦੇ!...ਕੱਟ ਮਰਨਗੇ!"

ਬੋਲਦਿਆਂ ਜੰਟੇ ਨੂੰ ਜੋਸ਼ ਚੜ੍ਹ ਗਿਆ, ਉਸਦੇ ਚਿਹਰੇ ਦੀ ਰੰਗਤ ਰੱਤ ਮਸੈਲੀ ਹੋ ਗਈ। ਹਰਪਾਲ ਉਸਦੇ ਵਜੂਦ ਵਲ ਵੇਖਦਾ ਰਿਹਾ, ਗੱਲਾਂ ਕਰਦਿਆਂ ਜਿਸਦਾ ਹਰ ਅੰਗ ਫਰਕ ਰਿਹਾ ਸੀ। ਜੰਟੇ ਨੇ ਉਸੇ ਤਰ੍ਹਾਂ ਗੱਲਾਂ ਕਰਦਿਆਂ ਝੋਨੇ ਦੀ ਵੱਟ ਪੈ ਕੇ ਖੇਤ ਦੇ ਵਿਚਕਾਰ ਜਾ ਕੇ ਐਵੇਂ ਹੀ ਆਲਾ-ਦੁਆਲਾ ਤਾੜਿਆ। ਫੇਰ ਵੱਟ ਖੁਰਲ ਕੇ ਗਿੱਲੀ ਮਿੱਟੀ ਨਾਲ ਲਿਬੜੀ ਹੋਈ ਬੋਤਲ ਕੱਢ ਲਿਆਇਆ। ਦੋ ਦੋ ਪੈੱਗ ਲਾ ਕੇ ਉਹ ਵਾਹਵਾ ਸਰੂਰ ਵਿਚ ਹੋ ਗਏ। ਜੰਟਾ ਹੁਣ ਪਹਿਲਾਂ ਨਾਲੋਂ ਵੀ ਜੋਸ਼ ਵਿਚ ਗੱਲਾਂ ਕਰ ਰਿਹਾ ਸੀ। ਸੂਰਜ ਪੱਛਮ ਦੀ ਗੁੱਠ ਵਲ ਸਰਕਦਾ ਜਾ ਰਿਹਾ ਸੀ। ਬਕਰੈਣ ਦੀ ਤਿਰਛੀ ਹੋ ਗਈ ਛਾਂ ਲੇਟਵੇਂ ਰੂਪ ਵਿਚ ਝੋਨੇ ਦੇ ਬੂਝਿਆਂ 'ਤੇ ਪੈ ਰਹੀ ਸੀ।

ਸ਼ੇਰਾ ਪਿੰਡੋਂ ਮੁੜ ਕੇ ਆਇਆ। ਉਨ੍ਹਾਂ ਨੂੰ ਪੀਂਦਿਆਂ ਵੇਖ ਕੇ ਵਾਬੜ ਕੇ ਬੋਲਿਆ, "ਉਇ ਚਾਚਾ, ਥੋਨੂੰ ਸੰਗ ਨ੍ਹੀਂ ਆਉਂਦੀ! ਲੋਕਾਂ ਦੇ ਹੱਥੋਂ ਭਾਂਡੇ ਛੁੱਟੇ ਪਏ ਐ! ਤੇ ਤੁਸੀਂ...।"

ਜੰਟੇ ਨੇ ਗਹਿਰੀਆਂ ਤੇ ਭਾਰੀਆਂ ਹੋਈਆਂ ਅੱਖਾਂ ਉਸ ਵਲ ਉਲਾਰੀਆਂ, "ਬਹੁਤੀ ਭਕਾਈ ਨਾ ਮਾਰ, ਜਾਹ, ਜਾ ਕੇ ਪਰਲੇ ਕਿੱਲੇ ਦਾ ਪਾਣੀ ਵੇਖ ਕੇ ਆ!"

ਸ਼ੇਰ ਉਨ੍ਹਾਂ ਕੋਲ ਆ ਕੇ ਬਹਿ ਗਿਆ, ਉਸ ਆਪਣੇ ਚਿਹਰੇ ਉੱਤੇ ਖਸਿਆਨੀ ਹਾਸੀ ਲਿਆਉਂਦਿਆਂ ਹੌਲੀ ਜਿਹੀ ਆਖਿਆ, "ਵੇਖ ਆਉਨਾ ਆਂ, ਪਹਿਲਾਂ ਮੈਨੂੰ ਆਪਦੇ ਵਰਗਾ ਤਾਂ ਕਰ-ਲੋ!"

"ਆਹ ਰੌਲਾ ਕੀ ਸੀ!"

"ਪਿੰਡ?" ਸ਼ੇਰ ਨੇ ਗਲਾਸ ਥੱਲੇ ਰੱਖਦਿਆਂ ਆਖਿਆ, "ਲੀਡਰ ਦੇ ਘਰ ਕੱਠ ਹੋਇਆ ਵਾ! ਸਵੇਰੇ ਕੰਨੀਆਂ ਆਲੇ ਗੁਰਦੁਆਰੇ 'ਚ ਮੋਤਾ ਸਿਹੁੰ ਜਥੇਦਾਰ ਨੇ ਆਉਣਾ।"

"ਕਿਉਂ?" ਹਰਪਾਲ ਨੇ ਕਾਹਲੀ ਨਾਲ ਪੁੱਛਿਆ।

"ਮੱਦਤ ਲਈ!" ਜੰਟੇ ਨੇ ਹਰਪਾਲ ਦੀ ਹੈਰਾਨੀ ਭਾਂਪਦਿਆਂ ਕਿਹਾ, "ਲੋਕ ਬਾਬਿਆਂ ਪਿੱਛੇ ਜਾਨਾਂ ਕੁਰਬਾਨ ਕਰ ਦੇਣਗੇ! ਨਾਲੇ ਬਾਬਿਆਂ ਦਾ ਹੁਕਮ ਐ ਬਈ ਜਦੋਂ ਸਰਕਾਰ ਨੇ ਹਮਲਾ ਕਰ-ਤਾ ਜਿੱਥੇ ਜਿੱਥੇ ਵੀ ਸਿੰਘ ਬੈਠੇ ਐ ਬਿਗਲ ਵਜਾ ਦੇਣ!"

ਸ਼ੇਰ ਨੇ ਉਠਦਿਆਂ ਦੱਸਿਆ, "ਲੋਕ ਤਾਂ ਆਹ ਸਲਾਹਾਂ ਕਰਦੇ ਐ, ਕਹਿੰਦੇ, ਤੁਰੋ ਜ਼ਰੂਰ, ਭਾਵੇਂ ਕਿਸੇ ਪਾਸੇ ਤੁਰੋ! ਵਿਚੋਂ ਢਾਂਗੂ ਕਹਿੰਦਾ ਕਿਧਰ ਤੁਰੀਏ, ਆਂਹਦਾ, ਸਿੱਧਮਾਂ ਨੂੰ ਪਵੋ! ਪਿੰਡ ਤਾਂ ਇੱਕੋ ਬਾਣੀਐ!"

ਹਰਪਾਲ ਨੇ ਹੱਸਦੇ ਸ਼ੇਰ ਵਲੋਂ ਨਜ਼ਰ ਹਟਾ ਕੇ ਖਸਿਆਨਾ ਜੇਹਾ ਹੱਸ ਕੇ ਜੰਟੇ ਵਲ ਵੇਖਿਆ, ਉਸਦੀਆਂ ਕਣਕ ਵੰਨੀਆਂ ਗੱਲ੍ਹਾਂ ਵਿਚ ਲਾਲੀ ਮੁੜ ਉਭਰਨ ਲੱਗ ਪਈ ਸੀ। ਘੁਸਮੁਸਾ ਛਾਇਆ ਤੱਕ ਕੇ ਹਰਪਾਲ ਜਾਣ ਲਈ ਉੱਠ ਖਲੋਤਾ। ਜੰਟੇ ਨੇ ਬੋਤਲ ਵਿਚੋਂ ਬੱਚਦੀ ਸ਼ਰਾਬ ਇਕੋ ਵਾਰੀ ਪਾ ਕੇ ਪਹਿਲਾਂ ਆਪ ਪੀ ਲਈ, ਦੂਸਰੀ ਸਾਰੀ ਪਾਲ ਨੂੰ ਫੜਾ ਦਿਤੀ। ਖਾਲੀ ਬੋਤਲ ਸ਼ੇਰ ਨੂੰ ਫੜਾ ਕੇ ਉਹ ਪਿੰਡ ਵਲ ਤੁਰ ਪਏ। ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਜਦੋਂ ਜੰਟੇ ਕੇ ਘਰ ਕੋਲ ਆਏ, ਲਾਈਟਾਂ ਬਲ ਚੁੱਕੀਆਂ ਸਨ। ਜੰਟੇ ਨੇ ਉਹਨੂੰ ਰੋਟੀ ਖਾਹ ਕੇ ਜਾਣ ਲਈ ਜ਼ੋਰ ਪਾਇਆ, ਪਰ ਉਹ ਦੁਪਹਿਰ ਦਾ ਆਇਆ ਸੋਚ ਕੇ ਹੱਥ ਹਿਲਾਉਂਦਾ ਬਿਨਾ ਮਗਰ ਝਾਕੇ ਉੱਚੀ ਗਲੀ ਪੈ ਗਿਆ। ਖਿੜਕ ਕੋਲ ਪਹੁੰਚਣ ਸਾਰ ਉਹਨੂੰ ਅੰਦਰੋਂ ਗੁਰਬਖਸ਼ ਦਾ ਬੋਲ ਸੁਣਿਆ, "ਪਾਕਿਸਤਾਨ ਰੇਡੀਓ ਨੇ ਦਸਿਆ, ਗੋਲਿਆਂ ਦੇ ਧੜੂਕੇ ਸਾਫ਼ ਲਾਹੌਰ ਸੁਣਦੇ ਐ!"

"ਥੇਹ ਹੋਣਿਉ! ਬੇੜੀ ਬਹਿ ਜੇ ਥੋਡੀ ਐਹੋ-ਜਿਆਂ ਦੀ!" ਸਬਾਤ ਵਿਚੋਂ ਨਿਕਲਦੀ ਸਾਹਬ ਕੁਰ ਦੀ ਆਵਾਜ਼ ਸੁਣਾਈ ਦਿਤੀ। ਲਾਈਟ ਦੇ ਮੱਧਮ ਪੀਲੇ ਚਾਨਣ ਵਿਚ ਉਸਦਾ ਉੱਚਾ ਸਾਰਾ ਕੱਦ-ਕਾਠ ਦਿਸਿਆ। ਖਿੜਕ ਕੋਲ ਪਰਛਾਵਾਂ ਤੱਕ ਕੇ ਇਕ ਦਮ ਰੁਖ ਬਦਲ ਕੇ ਬੋਲੀ, "ਕੌਣ ਐ?"

"ਮੈਂ ਆਂ!"

ਪਲ ਕੁ ਚੁੱਪ ਰਹਿ ਕੇ ਉਸ ਫੇਰ ਆਖਿਆ, "ਤੂੰ ਦੁਪਹਿਰ ਦਾ ਕਿਥੋਂ ਆਇਐਂ!"

"ਐਵੇਂ ਈ ਬੱਸ!" ਆਖ ਕੇ ਹਰਪਾਲ ਨਲਕਾ ਗੇੜ ਕੇ ਹੱਥ ਧੋਣ ਲੱਗ ਪਿਆ।

"ਨਾ ਪੁੱਤ ਕਿਤੇ ਨਾ ਜਾਉ! ਉੱਤੋਂ ਅੱਗ ਵਰ੍ਹਦੀ ਐ। ਮਗਰੋਂ ਵੇਲਾ ਹੱਥ ਨ੍ਹੀਂ ਆਉਂਦਾ, ਫੇਰ ਪੱਲੇ ਪਛਤਾਵਾ ਈ ਰਹਿ ਜਾਂਦੈ!"

ਗੁਰਬਖਸ਼ ਭਲਕੇ ਕੰਨੀਆਂ ਵਾਲੇ ਗੁਰਦੁਆਰੇ ਵਿਚ ਹੋ ਰਹੇ 'ਕੱਠ ਬਾਰੇ ਉਤਸ਼ਾਹ ਨਾਲ ਗੱਲ ਕਰ ਰਿਹਾ ਸੀ।

ਰੋਟੀ ਖਾ ਕੇ ਹਰਪਾਲ ਪਲ ਝਟ ਉਨ੍ਹਾਂ ਕੋਲ ਆ ਖਲੋਤਾ, ਮੁੜ ਮੰਜਾ ਡਾਹ ਕੇ ਲੰਮਾ ਪੈ ਗਿਆ, ਪਾਕਿਸਤਾਨ ਰੇਡੀਓ ਦੀ ਖ਼ਬਰ ਉਸਦੇ ਜ਼ਿਹਨ ਵਿਚ ਘੁੰਮ ਰਹੀ ਸੀ ਕਿ ਭਾਰਤੀ ਫੌਜ ਸਿੱਖਾਂ ਦੇ ਇਸ਼ਟ ਸਥਾਨ 'ਤੇ ਗੋਲੇ ਵਰ੍ਹਾ ਰਹੀ ਐ!

"ਇਉਂ ਵੀ ਹੋ ਸਕਦੈ?" ਸੋਚ ਕੇ ਉਸਦਾ ਸਰੀਰ ਕੰਬਣੀ ਖਾ ਗਿਆ। ਘਰ 'ਚ ਪਲ ਪਲ ਮਗਰੋਂ ਚੁੱਪ ਛਾ ਰਹੀ ਸੀ। ਨਿਖਰੀ ਰਾਤ ਵਿਚ ਤਾਰਿਆਂ ਦੀ ਟਿਮਟਿਮਾਹਟ ਵਲ ਝਾਕਦਿਆਂ ਹੌਲੀ ਹੌਲੀ ਉਸਦੀ ਅੱਖ ਲੱਗਦੀ ਜਾਂਦੀ ਸੀ। ਝਪਕੀ ਆਉਂਦਿਆਂ ਆਉਂਦਿਆਂ ਉਸ ਦੋ ਤਿੰਨ ਵਾਰ ਤ੍ਰਬਕ ਕੇ ਅੱਖਾਂ ਖੋਹਲੀਆਂ, ਪਰਿੰਦਿਆਂ ਦੀ ਟੁਣਕਾਰ ਤੋਂ ਬਿਨਾ ਕੁਝ ਨਹੀਂ ਸੀ। ਅੱਖਾਂ ਫਿਰ ਦੱਬ ਲਈਆਂ। ਉਸਦੀ ਸੁਰਤੀ ਭਾਉਂਦੀ ਭਾਉਂਦੀ ਚੱਕਰ ਖਾਣ ਲੱਗੀ। ਅਚਾਨਕ ਉਸਨੂੰ ਮਹਿਸੂਸ ਹੋਇਆ, ਜਿਵੇਂ ਉਹ ਕਿਸੇ ਹਨੇਰੀ ਗੁਫਾ ਵਿਚ ਘਿਰ ਗਿਆ ਹੋਵੇ। ਇਧਰ ਉਧਰ ਨੱਠਦਿਆਂ ਭੱਜਦਿਆਂ ਇਕ ਵਾਰ ਉਹ ਠੇਡਾ ਖਾ ਕੇ ਡਿੱਗ ਪਿਆ। ਅਗਲੇ ਪਲ ਉਹਨੂੰ ਮਹਿਸੂਸ ਹੋਇਆ ਜਿਵੇਂ ਉਸਦਾ ਸਰੀਰ ਲਿਬਲਿਬੀ ਦਲਦਲ 'ਚ ਧਸਦਾ ਜਾਂਦਾ ਹੋਵੇ। ਪੂਰਾ ਜ਼ੋਰ ਲਾਉਣ ਨਾਲ ਉਸਦਾ ਸਰੀਰ ਮੁੜਕੋ-ਮੁੜਕੀ ਹੋ ਗਿਆ। ਉਸਨੂੰ ਲੱਗਿਆ, ਜਿਵੇਂ ਉਸਦੇ ਸਾਹ ਪੰਜ-ਸੱਤ ਪਲ ਹੀ ਹੋਣ। ਪਰ ਚਾਣਚੱਕ ਉਸਨੇ ਦਹਾੜ ਸੁਣੀ ਤੇ ਉਸਦਾ ਸਰੀਰ ਤੜਫ ਕੇ ਰੜੇ ਮੈਦਾਨ 'ਚ ਆ ਪਿਆ। ਹਰਪਾਲ ਹੜਬੜਾ ਕੇ ਉੱਠ ਬੈਠਾ, ਬਾਹਰ ਸੱਚਮੁੱਚ ਟਰੱਕ ਦੀ ਭੈਂਕਰਵੀਂ ਆਵਾਜ਼ ਸੁਣਾਈ ਦਿਤੀ। ਹਾਲੇ ਉਸਨੂੰ ਕੁਝ ਸੁਝਿਆ ਵੀ ਨਹੀਂ ਸੀ, ਟਰੱਕ ਦੀਆਂ ਤੇਜ਼ ਲਾਈਟਾਂ ਭਾਰੇ ਬੂਟਾਂ ਦੀ ਠੱਕ ਠੱਕ ਖਿੜਕ ਵਲ ਆਉਂਦੀ ਗਈ। ਉਸਦਾ ਸੀਨਾ ਧੱਕ ਧੱਕ ਕਰ ਰਿਹਾ ਸੀ।

ਅਗਲੇ ਪਲ ਸਰਚ ਲਾਈਟਾਂ ਦਾ ਤੇਜ ਚਾਨਣ ਉਨ੍ਹਾਂ ਦੇ ਸਾਰੇ ਵਿਹੜੇ ਵਿਚ ਪੈ ਰਿਹਾ ਸੀ, ਪਸ਼ੂ ਇਕ ਦਮ ਤ੍ਰਬਕ ਉੱਠ ਖਲੋਤੇ। ਸਾਰਾ ਪਰਿਵਾਰ ਕੰਨ ਘੁਟ ਕੇ ਬਾਹਰ ਵਲ ਵੇਖਦਾ ਰਿਹਾ, ਉਦੋਂ ਹੀ ਬਾਹਰ ਕਿੰਨੇ ਸਾਰੇ ਵਜੂਦ ਖਿੜਕ ਕੋਲ ਆ ਖਲੋਤੇ। ਉਨ੍ਹਾਂ ਦੇ ਪਿੱਛੇਂ ਪੈਂਦੇ ਹਨੇਰੇ ਕਾਰਨ ਕਾਲੀਆਂ ਵਰਦੀਆਂ ਤੋਂ ਬਿਨਾ ਕੁਝ ਵਿਖਾਈ ਨਹੀਂ ਦਿੰਦਾ ਸੀ। ਫਿਰ ਖਿੜਕ ਖੁਲ੍ਹਿਆ, ਭਾਰੀ ਭਰਕਮ ਪੈਰ ਚਾਪ ਦਗੜ-ਦਗੜ ਕਰਦੀ ਉਨ੍ਹਾਂ ਸਾਰਿਆਂ ਦੇ ਦੁਆਲੇ ਆ ਇਕੱਠੀ ਹੋਈ, ਬੰਦੂਕਾਂ ਸਿੰਨੀਆਂ ਹੋਣ ਕਰਕੇ ਹਰਪਾਲ ਦੇ ਭੈਅ ਨਾਲ ਹੋਸ਼ ਗੁੰਮ ਹੋ ਗਏ।

"ਹੈਂਡਜ਼ ਅੱਪ!" ਇਕ ਰੋਅਬਦਾਰ ਆਵਾਜ਼ ਆਈ, ਹਰਪਾਲ ਤ੍ਰਬਕ ਕੇ ਉੱਠ ਖੜਾ ਹੋਇਆ। ਚਾਨਣ ਵਿਚ ਓਪਰੇ ਬੰਦਿਆਂ ਦੇ ਚਿਹਰੇ ਟੋਪਾਂ ਨਾਲ ਢਕੇ ਹੋਏ ਸਨ।

"ਯਹੀ ਐ!" ਸਾਂ ਸਾਂ ਕਰਦੀ ਚੁੱਪ ਵਿਚੋਂ ਫਿਰ ਰੋਅਬਦਾਰ ਅਵਾਜ਼ ਆਈ।

"ਯੈਸ ਸਰ!"

"ਚਲੀਏ!" ਕੜਕਵੀਂ ਸੁਰ ਫਿਰ ਉੱਚੀ ਹੋਈ।

ਹਰਪਾਲ ਨੇ ਪਹਿਲਾਂ ਵਰਦੀਆਂ ਵਿਚ ਕਸੇ ਰਫਲਾਂ ਸਿੰਨੀ ਖਲੋਤੇ ਓਪਰੇ ਆਦਮੀਆਂ ਵਲ ਵੇਖਿਆ, ਫਿਰ ਪੱਗ ਚੁੱਕ ਕੇ ਲਪੇਟਦਿਆਂ, ਆਪਣੇ ਮਾਂ-ਪਿਉ ਵਲ ਵੇਖਿਆ, ਇੱਕ ਵਾਰ ਫਿਰ ਉਸ ਓਪਰੇ ਬੰਦਿਆਂ ਵਲ ਵੇਖਿਆ।

"ਚਲੀਏ!" ਭਾਰੀ ਭਰਕਮ ਬੋਲ ਫਿਰ ਉੱਭਰਿਆ।

ਹਰਪਾਲ ਨੇ ਅੱਧਾ ਕੁ ਕਦਮ ਪੁੱਟਿਆ, ਫਿਰ ਰੁਕ ਗਿਆ, ਚਿੱਟੇ ਚਾਨਣ ਵਿਚ, ਉਸਦੀਆਂ ਅੱਖਾਂ ਚੁੰਧਿਆਈਆਂ ਗਈਆਂ ਸਨ, ਜਦੋਂ ਉਸ ਆਪਣੇ ਮਾਂ ਪਿਉ ਵਲ ਮੂੰਹ ਕਰਿਆ, ਉਨ੍ਹਾਂ ਦੇ ਅਕਾਰ ਹੀ ਨਜ਼ਰੀਂ ਪਏ, ਪਰ ਉਸ ਚਿੱਤ ਕਰੜਾ ਕਰਕੇ ਆਖਿਆ, "ਬੇਜੀ, ਤੁਸੀਂ ਫਿਕਰ ਨਾ ਕਰਿਓ! ਜਦੋਂ ਆਪਣਾ ਕੋਈ ਕਸੂਰ ਈ ਨਹੀਂ, ਆਪਾਂ ਨੂੰ ਕੀ ਡਰ ਐ!-ਤੁਸੀਂ ਚਿੱਤ ਕਾਇਮ ਰੱਖਿਉ, ਡੋਲਿਓ ਨਾ!"

ਆਖਦਾ ਉਹ ਉਨ੍ਹਾਂ ਦੇ ਮੂਹਰੇ ਲੱਗ ਤੁਰਿਆ। ਸਾਹਬ ਕੁਰ ਦੇ ਅੰਦਰੋਂ ਭੁੱਬ ਨਿਕਲੀ, ਪਰ ਉਸ ਮੂੰਹ ਵਿਚ ਘੁੱਟ ਲਈ। ਉਸਦੇ ਪਿੱਛੇ ਖਲੋਤੀ ਸੁੱਖੀ ਨੇ ਥਰਥਰ ਕੰਬਦਿਆਂ ਸਾਹਬ ਕੁਰ ਨੂੰ ਜੱਫੀ ਪਾ ਲਈ। ਲਾਈਟਾਂ ਦੇ ਰੁਖ ਮੋੜਨ ਸਾਰ ਘੁੱਪ ਹਨੇਰਾ ਪਸਰ ਗਿਆ। ਪਰ੍ਹਾਂ ਜਗਦੀਆਂ ਬੱਤੀਆਂ ਵਾਲੀ ਫੌਜੀ ਗੱਡੀ ਵਿਚ ਬੰਦਿਆਂ ਦੇ ਚੜ੍ਹਨ ਦੀ ਆਵਾਜ਼ ਆਈ। ਸਾਹਬ ਕੁਰ ਨੇ ਛਾਤੀ ਦੋਵਾਂ ਹੱਥਾਂ ਨਾਲ ਬੋਚ ਲਈ, ਗੱਡੀ ਨੇ 'ਘਰਰ' ਕੀਤੀ, ਚਾਨਣ ਦੀਆਂ ਲਗਰਾਂ ਮੁੜ ਅੱਖੋਂ ਓਹਲੇ ਹੋ ਗਈਆਂ। ਸਾਹਬ ਕੁਰ ਉਥੇ ਹੀ ਸੁੰਨ੍ਹ ਹੋਈ ਖਲੋਤੀ ਰਹੀ, ਚੁਗਾਨ ਵਿਚ ਹੁਣ ਹਨੇਰੇ ਦਾ ਢੇਰ ਉਸਰਿਆ ਹੋਇਆ ਸੀ।

"ਪੈ ਜਾਹ ਹੁਣ, ਸਵੇਰੇ ਪਤਾ ਲੱਗੂ।"

ਗੁਰਬਖਸ਼ ਦੀ ਆਵਾਜ਼ ਸੁਣ ਕੇ ਸਾਹਬ ਕੁਰ ਤ੍ਰਬਕ ਕੇ ਪਿੱਛੇ ਝਾਕੀ, ਪਰ ਬੋਲੀ ਕੁਝ ਨਹੀਂ। ਜਦੋਂ ਦੋਬਾਰਾ ਗੁਰਬਖਸ਼ ਬੋਲਿਆ, ਉਹ ਮੁੜ ਬਾਹਰ ਵਲ ਝਾਕੀ, ਹੁਣ ਹਨੇਰਾ ਛਣ ਰਿਹਾ ਸੀ, ਤਾਰਿਆਂ ਦੀ ਲੋਅ ਵਿਚ ਧੁੱਸੀ-ਬੰਨ੍ਹ ਦੀਆਂ ਕਿੱਕਰਾਂ ਦੇ ਬੁੱਤ ਦਿਸਣ ਲਗ ਪਏ ਸਨ।

***(ਸਮਾਪਤ)***

# ਅਦਾਕਾਰੀ ਦੀ ਸਿਖਰ ਸੀ ਸਮਿਤਾ ਪਾਟਿਲ



ਭਾਰਤੀ ਸਿਨੇਮਾ ਦੇ ਇਤਿਹਾਸ 'ਚ ਅਜਿਹੀਆਂ ਬਹੁਤ ਘੱਟ ਅਭਿਨੇਤਰੀਆਂ ਹੋਈਆਂ ਹਨ, ਜਿਨ੍ਹਾਂ ਨੇ ਆਪਣੀ ਵਿਲੱਖਣ ਅਦਾਕਾਰੀ ਦੇ ਦਮ 'ਤੇ ਸਿਨੇਮਾ ਨੂੰ ਨਾ ਸਿਰਫ ਇਕ ਨਵੀਂ ਦਿਸ਼ਾ ਦਿੱਤੀ, ਸਗੋਂ ਨਵੀਆਂ ਪਰਿਭਾਸ਼ਾਵਾਂ ਵੀ ਦਿੱਤੀਆਂ। ਬੇਹੱਦ ਸੁੰਦਰਤਾ ਅਤੇ ਯਥਾਰਥਵਾਦੀ ਅਭਿਨੈਸ਼ੈਲੀ ਨਾਲ ਭਰਪੂਰ ਅਜਿਹੀ ਹੀ ਇਕ ਅਦਾਕਾਰਾ ਸੀ ਸਮਿਤਾ ਪਾਟਿਲ।

31 ਸਾਲਾਂ ਦੀ ਆਪਣੀ ਛੋਟੀ ਜਿਹੀ ਜ਼ਿੰਦਗੀ 'ਚ ਜਿਥੇ ਉਸ ਨੇ ਆਰਟ ਸਿਨੇਮਾ 'ਚ ਯਾਦਗਾਰੀ ਯੋਗਦਾਨ ਦਿੱਤਾ, ਉਥੇ ਹੀ ਦੂਜੇ ਪਾਸੇ ਮੁੱਖ ਧਾਰਾ ਦੇ ਸਿਨੇਮਾ ਨੂੰ ਵੀ ਉਸ ਦੀ ਵਡਮੁੱਲੀ ਦੇਣ ਸੀ।

ਸ਼ਬਾਨਾ ਆਜ਼ਮੀ, ਨਸੀਰੁਦੀਨ ਸ਼ਾਹ ਅਤੇ ਓਮ ਪੁਰੀ ਨਾਲ ਉਹ ਆਰਟ ਸਿਨੇਮਾ ਦੇ ਅੰਦੋਲਨ ਦੀ ਮੁੱਖ ਸ਼ਖਸੀਅਤ ਸੀ। ਆਕਰਸ਼ਕ ਸੁੰਦਰਤਾ ਵਾਲੀ ਟੀ.ਵੀ. ਨਿਊਜ਼ ਰੀਡਰ ਸਮਿਤਾ ਦੀ ਭਾਲ ਦਾ ਸਿਹਰਾ ਮਹਾਨ ਫਿਲਮਕਾਰ ਸ਼ਿਆਮ ਬੈਨੇਗਲ ਨੂੰ ਜਾਂਦਾ ਹੈ। ਉਨ੍ਹਾਂ ਨੇ ਹੀ ਪਹਿਲੀ ਵਾਰ ਸਮਿਤਾ ਨੂੰ 'ਨਿਸ਼ਾਂਤ' (1975) 'ਚ ਭੂਮਿਕਾ ਦਿੱਤੀ ਸੀ। ਇਸ ਫਿਲਮ ਤੋਂ ਬਾਅਦ ਸ਼ਿਆਮ ਬੈਨੇਗਲ ਨੇ ਉਸ ਨਾਲ 'ਭੂਮਿਕਾ', 'ਮੰਥਨ' ਅਤੇ 'ਮੰਡੀ' ਵਰਗੀਆਂ ਯਥਾਰਥਵਾਦੀ ਫਿਲਮਾਂ ਕੀਤੀਆਂ। ਸਮਿਤਾ ਨੇ 'ਆਕ੍ਰੋਸ਼', 'ਅਰਧ ਸੱਤਯ' ਅਤੇ 'ਅਲਬਰਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ' ਵਰਗੀਆਂ ਫਿਲਮਾਂ 'ਚ ਆਪਣੀਆਂ ਸੰਖੇਪ ਪਰ ਦਮਦਾਰ ਭੂਮਿਕਾਵਾਂ ਨਾਲ ਦਰਸ਼ਕਾਂ ਦੇ ਦਿਲ 'ਤੇ ਇਕ ਯਾਦਗਾਰ ਛਾਪ ਛੱਡੀ।

ਕੇਤਨ ਮਹਿਤਾ ਦੀ ਫਿਲਮ 'ਮਿਰਚ ਮਸਾਲਾ' 'ਚ ਉਸ ਨੇ ਇਕ ਪੇਂਡੂ ਵਿਆਹੁਤਾ ਦਾ ਕਿਰਦਾਰ ਨਿਭਾਇਆ ਸੀ, ਜਿਸ ਦੇ ਪਿੱਛੇ ਇਕ ਜਗੀਰਦਾਰ ਪੈ ਜਾਂਦਾ ਹੈ। ਉਹ ਉਸ ਦੀ ਬੇਇੱਜ਼ਤੀ ਕਰਦੀ ਹੈ, ਅਖੀਰ 'ਚ ਇਕ ਮਿਰਚ ਫੈਕਟਰੀ 'ਚ ਕੰਮ ਕਰਨ ਵਾਲੇ ਸਾਰੇ ਲੋਕਾਂ ਨੂੰ ਆਪਣੇ ਪੱਖ 'ਚ ਕਰਕੇ ਉਹ ਉਸ ਜਗੀਰਦਾਰ ਦੀਆਂ ਅੱਖਾਂ 'ਚ ਮਿਰਚਾਂ ਪਾ ਕੇ ਬਚ ਨਿਕਲਦੀ ਹੈ।

ਮਹੇਸ਼ ਭੱਟ ਦੀ ਫਿਲਮ 'ਅਰਥ' 'ਚ ਭਾਵੇਂ ਸ਼ਬਾਨਾ ਆਜ਼ਮੀ ਦੇ ਪੀੜਤ ਪਤਨੀ ਦੇ ਕਿਰਦਾਰ ਨੇ ਸ਼ਬਾਨਾ ਨੂੰ ਖਾਸੀ ਪ੍ਰਸ਼ੰਸਾ ਦੇ ਨਾਲ-ਨਾਲ ਕਈ ਐਵਾਰਡ ਵੀ ਦਿਵਾਏ ਪਰ ਸਮਿਤਾ ਵਲੋਂ ਨਿਭਾਈ ਗਈ ਦੂਜੀ ਔਰਤ ਦੀ ਭੂਮਿਕਾ ਵੀ ਸੌਖੀ ਨਹੀਂ ਸੀ। ਸ਼ਬਾਨਾ ਆਜ਼ਮੀ ਨਾਲ ਉਸ ਦੇ ਮੁਕਾਬਲੇ ਕਾਰਨ ਮੈਗਜ਼ੀਨਾਂ ਨੂੰ ਕਾਫੀ ਮਸਾਲਾ ਮਿਲਦਾ ਸੀ ਪਰ ਇਹ ਦੋਵੇਂ ਅਸਲ 'ਚ ਉਸ ਦੌਰ ਦੀਆਂ ਬਿਹਤਰੀਨ ਅਭਿਨੇਤਰੀਆਂ ਸਨ।

ਸਮਿਤਾ ਪਾਟਿਲ ਵਲੋਂ ਸਰਵੋਤਮ ਅਤੇ ਸਭ ਤੋਂ ਵਧੇਰੇ ਯਾਦਗਾਰੀ ਕਿਰਦਾਰ ਸੀ ਜੱਬਾਰ ਪਟੇਲ ਦੀ ਫਿਲਮ 'ਸੁਬਹ' 'ਚ ਨਿਭਾਇਆ ਗਿਆ। ਇਹ ਇਕ ਅਜਿਹੀ ਪਤਨੀ ਅਤੇ ਮਾਂ ਦਾ ਕਿਰਦਾਰ ਹੈ ਜੋ ਔਰਤਾਂ ਦੇ ਰਿਮਾਂਡ ਹੋਮ 'ਚ ਆਪਣੀ ਨੌਕਰੀ ਲਈ ਆਪਣਾ ਘਰ ਛੱਡ ਦਿੰਦੀ ਹੈ। ਉਸ ਨੂੰ ਲਗਦੈ ਕਿ ਉਸ ਦੀ ਗੈਰ-ਮੌਜੂਦਗੀ 'ਚ ਉਸ ਦੀ ਵਿਆਹੁਤਾ ਜ਼ਿੰਦਗੀ ਨਹੀਂ ਚੱਲ ਸਕਦੀ। ਜਦੋਂ ਉਸ ਦਾ ਪਤੀ ਉਸ ਨੂੰ ਆਪਣੇ ਵਿਆਹ ਤੋਂ ਬਾਅਦ ਵਾਲੇ ਸੰਬੰਧਾਂ ਬਾਰੇ ਦੱਸਦਾ ਤਾਂ ਉਹ ਦੁਨੀਆਂ 'ਚ ਆਪਣਾ ਇਕ ਵੱਖਰਾ ਰਸਤਾ ਚੁਣਨ ਲਈ ਉਸ ਨੂੰ ਛੱਡ ਦਿੰਦੀ ਹੈ।

ਆਰਟ ਸਿਨੇਮਾ 'ਚ ਉਨ੍ਹਾਂ ਦੇ ਯੋਗਦਾਨ ਨੇ ਕਮਰਸ਼ੀਅਲ ਨਿਰਮਾਤਾ-ਨਿਰਦੇਸ਼ਕਾਂ ਦਾ ਵੀ ਧਿਆਨ ਆਕਰਸ਼ਿਤ ਕੀਤਾ। ਉਨ੍ਹਾਂ ਨੇ ਰਾਜੇਸ਼ ਖੰਨਾ ਨਾਲ 'ਆਖਿਰ ਕਿਉਂ' ਅਤੇ 'ਅੰਮ੍ਰਿਤ', ਰਾਜ ਬੱਬਰ ਨਾਲ 'ਆਜ ਕੀ ਆਵਾਜ਼' ਅਤੇ 'ਭੀਗੀ ਪਲਕੇਂ', 'ਦੇਵ ਆਨੰਦ ਨਾਲ 'ਆਨੰਦ ਹੀ ਆਨੰਦ', ਸੁਨੀਲ ਦੱਤ ਨਾਲ 'ਦਰਦ ਕਾ ਰਿਸ਼ਤਾ' ਅਤੇ ਅਮਿਤਾਭ ਬੱਚਨ ਨਾਲ 'ਸ਼ਕਤੀ' ਅਤੇ 'ਨਮਕ ਹਲਾਲ' ਵਰਗੀਆਂ ਕਮਰਸ਼ੀਅਲ ਫਿਲਮਾਂ ਵੀ ਕੀਤੀਆਂ। ਅਮਿਤਾਭ ਨਾਲ 'ਨਮਕ ਹਲਾਲ' ਦੇ 'ਆਜ ਰਿਮਝਿਮ... ' ਗੀਤ 'ਚ ਉਸ ਦੀ ਅਦਾਕਾਰੀ ਇੰਨੀ ਵਧੀਆ ਹੈ ਕਿ ਅੱਜ ਵੀ ਤੁਹਾਡੇ ਦਿਲ ਨੂੰ ਟੁੰਭਦੀ ਹੈ।

ਭਾਵੇਂ ਕਿ ਚਟਪਟੇ ਕਿਰਦਾਰ ਉਸ ਦੀ ਸ਼ਖਸੀਅਤ 'ਤੇ ਫਿੱਟ ਨਹੀਂ ਬੈਠਦੇ ਸਨ, ਫਿਰ ਵੀ ਉਸ ਨੇ 'ਡਾਂਸ-ਡਾਂਸ', 'ਗਲੀਓਂ ਕਾ ਬਾਦਸ਼ਾ', 'ਕਾਨੂੰਨ ਮੇਰੀ ਮੁੱਠੀ ਮੇਂ' ਅਤੇ 'ਕਸਮ ਪੈਦਾ ਕਰਨੇ ਵਾਲੇ ਕੀ' ਵਰਗੀਆਂ ਫਿਲਮਾਂ 'ਚ ਵੱਖ-ਵੱਖ ਕਿਰਦਾਰ ਨਿਭਾਏ। ਇਸੇ ਦੌਰਾਨ ਹੀ ਉਤਪਲੇਂਦੂ ਚੱਕਰਵਰਤੀ ਦੀ ਫਿਲਮ 'ਦੇਬਸ਼ਿਸ਼ੂ' ਅਤੇ ਕੁਮਾਰ ਸਾਹਨੀ ਦੀ ਫਿਲਮ 'ਤਰੰਗ' 'ਚ ਕੰਮ ਕਰਕੇ ਉਸ ਨੇ ਸਿੱਧ ਕਰ ਦਿੱਤਾ ਕਿ ਪੈਸਾ ਅਤੇ ਸਟਾਰਡਮ ਉਸ ਨੂੰ ਭ੍ਰਿਸ਼ਟ ਨਹੀਂ ਕਰ ਸਕਦੇ।

ਉਸ ਦੀ ਅਦਾਕਾਰੀ ਨੂੰ ਪੂਰੀ ਦੁਨੀਆਂ 'ਚ ਸਲਾਹਿਆ ਗਿਆ ਅਤੇ ਕਈ ਅੰਤਰਰਾਸ਼ਟਰੀ ਫਿਲਮ ਸਮਾਗਮਾਂ 'ਚ ਉਸ ਦੀਆਂ ਫਿਲਮਾਂ ਦੇ 'ਰੈਟ੍ਰੋਸਪੈਕਟਿਵ' ਵਿਖਾਏ ਗਏ। ਰਾਜ ਬੱਬਰ ਨਾਲ ਉਸ ਦਾ ਵਿਆਹ ਹੋਇਆ ਪਰ ਆਪਣੇ ਬੇਟੇ ਪ੍ਰਤੀਕ ਨੂੰ ਜਨਮ ਦੇਣ ਪਿਛੋਂ 13 ਦਸੰਬਰ 1986 ਨੂੰ ਉਸ ਦੀ ਅਚਾਨਕ ਮੌਤ ਹੋ ਗਈ ਸੀ। ਇਹ ਅਚਾਨਕ ਮੌਤ ਪੂਰੇ ਵਿਸ਼ਵ ਦੇ ਸਿਨੇਮਾ ਲਈ ਇਕ ਨਾ ਪੂਰਾ ਹੋਣ ਵਾਲਾ ਘਾਟਾ ਸੀ।

## ਸਰਜਰੀ ਨਾਲ ਖੂਬਸੂਰਤੀ ਪੈਦਾ ਨਹੀਂ ਕੀਤੀ ਜਾ ਸਕਦੀ

## ਪ੍ਰਿਯੰਕਾ ਚੋਪੜਾ



ਉਮੀਦ ਦੇ ਮੁਤਾਬਿਕ ਪ੍ਰਿਅੰਕਾ ਚੋਪੜਾ ਨੇ ਫਿਰ ਤੋਂ ਆਪਣੇ ਪੁਰਾਣੇ ਦੋਸਤ ਹਰਮਨ ਬਾਵੇਜਾ ਨਾਲ ਸੁਲ੍ਹਾ ਕਰ ਲਈ ਹੈ। ਇਹ ਕੋਈ ਨਵੀਂ ਗੱਲ ਨਹੀਂ ਹੈ। ਜਦ ਵੀ ਪ੍ਰਿਯੰਕਾ ਦਾ ਕੋਈ ਨਵਾਂ ਦੋਸਤ ਬੇਵਫਾ ਹੋ ਜਾਂਦਾ ਹੈ, ਉਹ ਦੌੜ ਕੇ ਆਪਣੇ ਇਸ ਸਭ ਤੋਂ ਪੁਰਾਣੇ ਦੋਸਤ ਦੀ ਸ਼ਰਣ ਵਿਚ ਚਲੀ ਜਾਂਦੀ ਹੈ। ਇਸ ਵਾਰ ਉਸ ਨੂੰ ਇਹ ਬੇਵਫਾਈ ਰੋਜ਼ ਨਵੀਂ ਔਰਤ ਦੋਸਤ ਬਣਾਉਣ ਵਾਲੇ ਮਸ਼ਹੂਰ ਅਭਿਨੇਤਾ ਸ਼ਾਹਿਦ ਕਪੂਰ ਤੋਂ ਮਿਲੀ ਹੈ। ਪਰ ਸ਼ਾਹਿਦ ਦੇ ਕਈ ਕਰੀਬੀਆਂ ਦਾ ਕਹਿਣਾ ਹੈ ਕਿ ਮੈਡਮ ਦੀ ਰੋਜ਼ਮਰ੍ਹਾ ਦੀ ਪਾਰਟੀ ਦੀ ਆਦਤ ਤੋਂ ਚਿੜ੍ਹ ਕੇ ਸ਼ਾਹਿਦ ਨੇ ਇਹ ਰਿਸ਼ਤਾ ਤੋੜਿਆ ਹੈ, ਵਰਨਾ ਉਹ ਤਾਂ ਇਸ ਰਿਸ਼ਤੇ ਨੂੰ ਲਾਂਗ ਰਨ ਵਿਚ ਲੈ ਜਾਣ ਵਾਲੇ ਸਨ। ਦੂਜੇ ਪਾਸੇ ਖ਼ਬਰ ਇਹ ਵੀ ਹੈ ਕਿ ਆਪਣੀ ਇਸ ਦੋਸਤ ਤੋਂ ਦੂਰ ਜਾ ਕੇ ਹਰਮਨ ਬਹੁਤ ਦੁਖੀ ਸੀ, ਉਸ ਨੂੰ ਵਾਪਸ ਬੁਲਾਉਣ ਦੇ ਲਈ ਉਸ ਨੇ ਬਾਕਾਇਦਾ ਇਮੋਸ਼ਨਲ ਹੋ ਕੇ ਫੇਸ ਬੁੱਕ ਵਿਚ ਯਾਦ ਕੀਤਾ। ਬੈਂਕਾਕ ਵਿਚ ਸਿਧਾਰਥ ਆਨੰਦ ਦੀ ਫਿਲਮ ਦੀ ਸ਼ੂਟਿੰਗ ਲਈ ਜਾਣ ਤੋਂ ਪਹਿਲਾਂ ਹੋਈ ਇਕ ਮੁਲਾਕਾਤ ਵਿਚ ਪ੍ਰਿਯੰਕਾ ਤੋਂ ਘੁਮਾ ਫਿਰਾ ਕੇ ਗੱਲਾਂ ਪੁੱਛਣ 'ਤੇ ਉਹ ਖਫਾ ਹੋ ਜਾਂਦੀ ਹੈ। 'ਕਮੀਨੇ' ਤੋਂ ਬਾਅਦ ਵਿਸ਼ਾਲ ਭਾਰਦਵਾਜ ਦੀ ਅਗਲੀ ਫਿਲਮ ਬਾਰੇ ਪ੍ਰਿਯੰਕਾ ਨੇ ਕਿਹਾ ਕਿ ਸ੍ਰੀ ਵਿਸ਼ਾਲ ਇਨ੍ਹਾਂ ਦਿਨਾਂ ਵਿਚ ਇਸਦੀ ਸਕ੍ਰਿਪਟ 'ਤੇ ਕੰਮ ਕਰ ਰਹੇ ਹਨ। ਇਸ ਫਿਲਮ ਦੀ ਕਹਾਣੀ ਰਸਿਕਨ ਬਾਂਡ ਦੀ ਇਕ ਸ਼ਾਰਟ ਸਟੋਰੀ 'ਤੇ ਬੇਸਡ ਹੈ। ਸਭ ਕੁਝ ਠੀਕ-ਠਾਕ ਰਿਹਾ, ਤਾਂ ਇਹ ਫਿਲਮ ਨਵੇਂ ਸਾਲ ਦੇ ਸ਼ੁਰੂ ਵਿਚ ਫਲੋਰ 'ਤੇ ਚਲੀ ਜਾਵੇਗੀ। ਇਸਦਾ ਨਾਮ 'ਸੈਵਨ' ਰਖਿਆ ਗਿਆ ਹੈ। ਇਸ ਵਿਚ ਉਹ ਆਪਣੇ ਸੱਤ ਪਤੀਆਂ ਦੀ ਹੱਤਿਆ ਕਰ ਦਿੰਦੀ ਹੈ। ਇਸ ਸਬੰਧੀ ਉਹਨੇ ਕਿਹਾ ਕਿ ਹਾਲੇ ਇਸ ਫਿਲਮ ਬਾਰੇ ਵਿਚ ਮੈਨੂੰ ਜ਼ਿਆਦਾ ਨਾ ਪੁੱਛੋ। ਫਿਲਮ ਦੇ ਫਲੋਰ 'ਤੇ ਜਾਣ ਤੋਂ ਪਹਿਲਾਂ ਉਸ ਬਾਰੇ ਜ਼ਿਆਦਾ ਦਸਣਾ ਮੈਂ ਜਰੂਰੀ ਨਹੀਂ ਸਮਝਦੀ। ਹਾਂ, ਠੀਕ ਹੈ ਕਿ ਇਸ ਵਿਚ ਮੈਂ ਇਕ ਇਹੋ ਜਿਹੀ ਮਹਿਲਾ ਦਾ ਰੋਲ ਕਰ ਰਹੀ ਹਾਂ, ਜੋ ਸੱਤ ਵਾਰੀ ਵਿਆਹ ਕਰਦੀ ਹੈ। ਪਤੀ ਦੇ ਰੋਲ ਵਿਚ ਕਿਹੜੇ ਕਿਹੜੇ ਅਭਿਨੇਤਾ ਹੋਣਗੇ ਬਾਰੇ ਵਿਚ ਕਿਹਾ, ਕਿ ਹਾਲੇ ਇਸ ਬਾਰੇ ਮੈਂ ਜ਼ਿਆਦਾ ਕੁਝ ਦਸਣ ਦੀ ਹਾਲਤ ਵਿਚ ਨਹੀਂ ਹਾਂ। ਕਿਉਂਕਿ ਫਿਲਮ ਮੇਰੇ 'ਤੇ ਬੇਸਡ ਹੈ, ਇਸ ਲਈ ਵਿਸ਼ਾਲ ਜੀ ਇਸਦੇ ਲਈ ਨਵੇਂ ਹੀਰੋ ਦੀ ਹੀ ਚੋਣ ਕਰਨਗੇ। 'ਕਮੀਨੇ' ਤੋਂ ਬਾਅਦ ਉਸਦਾ ਖਿਆਲ ਹੈ ਕਿ 'ਕਮੀਨੇ' ਜਿਥੇ ਸ਼ਾਹਿਦ 'ਤੇ ਬੇਸਡ ਸੀ, ਉਥੇ ਇਹ ਫਿਲਮ ਮੇਰੇ 'ਤੇ ਬੇਸਡ ਹੈ। ਮੈਂ ਇਸ ਵਿਚ ਇਕ ਐਂਗਲੋ ਇੰਡੀਅਨ ਯੁਵਤੀ ਦਾ ਰੋਲ ਕਰ ਰਹੀ ਹਾਂ। ਇਸ ਰੋਲ ਲਈ ਮੈਨੂੰ ਮੇਕਅਪ ਦਾ ਸਹਾਰਾ ਘੱਟ ਹੀ ਲੈਣਾ ਪੈਂਦਾ ਹੈ। ਮੈਨੂੰ ਲੈ ਕੇ ਨਵੀਆਂ ਨਵੀਆਂ ਫਿਲਮਾਂ ਦੇ ਪ੍ਰਾਜੈਕਟ ਬਣ ਰਹੇ ਹਨ। ਪਹਿਲਾਂ ਦੀ ਤੁਲਨਾ ਵਿਚ ਮੈਨੂੰ ਜ਼ਿਆਦਾ ਅਹਿਮੀਅਤ ਦਿਤੀ ਜਾ ਰਹੀ ਹੈ। ਇਹ ਗੱਲਾਂ ਤਾਂ ਕੁਝ ਹੋਰ ਸੱਚਾਈ ਬਿਆਨ ਕਰ ਰਹੀਆਂ ਹਨ। ਇਸਦਾ ਮਤਲਬ ਸਾਫ ਹੈ ਕਿ ਪਿਛਲੀਆਂ ਫਿਲਮਾਂ ਵਿਚ ਮੇਰੇ ਪਰਫਾਰਮੈਂਸ ਨੂੰ ਕਬੂਲ ਕੀਤਾ ਗਿਆ ਹੈ।

ਫਿਲਮ 'ਪਿਆਰ ਇੰਪਾਸੀਬਲ' ਦੀ ਰਿਲੀਜ ਡੇਟ ਟਾਲਣ ਬਾਰੇ ਉਹ ਕਹਿੰਦੀ ਹੈ, ਇਹ ਗੱਲਾਂ ਸਿੱਧੇ ਤੌਰ ਤੇ ਫਿਲਮ ਦੀ ਮਾਰਕੀਟਿੰਗ ਨਾਲ ਜੁੜੀਆਂ ਹੋਈਆਂ ਹਨ। ਇਹ ਉਨ੍ਹਾਂ ਦਾ ਫੈਸਲਾ ਹੈ। ਹਰ ਬੈਨਰ ਇਕ ਨਿਸ਼ਚਿਤ ਡੇਟ 'ਤੇ ਹੀ ਆਪਣੀ ਫਿਲਮ ਰਿਲੀਜ਼ ਕਰਨਾ ਚਾਹੁੰਦਾ ਹੈ। ਯਸ਼ਰਾਜ ਵਾਲੇ ਕੁਝ ਸੋਚ ਕੇ ਹੀ ਨਵੇਂ ਸਾਲ ਵਿਚ ਰਿਲੀਜ਼ ਕਰਨਾ ਚਾਹੁੰਦੇ ਹਨ। ਮੇਰੇ ਲਈ ਤਾਂ ਚੰਗਾ ਹੀ ਹੋਇਆ। ਇਸ ਸਾਲ ਮੇਰੀਆਂ ਕੁਝ ਜ਼ਿਆਦਾ ਹੀ ਫਿਲਮਾਂ ਰਿਲੀਜ਼ ਹੋ ਗਈਆਂ ਹਨ। ਇਸ ਫਿਲਮ ਨੂੰ ਮੈਂ ਨਵੇਂ ਸਾਲ ਦੇ ਲਈ ਬਚਾ ਲਿਆ। ਨਵੇਂ ਸਾਲ ਵਿਚ ਮੇਰੀ ਆਉਣ ਵਾਲੀ ਫਿਲਮ ਸਿਰਫ ਇਕੋ ਹੀ ਹੈ। ਸਿਧਾਰਥ ਦੀ 'ਅਨਜਾਨਾ ਅਨਜਾਨੀ' ਨਵੇਂ ਸਾਲ ਦੀਆਂ ਗਰਮੀਆਂ ਵਿਚ ਰਿਲੀਜ਼ ਹੋਵੇਗੀ। ਜਿੱਥੋਂ ਤਕ ਵਿਸ਼ਾਲ ਦੀ ਫਿਲਮ ਦਾ ਸਵਾਲ ਹੈ, ਇਹ ਸ਼ਾਇਦ ਇਸ ਸਾਲ ਦੇ ਅਖੀਰ ਤਕ ਰਿਲੀਜ਼ ਹੋਵੇ। ਇਕੱਲੇ ਤੌਰ ਤੇ ਕਿਸੇ ਫਿਲਮ ਨੂੰ ਹਿੱਟ ਬਣਾ ਸਕਣ ਬਾਰੇ ਉਹ ਦਸਦੀ ਹੈ, 'ਫੈਸ਼ਨ, ਦੋਸਤਾਨਾ ਜਿਹੀਆਂ ਫਿਲਮਾਂ ਦੀ ਸਫਲਤਾ ਵਿਚ ਮੇਰੇ ਯੋਗਦਾਨ ਨੂੰ ਤੁਸੀਂ ਨਕਾਰ ਨਹੀਂ ਸਕਦੇ। ਪਰ ਇਹ ਗੱਲ ਵੀ ਸੱਚ ਹੈ ਕਿ ਬਹੁਤ ਘੱਟ ਐਕਟਰ ਹੀ ਇਹ ਦਾਅਵਾ ਕਰ ਸਕਦੇ ਹਨ ਕਿ ਉਹ ਆਪਣੇ ਦਮ ਤੇ ਫਿਲਮ ਨੂੰ ਹਿਟ ਬਣਾ ਦਿੰਦੇ ਹਨ। ਅਸਲ ਵਿਚ ਇਸਦੇ ਲਈ ਕਿਸੇ ਵੀ ਐਕਟਰ ਨੂੰ ਇਕ ਬੇਹਦ ਪਾਜ਼ਿਟਿਵ ਮਾਹੌਲ ਦੀ ਜ਼ਰੂਰਤ ਪੈਂਦੀ ਹੈ। ਹੀਰੋਇਨਾਂ ਆਪਣੇ ਆਪ ਨੂੰ ਮੇਨਟੇਨ ਕਰਨ ਲਈ ਸਿਲਿਕਾਨ ਸਰਜਰੀ ਦਾ ਸਹਾਰਾ ਲੈ ਰਹੀਆਂ ਹਨ। ਇਸ ਬਾਰੇ ਉਹ ਕਹਿੰਦੀ ਹੈ ਸਰਜਰੀ ਵਿਚ ਮੇਰਾ ਜ਼ਿਆਦਾ ਵਿਸ਼ਵਾਸ ਨਹੀਂ ਹੈ, ਕਿਉਂਕਿ ਇਹ ਇਕ ਅਸਥਾਈ ਢੰਗ ਹੈ। ਮੈਂ ਨੈਚੁਰਲ ਚੀਜ਼ਾਂ ਵਿਚ ਜ਼ਿਆਦਾ ਯਕੀਨ ਰਖਦੀ ਹਾਂ। ਖੁਦ ਨੂੰ ਫਿਟ ਰਖਣ ਦੇ ਲਈ ਮੈਂ ਹਫਤੇ ਵਿਚ ਘੱਟ ਤੋਂ ਘੱਟ ਚਾਰ ਵਾਰ ਜ਼ਿਮ ਜਾਂਦੀ ਹਾਂ ਤੇ ਯੋਗਾ ਵੀ ਕਰਦੀ ਹਾਂ। ਇਹ ਮੇਰੇ ਸ਼ਰੀਰ ਦੇ ਨਾਲ ਨਾਲ ਮਨ ਨੂੰ ਵੀ ਨਿਰੋਗ ਰਖਦਾ ਹੈ।

ਸ਼ਾਹਿਦ ਨਾਲ ਆਪਣੀ ਦੋਸਤੀ ਬਾਰੇ ਉਹ ਕਹਿੰਦੀ ਹੈ ਤੁਹਾਡੇ ਰਹਿੰਦੇ ਮੈਨੂੰ ਕਹਿਣ ਦਾ ਮੌਕਾ ਹੀ ਕਦੋਂ ਮਿਲਦਾ ਹੈ। ਮੈਂ ਮੀਡੀਆ ਦੇ ਰਾਹੀਂ ਹੀ ਆਪਣੇ ਦੋਸਤਾਂ ਦੇ ਬਾਰੇ ਜਾਣਦੀ ਰਹੀ ਹਾਂ। ਉਹੀ ਮੈਨੂੰ ਸ਼ਾਹਿਦ ਦੇ ਨਾਲ ਮੇਰੀ ਦੋਸਤੀ ਨੂੰ ਬਣਾਉਣ ਜਾਂ ਟੁਟਣ ਦੀ ਖ਼ਬਰ ਦਿੰਦੇ ਰਹਿੰਦੇ ਹਨ। ਪ੍ਰਿਅੰਕਾ ਦਾ ਕਹਿਣਾ ਹੈ ਮੇਰੀ ਮੀਡੀਆ ਨਾਲ ਸਿਰਫ ਇੰਨੀ ਹੀ ਸ਼ਿਕਾਇਤ ਹੈ ਕਿ ਉਹ ਮੇਰੀ ਪਰਸਨਲ ਲਾਈਫ ਨੂੰ ਚਟਪਟਾ ਬਣਾਕੇ ਨਾ ਛਾਪੇ। ਆਪਣੇ ਦੋਸਤਾਂ ਬਾਰੇ ਕੁਝ ਕਹਿੰਦੇ ਵਕਤ ਮੈਂ ਕੋਈ ਲੁਕਾ ਨਹੀਂ ਰਖਿਆ, ਪਰ ਤੁਸੀਂ ਲੋਕ ਆਪਣੇ ਵਲੋਂ ਬਹੁਤ ਕੁਝ ਜੋੜ ਦਿੰਦੇ ਹੋ। ਆਪਣੇ ਦੋਸਤ ਹਰਮਨ ਨਾਲ ਸੁਲ੍ਹਾ ਬਾਰੇ ਉਹ ਦਸਦੀ ਹੈ ਕਿ ਦੁਸ਼ਮਣੀ ਅਤੇ ਸੁਲ੍ਹਾ ਵਾਲੀ ਗੱਲ ਤਾਂ ਪੈਦਾ ਹੀ ਕਿੱਥੇ ਹੁੰਦੀ ਹੈ।

ਕੀ ਤੁਸੀਂ ਲੋਕ ਵੀ ਰੋਜ਼ ਦੁਸ਼ਮਣ ਦੋਸਤ ਬਣਾਉਂਦੇ ਰਹਿੰਦੇ ਹੋ? ਅਕਸਰ ਪ੍ਰੋਫੈਸ਼ਨਲ ਵਿਵਸਥਾ ਦੀ ਵਜ੍ਹਾ ਨਾਲ ਕੁਝ ਦੋਸਤਾਂ ਨੂੰ ਮਿਲ ਨਹੀਂ ਸਕਦੀ ਤਾਂ ਇਸਦਾ ਮਤਲਬ ਇਹ ਨਹੀਂ ਕਿ ਉਹ ਦੋਸਤ ਮੇਰੇ ਤੋਂ ਦੂਰ ਚਲੇ ਗਿਆ। ਹਰਮਨ ਵੀ ਮੇਰਾ ਇਹੋ ਜਿਹਾ ਹੀ ਦੋਸਤ ਹੈ।

## ਮੁਦੱਸਰ ਨੇ ਸੁਸ਼ਮਿਤਾ ਨੂੰ ਚੁੱਕਿਆ ਮੋਢਿਆਂ 'ਤੇ



ਅੱਜ ਕਲ੍ਹ ਇੰਟਰਨੈਟ 'ਤੇ ਇਕ ਤਸਵੀਰ ਸਭ ਤੋਂ ਵਧ ਦੇਖੀ ਜਾ ਰਹੀ ਹੈ, ਜਿਸ ਵਿਚ ਨਿਰਦੇਸ਼ਕ ਅਜ਼ੀਜ਼ ਮੁਦੱਸਰ ਨੇ ਬਾਲੀਵੁੱਡ ਅਭਿਨੇਤਰੀ ਸੁਸ਼ਮਿਤਾ ਸੇਨ ਨੂੰ ਆਪਣੇ ਮੋਢਿਆਂ 'ਤੇ ਚੁੱਕਿਆ ਹੋਇਆ ਹੈ। ਇਹ ਤਸਵੀਰ ਫਿਲਮ 'ਦੁਲਹਾ ਮਿਲ ਗਯਾ' ਦੀ ਸ਼ੂਟਿੰਗ ਦੌਰਾਨ ਲਈ ਗਈ ਸੀ। ਇਸ ਤਸਵੀਰ ਵਿਚ ਰੋਮਾਂਸ ਦਿਖਦਾ ਹੈ ਪਰ ਅਸਲੀਅਤ ਇਸ ਤੋਂ ਪੂਰੀ ਤਰ੍ਹਾਂ ਅਲੱਗ ਹੈ। ਫਿਲਮ ਦੀ ਯੂਨਿਟ ਦੇ ਲੋਕਾਂ ਨੇ ਕੈਰੇਬਿਆਈ ਸਮੁੰਦਰ ਦੇ ਇਕ ਸੈਟ ਅਤੇ ਉਸ ਤਕ ਪੁੱਜਣ ਲਈ 50 ਮੀਟਰ ਲੰਮਾ ਇਕ ਰਸਤਾ ਬਣਾਇਆ ਸੀ। ਇਕ ਤੂਫਾਨ ਆਉਣ ਕਾਰਨ ਸੈਟ 'ਤੇ ਪਹੁੰਚਣ ਦਾ ਰਸਤਾ ਟੁੱਟ ਕੇ ਬੇਕਾਰ ਹੋ ਗਿਆ ਸੀ। ਸੈਟ ਤਾਂ ਦੁਬਾਰਾ ਬਣਾ ਲਿਆ ਪਰ ਉਸ ਤਕ ਪਹੁੰਚਣ ਦਾ ਰਸਤਾ ਬਣਾਉਣ ਤਕ ਸ਼ੂਟਿੰਗ ਰੱਦ ਕਰਨੀ ਪਈ। ਨਿਰਮਾਤਾ ਵਿਵੇਕ ਵਾਸਵਾਨੀ ਨੇ ਕਿਹਾ ਕਿ ਕੱਪੜੇ ਅਤੇ ਮੇਕਅੱਪ ਕਾਰਨ ਸੁਸ਼ਮਿਤਾ ਸੈਟ ਤਕ ਨਹੀਂ ਪਹੁੰਚ ਸਕਦੀ ਸੀ। ਉਨ੍ਹਾਂ ਕਿਹਾ ਕਿ ਉਹ ਇਹ ਸ਼ੂਟਿੰਗ ਕਰਨਾ ਚਾਹੁੰਦੀ ਸੀ, ਇਸ ਲਈ ਮੁਦੱਸਰ ਨੇ ਸੁਸ਼ਮਿਤਾ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਸੈਟ 'ਤੇ ਪਹੁੰਚਾਇਆ। ਇਹ ਸੈਟ ਸੁਸ਼ਮਿਤਾ 'ਤੇ ਇਕ ਗਾਣਾ ਸ਼ੂਟ ਕਰਨ ਲਈ ਬਣਾਇਆ ਗਿਆ ਸੀ। ਹੋਰ ਕਲਾਕਾਰਾਂ ਨੂੰ ਵੀ ਇਸੇ ਤਰ੍ਹਾਂ ਹੀ ਸੈਟ 'ਤੇ ਲਿਆਂਦਾ ਗਿਆ। ਜ਼ਿਕਰਯੋਗ ਹੈ ਕਿ 'ਦੁਲਹਾ ਮਿਲ ਗਯਾ' ਫਿਲਮ 8 ਜਨਵਰੀ ਨੂੰ ਰਿਲੀਜ਼ ਹੋਵੇਗੀ। ਇਸ ਫਿਲਮ ਵਿਚ ਸੁਸ਼ਮਿਤਾ ਤੋਂ ਇਲਾਵਾ ਫਰਦੀਨ ਖ਼ਾਨ, ਸ਼ਾਹਰੁਖ਼ ਖ਼ਾਨ ਅਤੇ ਨਵਾਂ ਕਲਾਕਾਰ ਮੋਹਿਤ ਚੱਢਾ ਵੀ ਨਜ਼ਰ ਆਉਣਗੇ।

## ਪੰਜਾਬੀਆਂ ਦੇ ਖ਼ੂਨ ਵਿਚ ਹੀ ਹੈ ਸੁਰ ਤਾਲ

## ਸਰੋਜ ਖ਼ਾਨ



ਬਾਲੀਵੁੱਡ ਕੋਰੀਓਗ੍ਰਾਫਰ ਸਰੋਜ ਖ਼ਾਨ ਦਾ ਮੰਨਣਾ ਹੈ ਕਿ ਪੰਜਾਬੀਆਂ ਦੇ ਖ਼ੂਨ ਵਿਚ ਹੀ ਸੁਰ ਤਾਲ ਹੈ। ਉਸ ਨੇ ਕਿਹਾ ਕਿ ਮੇਰਾ ਇਹ ਵਿਸ਼ਵਾਸ ਹੈ ਕਿ ਸੁਰ ਤਾਲ ਦੀ ਕੋਈ ਵੀ ਦਵਾਈ ਨਹੀਂ ਹੁੰਦੀ। ਸਰੋਜ ਖ਼ਾਨ ਮੁੰਬਈ ਤੋਂ ਬਾਅਦ ਇਸ ਮਹੀਨੇ ਦੇ ਅਖੀਰ ਵਿਚ ਚੰਡੀਗੜ੍ਹ ਵਿਚ ਅਪਣੀ ਡਾਂਸ ਅਕੈਡਮੀ ਸ਼ੁਰੂ ਕਰਨ ਵਾਲੀ ਹੈ। ਕੋਰੀਓਗ੍ਰਾਫੀ ਲਈ ਤਿੰਨ ਰਾਸ਼ਟਰੀ ਫਿਲਮੀ ਇਨਾਮ ਅਤੇ ਅੱਠ ਫਿਲਮਫੇਅਰ ਇਨਾਮ ਜਿੱਤਣ ਵਾਲੀ ਸਰੋਜ ਖ਼ਾਨ ਨੇ ਕਿਹਾ ਕਿ ਉਹ ਆਪਣੇ ਕਿਸੇ ਸਮਾਗਮ ਵਿਚ ਮਾਧੁਰੀ ਦੀਕਸ਼ਤ ਅਤੇ ਗੋਵਿੰਦਾ ਨੂੰ ਨਚਾਉਣਾ ਚਾਹੁੰਦੀ ਹੈ। ਇਸ ਦੌਰਾਨ ਸਰੋਜ ਖ਼ਾਨ ਨੇ ਕਿਹਾ ਕਿ ਉਹ ਮਾਧੁਰੀ ਦੀਕਸ਼ਿਤ ਨੂੰ ਲੈ ਕੇ ਆਮਰਪਾਲੀ ਬਰਾਂਡਵੇ ਸ਼ੋਅ ਕਰੇਗੀ।

ਜ਼ਿਕਰਯੋਗ ਹੈ ਕਿ ਆਮਰਪਾਲੀ ਭਾਰਤ ਦੀ ਪੁਰਾਣੀ ਡਾਂਸਰ ਹੈ। ਉਸ ਨੇ ਕਿਹਾ ਕਿ ਆਮਰਪਾਲੀ ਦੀ ਵਿਦੇਸ਼ਾਂ ਵਿਚ ਕਾਫ਼ੀ ਜ਼ਿਆਦਾ ਮੰਗ ਹੈ। ਆਮਰਪਾਲੀ ਲਈ ਜਾਵੇਦ ਅਖ਼ਤਰ ਗੀਤ ਲਿਖਣਗੇ ਅਤੇ ਫ਼ਿਰੋਜ਼ ਖ਼ਾਨ ਨਿਰਦੇਸ਼ਨ ਕਰਨਗੇ।

ੴ ਸਤਿਗੁਰ ਪ੍ਰਸਾਦਿ

# ਸਿੱਖ ਰਿਲੀਜੀਅਸ ਸੁਸਾਇਟੀ (ਸ਼ਿਕਾਗੋ)

## ਨਿੱਕੀਆਂ ਜਿੰਦਾਂ-ਵੱਡੇ ਸਾਕੇ

## ਸ਼ਹੀਦੀ ਸਮਾਗਮ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਪੈਲਾਟਾਈਨ ਵਿਖੇ ਸਰਬੱਤ ਸੰਗਤਾਂ ਦੇ ਸਹਿਯੋਗ ਨਾਲ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸ਼ਹੀਦੀ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਉਲੀਕੇ ਗਏ ਹਨ। ਆਪ ਸਮੂਹ ਸੰਗਤਾਂ ਇਸ ਮੌਕੇ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰੋ ਜੀ।







ਸੰਤ ਅਨੂਪ ਸਿੰਘ ਊਨਾ ਵਾਲੇ

### ਪ੍ਰੋਗਰਾਮ ਦਾ ਵੇਰਵਾ

**24 ਦਸੰਬਰ, 2009**
ਅਰੰਭ ਸ੍ਰੀ ਅਖੰਡ ਪਾਠ ਸਾਹਿਬ:ਸਵੇਰੇ 9 ਵਜੇ

**26 ਦਸੰਬਰ, 2009**
ਭੋਗ ਸ੍ਰੀ ਅਖੰਡ ਪਾਠ ਸਾਹਿਬ:ਸਵੇਰੇ 9 ਵਜੇ

**ਦੋ ਰੋਜ਼ਾ ਗੁਰਮਤਿ ਕੈਂਪ**
ਸਾਹਿਬਜ਼ਾਦਿਆਂ ਦੀ ਯਾਦ ਵਿਚ 25 ਅਤੇ 26 ਦਸੰਬਰ, 2009 ਨੂੰ ਦੋ ਰੋਜ਼ਾ ਗੁਰਮਤਿ ਕੈਂਪ ਵੀ ਲੱਗੇਗਾ।

**ਵਿਸ਼ੇਸ਼ ਕੀਰਤਨ ਦਰਬਾਰ**
23, 24, 25 ਅਤੇ 26 ਦਸੰਬਰ, 2009
ਸਵੇਰੇ 5 ਵਜੇ ਤੋਂ ਸਵੇਰੇ 11 ਵਜੇ ਤੱਕ
ਸ਼ਾਮ 4 ਵਜੇ ਤੋਂ 9 ਵਜੇ ਤੱਕ (ਤਿੰਨੋਂ ਦਿਨ)
ਸੰਤ ਅਨੂਪ ਸਿੰਘ ਜੀ ਊਨਾ ਵਾਲੇ, ਬੀਬੀ ਬਲਜੀਤ ਕੌਰ ਤਲਵਾੜੇ ਵਾਲੇ, ਭਾਈ ਗੁਰਜੰਟ ਸਿੰਘ

**ਕੀਰਤਨ ਬੀਬੀ ਬਲਜੀਤ ਕੌਰ**
23 ਤੋਂ 27 ਦਸੰਬਰ, 2009



ਬੀਬੀ ਬਲਜੀਤ ਕੌਰ ਖਾਲਸਾ

**Sikh Religious Society of Chicago, Palatine**

1280, Winnetka St. Palatine, IL 60067 Ph. 847-358-1117